# ਲੇਖ ਲੜੀ

ਡਾ. ਅਜੀਤਪਾਲ ਸਿੰਘ, ਐੱਮ.ਡੀ.

# ਤਤਕਰਾ


ਵਿਸ਼ੇਸ਼ ਆਰਥਕ ਜ਼ੋਨ:
ਪੂੰਜੀਪਤੀਆਂ ਲਈ ਸਵਰਗ, ਮਿਹਨਤਕਸ਼ਾਂ ਲਈ ਨਰਕ 3
ਕੀ ਦਰਸਾਉਂਦਾ ਹੈ ਨੰਦੀਗ੍ਰਾਮ ਦਾ ਘੋਲ? 12
ਮਿੱਠੀ ਬੀਮਾਰੀ ਦੇ ਕੌੜੇ ਅਸਰ ਕਿਵੇਂ? 15
ਭਾਰਤੀ ਖੇਤੀ ਤੇ ਪ੍ਰਚੂਨ ਬਜ਼ਾਰ ਦਾ ਸਮਾਰਾਜੀਕਰਣ ਕਿੰਨਾ ਕੁ ਖ਼ਤਰਨਾਕ? 19
ਭਾਰਤ ਦੀ ਪ੍ਰਮਾਣੂ ਨੀਤੀ 24
ਕੀ ਮਰਦਾਂ ਵਿਚ ਵੀ ਹੋ ਸਕਦੈ ਮੀਨੋਪਾਜ (ਰਜੋ ਨਵਿਰਤੀ) 30
ਕੀ ਬਹੁ-ਕੌਮੀ ਲੁੱਟ ਦੇ ਕੇਂਦਰ ਹਨ ਵਿਸ਼ੇਸ਼ ਆਰਥਕ ਜ਼ੋਨ 33
ਵਿਸ਼ੇਸ਼ ਆਰਥਕ ਜ਼ੋਨ—ਸਰਮਾਏਦਾਰਾਂ ਲਈ ਖੁੱਲ੍ਹੀ ਚਰਾਂਦ ਤੇ ਲੋਕਾਂ ਲਈ ਫੰਦਾ 37
ਵਿਸ਼ੇਸ਼ ਆਰਥਕ ਖੇਤਰ ਕਾਨੂੰਨ ਜਨਤਾ ਦੇ ਹਿੱਤਾਂ ਦੇ ਵਿਰੁੱਧ ਹੈ 42
ਆਸਾ ਰਾਮ ਨੂੰ ਮਾਇਆ ਮਿਲੇ, ਭਗਤਾਂ ਨੂੰ ਸ਼੍ਰੀ ਰਾਮ 47
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ 51
ਭਿਅੰਕਰ ਤੇ ਘਾਤਕ ਗੁਟਬੰਦੀ 53
ਕੀ ਕਿਰਤ ਕਾਨੂੰਨਾਂ ਤੋਂ ਬਾਹਰ ਹਨ ਵਿਸ਼ੇਸ਼ ਆਰਥਕ ਖੇਤਰ? 56
ਇਲਾਜ ਖੁਣੋਂ ਦਮ ਤੋੜਦੇ ਧਰਤੀ ਦੇ ਜਾਏ 62
ਰਾਖਵੇਂਕਰਨ (ਰਿਜ਼ਰਵੇਸ਼ਨ) ਦਾ ਆਧਾਰ ਕੀ ਹੋਵੇ? 65
ਕੀ ਹਨ ਨੇਪਾਲ ਨਾਲ ਲੱਗਦੇ ਬਿਹਾਰੀ ਖੇਤਰਾਂ 'ਚ ਤਸਕਰੀ ਦੇ ਸਿੱਟੇ? 75
ਕੀ ਦਰਸਾਉਂਦੀ ਹੈ ਦਿੱਲੀ ਵਿਚ ਦੁਕਾਨਾਂ ਦੀ ਸੀਲਿੰਗ? 79
ਗਾਂਧੀ ਬਨਾਮ ਭਗਤ ਸਿੰਘ 85
ਪ੍ਰਦੂਸ਼ਣ ਫੈਲਾਉਣ ਵਾਲੇ ਇਹ ਉਦਯੋਗ ਲੋਕਾਂ ਲਈ ਖ਼ਤਰਾ ਕਿਵੇਂ? 109
ਕੀ ਮਨੁੱਖੀ ਜਾਨਾਂ ਨੂੰ ਨਿਗਲਦੇ ਜਾਨਵਰਾਂ ਦਾ ਖ਼ਾਤਮਾ ਜ਼ਰੂਰੀ ਨਹੀਂ? 114
ਜਨਤਕ ਸਿਹਤ ਪ੍ਰਣਾਲੀ ਦੇ ਕੁਝ ਸੁਆਲ— ਡੇਂਗੂ ਦੇ ਬਹਾਨੇ 118
ਸ਼ਰਾਬਖ਼ੋਰੀ ਦੀਆਂ ਸਮਾਜਕ ਜੜ੍ਹਾਂ ਕਿਥੇ ਹਨ? 121
ਨਸ਼ੇ ਦੀ ਮਜ਼ਬੂਤ ਹੁੰਦੀ ਗਿਰਫ਼ਤ 129
ਵਿਦਿਆਥੀ ਰਾਜਨੀਤੀ ਦਾ ਅਪਰਾਧੀ-ਕਰਨ ਬਨਾਮ ਮੁੱਖ ਧਾਰਾ 135
ਇਹ ਕੈਸਾ ਸਿੱਖਿਆ ਦਾ ਮਜ਼ਾਕ? 140
ਨੇਪਾਲੀ ਮਾਓਵਾਦੀਆਂ ਦੇ ਸਮਝੌਤੇ ਨੂੰ ਕੀ ਸਮਝਦੇ ਹਨ ਭਾਰਤ ਤੇ ਮਾਓਵਾਦੀ? 144
ਧਰਮ ਦਾ ਵਧਦਾ ਬਾਜ਼ਾਰ 148

"ਵਿਸ਼ੇਸ਼ ਆਰਥਕ ਖੇਤਰ (SEZ) ਆਰਥਕ ਨੀਤੀਆਂ ਦੇ ਮਹੱਤਵਪੂਰਨ ਹਿੱਸੇ ਹਨ।" ਇਹ ਬਿਆਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਾਫੀ ਪਹਿਲਾਂ ਇਕਨਾਮਿਕ ਟਾਈਮਜ਼ ਦੇ ਸਮਾਰੋਹ 'ਚ ਦਿੱਤਾ। ਮਨਮੋਹਨ ਸਿੰਘ ਦਾ ਇਹ ਵੀ ਕਹਿਣਾ ਸੀ ਕਿ ਵਿਸ਼ੇਸ਼ ਆਰਥਕ ਖੇਤਰ ਵਰਗੀ ਚੀਜ਼ ਵਿਸ਼ੇਸ਼ ਬਰਾਮਦ ਖੇਤਰ ਪਹਿਲਾਂ ਤੋਂ ਹੀ ਕੰਮ ਕਰ ਰਹੇ ਹਨ, ਇਸ ਲਈ ਇਹ ਕੋਈ ਨਵੀਂ ਚੀਜ਼ ਨਹੀਂ ਹੈ। ਮਨਮੋਹਨ ਸਿੰਘ ਦਾ ਇਹ ਬਿਆਨ ਇਕ ਨੀਤੀਗਤ ਬਿਆਨ ਹੈ, ਜਿਸ ਦਾ ਅਰਥ ਸਾਫ ਹੈ। ਜੇ ਤੁਸੀਂ ਵਿਸ਼ੇਸ਼ ਆਰਥਕ ਖੇਤਰ ਦਾ ਵਿਰੋਧ ਕਰਦੇ ਹੋ ਤਾਂ ਇਸ ਦਾ ਅਰਥ ਸਾਫ ਹੈ ਕਿ ਤੁਸੀਂ ਨਵੀਆਂ ਆਰਥਕ ਨੀਤੀਆਂ ਦਾ ਵਿਰੋਧ ਕਰਦੇ ਹੋ। ਤੇ ਨਵੀਆਂ ਆਰਥਕ ਨੀਤੀਆਂ ਦਾ ਵਿਰੋਧ ਕਰਨ ਦਾ ਅਰਥ ਹੈ ਕਿ ਤੁਸੀਂ ਭਾਰਤ ਦੀ ਪਿਛਲੇ ਡੇਢ ਦਹਾਕੇ 'ਚ ਛੁਪੀ ਆਰਥਕ ਪ੍ਰਗਤੀ ਦਾ ਵਿਰੋਧ ਕਰਦੇ ਹੋ। ਇਹ ਆਰਥਕ ਵਿਕਾਸ ਕਿਹੋ ਜਿਹਾ ਹੈ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਾ ਸਕਦੇ ਹਾਂ ਕਿ 1993 ਤੋਂ 2003 ਦੇ ਵਿਚਕਾਰ ਖੇਤੀ ਮੰਤਰੀ ਸ਼ਰਦ ਪਵਾਰ ਅਨੁਸਾਰ 100-248 ਕਿਸਾਨਾਂ ਨੇ ਆਤਮ-ਹੱਤਿਆ ਕਰ ਲਈ ਸੀ।

ਨਿਚੋੜ ਇਹ ਹੈ ਕਿ ਮਨਮੋਹਨ ਸਿੰਘ ਇਹ ਬਿਆਨ ਦੇ ਕੇ ਉਹਨਾਂ ਲੋਕਾਂ ਨੂੰ ਸਾਵਧਾਨ ਕਰਨਾ ਚਾਹੁੰਦੇ ਹਨ ਜੋ ਗੁੜ ਖਾ ਕੇ ਗੁਲਗੁਲਿਆਂ ਤੋਂ ਪ੍ਰਹੇਜ਼ ਕਰ ਰਹੇ ਹਨ ਯਾਨੀ ਮਨਮੋਹਨ ਸਿੰਘ ਸੀ.ਪੀ.ਆਈ., ਜ.ਦ.(ਯੂ), ਭਾ.ਜ.ਪਾ. ਨੂੰ ਜਾਰੀ ਨੀਤੀਆਂ ਦਾ ਅਰਥ ਸਮਝਾ ਰਹੇ ਸਨ। ਵਿਸ਼ੇਸ਼ ਆਰਥਕ ਖੇਤਰ ਨੂੰ ਲੈ ਕੇ ਹਾਕਮ ਜਮਾਤ ਵਿਚ ਵਿਆਪਕ ਖੇਮੇਬੰਦੀ ਇਹਨੀਂ ਦਿਨੀਂ ਚਲ ਰਹੀ ਹੈ। ਮੰਤਰੀ ਇਕ ਤੋਂ ਬਾਅਦ ਇਕ ਅਜੇਹੇ ਬਿਆਨ ਸੇ ਰਹੇ ਹਨ ਜੋ ਆਪਾ ਵਿਰੋਧੀ ਲਗਦੇ ਹਨ। ਅਤੇ ਕੇਂਦਰ ਸਰਕਾਰ ਦੇ ਵਖ-ਵਖ ਮੰਤਰਾਲਿਆਂ ਵਿਚਕਾਰ ਵਿਸ਼ੇਸ਼ ਆਰਥਕ ਖੇਤਰ ਦੇ ਫਾਇਦਿਆਂ ਨੂੰ ਲੈ ਕੇ ਵਿਵਾਦ ਹੈ। ਇਥੋਂ ਤਕ ਕਿ ਭਾਰਤ ਦੇ ਵਖ-ਵਖ ਪੂੰਜੀਵਾਦੀ ਘਰਾਣਿਆਂ (ਬਜਾਜ ਅਤੇ ਅੰਬਾਨੀ) ਵਿਚਕਾਰ ਵੀ SEZ ਨੂੰ ਮਿਲਣ ਵਾਲੀਆਂ ਸਹੂਲਤਾਂ ਤੇ ਲਾਭਾਂ ਬਾਰੇ ਕੁਝ ਮੱਤਭੇਦ ਹਨ। ਵਿਸ਼ੇਸ਼ ਆਰਥਕ ਖੇਤਰ ਦਾ ਸਭ ਤੋਂ

ਵਧ ਮੁੱਖ ਵਿਰੋਧ ਉਹਨਾਂ ਧਨੀ ਤੇ ਮੱਧਵਰਗੀ ਕਿਸਾਨਾਂ ਵਲੋਂ ਹੋ ਰਿਹਾ ਹੈ, ਜਿਨ੍ਹਾਂ ਦੀ ਜ਼ਮੀਨ ਨੂੰ ਵਖ-ਵਖ ਸਰਕਾਰਾਂ ਮਾਮੂਲੀ (ਬਾਜ਼ਾਰ 'ਚ ਮਿਲਣ ਵਾਲੀ ਕੀਮਤ ਦੇ ਮੁਕਾਬਲਤਣ) ਮੁਆਵਜ਼ੇ ਦੇ ਕੇ ਇਕਵਾਇਰ ਕਰ ਰਹੀ ਹੈ। ਉਹਨਾਂ ਕਿਸਾਨਾਂ ਦੇ ਨੇਤਾਵਾਂ ਦੇ ਰੂਪ ਵਿਚ ਕਈ ਸ਼ਖ਼ਸੀਅਤਾਂ ਉਭਰ ਰਹੀਆਂ ਹਨ। ਇਹਨਾਂ 'ਚ ਚਲੇ ਹੋਏ ਕਾਰਤੂਸਾਂ (ਸਾਬਕਾ ਪ੍ਰਧਾਨ ਮੰਤਰੀ ਵੀ.ਪੀ. ਸਿੰਘ, ਸਮਾਜਵਾਦੀ ਪਾਰਟੀ 'ਚੋਂ ਕਢੇ ਗਏ ਮੈਂਬਰ ਪਾਰਲੀਮੈਂਟ ਤੇ ਫਿਲਮੀ ਹੀਰੋ ਰਾਜ ਬੱਬਰ) ਤੋਂ ਲੈ ਕੇ ਦੋਗਲੇ ਸੀ.ਪੀ.ਐਮ. ਵਾਲੇ (ਜੋ ਕਿ ਪੱਛਮੀ ਬੰਗਾਲ ਤੇ ਕੇਰਲਾ 'ਚ ਵਿਸ਼ੇਸ਼ ਆਰਥਕ ਖੇਤਰਾਂ ਦੀ ਸਥਾਪਨਾ ਕਰ ਰਹੇ ਹਨ) ਤਕ ਸ਼ਾਮਿਲ ਹਨ। ਹਾਂ, ਇਕ ਨਾਂ ਨਰਮਦਾ ਬਚਾਓ ਅੰਦੋਲਨ ਦੀ ਨੇਤਾ ਮੇਧਾ ਪਾਟੇਕਰ ਦਾ ਵੀ ਉਭਰ ਰਿਹਾ ਹੈ। ਭਾਰਤ ਦੇ ਸਰਮਾਏਦਾਰਾਂ, ਨੇਤਾਵਾਂ ਤੇ ਹਿੰਦੂ ਧਰਮ ਦੇ ਦੇਵਤਿਆਂ 'ਚ ਇਕ ਬਹੁਤ ਵਡੀ ਬਰਾਬਰੀ ਹੈ। ਇਹ ਜੋ ਵੀ ਕੰਮ ਕਰਦੇ ਹਨ, ਦੂਜਿਆਂ ਦੀ ਭਲਾਈ ਲਈ ਕਰਦੇ ਹਨ। ਇਹਨਾਂ ਦਾ ਆਪਣਾ ਕੋਈ ਸੁਆਰਥ ਨਹੀਂ ਹੁੰਦਾ। ਜਿਵੇਂ ਕਿ ਜੇ ਕੋਈ ਹਿੰਦੂ ਦੇਵਤਾ ਕਿਸੇ ਦੀ ਜਾਨ ਵੀ ਲੈਂਦਾ ਹੈ ਤਾਂ ਕਿ ਉਸ ਨੂੰ ਜੀਵਨ ਤੋਂ ਮੁਕਤੀ ਮਿਲ ਸਕੇ। ਬਸ ਇਸੇ ਤਰਜ 'ਤੇ ਤੁਸੀਂ ਮੁਕੇਸ਼ ਅੰਬਾਨੀ ਦੇ ਮਹਾਂ ਮੁੰਬਈ ਦੇ ਵਿਸ਼ੇਸ਼ ਆਰਥਕ ਖੇਤਰ ਨੂੰ ਦੇਖ ਸਕਦੇ ਹੋ। ਇਹ ਗੱਲਾਂ ਰੁਜ਼ਗਾਰ, ਵਿਕਾਸ, ਬੇਹਤਰ ਕੀਮਤ ਤੇ ਸਹੂਲਤਾਂ ਦੀਆਂ ਕਰਦੇ ਹਨ। ਉਹ ਵੀ ਦੇਸ਼ ਦੀ ਜਨਤਾ ਲਈ। ਮਹਾਂ ਮੁੰਬਈ ਨਾਮ ਦੇ ਜਿਸ ਵਿਸ਼ੇਸ਼ ਆਰਥਕ ਖੇਤਰ ਨੂੰ ਇਹ ਭਾਰਤ ਦਾ ਪੂੰਜੀਪਤੀ ਵਸਾਉਣਾ ਚਾਹੁੰਦਾ ਹੈ (ਤੇ ਸਰਕਾਰ ਨੇ ਇਸ ਗੱਲ ਨੂੰ ਮੰਨ ਲਿਆ ਹੈ) ਉਹ 35000 ਏਕੜ 'ਚ ਫੈਲਿਆ ਹੋਇਆ ਹੈ। ਮੁਕੇਸ਼ ਅੰਬਾਨੀ ਇਸ 35000 ਏਕੜ ਦਾ ਵਿਕਾਸ ਬਿਲਕੁਲ ਆਪਣੇ ਢੰਗ ਨਾਲ ਕਰਨਾ ਚਾਹੁੰਦਾ ਹੈ ਅਤੇ ਸਰਕਾਰ ਇਸ ਨਾਲ ਸਹਿਮਤ ਹੈ। ਇਸ ਲਈ ਮੁਕੇਸ਼ ਅੰਬਾਨੀ ਸਪੈਸ਼ਲ ਪਲਾਨਿੰਗ ਅਥਾਰਟੀ ਕਾਇਮ ਕਰੇਗਾ। 45 ਪਿੰਡਾਂ ਦੇ ਇਸ ਵਿਸ਼ੇਸ਼ ਆਰਥਕ ਖੇਤਰ ਲਈ ਪਿੰਡ ਨੂੰ ਇਕਵਾਇਰ ਕਰਨਾ ਹੈ। ਪਿੰਡ ਨੂੰ ਇਕਵਾਇਰ ਕਰਨ ਦਾ ਕੰਮ ਮਹਾਂਰਾਸ਼ਟਰ ਸਰਕਾਰ ਆਪਣੇ ਵਿਸ਼ੇਸ਼ ਆਰਥਕ ਕਾਨੂੰਨਾਂ ਰਾਹੀਂ ਕਰ ਰਹੀ ਹੈ। ਇਕਵਾਇਰ ਕਰਨ ਪਿਛੋਂ ਇਹ ਜ਼ਮੀਨ ਲਗਭਗ ਕੌਡੀਆਂ ਦੇ ਭਾਅ 'ਤੇ ਮੁਕੇਸ਼ ਅੰਬਾਨੀ ਨੂੰ ਵੇਚ ਰਹੀ ਹੈ। ਇਹ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ ਕਿ ਮਹਾਂ ਮੁੰਬਈ ਐਸ.ਈ.ਜ਼ੈਡ. (SEZ) ਦੁਨੀਆਂ ਦਾ ਸਭ ਤੋਂ ਵਡਾ ਸੇਜ਼ ਹੋਵੇਗਾ। ਰਿਲਾਇੰਸ ਕੰਪਨੀ ਦੇ ਅਧਿਕਾਰੀਆਂ ਦਾ ਇਸ ਲਈ ਵੱਡਾ ਭੋਲਾ ਜਿਹਾ ਤਰਕ ਹੈ ਕਿ ਕਿਉਂਕਿ ਕੰਪਨੀ ਖੁਲ੍ਹੇ ਬਜ਼ਾਰ 'ਚ ਇੰਨੀ ਵਧ ਜ਼ਮੀਨ ਨਹੀਂ ਖਰੀਦ ਸਕਦੀ ਸੀ, ਇਸ ਲਈ ਸਰਕਾਰ ਉਹਨਾਂ ਲਈ ਜ਼ਮੀਨ ਇਕਵਾਇਰ ਕਰ ਰਹੀ ਹੈ। ਬਜ਼ਾਰ 'ਚ ਜਿਥੇ ਜ਼ਮੀਨ ਦੀ ਕੀਮਤ 2000000 ਰੁਪਏ ਤੋਂ 4000000 ਰੁਪਏ ਪ੍ਰਤੀ ਏਕੜ ਹੈ, ਰਿਲਾਇੰਸ ਲਈ ਜ਼ਮੀਨ ਇਕਵਾਇਰ ਕਰਨ ਵਾਲੇ ਅਧਿਕਾਰੀਆਂ ਅਨੁਸਾਰ ਫੀ ਏਕੜ ਖੇਤੀ

ਜ਼ਮੀਨ ਲਈ ਬਜ਼ਾਰ 'ਚ ਕੀਮਤ 1120000 ਰੁਪਏ ਸੀ ਤੇ ਗੈਰ ਖੇਤੀ ਭੂਮੀ ਲਈ 10.32 ਲਖ ਰੁਪਏ ਹੈ। ਰਿਲਾਇੰਸ ਨੂੰ ਫਾਇਦਾ ਦੇਣ ਲਈ ਸਰਕਾਰ ਜ਼ਮੀਨ ਦੀਆਂ ਕੀਮਤਾਂ ਨੂੰ ਘਟਾ ਕੇ ਅੰਗ ਰਹੀ ਹੈ। ਮੁਕੇਸ਼ ਅੰਬਾਨੀ ਦੀ ਇਸ ਨਿਜੀ ਰਿਆਸਤ 'ਚ ਕੋਈ ਸਥਾਨਕ ਸਰਕਾਰ ਜਾਂ ਚੁਣੀਆਂ ਹੋਈਆਂ ਸੰਸਥਾਵਾਂ ਯਾਨੀ ਪਿੰਡ ਪੰਚਾਇਤਾਂ, ਨਗਰ ਪੰਚਾਇਤਾਂ ਨਹੀ ਹੋਣਗੀਆਂ, ਇਕ ਵਿਕਾਸ ਅਧਿਕਾਰੀ (ਡਿਵੈਲਪਮੈਂਟ ਕਮਿਸ਼ਨਰ) ਇਥੇ ਪ੍ਰਸ਼ਾਸਨ ਸੰਭਾਲੇਗਾ। ਕੁਝ ਅਜੇਹੀਆਂ ਹੀ ਹਾਲਤਾਂ ਹੋਰ ਆਰਥਕ ਖੇਤਰਾਂ 'ਚ ਵੀ ਹਨ, ਜਾਂ ਹੋਣਗੀਆਂ। ਅਨਿਲ ਅੰਬਾਨੀ ਤੇ ਮੁਲਾਇਮ ਸਿੰਘ ਯਾਦਵ ਵਿਚਕਾਰ ਦਾਦਰੀ ਪ੍ਰੋਜੈਕਟ ਲਈ ਹੋਏ ਸਮਝੌਤੇ ਨੂੰ ਤਾਂ ਪੂਰੀ ਤਰ੍ਹਾਂ ਗੁਪਤ ਰਖਿਆ ਗਿਆ ਹੈ। ਸਮਝੌਤੇ 'ਚ ਇਕ ਸ਼ਰਤ ਇਹ ਹੈ ਕਿ ਤਿੰਨ ਸਾਲਾਂ ਤਕ ਨਾ ਤਾਂ ਸੂਬਾਈ ਸਰਕਾਰ ਅਤੇ ਨਾ ਹੀ ਅੰਬਾਨੀ ਦੀ ਕੰਪਨੀ ਸਮਝੌਤੇ ਬਾਰੇ ਕਿਸੇ ਨੂੰ ਕੁਝ ਦਸੇਗੀ। ਜੁਲਾਈ 2005 ਵਿਚ ਭਾਰਤ 'ਚ ਲਗਭਗ 28 ਵਿਸ਼ੇਸ਼ ਆਰਥਕ ਖੇਤਰ ਕੰਮ ਕਰ ਰਹੇ ਹਨ। ਹੁਣ ਸਥਿਤੀ ਇਹ ਹੈ ਕਿ ਸਰਕਾਰ ਰੋਜ਼ਾਨਾ ਇਕ ਵਿਸ਼ੇਸ਼ ਆਰਥਕ ਖੇਤਰ ਨੂੰ ਮਨਜ਼ੂਰੀ ਦੇ ਰਹੀ ਹੈ। ਸਤੰਬਰ ਮਹੀਨੇ ਦੇ ਅੰਤ ਤਕ 181 ਵਿਸ਼ੇਸ਼ ਆਰਥਕ ਖੇਤਰਾਂ ਨੂੰ ਸਰਕਾਰ ਨੇ ਮਨਜ਼ੂਰੀ ਦੇ ਦਿਤੀ ਸੀ ਅਤੇ 266 ਅਰਜ਼ੀਆਂ ਜਾਂ ਪ੍ਰਸਤਾਵ ਮਨਜ਼ੂਰੀ ਲਈ ਸਰਕਾਰ ਦੀ ਮੇਜ਼ 'ਤੇ ਹਨ। ਇਹਨਾਂ ਵਿਸ਼ੇਸ਼ ਆਰਥਕ ਖੇਤਰਾਂ ਦੀ ਸਥਾਪਨਾ ਲਈ ਭਾਰੀ ਮਾਤਰਾ ਵਿਚ ਵੱਖ-ਵੱਖ ਸਰਕਾਰਾਂ ਜ਼ਮੀਨ ਇਕਵਾਇਰ ਕਰ ਰਹੀਆਂ ਹਨ। ਹਰਿਆਣਾ 'ਚ ਸਥਾਪਤ ਹੋਣ ਵਾਲੇ ਗੁੜਗਾਵਾਂ-ਝੱਜਰ ਜ਼ਿਲੇ ਵਾਲੇ ਵਿਸ਼ੇਸ਼ ਆਰਥਕ ਖੇਤਰ ਦਾ ਖੇਤਰ 25000 ਏਕੜ ਹੈ। ਪੱਛਮੀ ਬੰਗਾਲ 'ਚ ਸਥਾਪਤ ਹੋਣ ਵਾਲੇ ਵਿਸ਼ੇਸ਼ ਆਰਥਕ ਖੇਤਰ, ਸੀ.ਪੀ.ਐਮ. ਪਾਰਟੀ ਦੇ ਵਿਸ਼ੇਸ਼ ਆਰਥਕ ਖੇਤਰ ਦੇ ਵਿਰੋਧ ਦੀ ਪੋਲ ਖੋਲ੍ਹਣ ਲਈ ਕਾਫੀ ਹਨ।

ਇਕ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ :

| ਕੰਪਨੀ | ਸਥਾਨ | ਸੈਕਟਰ | ਏਰੀਆ (ਹੈਕਟਰ) |
|---|---|---|---|
| ਸਲੀਮ ਗਰੁਪ | ਹਲਦਿਆਬਹੁ-ਉਤਪਾਦ | | ੫੦੦੦ |
| ਸਲੀਮ ਗਰੁਪ | ਹਲਦਿਆਕੈਮੀਕਲ | | ੪੦੦੦ |
| ਵੀਡੀਓਕੋਨ | ਐਨ-੨੪ ਪਰਗਨਾ | ਬਹੁ-ਉਤਪਾਦ | ੧੦੦੦ |
| ਵੀਡੀਓਕੋਨ | ਐਨ-੨੪ ਪਰਗਨਾ | ਇਲੈਟ੍ਰਾਨਿਕਸ | ੧੪੪ |
| ਵੀਡੀਓਕੋਨ | ਖੜਗਪੁਰ ਬਹੁ-ਉਤਪਾਦ | | ੧੦੦੦ |

ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਵਿਸ਼ੇਸ਼ ਆਰਥਕ ਖੇਤਰਾਂ ਤੋਂ ਮਿਲਣ ਵਾਲੀਆਂ ਸਹੂਲਤਾਂ ਤੇ ਫਾਇਦਿਆਂ ਨੂੰ ਮੋਟੇ ਤੌਰ 'ਤੇ ਸੂਚੀਬੱਧ ਕੀਤਾ ਜਾਵੇ ਤਾਂ ਉਹ ਇਸ ਪ੍ਰਕਾਰ ਹੋਣਗੇ :

੧. ਵਿਸ਼ੇਸ਼ ਆਰਥਕ ਖੇਤਰ ਦੇਸ਼ ਅੰਦਰ ਵਪਾਰ ਤੇ ਵਿਤ ਮਾਮਲਿਆਂ

‘ਚ ਅਜੇਹੇ ਖੇਤਰ ਬਣ ਜਾਣਗੇ ਜਿਨ੍ਹਾਂ ਨੂੰ ਵਿਦੇਸ਼ੀ ਖੇਤਰ ਵਾਂਗ ਜਾਣਿਆ ਜਾਵੇਗਾ। ਯਾਨੀ ਇਹਨਾਂ ਖੇਤਰਾਂ ਦਾ ਟੈਕਸ ਢਾਂਚਾ ਵਖਰਾ ਹੋਵੇਗਾ ਅਤੇ ਹੋਰਨਾਂ ਖੇਤਰਾਂ ‘ਚ ਅਲੱਗ। ਸਾਬਕਾ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਦਾ ਇਹ ਕਥਨ ਧਿਆਨ ਦੇਣ ਯੋਗ ਹੈ:

“ਕਿਸਾਨਾਂ ਤੋਂ ਜਬਰੀ ਜ਼ਮੀਨ ਹਥਿਆ ਕੇ ਉਸ ਨੂੰ ਰਾਇਲ ਸਟੇਟ ਬਣਾਉਣ ਲਈ ਉਦਯੋਗਪਤੀਆਂ ਦੇ ਹਵਾਲੇ ਕਰਨਾ ਅਤੇ ਦੁਨੀਆਂ ਭਰ ਦੀਆਂ ਸਹੂਲਤਾਂ ਦੇਣਾ ਅਜੇਹਾ ਸੰਕੇਤ ਦਿੰਦਾ ਹੈ ਕਿ ਜਿਵੇਂ ਇਹ ਜ਼ੋਨ ਦੇਸ਼ ਦੇ ਅੰਦਰ ਇਕ ਵੱਖ ਰਿਪਬਲਿਕ (ਭਾਵ ਦੇਸ਼ ਅੰਦਰ ਪ੍ਰਦੇਸ਼) ਹੋਣ, ਜਿਨ੍ਹਾਂ ‘ਤੇ ਦੇਸ਼ ਦਾ ਕੋਈ ਕਾਨੂੰਨ ਲਾਗੂ ਨਹੀਂ ਹੋਵੇਗਾ।

੨. ਵਿਸ਼ੇਸ਼ ਆਰਥਕ ਖੇਤਰ ਕਰ ਮੁਕਤ ਖੇਤਰ ਹੋਣਗੇ। ਕਰਾਂ ‘ਚ ਲੰਮੇ ਸਮੇਂ ਲਈ ਛੋਟ ਦਿੱਤੀ ਜਾ ਰਹੀ ਹੈ। ਬਰਾਮਦ ਇਕਾਈਆਂ ਨੂੰ ਪਹਿਲੇ ਪੰਜ ਸਾਲ ਕਰਾਂ ਤੋਂ ਸੌ ਫੀਸਦੀ ਛੋਟ ਦਿੱਤੀ ਗਈ ਹੈ। ਅਗਲੇ ਪੰਜ ਸਾਲਾਂ ਲਈ 50 ਫੀਸਦੀ ਛੋਟ ਦਿੱਤੀ ਗਈ ਹੈ। ਉਸ ਤੋਂ ਅਗਲੇ ਪੰਜ ਸਾਲਾਂ ਲਈ ਕਰਾਂ ਵਿਚ ਛੋਟ ਮੁੜ-ਨਿਵੇਸ਼ਤ ਲਾਭਾਂ ਦੇ ਆਧਾਰ ‘ਤੇ ਦਿੱਤੀ ਜਾਵੇਗੀ। ਵਿਸ਼ੇਸ਼ ਆਰਥਕ ਖੇਤਰ ਦੀ ਡਿਵੈਲਪਮੈਂਟ ਨੂੰ ਦਸ ਸਾਲ ਲਈ ਟੈਕਸਾਂ ਤੋਂ ਛੋਟ ਦਿੱਤੀ ਜਾਵੇਗੀ।

੩. ਵਿਸ਼ੇਸ਼ ਆਰਥਕ ਖੇਤਰ 'ਚ 100 ਫੀਸਦੀ ਨਿਵੇਸ਼ ਹੋ ਸਕਦਾ ਹੈ। ਇਹ ਪ੍ਰਤੱਖ ਵਿਦੇਸ਼ੀ ਨਿਵੇਸ਼ ਸਵੈਚਾਲਿਤ ਰਸਤਿਆਂ ਰਾਹੀਂ ਹੋ ਸਕਦਾ ਹੈ। ਅਤੇ ਲਾਭ ਆਜ਼ਾਦ ਰੂਪ ਵਿਚ ਆਪਣੇ ਮੂਲ ਦੇਸ਼ ਭੇਜੇ ਜਾ ਸਕਦੇ ਹਨ। ਵਿਦੇਸ਼ੀ ਨਿਵੇਸ਼ਕਾਂ ਲਈ ਇਹ ਸਥਿਤੀ ਬਿਲਕੁਲ ਮੂੰਹ-ਮੰਗੀ ਮੁਰਾਦ ਵਾਂਗੂੰ ਹੈ। ਅਜੇਹੀਆਂ ਸਹੂਲਤਾਂ ਭਾਰਤ ਦੀ ਸਸਤੀ ਕਿਰਤ ਸ਼ਕਤੀ ਕਾਰਨ ਆਪਣੇ ਦੇਸ਼ 'ਚ ਵੀ ਨਹੀਂ ਮਿਲ ਸਕਦੀਆਂ ਹਨ। ਯਾਨੀ ਕਰਾਂ ਵਿਚ ਛੋਟ, ਕਿਰਤ ਸ਼ਕਤੀ ਦੀ ਮਨਮਾਨੀ ਲੁੱਟ ਦਾ ਅਧਿਕਾਰ, ਕਾਇਦੇ-ਕਾਨੂੰਨ ਦਾ ਕੋਈ ਝੰਜਟ ਨਹੀਂ।

੪. ਵਿਸ਼ੇਸ਼ ਆਰਥਕ ਖੇਤਰ ਦਾ ਤਿੰਨ-ਚੌਥਾਈ ਖੇਤਰ ਨਾਨ-ਕੋਰ ਸਰਗਰਮੀਆਂ ਯਾਨੀ ਰਿਹਾਇਸ਼ੀ ਜਾਂ ਵਪਾਰਕ ਜਾਇਦਾਦਾਂ, ਸ਼ਾਪਿੰਗ ਮਾਲਜ਼, ਹਸਪਤਾਲ ਆਦਿ ਦੇ ਲਈ ਵਰਤਿਆ ਜਾ ਸਕਦਾ ਹੈ। ਇਸ ਦਾ ਮਤਲਬ ਹੈ ਉਦਯੋਗਾਂ ਦੇ ਥਾਂ ਸੇਵਾ-ਖੇਤਰ ਦਾ ਵਿਕਾਸ।

੫. ਭਾਵੇਂ ਹੁਣ ਤਕ ਦੇ ਮੌਜੂਦ ਕਿਰਤ ਕਾਨੂੰਨ ਰਵਾਇਤੀ ਤੌਰ ‘ਤੇ ਇਹਨਾਂ ਵਿਸ਼ੇਸ਼ ਆਰਥਕ ਖੇਤਰਾਂ ‘ਤੇ ਲਾਗੂ ਹੁੰਦੇ ਹਨ ਪਰ ਸਰਕਾਰ ਤੇ ਸਨਅਤਕਾਰਾਂ ਅਤੇ ਅਦਾਲਤਾਂ ਦੀ ਮਨਸ਼ਾ ਨੂੰ ਵੇਖਿਆ ਜਾਏ ਤਾਂ ਇਹ ਖੇਤਰ ਅਜੇਹੇ ਹੋਣਗੇ ਜਿਥੇ ਕਿਸੇ ਕਿਸਮ ਦੇ ਕਿਰਤ ਕਾਨੂੰਨ

ਲਾਗੂ ਨਹੀਂ ਹੋਣਗੇ।

ਰਾਹੁਲ ਬਜਾਜ ਦਾ ਇਹ ਬਿਆਨ ਪੂੰਜੀਪਤੀਆਂ ਨੂੰ ਮਿਲਣ ਵਾਲੇ ਕਾਲਪਨਿਕ ਲਾਭਾਂ ਦਾ ਖੁਲਾਸਾ ਕਰਦਾ ਹੈ : "ਹੁਣ ਮੈਂ ਇਸ ਨੂੰ ਲੈਂਦਾ ਹਾਂ, ਇਹ ਕੋਈ ਕਾਲਪਨਿਕ ਗੱਲ ਨਹੀਂ ਹੈ। SEZ (ਸੀਜ਼) 'ਚ ਸਥਾਪਤ ਹੋਣ ਵਾਲੀ ਇਕਾਈ ਮੁਢਲੇ ਤੌਰ 'ਤੇ ਘਰੇਲੂ ਬਜ਼ਾਰ (ਵਿਦੇਸ਼ੀ ਨਹੀਂ ਬਲਕਿ ਭਾਰਤ ਦੇ ਬਜ਼ਾਰਾਂ ਲਈ) ਦੇ ਲਈ ਹੈ। ਇਸ ਨੂੰ ਨਾ ਤਾਂ ਸੇਵਾ ਟੈਕਸ, ਨਾ ਹੀ ਸੀ.ਐਸ.ਟੀ. (ਕੇਂਦਰੀ ਵਪਾਰ ਟੈਕਸ) ਨਾ ਪੂੰਜੀਗਤ ਵਸਤਾਂ 'ਤੇ ਦਰਾਮਦ ਟੈਕਸ, ਨਾ ਪੰਜ ਸਾਲਾਂ ਤਕ ਆਮਦਨ ਟੈਕਸ ਦੇਣਾ ਹੈ। ਘਰੇਲੂ ਬਜ਼ਾਰ ਤੋਂ ਇਸ ਨੂੰ ਜਾਣ ਵਾਲੀ ਸਪਲਾਈ ਬਰਾਮਦ ਮੰਨੀ ਜਾਵੇਗੀ। ਬਲਕਿ ਉਸ ਨੂੰ ਟੈਕਸ ਛੋਟ, ਡੀ.ਈ.ਪੀ.ਬੀ. ਵਰਗੀਆਂ ਯੋਜਨਾਵਾਂ ਤੋਂ ਵੀ ਲਾਭ ਮਿਲਣਗੇ। ਹਾਂ, ਜਦ SEZ (ਸੀਜ਼) ਇਕਾਈ ਘਰੇਲੂ ਬਜ਼ਾਰ ਨੂੰ ਸਪਲਾਈ ਕਰੇਗੀ ਤਾਂ ਉਸ ਨੂੰ ਘੱਟ ਜਾਂ ਵਧ ਬਰਾਮਦ ਟੈਕਸ ਅਤੇ ਸਥਾਨਕ ਕਰ ਦੇਣਾ ਹੋਵੇਗਾ ਜੋ ਕਿ ਬਹੁਤੀਆਂ ਵਸਤਾਂ ਲਈ 12.5 ਫੀਸਦੀ ਜਾਂ ਉਸ ਤੋਂ ਘੱਟ ਹੈ। ਉਹਨਾਂ ਮਾਮਲਿਆਂ 'ਚ ਜਿਨ੍ਹਾਂ 'ਚ ਦਰਾਮਦ ਟੈਕਸ 5 ਫੀਸਦੀ ਜਾਂ ਉਸ ਤੋਂ ਘੱਟ ਹੈ ਅਤੇ ਆਈ.ਟੀ., ਹਾਰਡਵੇਅਰ, ਸੈਲਫੋਨ, ਵਡੀ ਮਾਤਰਾ 'ਚ ਦਵਾਈਆਂ, ਕਈ ਪੂੰਜੀਗਤ ਵਸਤਾਂ ਕਮ ਸੇ ਕਮ ਅਜੇਹੀਆਂ ਘਟੋ-ਘਟ 500 ਵਸਤਾਂ ਜੋ ਦਰਾਮਦ ਟੈਕਸ ਸੂਚੀ ਵਿਚ ਸ਼ਾਮਲ ਹਨ। ਸੇਜ਼ ਘਰੇਲੂ ਬਜ਼ਾਰਾਂ ਨੂੰ ਸਪਲਾਈ ਕਰਨ ਲਈ ਹੋਰ ਵੀ ਵਧ ਖਿਚਵੇਂ ਖੇਤਰ ਬਣ ਜਾਣਗੇ ਅਤੇ ਉਤਪਾਦ ਉਦਯੋਗ, ਵਪਾਰ ਟੈਕਸ ਵਿਭਾਗਾਂ ਦੀ ਵਿਸ਼ਾਲ ਮਸ਼ੀਨਰੀ ਵਾਲੀ ਫੌਜ ਅਤੇ ਸ਼ਾਇਦ ਵਡੇ ਕਿਰਤ ਕਾਨੂੰਨਾਂ ਦੀ ਗਰਿਫਤ ਤੋਂ ਵੀ ਇਥੇ ਰਾਹਤ ਹੋਵੇਗੀ।"

ਇਸ ਪਿਛੋਂ ਰਾਹੁਲ ਬਜਾਜ ਇਹ ਗੱਲ ਕਹਿੰਦੇ ਹਨ ਕਿ ਉਹਨਾਂ ਨੂੰ ਆਪਣੇ ਉਦਯੋਗਾਂ ਨੂੰ SEZ 'ਚ ਸ਼ਾਮਲ ਕਰਨਾ ਚਾਹੀਦਾ ਹੈ। ਅਸਲ 'ਚ ਰਾਹੁਲ ਬਜਾਜ ਦੀ ਇਸ ਗੱਲ ਨੂੰ ਕਿ SEZ (ਸੀਜ਼) ਦੇਸ਼ ਦੇ ਘਰੇਲੂ ਬਜ਼ਾਰ ਲਈ ਖਪਤਭੋਗੀ ਵਸਤਾਂ ਦੇ ਸਪਲਾਈ ਕੇਂਦਰ ਬਣਨਗੇ, ਪਰ ਮੁਕੇਸ਼ ਅੰਬਾਨੀ ਨੇ ਤਾਂ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਮੁਕੇਸ਼ ਅੰਬਾਨੀ ਦੀ ਕੰਪਨੀ ਪ੍ਰਚੂਨ ਵਪਾਰ 'ਤੇ ਆਪਣੀ ਮਨੋਪਲੀ ਦੀ ਮੰਗ ਰਖਦੀ ਹੈ ਅਤੇ ਉਸ ਦੇ ਲਈ ਟੈਕਸਾਂ ਤੋਂ ਛੋਟ ਅਤੇ ਅਸੀਮਤ ਲਾਭ ਹਾਸਲ ਕਰਨ ਲਈ ਇਸ ਤੋਂ ਬੇਹਤਰ ਕੋਈ ਹੋਰ ਥਾਂ ਭਲਾ ਕਿਵੇਂ ਹੋ ਸਕਦੀ ਹੈ। ਸੀਜ਼ (SEZ) ਨੂੰ ਮਿਲਣ ਵਾਲੀਆਂ ਸਹੂਲਤਾਂ ਤੇ ਉਥੇ ਹੋਣ ਵਾਲੇ ਬੇਲਗਾਮ ਮੁਨਾਫਿਆਂ ਦਆਂ ਸੰਭਾਵਨਾਵਾਂ ਨੇ ਜਿਥੇ ਪੂੰਜੀਪਤੀਆਂ ਵਿਚਾਲੇ ਇਕ ਕਿਸਮ ਦੀ ਖਹਿਬਾਜ਼ੀ ਨੂੰ ਪੈਦਾ ਕੀਤਾ ਹੈ, ਉਥੇ ਵਿਤ ਮੰਤਰਾਲੇ ਨੂੰ ਕਰਾਂ 'ਚ ਛੋਟ ਦੇ ਕੇ ਆਪਣੇ ਰੈਵੀਨਿਊ ਹਾਨੀ ਦੀ ਚਿੰਤਾ ਸਤਾ ਰਹੀ ਹੈ। ਪਿਛਲੇ ਦਿਨ 4 ਅਕਤੂਬਰ ਇਕਨਾਮਿਕ ਟਾਈਮਜ਼ ਵਿਚ ਰਾਹੁਲ ਬਜਾਜ ਨੇ ਇਹ ਸੁਆਲ ਉਠਾਇਆ ਸੀ ਕਿ ਸੇਜ਼ ਨੂੰ ਮਿਲਣ ਵਾਲੀਆਂ ਸਹੂਲਤਾਂ ਨਾਲ ਉਹਨਾਂ ਇਕਾਈਆਂ ਦੇ ਨਾਲ ਮਤਰੇਈ ਮਾਂ ਵਰਗਾ ਸਲੂਕ ਹੋਵੇਗਾ ਜੋ ਕਿ

ਦੇਸ ਦੇ ਆਮ ਇਲਾਕਿਆਂ 'ਚ ਸਥਿਤ ਹਨ। ਰਾਹੁਲ ਬਜਾਜ ਦੀ ਗੱਲ ਦਾ ਅਰਥ ਕੱਢਿਆ ਜਾਵੇ ਤਾਂ ਇਹ ਨਿਕਲਦਾ ਹੈ ਕਿ SEZ ਦੀਆਂ ਸਹੂਲਤਾਂ ਸਾਰੀਆਂ ਇਕਾਈਆਂ ਨੂੰ ਮਿਲਣੀਆਂ ਚਾਹੀਦੀਆਂ ਹਨ। ਯਾਨੀ ਪੂਰਾ ਦੇਸ਼ ਸਰਮਾਏਦਾਰਾਂ ਲਈ ਵਿਸ਼ੇਸ਼ ਆਰਥਕ ਖੇਤਰ 'ਚ ਤਬਦੀਲ ਕਰ ਦਿੱਤਾ ਜਾਏ। SEZ ਦੀ ਸਥਾਪਨਾ ਨਾਲ ਇਸ ਗੱਲ ਦੀ ਪ੍ਰਵਿਰਤੀ ਨੂੰ ਬਲ ਮਿਲੇਗਾ ਕਿ ਦੇਸੀ-ਵਿਦੇਸ਼ੀ ਸਰਮਾਏਦਾਰ ਆਪਣੇ ਸਥਾਪਤ ਕਾਰਖਾਨਿਆਂ ਨੂੰ ਇਹਨਾਂ ਵਿਸ਼ੇਸ਼ ਖੇਤਰਾਂ 'ਚ ਅਤੀ ਲਾਭ ਹਾਸਲ ਕਰਨ ਲਈ ਸ਼ਿਫਟ ਕਰਨ। ਰਾਹੁਲ ਬਜਾਜ ਆਪਣੇ ਲੇਖ 'ਚ ਇਹ ਧਮਕੀ ਵੀ ਦੇਂਦੇ ਹਨ ਕਿ ਇਕ ਸੁਲਝੇ ਹੋਏ ਵਪਾਰੀ ਵਜੋਂ ਉਸ ਨੂੰ ਇਹੀ ਕਰਨਾ ਚਾਹੀਦਾ ਹੈ।

ਭਾਰਤੀ ਪੂੰਜੀਵਾਦ ਆਪਣੀ ਅਖੌਤੀ ਵਿਕਾਸ ਦਰ ਦੇ ਨਾਲ ਅਰਾਜਕਤਾ ਤੇ ਨਾ-ਬਰਾਬਰੀ ਵਲ ਵੀ ਤੇਜ਼ੀ ਨਾਲ ਵਧ ਰਿਹਾ ਹੈ। SEZ ਦੀ ਸਥਾਪਨਾ ਇਸ ਨੂੰ ਹੋਰ ਵਧ ਰਫਤਾਰ ਨਾਲ ਵਧਾਏਗੀ। ਖੇਤਰੀ ਨਾ-ਬਰਾਬਰੀ ਪਹਿਲਾਂ ਨਾਲੋਂ ਹੋਰ ਵਧੇਗੀ। ਸ਼ਰਦ ਪਵਾਰ, ਕਮਲ ਨਾਥ, ਵਿੱਤ ਮੰਤਰੀ, ਪ੍ਰਧਾਨ ਮੰਤਰੀ, ਸੋਨੀਆ ਗਾਂਧੀ, ਭਾਰਤੀ ਰਿਜ਼ਰਵ ਬੈਂਕ ਦੇ ਬਿਆਨਾਂ ਨੇ ਪਿਛਲੇ ਦਿਨੀਂ ਇਹ ਸਾਬਤ ਕੀਤਾ ਹੈ ਕਿ ਭਾਰਤ ਦੀ ਹਾਕਮ ਜਮਾਤ ਅੰਦਰਲੀਆਂ ਵਿਰੋਧਤਾਈਆਂ ਦੂਰ ਕਰਨ ਲਈ ਇਕੋ ਵੇਲੇ ਕਈ ਤ੍ਰਰਾਂ ਦੇ ਬਿਆਨ ਦੇ ਰਹੇ ਹਨ। ਧਨੀ ਕਿਸਾਨ ਲਾਬੀ ਦੀ ਨੁਮਾਇੰਦਗੀ ਕਰਨ ਵਾਲੇ ਜਿਥੇ ਜ਼ਮੀਨ ਦੇ ਵਧ ਤੋਂ ਵਧ ਭਾਅ ਚਾਹੁਣ ਦੇ ਨਾਲ-ਨਾਲ ਸੇਜ਼ ਦੇ ਮੁਨਾਫੇ 'ਚ ਸਾਂਝੇਦਾਰੀ ਚਾਹੁੰਦੇ ਹਨ। ਉਥੇ ਸਨਅਤਕਾਰਾਂ ਦੀ ਲਾਬੀ ਮੁਨਾਫੇ 'ਚ ਹਿਸੇਦਾਰੀ ਨਹੀਂ ਚਾਹੁੰਦੀ। ਡਿਵੈਲਪਰਜ਼ ਚਾਹੁੰਦੇ ਹਨ ਕਿ ਉਹਨਾਂ ਨੂੰ ਉਹ ਸਹੂਲਤਾਂ ਮਿਲਣ ਜੋ ਸਨਅਤਕਾਰਾਂ ਜਾਂ ਵਿਦੇਸ਼ੀ ਨਿਵੇਸਕਾਂ ਨੂੰ ਹਾਸਲ ਹਨ। ਭਾਰਤੀ ਰਿਜ਼ਰਵ ਬੈਂਕ SEZ ਨੂੰ ਰਾਇਲ ਸਟੇਟ ਯੋਜਨਾ ਮੰਨਣ ਦਾ ਫੈਸਲਾ ਦੇ ਰਿਹਾ ਹੈ। ਇਸ ਨਾਲ ਡਿਵੈਲਪਰਜ਼ ਨੂੰ ਉਹ ਸਹੂਲਤਾਂ ਨਹੀਮ ਮਿਲ ਸਕਣਗੀਆਂ ਜੋ ਸਨਅਤੀ ਇਕਾਈਆਂ ਨੂੰ ਹਾਸਲ ਹਨ। ਭਾਰਤੀ ਰਿਜ਼ਰਵ ਬੈਂਕ ਦੇ ਇਸ ਫੈਸਲੇ ਦਾ ਡਿਵੈਲਪਰਜ਼ ਲਾਬੀ ਵਿਰੋਧ ਕਰ ਰਹੀ ਹੈ। ਭਾਰਤੀ ਰਿਜ਼ਰਵ ਬੈਂਕ ਡਿਵੈਲਪਰਜ਼ ਨੂੰ ਸਨਅਤੀ ਜਾਂ ਬਰਾਮਦ ਇਕਾਈਆਂ ਵਾਂਗੂੰ ਸਬਸੀਡਾਈਜ਼ਡ ਕਰਜ਼ੇ ਦੇਣ ਦੇ ਪੱਖ 'ਚ ਨਹੀਂ ਹੈ। ਇਸ ਕਰਜ਼ੇ ਦਾ ਅਰਥ ਹੈ ਕਿ ਸਰਕਾਰ ਵਿਸ਼ੇਸ਼ ਆਰਥਕ ਖੇਤਰ ਦੀਆਂ ਉਪਰੋਕਤ ਇਕਾਈਆਂ ਨੂੰ ਆਸਾਨ ਸ਼ਰਤਾਂ ਤੇ ਘੱਟ ਵਿਆਜ਼ ਦਰ 'ਤੇ ਕਰਜ਼ਾ ਦੇਵੇਗੀ। ਇਸ ਕਰਜ਼ੇ ਦੀ ਵਿਆਜ਼ ਦਰ ਦੀ ਕਮੀ ਨੂੰ ਸਰਕਾਰ ਆਪਣੇ ਖਜ਼ਾਨੇ 'ਚੋਂ ਪੂਰਾ ਕਰੇਗੀ ਇਥੇ ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਜਦ ਸਰਕਾਰ ਸਨਅਤਕਾਰ ਤੇ ਪੂੰਜੀਵਾਦੀ ਬੁਧੀਜੀਵੀ, ਵਿਸ਼ਵ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼, ਸਾਮਰਾਜੀ, ਦਲਾਲ ਭਾਰਤੀ ਸਰਮਾਏਦਾਰੀ ਤੇ ਉਹਨਾਂ ਦੇ ਚਾਕਰ ਕਿਸਾਨਾਂ ਨੂੰ ਸਬਸਿਡੀ ਦੇਣ ਦਾ ਏਨਾ ਵਿਰੋਧ ਕਰਦੇ ਹਨ, ਉਥੋ ਸਰਮਾਏਦਾਰਾਂ ਨੂੰ ਮਿਲਣ ਵਾਲੀ ਸਬਸਿਡੀ 'ਤੇ ਕੋਈ ਵੀ ਸੁਆਲ ਨਹੀਂ ਉਠਾਉਂਦਾ। ਸਭ ਚੁਪ ਹਨ। ਰਿਜ਼ਰਵ ਬੈਂਕ ਸਿਰਫ ਰਾਇਲ ਸਟੇਟ ਜਾਂ

ਡਿਵੈਲਪਰਜ਼ ਨੂੰ ਉਤਸ਼ਾਹਿਤ ਕਰਨ ਲਈ ਹੀ ਇਕੋ ਨੀਤੀ (ਸਬਸੀਡਾਈਜ਼ਡ ਲੋਨ) ਨੂੰ ਹੀ ਬਦਲ ਰਿਹਾ ਹੈ। ਧਨੀ ਕਿਸਾਨ ਭਾਰਤ ਦੀ ਹਾਕਮ ਜਮਾਤ ਦਾ ਹੀ ਹਿੱਸਾ ਬਣਦੇ ਹਨ। ਸਰਮਾਏਦਾਰੀ ਜਮਾਤ ਦੇ ਵੱਖ-ਵੱਖ ਹਿੱਸਿਆਂ ਵਾਂਗੂੰ ਧਨੀ ਕਿਸਾਨ ਵੀ ਆਰਥਕ ਸਵੈ-ਨਿਰਭਰਤਾ ਤੇ ਮੁਨਾਫੇਦਾਰੀ ਦੇ ਹਿੱਸੇਦਾਰ ਬਣਦੇ ਹਨ।

ਸਰਮਾਏਦਾਰੀ ਜਮਾਤ ਦੇ ਵੱਖ-ਵੱਖ ਹਿੱਸਿਆਂ ਵਾਂਗੂੰ ਨਵੀਂ ਸੰਭਾਵਨਾ ਤੇ ਸਥਿਤੀ ਤੋਂ ਇਹ ਵੀ ਲਾਭ ਉਠਾਉਣਾ ਚਾਹੁੰਦੇ ਹਨ ਤੇ ਇਸ ਦੀ ਤਾਕ 'ਚ ਰਹਿੰਦੇ ਹਨ। SEZ ਲਈ ਜ਼ਮੀਨ ਇਕਵਾਇਰ ਕਰਨ ਦੀ ਸਰਕਾਰੀ ਕਵਾਇਤ ਨੇ ਇਹਨਾਂ ਤੇ ਇਹਨਾਂ ਦੇ ਨੁਮਾਇੰਦਿਆਂ ਨੂੰ ਬੇਚੈਨ ਕਰ ਦਿੱਤਾ ਹੈ। ਭਾਰਤ ਸਰਕਾਰ ਤੋਂ ਲੈ ਕੇ ਸਾਰੀਆਂ ਸੂਬਾਈ ਸਰਕਾਰਾਂ ਦੇਸੀ-ਵਿਦੇਸ਼ੀ ਸਰਮਾਏਦਾਰਾਂ ਲਈ ਪ੍ਰਾਪਰਟੀ ਡੀਲਰ ਦਾ ਕੰਮ ਕਰ ਰਹੀਆਂ ਹਨ। ਪ੍ਰਾਪਰਟੀ ਡੀਲਰਾਂ ਵਾਂਗੂੰ ਹੀ ਸਾਰੇ ਹੱਥਕੰਡੇ ਰਾਜ ਸਰਕਾਰਾਂ ਅਪਣਾ ਰਹੀਆਂ ਹਨ। ਜਦ ਧਨੀ ਕਿਸਾਨੀ ਨੇ ਵੇਖਿਆ ਕਿ ਸਰਕਾਰ ਉਹਨਾਂ ਦੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਲੈਣ ਦੀ ਤਾਕ ਵਿਚ ਹੈ ਤਾਂ ਰਾਤੋ-ਰਾਤ ਉਹ ਇਸ ਮੁੱਦੇ 'ਤੇ ਲਾਮਬੰਦ ਹੋ ਗਏ। ਸੰਘਰਸ਼ਸ਼ੀਲ ਹੋ ਕੇ ਇਹਨਾਂ ਨੇ ਸਰਕਾਰਾਂ ਨੂੰ ਜ਼ਮੀਨਾਂ ਦੀਆਂ ਕੀਮਤਾਂ ਬਜ਼ਾਰੂ ਰੇਟ 'ਤੇ ਦੇਣ ਲਈ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ। ਵੀ.ਪੀ. ਸਿੰਘ ਨੇ ਨਾਹਰਾ ਉਛਾਲਿਆ 'ਕਿਸਾਨ ਤੇ ਸਨਅਤਕਾਰ ਵਿਚਾਲੇ ਸਰਕਾਰ ਦੀ ਕੰਮ' ਯਾਨੀ ਸਨਅਤਕਾਰ ਸਿਧੇ ਕਿਸਾਨ ਤੋਂ ਜ਼ਮੀਨ ਖਰੀਦਣ। ਯਾਨੀ ਜ਼ਮੀਨ ਕੌਡੀਆਂ ਦੇ ਭਾਅ ਦੀ ਬਜਾਏ ਹੀਰੇ ਮੋਤੀਆਂ ਦੇ ਰੇਟਾਂ 'ਤੇ ਲਈਆਂ ਜਾਣ। ਨੈਨੀਤਾਲ 'ਚ ਹੋਏ ਕਾਂਗਰਸੀ ਮੁੱਖ ਮੰਤਰੀਆਂ ਦੇ ਸੰਮੇਲਨ ਦੇ ਨਾਲ ਸਰਕਾਰ ਨੇ ਆਪਣੀ ਨੀਤੀ 'ਚ ਤਬਦੀਲੀ ਕਰ ਦਿੱਤੀ ਹੈ। ਇਸ ਦਾ ਸਿੱਧਾ ਅਸਰ ਹਰਿਆਣਾ ਸਰਕਾਰ 'ਚ ਵਿਖਾਈ ਦਿੱਤਾ। ਹਰਿਆਣਾ ਦੀ ਸਰਕਾਰ ਨੇ ਐਲਾਨ ਕੀਤਾ ਕਿ ਝੱਜਰ ਜ਼ਿਲੇ 'ਚ ਰਿਲਾਇੰਸ ਦੇ ਬਨਣ ਵਾਲੇ SEZ (ਸੀਜ਼) 'ਚ 75 ਫੀਸਦੀ ਜ਼ਮੀਨ ਡਿਵੈਲਪਰਜ਼ ਵਲੋਂ ਮਾਰਕੀਟ ਰੇਟ 'ਤੇ ਖਰੀਦੀ ਜਾਵੇਗੀ। ਜਦ ਕਿ ਬਾਕੀ 25 ਫੀਸਦੀ ਹਰਿਆਣਾ ਸਰਕਾਰ ਇਕਵਾਇਰ ਕਰੇਗੀ। ਹਰਿਆਣਾ ਸਰਕਾਰ ਪ੍ਰਤੀ ਏਕੜ ਦਾ 2 ਲੱਖ ਰੁਪਿਆ ਦੇਵੇਗੀ। ਇਸ ਤਰ੍ਹਾਂ ਕੇਂਦਰ ਸਰਕਾਰ ਨੇ ਇਹ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਖੇਤੀਯੋਗ ਭੂਮੀ ਦੀ ਥਾਂ 'ਤੇ ਬੰਜਰ ਭੂਮੀ ਜਾਂ ਅਜੇਹੀ ਭੂਮੀ ਨੂੰ ਤਰਜੀਹ ਦਿੱਤੀ ਜਾਵੇ ਜਿਥੇ ਸਾਲ ਭਰ 'ਚ ਇਕ ਵੀ ਫਸਲ ਪੈਦਾ ਨਾ ਕੀਤੀ ਜਾਂਦੀ ਹੋਵੇ। ਚਾਹੇ ਜੋ ਵੀ ਹੋਵੇ ਇਕ ਗੱਲ ਤਾਂ ਸਾਫ ਹੈ ਕਿ ਜੇ ਅੱਛੀ ਖੇਤੀ ਯੋਗ ਭੂਮੀ ਇਕਵਾਇਰ ਹੁੰਦੀ ਹੈ ਤਾਂ ਉਸ ਦੀ ਉਚੀ ਕੀਮਤ ਅਦਾ ਕੀਤੀ ਜਾਵੇਗੀ। ਸ਼ਰਦ ਪਵਾਰ, ਵੀ.ਪੀ. ਸਿੰਘ, ਮੇਦਾ ਪਾਟੇਕਰ, ਪ੍ਰਕਾਸ਼ ਕਰਾਤ ਵਰਗੀਆਂ ਸ਼ਖਸੀਅਤਾਂ ਦੇ ਖੜੇ ਹੋਣ ਨਾਲ ਤੇ ਸੋਨੀਆਂ ਦੇ ਸਰਗਰਮ ਹੋਣ ਨਾਲ ਧਨੀ ਕਿਸਾਨ ਮੁਨਾਫੇ ਦੇ ਸਵਰਗ 'ਚ ਜਾਣ ਲਈ ਸਫਲ ਹੋ ਗਏ ਹਨ।

ਆਮ ਤੌਰ 'ਤੇ ਸਰਮਾਏਦਾਰ ਨੇਤਾਵਾਂ ਵਲੋਂ ਧਨੀ ਕਿਸਾਨਾਂ ਦੇ ਹਿੱਤਾਂ ਨੂੰ

ਹੀ ਕਿਸਾਨਾਂ ਦੇ ਸੰਪੂਰਨ ਵਰਗ/ਜਮਾਤ ਦੇ ਹਿੱਤਾਂ ਵਜੋਂ ਪੇਸ ਕੀਤਾ ਜਾਂਦਾ ਹੈ। ਅਸਲ 'ਚ ਮੱਧ-ਵਰਗੀ ਕਿਸਾਨਾਂ ਨੂੰ ਜੇ ਛੱਡ ਦਿੱਤਾ ਜਾਵੇ ਤਾਂ ਛੋਟੇ ਕਿਸਾਨਾਂ ਦੇ ਹਿੱਤ ਧਨੀ ਕਿਸਾਨ ਦੇ ਐਨ ਵਿਰੁੱਧ ਹਨ। ਛੋਟੇ ਕਿਸਾਨਾਂ ਨੂੰ ਮਹਿੰਗਾ ਮੁਆਵਜ਼ਾ ਵੀ ਮਿਲ ਜਾਵੇ ਤਾਂ ਵੀ ਉਹਨਾਂ ਦੀ ਕਿਸਮਤ 'ਚ ਸਰਮਾਏਦਾਰੀ-ਜਗੀਰੂ ਸਮਾਜ 'ਚ ਤਬਾਹੀ ਤੇ ਬਰਬਾਦੀ ਲਿਖੀ ਹੋਈ ਹੈ। ਉਹਨਾਂ ਨੂੰ ਪੇਂਡੂ ਤੇ ਸ਼ਹਿਰੀ ਮਜ਼ਦੂਰਾਂ ਦੀਆਂ ਪਰਤਾਂ ਵੱਲ ਸਰਮਾਏਦਾਰੀ ਲਗਾਤਾਰ ਧੱਕਦੀ ਹੈ। SEZ (ਸੀਜ਼) ਦੀ ਮਾਰਫਤ ਇਹੀ ਕੰਮ ਹੋਣਾ ਹੈ। ਮਜ਼ਦੂਰ, ਸਕਿਉਰਿਟੀ ਗਾਰਡ, ਸੇਲਜ਼ਮੈਨ ਹੀ ਉਹਨਾਂ ਦਾ ਭਵਿਖ ਹੈ।

ਖੇਤੀ ਦੇ ਡੂੰਘੇ ਹੁੰਦੇ ਸੰਕਟ ਨਾਲ ਸਭ ਤੋਂ ਵਧ ਪ੍ਰਭਾਵਿਤ ਤਬਕਿਆਂ ਵਿਚ ਮੱਧਵਰਗੀ ਕਿਸਾਨ ਹੀ ਸਾਮਲ ਹਨ। SEZ ਖੇਤੀ ਕਰਨ ਤੋਂ ਬੇਹਤਰ ਵਿਕਲਪ ਉਹਨਾਂ ਨੂੰ ਹੋਰ ਧੰਦੇ ਕਰਨ 'ਚ ਦਿਖਾ ਰਿਹਾ ਹੈ। ਅਸਲ 'ਚ ਧਨੀ ਹੋਵੇ ਜਾਂ ਮੱਧਵਰਗੀ ਕਿਸਾਨ, ਉਹ ਇਸ ਗੱਲ ਦੇ ਹੱਕ ਵਿਚ ਹੈ ਕਿ ਉਹਨਾਂ ਨੂੰ ਜ਼ਮੀਨ ਦੀ ਮੂੰਹ-ਮੰਗੀ ਕੀਮਤ ਮਿਲੇ। ਕੇਵਲ ਮੱਧ ਤੇ ਛੋਟੇ ਕਿਸਾਨਾਂ ਦਾ ਇਕ ਹਿੱਸਾ ਇਸ ਗੱਲ ਦੀ ਮੰਗ ਕਰ ਰਿਹਾ ਹੈ ਕਿ ਉਹਨਾਂ ਦੀ ਜ਼ਮੀਨ ਦੀ ਵਿਕਰੀ ਜਾਂ ਇਕਵਾਇਰ ਨਾ ਕੀਤਾ ਜਾਵੇ। ਉਹਨਾਂ ਨੂੰ ਚੁਪਚਾਪ ਖੇਤੀ ਕਰਨ ਦਿੱਤੀ ਜਾਵੇ। ਜੋ ਵੀ ਹੋਵੇ, SEZ ਵਿਰੁੱਧ ਛੋਟੇ ਕਿਸਾਨਾਂ 'ਚ ਇਹ ਗੱਲ ਹਰਮਨ-ਪਿਆਰੀ ਹੋ ਰਹੀ ਹੈ ਕਿ ਜ਼ਮੀਨ ਦੀ ਮੂੰਹ-ਮੰਗੀ ਕੀਮਤ ਦੇ ਨਾਲ ਜਾਂ SEZ ਦੀਆਂ ਇਕਾਈਆਂ ਵਿਚ ਉਹਨਾਂ ਦੇ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ ਪੱਕੀ ਨੌਕਰੀ ਮਿਲੇ। ਇਹ ਮੰਗ ਮੁਖ ਰੂਪ ਵਿਚ ਸੀਜ਼ ਦਾ ਵਿਰੋਧ ਨਹੀਂ ਕਰਦੀ ਹੈ। ਨਾਲ ਹੀ ਕਿਸਾਨਾਂ ਵਿਚਕਾਰ ਇਹ ਮੰਗ ਉਠ ਰਹੀ ਹੈ ਕਿ ਉਹਨਾਂ ਨੂੰ ਉਹਨਾਂ ਦੇ ਰਿਹਾਇਸ਼ੀ ਸਥਾਨਾਂ ਤੋਂ ਉਜਾੜਿਆ ਨਾ ਜਾਵੇ। ਜੇ ਉਜਾੜਿਆ ਜਾਂਦਾ ਹੈ ਤਾਂ ਜਾਂ SEZ 'ਚ ਸਥਾਪਤ ਹੋਣ ਵਾਲੇ ਰਿਹਾਇਸ਼ੀ ਕੈਂਪਸ ਵਿਚ ਯੋਗ ਸਥਾਨ ਦਿੱਤਾ ਜਾਵੇ। ਆਧੁਨਿਕ ਸਹੂਲਤਾਂ ਵਾਲੇ ਫਲੈਟ ਮੁਹੱਈਆ ਕਰਵਾਏ ਜਾਣ। ਜੋ ਗੱਲ ਮਨਮੋਹਨ ਸਿੰਘ ਨੇ ਬੋਲੀ ਹੈ, ਉਹ ਹੀ ਸੱਚ ਹੈ। SEZ ਆਰਥਕ ਨੀਤੀ ਦਾ ਅੰਗ ਹਨ। ਮਿਹਨਤਕਸ਼ ਕਿਸਾਨਾਂ ਨੂੰ ਸਿਰਫ SEZ ਸਥਾਪਤ ਹੋਣ ਦੇ ਵਿਰੋਧ ਦੀ ਥਾਂ ਆਰਥਕ ਨੀਤੀਆਂ ਦਾ ਸਮੁਚਾ ਵਿਰੋਧ ਕਰਨਾ ਚਾਹੀਦਾ ਹੈ। ਇਸ ਦਾ ਇਕ ਹੀ ਅਰਥ ਹੋ ਸਕਦਾ ਹੈ - ਸਰਮਾਏਦਾਰੀ-ਜਗੀਰੂ ਤੇ ਅਰਧ-ਬਸਤੀਵਾਦੀ ਪ੍ਰਬੰਧ ਦਾ ਵਿਰੋਧ ਕੀਤਾ ਜਾਵੇ। ਉਜਰਤੀ ਗੁਲਾਮਾਂ ਦੇ ਵਿਸ਼ਾਲ ਕੈਦਖਾਨੇ - SEZ 'ਚ ਮਜ਼ਦੂਰ ਵਰਗ ਦਾ ਭਵਿਖ ਕੀ ਹੋਊ? ਜੋ ਗੱਲਾਂ ਸਾਹਮਣੇ ਆ ਰਹੀਆਂ ਹਨ, ਉਹਨਾਂ ਤੋਂ ਇਹ ਇਲਾਕੇ ਮਜ਼ਦੂਰਾਂ ਦੀ ਲੁਟ ਨੂੰ ਤੇਜ਼ ਕਰਨਗੇ ਤੇ ਉਹਨਾਂ ਦੀਆਂ ਸ਼ਹਿਰੀ ਅਜ਼ਾਦੀਆਂ ਖੋਹ ਲਈਆਂ ਜਾਣਗੀਆਂ। ਪ੍ਰਧਾਨ ਮੰਤਰੀ ਕਿਰਤ ਸੁਧਾਰਾਂ ਦੀ ਲਗਾਤਾਰ ਗੱਲ ਕਰ ਰਹੇ ਹਨ, ਉਹ ਦੂਜੇ ਕਿਰਤ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ ਚਾਹੁਣਗੇ। ਜਿਸ ਦਾ ਅਰਥ ਹੈ ਮਜ਼ਦੂਰਾਂ ਨਾਲ ਸਮੂਹਕ ਸੌਦੇਬਾਜ਼ੀ, ਯੂਨੀਅਨ

ਬਣਾਉਣ, ਕਿਰਤ ਤੇ ਸਿਵਲ ਕੋਰਟ 'ਚ ਜਾਣ ਦੇ ਹੱਕਾਂ ਨੂੰ ਖੋਹਣਾ।

ਮੁਕੇਸ਼ ਅੰਬਾਨੀ ਦੇ ਮਹਾਂ-ਮੁੰਬਈ SEZ 'ਚ ਤਾਂ ਮੁਕੇਸ਼ ਅੰਬਾਨੀ ਤੇ ਉਸ ਦੇ ਗੁਰੂਆਂ ਦਾ ਹੀ ਰਾਜ ਚਲਣਾ ਹੈ। ਤਹਿਸੀਲਦਾਰ ਤੋਂ ਲੈ ਕੇ ਮੁਖ ਮੰਤਰੀ ਨੂੰ ਅੰਬਾਨੀ ਭਰਾ ਵੈਸੇ ਵੀ ਆਪਣੀ ਜੇਬ 'ਚ ਰਖਦੇ ਹਨ। ਵਿਸ਼ਵਾਸ ਨਾ ਆਵੇ ਤਾਂ ਅਨਿਲ ਅੰਬਾਨੀ ਦੇ ਮੁਲਾਇਮ ਸਿੰਘ ਤੇ ਮੁਕੇਸ਼ ਅੰਬਾਨੀ ਦੇ ਹੁਡਾ, ਅਮਰਿੰਦਰ ਤੇ ਦੇਸ਼ਮੁਖ ਨਾਲ ਰਿਸ਼ਤਿਆਂ ਦੀ ਪੜਤਾਲ ਕਰ ਕੇ ਵੇਖ ਲਉ। ਇਹਨਾਂ ਚਾਰਾ ਮੁਖ ਮੰਤਰੀਆਂ ਨੇ ਆਪਣੇ ਪਿਛਲੇ ਦਿਨਾਂ ਦੇ ਵਿਹਾਰ ਤੋਂ ਇਕ ਗੱਲ ਸਾਬਤ ਕੀਤੀ ਹੈ ਕਿ ਉਹ ਸਰਮਾਏਦਾਰਾਂ ਦੇ ਪ੍ਰਾਪਰਟੀ ਡੀਲਰ ਹੀ ਬਣ ਕੇ ਰਹਿ ਗਏ ਹਨ। ਇਹ ਕੰਮ ਟਾਟਾ ਦੇ ਲਈ ਬੁਧਦੇਵ ਭੱਟਾਚਾਰੀਆ ਪੱਛਮੀ ਬੰਗਾਲ 'ਚ ਕਰ ਰਹੇ ਹਨ। ਕਾਂਗਰਸ, ਭਾਜਪਾ, ਜਿਥੇ ਕਿਰਤ ਸੁਧਾਰਾਂ ਨੂੰ ਮੁਖ ਦਰਵਾਜ਼ੇ ਤੋਂ ਲਾਗੂ ਕਰਨਾ ਚਾਹੁੰਦੇ ਹਨ, ਉਥੇ ਸੀ. ਪੀ. ਆਈ. ਅਤੇ ਸੀ. ਪੀ. ਐਮ. ਇਹ ਕੰਮ ਚੁਪਚਾਪ ਪਿਛਲੇ ਚੋਰ ਦਰਵਾਜ਼ੇ ਰਾਹੀਂ ਕਰਨਾ ਚਾਹੁੰਦੇ ਹਨ। ਵੈਸੇ ਅਜੇ ਦੇਸ਼ 'ਚ ਰਵਾਇਤੀ ਤੌਰ 'ਤੇ ਕਿਰਤ ਕਾਨੂੰਨ ਪੁਰਾਣੇ ਹੀ ਲਾਗੂ ਹਨ ਤਾਂ ਸਥਿਤੀ ਕੀ ਹੈ? ਚਾਹੇ ਉਹ SEZ ਵਿਸ਼ੇਸ਼ ਬਰਾਮਦ ਖੇਤਰ ਹੋਣ ਜਾਂ ਸਿਡਕੁਲ, ਮੁੰਬਈ ਦੇ ਸਿਡਕੋ ਵਰਗੇ ਖੇਤਰ ਹੋਣ, ਸਾਰੀਆਂ ਥਾਵਾਂ 'ਤੇ ਕਿਰਤ ਕਾਨੂੰਨਾਂ ਦਾ ਕੂਲ੍ਹਾ ਉਲੰਘਣ ਹੁੰਦਾ ਹੈ ਤੇ ਕੋਈ ਸੁਨਣ ਵਾਲਾ ਵੀ ਨਹੀਂ। ਠੇਕੇਦਾਰੀ ਪ੍ਰਥਾ ਜ਼ੋਰਾਂ 'ਤੇ ਹੈ। ਮਜ਼ਦੂਰਾਂ ਦੀ ਪੱਕੀ ਭਰਤੀ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਮਜ਼ਦੂਰਾਂ ਦੀ ਮਜ਼ਦੂਰੀ ਲਗਾਤਾਰ ਡਿਗਦੀ ਜਾ ਰਹੀ ਹੈ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਨੋਇਡਾ ਵਰਗੇ ਖੇਤਰਾਂ 'ਚ ਮਜ਼ਦੂਰਾਂ ਨਾਲ ਨਿਬੜਣ ਲਈ ਰਾਜ ਸਰਕਾਰਾਂ ਨੇ ਪੂੰਜੀਪਤੀਆਂ ਤੇ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਅਸੀਮਤ ਅਧਿਕਾਰ ਦਿੱਤੇ ਹਨ। ਵਿਸ਼ੇਸ਼ ਆਰਥਕ ਖੇਤਰਾਂ 'ਚ ਮਜ਼ਦੂਰਾਂ ਦੇ ਰਹਿਣ ਦਾ ਕੋਈ ਪ੍ਰਬੰਧ ਨਹੀਂ। ਲੰਬੀ ਕਤਾਰ 'ਚ ਸਾਈਕਲਾਂ ਜਾਂ ਨਿਜੀ ਵਾਹਨਾਂ, ਬਸਾਂ 'ਚ ਸਵਾਰ ਹੋ ਕੇ ਮਜ਼ਦੂਰ ਇਹਨਾਂ ਖੇਤਰਾਂ 'ਚ ਪੁਜਦੇ ਹਨ। ਬੰਗਲੌਰ 'ਚ ਤਾਂ ਇਸ ਨਾਲ ਟਰੈਫਿਕ ਸਮੱਸਿਆ ਵੀ ਪੈਦਾ ਹੋ ਗਈ ਹੈ। SEZ 'ਚ ਪੂੰਜੀਪਤੀਆਂ ਲਈ ਰਿਹਾਇਸ਼ੀ ਕੋਠੀਆਂ ਹਨ ਪਰ ਮਜ਼ਦੂਰਾਂ ਲਈ ਝੁਗੀਆਂ ਵੀ ਨਹੀਂ ਹਨ। ਉਲਟਾ ਮਜ਼ਦੂਰ ਬਸਤੀਆਂ ਉਜਾੜ ਕੇ SEZ ਬਣ ਰਹੇ ਹਨ। ਕੁਲ ਮਿਲਾ ਕੇ SEZ ਮਜ਼ਦੂਰਾਂ ਦੇ ਕੰਮ ਦੀਆਂ ਹਾਲਤਾਂ ਨੂੰ ਵੱਧ ਔਖੀਆਂ ਬਣਾ ਰਹੇ ਹਨ। SEZ ਮਜ਼ਦੂਰ ਵਰਗ ਖਿਲਾਫ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦਾ ਸੰਗਠਿਤ ਹਮਲਾ ਹੈ। ਲੁਟ ਦੀ ਰਫਤਾਰ ਵਧਾਉਣ ਵਾਲੇ ਹਨ ਇਹ ਅਡੇ। ਹੌਲੀ-ਹੌਲੀ ਮਜ਼ਦੂਰ ਹੱਕਾਂ ਤੋਂ ਵਾਂਝੇ ਹੋ ਕੇ 14-18 ਘੰਟੇ ਕੰਮ ਕਰਨ ਲੱਗ ਪੈਣਗੇ।

# ਕੀ ਦਰਸਾਉਂਦਾ ਹੈ ਨੰਦੀਗ੍ਰਾਮ ਦਾ ਘੋਲ ?

ਨੰਦੀਗ੍ਰਾਮ ਦੇ ਮਜ਼ਦੂਰਾਂ, ਕਿਸਾਨਾਂ ਦੇ ਬਹਾਦਰਾਨਾ ਸੰਘਰਸ਼ ਤੇ ਕੁਰਬਾਨੀ ਨੇ ਪੱਛਮੀ ਬੰਗਾਲ ਖੱਬੇ ਮੋਰਚੇ ਦੀ ਸਰਕਾਰ ਨੂੰ ਮਜਬੂਰ ਕਰ ਦਿੱਤਾ ਹੈ ਕਿ ਉਹ ਨੰਦੀਗ੍ਰਾਮ ਦੇ ਅੰਦਰ ਸੀਜ਼ (SEZ) ਦੀ ਉਸਾਰੀ ਦੇ ਫੈਸਲੇ ਨੂੰ ਵਾਪਸ ਲੈਣ। 6-7 ਫਰਵਰੀ ਤੇ ਫਿਰ 14 ਮਾਰਚ ਨੂੰ ਮਾਕਪਾ-ਨੀਤ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਪੁਲਸ ਪ੍ਰਸ਼ਾਸਨ ਤੇ ਆਪਣੇ ਹਥਿਆਰਬੰਦ ਕੇਡਰ ਦੇ ਆਸਰੇ ਨੰਦੀਗ੍ਰਾਮ ਖੇਤਰ ਦੀ ਜਨਤਾ ਦੇ ਜ਼ਮੀਨ ਇਕਵਾਇਰ ਕਰਨ ਵਿਰੋਧੀ ਰੋਹ ਨੂੰ ਕੁਚਲ ਦਿੱਤਾ ਜਾਵੇ ਤੇ ਉਹਨਾਂ ਦੀ ਜ਼ਮੀਨ ਜਬਰੀ ਖੋਹ ਕੇ ਇੰਡੋਨੇਸ਼ੀਆ ਦੇ ਸਾਲਿਮ ਸਨਅਤੀ ਗਰੁਪ ਨੂੰ ਸੌਂਪ ਦਿੱਤਾ ਜਾਵੇ। ਪਰ ਉਥੋਂ ਦੇ ਲੋਕਾਂ ਦੇ ਜਥੇਬੰਦਕ ਵਿਰੋਧ ਦੇ ਕਾਰਨ ਉਹਨਾਂ ਦਾ ਨਾਪਾਕ ਇਰਾਦਾ ਸਫਲ ਨਹੀਂ ਹੋ ਸਕਿਆ। 100 ਤੋਂ ਵੱਧ ਲੋਕ ਇਸ ਸੰਘਰਸ਼ 'ਚ ਮਾਰੇ ਗਏ ਤੇ ਸੈਂਕੜੇ ਜ਼ਖਮੀ ਹਨ। ਸਰਕਾਰੀ ਸੂਤਰਾਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 11 ਹੈ ਪਰ ਬਹੁਤੇ ਲੋਕਾਂ ਨੂੰ ਮਾਰ ਕੇ ਉਹਨਾਂ ਦੀਆਂ ਲਾਸ਼ਾਂ ਨੂੰ ਗਾਇਬ ਕਰ ਦਿੱਤਾ ਗਿਆ। ਸੈਂਕੜੇ ਲਾਪਤਾ ਲੋਕਾਂ ਵਿਚੋਂ ਬਹੁਤ ਸਾਰੇ ਅਜੇਹੇ ਲੋਕ ਹਨ ਜਿਨ੍ਹਾਂ ਨੂੰ ਮਾਰ ਕੇ ਪੁਲਸ ਤੇ ਮਾ. ਕ. ਪਾ. ਦੇ ਵਰਕਰਾਂ ਨੇ ਲਾਸ਼ਾਂ ਨੂੰ ਕਿਧਰੇ ਟਿਕਾਣੇ ਲਾ ਦਿੱਤਾ ਹੈ।

14 ਮਾਰਚ ਨੂੰ ਕਰੀਬ 3000 ਪੁਲਸ ਫੋਰਸ ਦੇ ਜਵਾਨ ਤੇ ਅਧਿਕਾਰੀ ਤੇ ਇਸ ਤੋਂ ਵੀ ਵੱਧ ਗਿਣਤੀ ਵਿਚ ਸੀ. ਪੀ. ਐਮ. ਕੇਡਰਾਂ ਨੇ ਨੰਦੀਗ੍ਰਾਮ ਦੇ ਲੋਕਾਂ 'ਤੇ ਹੱਲਾ ਬੋਲ ਦਿੱਤਾ। ਅਨੇਕਾਂ ਸੀ. ਪੀ. ਐਮ. ਕੇਡਰ ਪੁਲਸ ਦੀ ਵਰਦੀ ਵਿਚ ਸਨ। ਹਸਪਤਾਲ 'ਚ ਜ਼ਖਮੀ ਲੋਕਾਂ ਦੇ ਜਿਸਮ 'ਚੋ .315 ਰਾਇਫਲ ਦੀਆਂ ਗੋਲੀਆਂ ਨਿਕਲੀਆਂ। ਜਿਸ ਦੀ ਵਰਤੋਂ ਪੁਲਸ ਨਹੀਂ ਕਰਦੀ ਬਲਕਿ ਇਹ ਗੋਲੀ ਨਾਗਰਿਕਾਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ। ਇਸ ਤੋਂ ਇਹ ਸਾਫ ਜ਼ਾਹਿਰ ਹੁੰਦਾ ਹੈ ਕਿ ਪੁਲਸ ਦੇ ਨਾਲ ਸੀ. ਪੀ. ਐਮ. ਪਾਰਟੀ ਦੇ ਹਥਿਆਰਬੰਦ ਦਸਤੇ ਨੰਦੀਗ੍ਰਾਮ ਦੀ ਜਨਤਾ 'ਤੇ ਗੋਲੀਆਂ ਚਲਾ ਰਹੇ ਸਨ। ਔਰਤਾਂ ਤੇ ਬੱਚਿਆਂ ਨੂੰ ਵੱਡੇ ਪੈਮਾਨੇ 'ਤੇ ਹਮਲੇ ਦਾ ਨਿਅਸ਼ਾਨਾ ਬਣਾਇਆ ਗਿਆ। ਹਸਪਤਾਲ ਵਿਚ ਭਰਤੀ ਹੋਣ ਵਾਲੇ ਲੋਕਾਂ 'ਚ 75 ਫੀਸਦੀ ਔਰਤਾਂ ਤੇ ਬੱਚੇ ਸਨ। ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵੀ ਹੋਈਆਂ ਤੇ ਇਹ ਸਭ ਕੀਤਾ ਨਾਗਰਿਕਾਂ ਦੀ ਰਾਖੀ ਲਈ ਜ਼ਿੰਮੇਵਾਰ ਪੁਲਸ ਨੇ ਅਤੇ ਆਪਚੇ ਆਪ ਨੂੰ ਗਰੀਬਾਂ ਦੇ ਹਿੱਤਾਂ ਦੀ ਰਖਿਅਕ ਕਰਾਰ ਦੇਣ ਵਾਲੀ ਪਾਰਟੀ ਸੀ. ਪੀ. ਐਮ. ਦੇ ਵਰਕਰਾਂ ਨੇ। ਤੇ ਇਹ ਸਭ ਕੀਤਾ ਗਿਆ ਉਸ ਜਨਤਾ ਦੇ ਨਾਲ

ਜੋ ਦਹਾਕਿਆਂ ਤੋਂ ਖੱਬੇ ਮੋਰਚੇ ਦੇ ਨੇਤਾਵਾਂ ਨੂੰ ਲੋਕ ਸਭਾ ਤੇ ਵਿਧਾਨ ਸਭਾ 'ਚ ਭੇਜਦੀਆਂ ਆਈਆਂ ਹਨ।

ਇਸ ਤਰ੍ਹਾਂ ਨੰਦੀਗ੍ਰਾਮ 'ਚ 14 ਮਾਰਚ ਨੂੰ ਜ਼ੁਲਮ ਤੇ ਅਤਿਆਚਾਰ ਦਾ ਜੋ ਤਾਂਡਵ ਹੋਇਆ ਉਹ ਕਿਸੇ ਦੇਸੀ-ਵਿਦੇਸ਼ੀ ਦੁਸ਼ਮਣ ਦੇ ਨਾਲ ਨਹੀਂ ਜਾਂ ਕਿਸੇ ਰਾਜਸੀ ਵਿਰੋਧੀ ਦੇ ਨਾਲ ਨਹੀਂ ਬਲਕਿ 'ਮਾਰਕਸੀ ਪਾਰਟੀ' ਦੇ ਓਪਣੇ ਹੀ ਸਮਰਥਕ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੂਜਵਾਨਾਂ ਤੇ ਔਰਤਾਂ ਦੇ ਨਾਲ ਕੀਤਾ ਗਿਆ। ਉਹਨਾਂ ਦਾ ਦੋਸ਼ ਸਿਰਫ ਏਨਾ ਸੀ ਕਿ ਉਹਨਾਂ ਨੇ ਇਕ ਵਿਦੇਸ਼ੀ ਬਹੁ-ਕੌਮੀ ਕੰਪਨੀ ਨੂੰ ਜ਼ਮੀਨ ਦੇਣ ਤੋਂ ਇਨਕਾਰ ਕਰ ਦਿੱਤਾ। ਪੱਛਮੀ ਬੰਗਾਲ ਦੀ ਸਰਕਾਰ ਨੇ ਅਜੇਹਾ ਤਾਂ ਕੀਤਾ ਕਿ ਨਾ ਸਿਰਫ ਨੰਦੀਗ੍ਰਾਮ ਬਲਕਿ ਹੋਰਨਾਂ ਥਾਵਾਂ ਦੇ ਲੋਕ ਜਿਥੇ SEZ (ਸੇਜ਼) ਦੀ ਉਸਾਰੀ ਹੁੰਦੀ ਸੀ ਜਾਂ ਜਿਥੇ ਸਰਕਾਰ ਵਲੋਂ ਪੂੰਜੀਪਤੀਆਂ ਤੇ ਉਦਯੋਗਪਤੀਆਂ ਨੂੰ ਉਦਯੋਗਾਂ ਲਈ ਜ਼ਮੀਨ ਦਿੱਤੀ ਜਾਣੀ ਸੀ, ਅਜੇਹੀ ਦਹਿਸ਼ਤ ਵਿਚ ਆ ਜਾਣ। ਕਿਸੇ ਨੂੰ ਖੱਬਾ ਮੋਰਚਾ ਸਰਕਾਰ ਤੇ ਸੀ. ਪੀ. ਐਮ. ਦੇ ਖਿਲਾਫ ਅਵਾਜ਼ ਉਠਾਉਣ ਦੀ ਹਿੰਮਤ ਹੀ ਨਾ ਹੋਵੇ। ਇਸੇ ਉਦੇਸ਼ ਨਾਲ ਕੀਤਾ ਗਿਆ ਸੀ ਨੰਦੀਗ੍ਰਾਮ ਦੀ ਜਨਤਾ 'ਤੇ ਬੇਕਿਰਕ ਜਾਬਰ ਹਮਲਾ।

ਪਰ ਹੋਇਆ ਇਸ ਦੇ ਉਲਟ। ਉਥੋਂ ਦੀ ਜਨਤਾ ਨੂੰ ਮਾ. ਕ. ਪਾ. ਦੇ ਅਸਲੀ ਲੋਕ-ਵਿਰੋਧੀ ਕਿਰਦਾਰ ਨੂੰ ਸਾਫ ਸਮਝ ਆ ਗਈ ਅਤੇ ਸਮਝ ਗਈ ਉਹਨਾਂ ਦੇ ਨਾਪਾਕ ਇਰਾਦਿਆਂ ਨੂੰ। ਫਿਰ ਉਹਨਾਂ ਦੇ ਅੰਦਰ ਪੈਦਾ ਹੋਇਆ ਫੌਲਾਦੀ ਸੰਕਲਪ ਕਿ ਚਾਹੇ ਜਿੰਨੀ ਕੁਰਬਾਨੀ ਦੇਣੀ ਪਵੇ ਉਹ ਆਪਣੀ ਜ਼ਮੀਨ ਸਨਅਤਕਾਰਾਂ ਤੇ ਸਰਮਾਏਦਾਰਾਂ ਨੂੰ ਨਹੀਂ ਦੇਣਗੇ। ਉਹਨਾਂ ਦੀ ਇਸ ਚਟਾਨੀ ਏਕਤਾ ਤੇ ਫੌਲਾਦੀ ਸੰਕਲਪ ਦੇ ਅਗੇ ਜਾਬਰ ਸਰਕਾਰ ਨੂੰ ਝੁਕਣਾ ਪਿਆ। ਨੰਦੀਗ੍ਰਾਮ ਤੋਂ ਵਿਸ਼ੇਸ਼ ਆਰਥਕ ਖੇਤਰ (SEZ) ਦੀ ਯੋਜਨਾ ਰੱਦ ਕਰਨੀ ਪਈ। ਏਨਾ ਹੀ ਨਹੀਂ, ਨੰਦੀਗ੍ਰਾਮਦੀ ਜਨਤਾ ਦੇ ਸਫਲ ਸੰਘਰਸ਼ ਤੋਂ ਉਤਸ਼ਾਹਿਤ ਹੋ ਕੇ ਦੇਸ਼ ਦੇ ਵਖ-ਵਖ ਹਿਸਿਆਂ ਵਿਚ (SEZ) ਵਿਰੋਧੀ ਲੋਕ-ਸੰਘਰਸ਼ 'ਚ ਹੋਰ ਤੇਜ਼ੀ ਆ ਗਈ। ਹੁਣ ਉੜੀਸਾ 'ਚ ਪੈਸਕੋ ਦੇ ਖਿਲਾਫ ਸੰਘਰਸ਼ ਹੋਰ ਤਿਖਾ ਹੋ ਗਿਆ ਹੈ। ਤਾਂ ਮਹਾਂਰਾਸ਼ਟਰ 'ਚ ਮੁੰਬਈ ਦੇ ਨਜ਼ਦੀਕ ਰਿਲਾਇੰਸ ਵਲੋਂ SEZ (ਵਿਸ਼ੇਸ਼ ਆਰਥਕ ਖੇਤਰ) ਉਸਾਰੀ ਦੀ ਯੋਜਨਾ ਦੇ ਖਿਲਾਫ ਮੁਹਿੰਮ ਤੇਜ਼ ਹੋ ਗਈ ਹੈ। ਨੰਦੀਗ੍ਰਾਮ ਦੇ ਸੰਘਰਸ਼ ਨੂੰ ਵੇਖਦਿਆਂ ਹੋਏ ਕੇਂਦਰ ਸਰਕਾਰ ਨੇ ਸੇਜ਼ ਨੀਤੀ 'ਚ ਵਿਆਪਕ ਫੇਰ-ਬਦਲ ਕੀਤਾ ਤੇ ਐਲਾਨ ਕੀਤਾ ਕਿ ਹੁਣ ਸੇਜ਼ (SEZ) ਦਾ ਆਕਾਰ 5000 ਹੈਕਟੇਅਰ ਤੋਂ ਵਧ ਨਹੀਂ ਹੋਵੇਗਾ। ਨਾਲ ਹੀ ਕੇਂਦਰ ਸਰਕਾਰ ਨੇ ਇਹ ਵੀ ਐਲਾਨ ਕੀਤਾ ਕਿ ਖੇਤੀ ਯੋਗ ਜ਼ਮੀਨ 'ਤੇ ਸੇਜ਼ ਦੀ ਸਥਾਪਨਾ ਨਹੀਂ ਕੀਤੀ ਜਾਵੇਗੀ। ਤਾਂ ਭੂਮੀ ਇਕਵਾਇਰ ਸਰਕਾਰ ਨਹੀਂ ਕਰੇਗੀ। ਉਦਯੋਗਪਤੀ ਖੁਦ ਕਿਸਾਨਾਂ ਤੋਂ ਸੇਜ਼ ਜਾਂ ਆਪਣੇ ਉਦਯੋਗਾਂ ਦੇ ਨਿਰਮਾਣ ਲਈ ਜ਼ਮੀਨ ਖਰੀਦਣ। ਏਨਾ ਹੀ ਨਹੀਂ ਬਿਹਾਰ ਦੀ ਨਤੀਸ਼ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਬਿਹਾਰ 'ਚ ਸੇਜ਼ ਦੀ ਉਸਾਰੀ ਨਹੀਂ ਕੀਤੀ ਜਾਵੇਗੀ। ਪਰ ਸੇਜ਼ ਸਬੰਧੀ ਕਾਨੂੰਨਾਂ ਨੂੰ ਅਜੇ

ਵੀ ਵਾਪਸ ਨਹੀਂ ਲਿਆ ਗਿਆ। ਬਲਕਿ 63 ਨਵੇਂ ਪ੍ਰਸਤਾਵਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ। ਇਸ ਤਰ੍ਹਾਂ ਕੇਂਦਰ ਸਰਕਾਰ ਨੇ ਕਰੀਬ 500 ਸੇਜ਼ ਸਥਾਪਤ ਕਰਨ ਦੀ ਮਨਜ਼ੂਰੀ ਦੇਸ਼ ਦੇ ਵਖ-ਵਖ ਹਿਸਿਆਂ ਵਿਚ ਦੇ ਦਿੱਤੀ ਹੈ। ਇਸ ਮਨਜ਼ੂਰੀ ਨੂੰ ਵੀ ਵਾਪਸ ਨਹੀਂ ਲਿਆ ਗਿਆ ਹੈ। ਸੇਜ਼ ਅਸਲ ਵਿਚ ਸਾਮਰਾਜੀ ਵਿਸ਼ਵੀਕਰਨ ਦਾ ਬੱਚਾ ਹੈ। ਜਿਸ ਦੇ ਤਹਿਤ ਸਾਡੇ ਦੇਸ਼ ਦੀ ਸਰਜ਼ਮੀਨ 'ਤੇ ਵਿਦੇਸ਼ੀ ਸਾਮਰਾਜੀ ਕੰਟਰੋਲ ਵਾਲੇ ਖੇਤਰਾਂ ਦੀ ਉਸਾਰੀ ਕੀਤੀ ਜਾਵੇਗੀ। ਇਹਨਾਂ ਖੇਤਰਾਂ 'ਚ ਦੇਸ਼ ਦਾ ਕਾਨੂੰਨ ਲਾਗੂ ਨਹੀਂ ਹੋਵੇਗਾ। ਐਸ਼ੋ ਆਰਾਮ ਦੇ ਰਿਹਾਇਸ਼ੀ ਇਲਾਕਿਆਂ ਦੀ ਉਸਾਰੀ ਕੀਤੀ ਜਾਵੇਗੀ। ਸਾਡੇ ਦੇਸ਼ ਦੇ ਕਰੋੜਾਂ ਗਰੀਬ ਮੇਹਨਤਕਸ਼ਾਂ ਦੀ ਬਦਹਾਲੀ ਦੇ ਸਾਗਰ ਅੰਦਰ ਐਸ਼ੋ-ਇਸ਼ਰਤ ਦੇ ਦੀਪ ਦੀ ਉਸਾਰੀ ਹੋਵੇਗੀ, ਸੇਜ਼ ਤੇ ਉਦਯੋਗਿਕ ਵਿਕਾਸ ਦੇ ਨਾਂ 'ਤੇ। ਇਸ ਤਰ੍ਹਾਂ ਸੇਜ਼ ਦੇਸ਼ ਨੂੰ ਇਕ ਨਵੀਂ ਗੁਲਾਮੀ 'ਚ ਜਕੜਨ ਦੀ ਸਾਜ਼ਿਸ਼ ਹੈ।

ਸ਼ੂਗਰ ਦੀ ਬੀਮਾਰੀ ਸਬੰਧੀ ਇਕ ਤੱਥ ਇਹ ਵੀ ਹੈ ਕਿ ਭੋਜਨ ਸਬੰਧੀ ਲੋੜੀਂਦਾ ਧਿਆਨ ਦੇਣ ਤੇ ਸਮੁਚਿਤ ਰੂਪ ਨਾਲ ਨਿਯਮਤ ਕਸਰਤ ਕਰਦੇ ਰਹਿਣ ਨਾਲ ਕੰਟਰੋਲ ਰਹਿੰਦਾ ਹੈ ਤੇ ਸਾਰੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਬਿਨਾ ਦਵਾਈਆਂ ਤੋਂ ਇਸ 'ਤੇ ਕੰਟਰੋਲ ਰਖਿਆ ਜਾ ਸਕੇ। ਪਰ ਜੇ ਇਸ ਨਾਲ ਵੀ ਗੱਲ ਨਾ ਬਣੇ ਤਾਂ ਵੀ ਭੋਜਨ ਤੇ ਕਸਰਤ ਵੰਨੀ ਧਿਆਨ ਦੇਂਦੇ ਹੋਏ ਦਵਾਈ ਨਾਲ ਇਲਾਜ ਦਾ ਸਹਾਰਾ ਲਿਆ ਜਾਵੇ। ਸ਼ੂਗਰ ਦੀ ਬੀਮਾਰੀ (ਡਾਇਬਟੀਜ਼) ਅਜੋਕੇ ਸਮੇਂ 'ਚ ਸਿਹਤ ਦੀ ਇਕ ਵਡੀ ਦੁਸ਼ਮਣ ਬਣ ਗਈ ਹੈ। ਇਹ ਵਕਤ ਦਾ ਤਕਾਜ਼ਾ ਕਹੋ ਜਾਂ ਕਾਰੋਬਾਰੀ ਨਜ਼ਰੀਆ ਕਿ ਅੱਜਕਲ ਦਵਾਈਆਂ ਨਾਲ ਇਲਾਜ ਦਾ ਹੀ ਭਾਰੀ ਜ਼ੋਰ ਹੈ। ਐਲੋਪੈਥੀ ਸਾਰੀ ਦੁਨੀਆਂ 'ਚ ਹੀ ਇਸ ਬੀਮਾਰੀ ਦੇ ਇਲਾਜ ਲਈ ਭਾਰੂ ਹੈ। ਪਰ ਇਸ ਇਲਾਜ ਪ੍ਰਣਾਲੀ ਪ੍ਰਤੀ ਵਿਗਿਆਨਕ ਨਜ਼ਰੀਆ ਹੀ ਅਪਣਾ ਲਿਆ ਜਾਣਾ ਚਾਹੀਦਾ ਹੈ। ਐਲੋਪੈਥੀ ਦੀ ਕੋਈ ਵੀ ਦਵਾਈ ਮਾਰਕਿਟ 'ਚ ਤਕੜੀ ਜਾਂਚ-ਪੜਤਾਲ ਤੇ ਅਣਗਿਣਤ ਖੋਜਾਂ ਤੋਂ ਬਾਅਦ ਹੀ ਆਉਂਦੀ ਹੈ। ਰੋਗ ਦਾ ਇਲਾਜ ਕਈ ਰੋਗੀਆਂ 'ਚ ਤਾਂ ਗੋਲੀਆਂ ਨਾਲ ਹੀ ਹੋ ਜਾਂਦਾ ਹੈ ਪਰ ਹੋਰਨਾਂ 'ਚ ਇੰਸੂਲਿਨ ਦੀ ਲੋੜ ਵੀ ਪੈਂਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਸ਼ੂਗਰ ਕਿਉਂਕਿ ਜੀਵਨ ਭਰ ਰਹਿਣ ਵਾਲੀ ਬੀਮਾਰੀ ਹੈ। ਜਦ ਖੂਨ ਦਾ ਪੱਧਰ 250 ਮਿ. ਗ੍ਰਾ. ਤੋਂ ਵਧ ਹੋਵੇ ਤਾਂ ਕਾਫੀ ਲੱਛਣ ਪ੍ਰਗਟ ਹੋਣ ਲੱਗ ਜਾਣ ਤਾਂ ਦਵਾਈਆਂ ਦੀ ਵਰਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ। ਐਲੋਪੈਥੀ ਦੀਆਂ ਦਵਾਈਆਂ ਦੋ ਗਰੁੱਪਾਂ ਦੀਆਂ ਹੁੰਦੀਆਂ ਹਨ :

1. ਸਲਫੋਨਇਲ ਯੂਰੀਆ ਗਰੁੱਪ

ਡਾਇਓਨਿਲ, ਗਲਾਈਨੇਜ਼, ਟੋਲੀਨੇਜ਼, ਰੇਸਟੀਨੋਨ, ਯੂਗਲੁਕੋਨ, ਡਾਈਮਾਈਕਰੋਨ

2. ਬਾਈਗੁਨਾਈਡਸ

ਡੀ. ਬੀ. ਆਈ., ਗਲਾਸੀਫੇਜ਼, ਗਲੂਕੋਮੇਟ

ਸ਼ੁਰੂ 'ਚ ਸਵਾਈਆਂ ਘੱਟ ਮਾਤਰਾ 'ਚ ਦਿੱਤੀਆਂ ਜਾਂਦੀਆਂ ਹਨ। ਇਹਨਾਂ ਦਵਾਈਆਂ ਦੀਆਂ ਗੋਲੀਆਂ ਨੂੰ ਦਿਨ 'ਚ ਦੋ ਵਾਰੀ - ਭੋਜਨ ਤੋਂ ਤੁਰੰਤ ਪਹਿਲਾਂ ਜਾਂ ਭੋਜਨ ਦੇ ਦੌਰਾਨ ਲੈਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਸ਼ੂਗਰ ਦੀ ਬੀਮਾਰੀ ਦੇ ਮੋਟੇ ਰੋਗੀਆਂ ਨੂੰ ਬਾਈਗੁਨਾਈਡਸ ਗਰੁਪ ਦੀ ਸਵਾਈ ਦਿੱਤੀ ਜਾਂਦੀ ਹੈ। ਕੁਝ

ਮਰੀਜ਼ਾਂ ਲਈ ਡਾਕਟਰ ਦੋ ਗਰੁਪਾਂ ਦੀ ਦਵਾਈ ਵਰਤਣ ਦੀ ਰਾਇ ਦਿੰਦੇ ਹਨ।

ਪਰ ਕੁਝ ਮਾਮਲਿਆਂ 'ਚ ਇਨਸੂਲਿਨ ਦੇ ਟੀਕੇ ਦੇ ਨਾਲ ਇਹਨਾਂ ਨੂੰ ਦਿੱਤਾ ਜਾਂਦਾ ਹੈ। ਮਾਰਕਿਟ 'ਚ ਮੁਹੱਈਆ ਡਾਇਬਟਜ਼ ਦੀਆਂ ਗੋਲੀਆਂ :

| | |
|---|---|
| ਡਾਇਬਟੀਜ਼ | 100 ਮਿਲੀਗ੍ਰਾਮ ਤੇ 250 ਮਿਲੀਗ੍ਰਾਮ |
| ਰੇਸਟੀਨੋਨ | 500 ਮਿਲੀਗ੍ਰਾਮ |
| ਡਾਇਓਨਿਲ | 5 ਮਿਲੀਗ੍ਰਾਮ |
| ਗਲਾਈਨੇਜ਼ | 5 ਮਿਲੀਗ੍ਰਾਮ |
| ਗਲੂਕੋਟ੍ਰੋਲ | 5 ਮਿਲੀਗ੍ਰਾਮ |
| ਡਾਇਬੈਂਡ | 80 ਮਿਲੀਗ੍ਰਾਮ |
| ਡੀ. ਬੀ. ਆਈ. | 25 ਮਿਲੀਗ੍ਰਾਮ |
| ਗਲਾਈਸੀਫੇਜ਼ | 500 ਮਿਲੀਗ੍ਰਾਮ |
| ਗਲਾਈਕੋਮੇਟ | 500 ਮਿਲੀਗ੍ਰਾਮ |
| ਯੂਗਲੂਕੋਨ | 5 ਮਿਲੀਗ੍ਰਾਮ |
| ਬੀਟਾਨੇਜ਼ | 5 ਮਿਲੀਗ੍ਰਾਮ |
| ਸੈਮੀਡਾਇਓਨਿਲ | 2.5 ਮਿਲੀਗ੍ਰਾਮ |
| ਸੈਮੀ ਗਲੂਕੋਜ਼ | 2.5 ਮਿਲੀਗ੍ਰਾਮ |
| ਡਾਈਮਾਈਕਰੋਨ | 80 ਮਿਲੀਗ੍ਰਾਮ |
| ਗਲਾਈਕਲਾਜਾਈਡ | 80 ਮਿਲੀਗ੍ਰਾਮ |
| ਡੀ.ਬੀ.ਆਈ.ਟੀ.ਡੀ. | 50 ਮਿਲੀਗ੍ਰਾਮ |
| ਗਲੂਫੋਰਮਿਨ | 500 ਮਿਲੀਗ੍ਰਾਮ |
| ਡਾਇਆਫੇਜ਼ | 800 ਤੇ 850 ਮਿਲੀਗ੍ਰਾਮ |

ਸ਼ੂਗਰ ਦੀ ਬੀਮਾਰੀ ਦੋ ਕਿਸਮ ਦੀ ਹੁੰਦੀ ਹੈ :

ਟਾਈਪ 1. ਲਗਭਗ 25-30 ਫੀਸਦੀ ਬੀਮਾਰੀ ਦੇ ਰੋਗੀ ਇਸ ਸ਼੍ਰੇਣੀ ਵਿਚ ਆਉਂਦੇ ਹਨ । ਇਹ ਜ਼ਿਆਾਤਰ ਬੱਚਿਆਂ 'ਚ ਹੁੰਦੀ ਹੈ। ਤੇ ਮਾਪਿਆਂ ਨੂੰ ਇਸ ਦਾ ਇਕਦਮ ਅਚਾਨਕ ਹੀ ਪਤਾ ਲਗਦਾ ਹੈ। ਇਸ ਪ੍ਰਕਾਰ ਦੇ ਰੋਗੀ ਇਨਸੂਲਿਨ ਨਾਲ ਕੰਟਰੋਲ ਹੁੰਦੇ ਹਨ।

ਟਾਈਪ 2. ਸ਼ੂਗਰ ਦੀ ਬੀਮਾਰੀ - ਇਹ 25 ਸਾਲਾਂ ਤੋਂ ਵਧ ਉਮਰ ਦੇ ਲੋਕਾਂ ਨੂੰ ਹੁੰਦੀ ਹੈ। ਅਕਸਰ ਇਹਨਾਂ ਦਾ ਵਜਨ ਵਧਿਆ ਹੋਇਆ ਹੁੰਦਾ ਹੈ।

ਧਿਆਨ ਰਖੋ :

ਕੁਝ ਸ਼ੂਗਰ ਦੀ ਬੀਮਾਰੀ ਖਾਣਾ ਵਧ ਖਾਣ ਨਾਲ ਜਾਂ ਮਿਠਾਈ ਖਾ ਲੈਣ ਤੇ ਮਾਤਰਾ ਤੋਂ ਵਧ ਦਵਾਈ ਵਰਤ ਲੈਂਦੇ ਹਨ, ਇਹ ਖਤਰਨਾਕ ਹੋ ਸਕਦਾ ਹੈ ਕਿਉਂਕਿ ਵਧ ਦਵਾਈ ਲੈਣ ਨਾਲ ਸ਼ੂਗਰ ਦਾ ਪੱਧਰ ਫੋਰਨ ਡਿੱਗ ਜਾਂਦਾ ਹੈ। ਬਿਨਾ ਡਾਕਟਰ ਦੀ ਸਲਾਹ ਦੇ ਦਵਾਈਆਂ ਨੂੰ ਬਦਲਣਾ ਨਹੀਂ ਚਾਹੀਦਾ। ਗਰਭਵਤੀ ਜਾਂ ਤਪਦਿਕ

ਵਾਲੇ ਸ਼ੂਗਰ ਦੇ ਮਰੀਜ਼ਾਂ ਨੂੰ ਇਸ ਦੀ ਵਰਤੋ ਹਸਪਤਾਲ ਦਾਖਲ ਹੋ ਕੇ ਹੀ ਕਰਨੀ ਚਾਹੀਦੀ ਹੈ। ਅਪਰੇਸ਼ਨ ਤੋਂ ਪਹਿਲਾਂ ਵੀ ਸਾਵਧਾਨੀ ਵਰਤਣ ਦੀ ਜ਼ਰੂਰਤ ਹੁੰਦੀ ਹੈ।

ਡਾਕਟਰ ਰੋਗੀ ਦੀ ਜਾਂਚ ਤੋਂ ਬਾਅਦ ਹੀ ਨਿਰਧਾਰਿਤ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਇਕ ਡੰਗ ਦਵਾਈ ਦੀ ਖੁਰਾਕ ਲੈਣੀ ਭੁਲ ਜਾਵੋ ਤਾਂ ਅਗਲੇ ਵਕਤ ਇਕੱਠੀਆਂ ਦੋ ਖੁਰਾਕਾਂ ਦਵਾਈ ਨਹੀਂ ਲੈਣੀ ਚਾਹੀਦੀ।

ਸ਼ੂਗਰ ਦੀ ਬੀਮਾਰੀ ਲਈ ਕੁਝ ਨਵੀਆਂ ਦਵਾਈਆਂ :

(1) ਇਕਾਰਬੋਜ਼ ਗਰੁਪ ਤੇ (2) ਇਨਸੂਲਿਨ ਸੇਨਸੇਟਾਈਜ਼ਰ ਗਰੁਪ

ਇਕਾਰਬੋਜ਼ ਗਰੁਪ

ਇਹ ਸਟਾਰਚ ਦੀ ਪਾਚਨ ਕ੍ਰਿਆ ਨੂੰ ਸਥਿਲ ਕਰਦੀ ਹੈ, ਜਿਸ ਨਾਲ ਕਾਰਬੋਹਾਈਡਰੇਟ ਜਾਂ ਸ਼ੂਗਰ ਵਾਲੀਆਂ ਚੀਜ਼ਾਂ ਦੇ ਪਚਨ ਦੀ ਕ੍ਰਿਆ ਘਟਣ ਕਾਰਨ ਇਹਨਾਂ ਚੀਜ਼ਾਂ ਦੇ ਖਾਣ ਨਾਲ ਬਲੱਡ ਸ਼ੂਗਰ ਤੁਰੰਤ ਨਹੀਂ ਵਧਦੀ।

ਇਨਸੂਲਿਨ ਸਨਸੇਟਾਈਜ਼ਰ ਗਰੁਪ

ਇਸ ਗਰੁਪ ਦੀਆ ਦਵਾਈਆਂ ਇਨਸੂਨ ਸੰਵੇਦਨ ਵਰਧਕ ਹਨ, ਜਿਸ ਨਾਲ ਇਨਸੂਲਿਨ ਅਵਰੋਧ ਘਟ ਜਾਂਦਾ ਹੈ।

ਇਨਸੂਲਿਨ ਨਾਲ ਸ਼ੂਗਰ ਦਾ ਕੰਟਰੋਲ

ਇਨਸੂਲਿਨ ਦਾ ਇਲਾਜ ਨਿਮਨ ਲਿਖਤ ਲਈ ਜ਼ਰੂਰੀ ਹੈ :

(1) ਟਾਈਪ-1-ਡਾਇਬਟੀਜ਼, (2) ਜਦ ਹੋਰ ਦਵਾਈਆਂ ਲੋੜੀਂਦਾ ਪ੍ਰਭਾਵ ਨਾ ਪਾ ਰਹੀਆ ਹੋਣ, (3) ਜਦ ਸ਼ੂਗਰ ਦੀ ਬੀਮਾਰੀ ਦੇ ਮਰੀਜ਼ ਦਾ ਅਪਰੇਸ਼ਨ ਹੋਣ ਵਾਲਾ ਹੋਵੇ, (4) ਜਦ ਸ਼ੂਗਰ ਦੇ ਮਰੀਜ਼ ਨੂੰ ਤਪਦਿਕ ਵੀ ਹੋ ਜਾਵੇ, (5) ਸ਼ੂਗਰ ਦੀ ਬੀਮਾਰੀ ਵਾਲੀਆਂ ਗਰਭਵਤੀ ਔਰਤਾਂ, (6) ਜਦ ਸ਼ੂਗਰ ਦੀ ਬੀਮਾਰੀ ਵਾਲੇ ਨੂੰ ਦਿਲ ਦਾ ਰੋਗ ਜਾਂ ਲਕਵੇ ਦਾ ਅਟੈਕ ਹੋ ਚੁਕਿਆ ਹੋਵੇ। ਰੈਟੀਨੋਪੈਥੀ, ਨਿਊਰੋਪੈਥੀ ਦੇ ਰੋਗੀਆਂ ਨੂੰ ਵੀ ਇਨਸੂਲਿਨ ਦੀ ਲੋੜ ਪੈਂਦੀ ਹੈ। ਇਨਸੂਲਿਨ ਦਾ ਅਸਰ ਅੱਧੇ ਘੰਟੇ 'ਚ ਸ਼ੁਰੂ ਹੁੰਦਾ ਹੈ ਅਤੇ 1-2 ਘੰਟਿਆਂ 'ਚ ਪੂਰਾ ਹੋ ਜਾਂਦਾ ਹੈ। ਇੰਟਰਮੀਡੀਏਟ ਇਨਸੂਲਿਨ ਦਾ ਪ੍ਰਭਾਵ ੪ ਘੰਟੇ 'ਚ ਸ਼ੁਰੂ ਹੋ ਕੇ 18 ਤੋਂ 24 ਘੰਟੇ ਤਕ ਰਹਿੰਦਾ ਹੈ। ਇਨਸੂਲਿਨ ਦੀ ਸ਼ਕਤੀ ਤਿੰਨ ਪ੍ਰਕਾਰ ਦੀ ਮਿਲਦੀ ਹੈ। 40 ਯੂਨਿਟ, 80 ਯੂਨਿਟ ਤੇ 100 ਯੂਨਿਟ। ਇਹ ਡਾਕਟਰ ਹੀ ਨਿਰਧਾਰਿਤ ਕਰਦਾ ਹੈ ਕਿ ਮਰੀਜ਼ ਨੂੰ ਕਿਸ ਸ਼ਕਤੀ ਦੀ ਇਨਸੂਲਿਨ ਚਾਹੀਦੀ ਹੈ।

ਇਨਸੂਲਿਨ ਪੈਨ (ਨੋਵੋਪੈਨ) ਦੀ ਵਰਤੋਂ ਸੌਖੀ ਹੈ, ਇਸ 'ਚ ਨਿਰਧਾਰਿਤ ਮਾਤਰਾ 'ਚ ਇਨਸੂਲਿਨ ਹੁੰਦੀ ਹੈ।

ਇਨਸੂਲਿਨ ਪੰਪ - ਪਹਿਲਾਂ ਤੋਂ ਨਿਰਧਾਰਿਤ ਹੋਈ ਮਾਤਰਾ ਇਸ ਯੰਤਰ ਰਾਹੀਂ ਸਰੀਰ 'ਚ ਦਾਖਲ ਕੀਤੀ ਜਾਂਦੀ ਹੈ। ਅਜਕਲ ਇਨਸੂਲਿਨ ਇਨਫਊਜਨ ਪੰਪ ਵੀ ਮਿਲਦੇ ਹਨ, ਜਿਹਨਾਂ ਨੂੰ ਸਰੀਰ ਅੰਦਰ ਲਾ ਦਿੱਤਾ ਜਾਂਦਾ ਹੈ। ਵਧ ਮਹਿੰਗਾ ਹੋਣ

ਕਾਰਨ ਸਾਡੇ ਦੇਸ਼ ਵਿਚ ਇਸ ਦਾ ਰਿਵਾਜ ਨਹੀਂ ਹੈ। ਇਸ ਲਈ ਘੱਟ ਕੀਮਤ ਵਾਲੇ ਇਨਸੂਲਿਨ ਪੈਨ ਜ਼ਿਆਦਾ ਵਰਤੋਂ 'ਚ ਲਿਆਂਦੇ ਜਾਂਦੇ ਹਨ। ਜਿਸ ਵਿਚ 100 ਯੂਨਿਟ ਤਕ ਇਨਸੂਲਿਨ ਹੁੰਦਾ ਹੈ। ਨੋਵੋਪੈਨ, ਨੋਵੋਲਿਨ

## ਇੰਸੂਲੀਨ ਦੀ ਸੁਰੱਖਿਆ

ਇਨਸੂਲਿਨ ਨੂੰ ਫਰਿਜ ਅੰਦਰ ਨਿਰਧਾਰਿਤ ਤਾਪਮਾਨ 2 ਡਿਗਰੀ ਸੈਂ. ਤੋਂ 8 ਡਿਗਰੀ ਸੈਂ. 'ਤੇ ਰਖੋ। ਪਰ ਇਸ ਨੂੰ ਫਰਿਜ ਦੇ ਕੂਲਿੰਗ ਸਿਸਟਮ ਜਾਂ ਫਰੀਜਰ ਵਿਚ ਕਦੇ ਨਾ ਰਖੋ। ਫਰਿਜ ਨਾ ਹੋਵੇ ਤਾਂ ਇਸ ਨੂੰ ਧੁਪ ਤੇ ਪ੍ਰਕਾਸ਼ ਤੋਂ ਬਚਾਉਂਦੇ ਹੋਇਆਂ ਹਨੇਰੀ ਠੰਡੀ ਜਗਾਹ 'ਤੇ ਰਖੋ। ਬਰਫੀਲੀ (ਜੰਮੀ ਹੋਈ) ਇਨਸੂਲਿਨ ਵਰਤੋਂ ਯੋਗ ਨਹੀਂ ਰਹਿੰਦੀ। ਸਫਰ 'ਚ ਲੋੜੀਂਦੀ ਮਾਤਰਾ 'ਚ ਇਨਸੂਲਿਨ ਕੋਲ ਰਖਣੀ ਚਾਹੀਦੀ ਹੈ। ਧਿਆਨ ਰਖੋ ਕਿ ਜੇ ਇਨਸੂਲਿਨ ਸਫੈਦ ਹੋ ਜਾਵੇ, ਉਸ 'ਚ ਦਾਣੇ ਜੰਮ ਜਾਣ ਜਾਂ ਭੂਰੀ ਹੋ ਗਈ ਇਨਸੂਲਿਨ ਵਰਤੋਂ ਵਿਚ ਨਹੀਂ ਲਿਆਉਣੀ ਚਾਹੀਦੀ। ਕਸਰਤ, ਯੋਗਾ ਕਰਨ ਵਾਲਿਆਂ ਨੂੰ ਇਨਸੂਲਿਨ ਦੀ ਜ਼ਰੂਰਤ ਗੱਟ ਪੈਂਦੀ ਹੈ। ਵਧ ਵਜ਼ਨ ਵਾਲਿਆਂ ਨੂੰ ਵਧ ਜ਼ਰੂਰਤ ਪੈਂਦੀ ਹੈ। ਮਾਨਸਿਕ ਤਣਾਅ ਤੇ ਗਰਭ ਅਵਸਥਾ ਵਿਚ ਵੀ ਇਨਸੂਲਿਨ ਦੀ ਜ਼ਰੂਰਤ ਵਧ ਜਾਂਦੀ ਹੈ। ਕੁਝ ਦਵਾਈਆਂ ਜਿਵੇਂ ਟਾਈਫਾਈਡ, ਪ੍ਰੇਡਨੀਸੋਲ ਜਾਂ ਸਟੀਰਾਈਡ ਵੀ ਇਨਸੂਲਿਨ ਦੀ ਜ਼ਰੂਰਤ ਨੂੰ ਵਧਾ ਦਿੰਦੀਆ ਹਨ।

# ਭਾਰਤੀ ਖੇਤੀ ਤੇ ਪ੍ਰਚੂਨ ਬਜ਼ਾਰ ਦਾ ਸਾਮਰਾਜੀਕਰਣ ਕਿੰਨਾ ਕੁ ਖਤਰਨਾਕ ?

ਪਿਛਲੇ ਲਗਭਗ ਦੋ ਦਹਾਕਿਆਂ ਦੇ ਸਮੇਂ ਤੋਂ ਸਾਮਰਾਜੀ ਨੀਤੀਆਂ ਤੇ ਵਿਸ਼ਵੀਕਰਣ ਕਾਰਨ ਭਾਰਤ ਦਾ ਜਰਈ ਸੰਕਟ ਦਿਨ-ਬ-ਦਿਨ ਡੂੰਘਾ ਹੀ ਹੁੰਦਾ ਜਾ ਰਿਹਾ ਹੈ। ਖੇਤੀ ਦਾ ਇਹ ਸੰਕਟ ਵਧਦੇ ਖੇਤੀ ਕਰਜ਼ਿਆਂ ਤੇ ਕਿਸਾਨਾਂ ਦੀਆਂ ਵਧਦੀਆਂ ਆਤਮ-ਹੱਤਿਆਵਾਂ ਤੋਂ ਸਪਸ਼ਟ ਹੈ। ਨਿਸਚਤ ਤੌਰ 'ਤੇ ਖੇਤੀ ਦੀ ਇਹ ਹਾਲਤ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਹੇਠ ਭਾਰਤ ਦੀ ਦਲਾਲ ਸਰਮਾਏਦਾਰੀ ਦੀ ਨੁਮਾਇੰਦਾ ਸਰਕਾਰ ਦੀਆਂ ਆਰਥਕ ਨੀਤੀਆਂ ਕਾਰਨ ਹੋਈ ਹੈ। ਜਿਥੇ ਇਕ ਪਾਸੇ ਮਾਤਰਾਤਮਕ ਪਾਬੰਦੀਆਂ ਹਟਾਉਣ ਨਾਲ ਭਾਰਤੀ ਬਜ਼ਾਰ 'ਚ ਵਧਦੇ ਦਰਾਮਦ ਸਮਾਨਾਂ/ਵਸਤਾਂ ਕਾਰਨ ਖੇਤ ਪੈਦਾਵਾਰੀ ਵਸਤਾਂ ਦੇ ਮੁਲਾਂ 'ਚ ਕਮੀ ਆਈ ਹੈ, ਉਥੇ ਦੂਜੇ ਪਾਸੇ ਵਧਦੀ ਪੈਦਾਵਾਰੀ ਲਾਗਤ ਪਿਛੇ ਮਾਨਸੈਂਟੋ ਵਰਗੀਆਂ ਵਿਦੇਸ਼ੀ ਕੰਪਨੀਆਂ ਵਲੋਂ ਭਾਰਤੀ ਬੀਜ ਬਜ਼ਾਰ 'ਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਵੀ ਹਨ। ਕੌਮੀ ਸਰਵੇਖਣ ਅਨੁਸਾਰ 48.6 ਫੀਸਦੀ ਭਾਰਤੀ ਕਿਸਾਨ ਕਰਜ਼ੇ ਦੇ ਬੋਝ ਹੈਠ ਹਨ। ਕਰਜ਼ੇ ਦੇ ਦੋ ਮੁਖ ਕਾਰਨ ਹਨ, ਜੋ ਸਰਵੇਖਣ 'ਚ ਦਸੇ ਗਏ ਹਨ। ਉਹ ਹਨ : ਖੇਤੀ ਧੰਦੇ 'ਚ ਪੂੰਜੀਗਤ ਨਿਵੇਸ਼ ਤੇ ਧੰਦੇ ਨਾਲ ਜੁੜੇ ਖਰਚੇ। ਸਰਵੇਖਣ ਦਸਦਾ ਹੈ ਕਿ ਅਖਿਲ ਭਾਰਤ ਪੱਧਰ 'ਤੇ ਹਰੇਕ ਇਕ ਹਜ਼ਾਰ ਰੁਪਏ ਪਿਛੇ ਉਧਾਰ 'ਚ 584 ਰੁਪਏ ਪੂੰਜੀ ਸਾਧਨ ਤੋਂ ਖੇਤੀ ਲਈ ਲਏ ਗਏ ਹਨ। ਕਰਜ਼ੇ ਦੀ ਸਮੱਸਿਆ ਕਿਸਾਨਾਂ ਨੂੰ ਆਤਮ-ਹੱਤਿਆਵਾਂ ਲਈ ਮਜਬੂਰ ਕਰਦੀ ਹੈ। ਖੇਤੀ ਕਰਜ਼ਿਆਂ ਤੋਂ ਮੁਕਤੀ ਤੇ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਖੇਤੀ ਨੀਤੀ ਬਦਲੀ ਜਾਵੇ। ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਕਾਰਨ ਅਜ ਇਕ ਪਾਸੇ ਕਿਸਾਨ ਮਰਨ ਲਈ ਨਜਬੂਰ ਹਨ ਪਰ ਸੂਜੇ ਪਾਸੇ ਸਰਕਾਰ ਖੇਤੀ ਨਾਲ ਜੁੜੀਆਂ ਬਹੁ-ਕੌਮੀ (ਸਾਮਰਾਜੀ) ਕੰਪਨੀਆਂ ਨੂੰ ਲਾਭ ਪਹੁੰਚਾਉਣ ਵਾਲੇ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਨੂੰ ਹੋਰ ਵਧ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਰਹੀ ਹੈ। ਸਹੀ ਅਰਥਾਂ ਵਿਚ ਸਰਕਾਰ ਦੀ ਨੀਤੀ ਹੀ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਦਾ ਕਾਰਨ ਬਣਦੀ ਹੈ। ਦੂਜੇ ਹਰੇ ਇਨਕਲਾਬ ਦੇ ਨਾਂ 'ਤੇ ਸਰਕਾਰ ਵਪਾਰਕ ਖੇਤੀ ਤੇ ਪੂੰਜੀਗਤ ਖੇਤੀ ਨੂੰ ਉਤਸ਼ਾਹਿਤ ਕਰ ਰਹੀ ਹੈ। ਇਹ ਵੀ ਜ਼ਰਈ ਸੰਕਟ ਦੇ ਵਧਣ ਦਾ ਇਕ

ਹੋਰ ਕਾਰਨ ਹੈ। ਬਾਵਜੂਦ ਇਸ ਦਾ ਸਰਕਾਰ ਜੈਵ-ਤਕਨੀਕ ਤੇ ਨਵੇਂ ਬੀਜਾਂ ਦੇ ਆਧਾਰ 'ਤੇ ਭਾਰਤੀ ਖੇਤੀ ਦੀ ਕਾਇਆ ਪਲਟ ਦਾ ਦਾਅਵਾ ਕਰ ਰਹੀ ਹੈ। ਪਿਛੇ ਜਿਹੇ ਹੀ ਹੈਦਰਾਬਾਦ 'ਚ ਪ੍ਰਧਾਨ ਮੰਤਰੀ ਵਲੋਂ ਵਿਗਿਆਨ ਕਾਂਗਰਸ ਨੂੰ ਸੰਬੋਧਿਤ ਭਾਸ਼ਣ ਦਾ ਸਾਰ ਤੱਤ ਵੀ ਇਹੋ ਸੀ। ਨਾਲ ਹੀ ਭਾਰਤ ਤੇ ਅਮਰੀਕਾ ਵਿਚਕਾਰ ਹੋਏ ਖੇਤੀ ਸਮਝੌਤੇ ਦਾ ਆਧਾਰ ਵੀ ਇਹੋ ਬਣੇਗਾ। ਮਾਰਚ 2006 'ਚ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਦੀ ਭਾਰਤ ਫੇਰੀ ਤੋਂ ਪਹਿਲਾਂ ਭਾਰਤੀ ਅਧਿਕਾਰੀ 'ਗਿਆਨ ਆਧਾਰਤ ਖੇਤੀ ਸਮਝੌਤੇ' ਦੇ ਮਸੌਦੇ ਨੂੰ ਤਿਆਰ ਕਰਨ 'ਚ ਲਗੇ ਰਹੇ। ਕਿਹਾ ਜਾ ਰਿਹਾ ਹੈ ਕਿ ਇਹ ਕੋਸ਼ਿਸ਼ ਭਾਰਤ ਤੇ ਅਮਰੀਕਾ ਵਿਚਾਲੇ ਖੋਜ, ਸਿਖਿਆ ਤੇ ਵਪਾਰਕ ਸਬੰਧਾਂ ਨੂੰ ਵਧਾਏਗੀ। ਯਾਦ ਰਹੇ ਕਿ ਪਹਿਲਾ ਹਰਾ ਇਨਕਲਾਬ ਜਿਸ ਨੇ ਸਾਡੀ ਜ਼ਮੀਨ, ਜਲ, ਬੀਜ ਤੇ ਜੈਵਿਕ ਵਿਭਿੰਨਤਾ ਨੂੰ ਬਰਬਾਦ ਕਰ ਦਿੱਤਾ, ਉਹ ਵੀ ਅਮਰੀਕਾ ਵਲੋਂ ਪ੍ਰਯੋਜਿਤ ਸੀ। ਇਸ ਵਾਰੀ ਵੀ ਜੈਵਿਕ-ਤਕਨੀਕ ਆਧਾਰਿਤ ਦੂਜਾ ਹਰਾ ਇਨਕਲਾਬ ਕਿਸਾਨਾਂ ਦੀਆਂ ਆਸਾਂ 'ਤੇ ਪੂਰਾ ਨਹੀਂ ਉਤਰਨਾ, ਜਿਵੇਂ ਪਹਿਲੇ ਹਰੇ ਇਨਕਲਾਬ ਨੇ ਕਿਸਾਨਾਂ ਦੀਆਂ ਆਸਾਂ 'ਤੇ ਪਾਣੀ ਫੇਰਿਆ। ਬਲਕਿ ਜੈਵ-ਤਕਨੀਕ ਤੇ ਜੀਨ ਪ੍ਰਯੋਗਿਕੀ ਆਧਾਰਿਤ ਸਮਾਜਕ ਤੇ ਵਾਤਾਵਰਣ ਨੂੰ ਨੁਕਸਾਨਦੇਹ ਹੋਵੇਗਾ। ਭਾਰਤੀ ਖੇਤੀ ਦੀ ਮਾਨਸੇਂਟੀਕਰਣ (ਸਾਮਰਾਜੀਕਰਣ) ਵੀ ਕੀਤਾ ਜਾ ਰਿਹਾ ਹੈ।

ਮੌਨਸੇਂਟੋ ਦੀ ਬੀਟੀ ਕਾਟਨ ਨੇ ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਦੇ ਕਪਾਹ ਕਿਸਾਨਾਂ 'ਚ ਭਾਰੀ ਤਬਾਹੀ ਫੈਲਾਈ ਹੈ। ਜੂਨ ਤੇ ਸਤੰਬਰ 2005 ਵਿਚਕਾਰ ਮਹਾਂਰਾਸ਼ਟਰ ਦੇ ਇਕ ਵਿਸ਼ੇਸ਼ ਖਿਤੇ 'ਚ 212 ਕਿਸਾਨਾਂ ਨੇ ਖੁਦਕੁਸ਼ੀ ਕੀਤੀ। ਇਸ ਵਿਚੋਂ 82 ਕਿਸਾਨ ਕਪਾਹ ਪੈਦਾ ਕਰਨ ਵਾਲੇ ਖੇਤਰ ਦੇ ਸਨ। ਉਸ 'ਚ ਵੀ 170 ਕਿਸਾਨ ਸਿਰਫ ਮੌਨਸੇਂਟੋ ਦੇ ਬੀਟੀ ਬੀਜਾਂ ਤੋਂ ਕਪਾਹ ਪੈਦਾ ਕਰਨ ਵਾਲੇ ਸਨ। ਮੋਨਸੇਂਟੋ ਨੇ ਭਾਰਤੀ ਕਿਸਾਨਾਂ ਨੂੰ ਬੀਟੀ ਕਪਾਹ ਦਾ ਬੀਜ ਉਸੇ ਮੁਲ 'ਤੇ ਵੇਚਿਆ, ਜਿਸ ਮੁਲ 'ਤੇ ਉਹ ਅਮਰੀਕੀ ਕਿਸਾਨਾਂ ਨੂੰ ਵੇਚਦੇ ਸਨ। ਇਹ ਜੀਨ ਪ੍ਰਵਰਤਿਤ ਬੀਜਾਂ ਦੇ ਮੁਲਾਂ (1600 ਰੁਪਏ 'ਚ 450 ਗ੍ਰਾਮ) ਤੇ 1200 ਰੁਪਏ ਰਾਇਲਟੀ ਨਿਰਧਾਰਿਤ ਹੈ, ਜੋ ਮੋਨਸੇਂਟੋ ਨੂੰ ਮਿਲਦੀ ਹੈ ਜਦ ਕਿ ਭਾਰਤ ਵਿਚ ਸਥਾਨਕ ਬੀਜ 550 ਰੁਪਏ ਕਿਲੋ ਦੇ ਰੇਟ 'ਤੇ ਆਸਾਨੀ ਨਾਲ ਮਿਲਦਾ ਹੈ। ਵਿਦਰਭ 'ਚ ਕਿਸਾਨਾਂ ਨੇ ਉਥੇ ਵਧ ਆਤਮ-ਹੱਤਿਆਵਾਂ ਕੀਤੀਆਂ ਜਿਥੇ ਮੋਨਸੇਂਟੋ ਨੇ ਬੀਜ ਵੇਚਿਆ ਦੀ। ਆਂਧਰਾ ਪ੍ਰਦੇਸ਼ ਤੇ ਮਹਾਂਰਾਸ਼ਟਰ ਦੇ ਕਿਸਾਨਾਂ ਲਈ ਬੀਟੀ ਕਾਟਨ ਇਕ ਹਤਿਆਰੇ ਬੀਜ ਦੇ ਰੂਪ 'ਚ ਉਭਰਿਆ ਹੈ। ਆਂਧਰਾ ਪ੍ਰਦੇਸ਼ ਦੀ ਸਰਕਾਰ ਨੇ ਮੋਨਸੇਂਟੋ-ਮੇਹਕੋ ਕੰਪਨੀ ਦੇ ਖਿਲਾਫ ਦਿਲੀ 'ਚ MRTP (ਮੋਨੋਪਲੀ ਅਧਿਕਾਰ ਤੇ ਵਪਾਰ ਵਿਹਾਰ ਕਮਿਸ਼ਨ) 'ਚ ਇਹਨਾਂ ਕੰਪਨੀਆਂ ਵਲੋਂ ਗਲਤ ਟੈਕਸ ਵਸੂਲੀ ਵਿਵਸਥਾ ਖਿਲਾਫ ਕੇਸ ਦਰਜ ਕੀਤਾ ਹੈ। ਸਰਕਾਰ ਨੇ ਆਪਣੇ ਦਾਅਵੇ ਵਿਚ ਕਿਹਾ ਹੈ ਕਿ 1200 ਰੁਪਏ ਪ੍ਰਤੀ ਪੈਕਟ ਦੀ ਰਿਆਲਿਟੀ ਲੈਣਾ MRTP ਦੇ ਕਾਨੂੰਨ ਤਹਿਤ

ਸਜ਼ਾ-ਯੋਗ ਅਪਰਾਧ ਹੈ। ਸਪਸ਼ਟ ਹੈ ਕਿ ਜਿਵੇਂ-ਜਿਵੇਂ ਬੀਜ 'ਤੇ ਮੋਨੋਪਲੀ ਵਧੇਗੀ, ਤਿਵੇਂ-ਤਿਵੇਂ ਬੀਜਾਂ ਦੇ ਭਾਅ ਵਧਣਗੇ। ਇਕ ਪਾਸੇ ਲਾਗਤ ਮੁਲ ਵਧਦਾ ਜਾ ਰਿਹਾ ਹੈ, ਸੂਜੇ ਪਾਸੇ ਵਸਤਾਂ ਦੇ ਮੁਲਾਂ 'ਚ ਗਿਰਾਵਟ ਆ ਰਹੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਗੁਣਵੰਣਤਾ ਤੇ ਉਤਪਾਦਕਤਾ ਵਧਣ ਨਾਲ ਮੁਲਾਂ 'ਚ ਕਮੀ ਆਈ ਹੈ, ਬਲਕਿ 400 ਅਰਬ ਡਾਲਰ ਦੀ ਖੇਤੀ ਸਬਸਿਡੀ ਤੇ ਖੇਤੀ ਧੰਦੇ 'ਚ ਵਧਦੇ ਵਪਾਰਕ ਏਕਾਧਿਕਾਰ ਇਸ ਮੁਲ ਦੇ ਘਟਣ ਦਾ ਕਾਰਨ ਹੈ। ਵਿਸ਼ਵ ਵਪਾਰ ਸੰਗਠਨ ਦੇ ਦਬਾਅ ਕਾਰਨ ਮਾਤਰਾਤਮਿਕ ਪਾਬੰਦੀਆਂ ਹਟਣ ਨਾਲ ਕੌਮਾਂਤਰੀ ਪਧਰ 'ਤੇ ਖੇਤੀ ਵਸਤਾਂ ਦੇ ਮੁਲਾਂ 'ਚ ਕਮੀ ਨੇ ਘਰੇਲੂ ਪਧਰ 'ਤੇ ਵੀ ਖੇਤੀ ਮੁਲਾਂ 'ਚ ਕਮੀ ਨੂੰ ਯਕੀਨੀ ਬਣਾਇਆ ਹੈ। ਇਸ ਨਾਲ ਹਰ ਸਾਲ ਭਾਰਤੀ ਕਿਸਾਨਾਂ ਦੇ ਹੱਕ ਦਾ ਇਹ ਹਜ਼ਾਰ ਅਰਬ ਰੁਪਿਆ ਵਿਦੇਸ਼ੀ ਕੰਪਨੀਆਂ ਵਲੋਂ ਲੁਟਿਆ ਗਿਆ ਤੇ ਹਜ਼ਾਰਾਂ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ। ਆਉਣ ਵਾਲੇ ਸਮੇਂ 'ਚ ਖੇਤੀ ਮੁਲਾਂ 'ਚ ਹੋਰ ਕਮੀ ਹੋਵੇਗੀ। ਜੇ ਭਾਰਤ 'ਚ ਫੁਟਕਲ (ਪ੍ਰਚੂਨ) ਖੇਤੀ ਵਪਾਰ 'ਚ ਸਾਮਰਾਜੀ (ਬਹੁ-ਕੌਮੀ) ਕੰਪਨੀਆਂ ਨੂੰ ਛੋਟ ਦਿੱਤੀ ਜਾਂਦੀ ਹੈ।

## ਭਾਰਤੀ ਖੇਤੀ ਦਾ ਵਾਲਮਾਰਟੀਕਰਣ

ਹਾਂਗਕਾਂਗ 'ਚ ਹੋਏ ਵਿਸ਼ਵ ਵਪਾਰ ਸੰਗਠਨ ਦੇ ਸੰਮੇਲਨ ਨੇ ਭਾਰਤ ਦੇ ਸੇਵਾ ਖੇਤਰ 'ਚ ਅਨੁਲਾਗ-ਸੀ ਨੂੰ ਮੰਨ ਕੇ ਵਿਕਾਸਸ਼ੀਲ ਦੇਸ਼ਾਂ ਨੂੰ ਧੋਖਾ ਦੇਣ ਦਾ ਕੰਮ ਕੀਤਾ, ਜਦ ਕਿ ਸਾਰੇ ਵਿਕਾਸਸ਼ੀਲ ਦੇਸ਼ ਇਸ ਸਮਝੌਤੇ ਨੂੰ ਨਕਾਰ ਚੁਕੇ ਸਨ। ਸੇਵਾ ਖੇਤਰ ਦੇ ਸਮਝੌਤਿਆਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਇਸ 'ਚ ਸਿਰਫ ਕਮਪਿਊਟਰ ਹੀ ਆਉਦਾ ਹੈ। ਮਹਿਜ਼ ਕੁਝ ਸਾਫਟਵੇਅਰ ਮਾਤਰ ਦੀ ਬਰਾਮਦ ਬਦਲੇ ਦੇਸ਼ ਨੂੰ ਕਾਫੀ ਕੁਝ ਗਵਾਉਣਾ ਪੈ ਸਕਦਾ ਹੈ। ਕਿਉਂਕਿ ਸੇਵਾ ਖੇਤਰ 'ਚ ਸਿਹਤ, ਸਿਖਿਆ, ਡਾਕ ਸੇਵਾ, ਵਿਤੀ ਸੇਵਾ, ਬਿਜਲੀ ਸੇਵਾ ਵੀ ਆਉਂਦੇ ਹਨ। ਇਹ ਸਭ ਖੇਤਰ ਲਾਜ਼ਮੀ ਖੇਤਰ ਹਨ ਤੇ ਦੇਸ਼ 'ਚ ਬੁਨਿਆਦੀ ਵਿਕਾਸ ਲਈ ਜ਼ਰੂਰੀ ਹਨ। ਪਰ ਵਿਸ਼ਵ ਵਪਾਰ ਸੰਗਠਨ ਦੇ ਹਾਂਗਕਾਂਗ ਸੰਮੇਲਨ 'ਚ ਭਾਰਤ ਸਰਕਾਰ ਵਲੋਂ ਸੇਵਾ ਖੇਤਰ 'ਚ ਹਥਿਆਰ ਸੁਟਣ ਕਰਕੇ ਸਾਰੇ ਖੇਤਰਾਂ 'ਚ ਬਹੁ-ਕੌਮੀ ਕੰਪਨੀਆਂ ਦਾ ਦਖਲ ਵਧਣ ਵਾਲਾ ਹੈ।

ਸੀਟੀਕਾਰਪ ਵਰਗੀਆਂ ਸੰਸਾਰ ਪਧਰ ਦੀਆਂ ਕੰਪਨੀਆਂ ਵਿਤੀ ਖੇਤਰ ਨੂੰ ਉਦਾਰ ਬਣਾਉਣ ਲਈ ਤਤਪਰ ਹਨ। ਵਾਲਮਾਰਟ ਪ੍ਰਚੂਨ ਵਪਾਰ 'ਚ ਵਿਦੇਸ਼ੀ ਪੂੰਜੀ ਨਿਵੇਸ਼ ਲਈ ਜ਼ੋਰ ਲਾ ਰਿਹਾ ਹੈ। ਹੈਲੀਬਰਟਨ ਊਰਜਾ ਖੇਤਰ 'ਚ ਉਦਾਰੀਕਰਨ ਲਈ ਦਬਾਅ ਬਣਾ ਰਹੀ ਹੈ। ਇਹ ਸਭ ਸੰਸਾਰਕ ਕੰਪਨੀਆਂ ਇਕ 'ਸੇਵਾ ਸਮੂਹ' ਬਣਾ ਕੇ ਇਹ ਜਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਉਹ ਵੀ ਲੋਕ ਸੇਵਾਵਾਂ ਦੀ ਰਾਖੀ ਕਰਨ 'ਚ ਯੋਗ ਹਨ। ਉਹ ਆਪਣੇ ਨਿਜੀਕਰਣ ਦੇ ਮਸੌਦੇ ਨੂੰ ਛੁਪਾ ਕੇ ਰਖਦੀਆਂ

ਹਨ ਤੇ ਸੇਵਾ ਖੇਤਰ 'ਚ ਹੋਣ ਵਾਲੇ ਲਾਭਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੀਆਂ ਹਨ। ਭਾਰਤ ਸਰਕਾਰ ਵੀ ਇਹੀ ਨੀਤੀ ਅਪਨਾ ਰਹੀ ਹੈ। ਵਾਲਮਾਰਟ ਪ੍ਰਚੂਨ ਖੇਤਰ ਦੀ ਸਭ ਤੋਂ ਵੱਡੀ ਕੰਪਨੀ ਹੈ। 2004 'ਚ ਸੰਸਾਰ ਦੀਆਂ 10 ਵੱਡੀਆਂ ਅਨਾਜ ਪ੍ਰਚੂਨ ਕੰਪਨੀਆਂ ਦੀ ਕੁਲ ਵਿਕਰੀ 840 ਬਿਲੀਅਨ ਡਾਲਰ ਸੀ। ਜੋ ਵਿਸ਼ਵ ਬਜ਼ਾਰ ਦਾ ੨੫ ਫੀਸਦੀ ਹੈ। ਇਹਨਾਂ ਕੰਪਨੀਆਂ ਦੀ 2001 'ਚ ਕੁਲ ਵਿਕਰੀ 513.7 ਬਿਲੀਅਨ ਡਾਲਰ ਦੀ ਸੀ। ਜੇ ਵਾਲਮਾਰਟ ਨੂੰ ਭਾਰਤ 'ਚ ਦਾਖਲਾ ਮਿਲਦਾ ਹੈ ਤਾਂ ਛੋਟੇ ਪ੍ਰਚੂਨ ਵਪਾਰੀ ਤੇ ਕਿਸਾਨ ਖਤਮ ਹੋ ਜਾਣਗੇ। ਉਹ ਵਿਦੇਸ਼ੀ ਪ੍ਰਚੂਨ ਵਪਾਰੀ ਕੰਪਨੀਆਂ ਵਿਸ਼ਾਲ ਦੁਕਾਨਾਂ ਦਾ ਨਿਰਮਾਣ ਕਰਦੀਆਂ ਹਨ ਤੇ ਲਤੀਨੀ ਅਮਰੀਕੀ ਦੇਸ਼ਾਂ 'ਚ ਇਹਨਾਂ ਨੇ ਯੋਜਨਾਬੱਧ ਤਰੀਕੇ ਨਾਲ ਇਕ ਵਡੇ ਵਪਾਰ ਦੀ ਸੰਭਾਵਨਾ ਲੱਭੀ ਹੈ। ਏਸ਼ੀਆ ਬਾਰੇ ਕਿਹਾ ਗਿਆ ਹੈ ਕਿ 2020 ਤਕ ਸੰਸਾਰ ਦੇ ਕੁਲ ਪ੍ਰਚੂਨ ਵਪਾਰ ਦਾ 41 ਫੀਸਦੀ ਇਥੋਂ ਕੇਂਦਰਿਤ ਹੋਵੇਗਾ। ਬ੍ਰਿਟੇਨ ਦੀ ਇਕ ਖੋਜ ਸੰਸਥਾ ਨੇ ਕਿਹਾ ਹੈ ਕਿ ਭਾਰਤ 2020 ਤਕ ਦੁਨੀਆਂ ਦਾ ਚੌਥਾ ਵਡਾ ਖੇਤੀ ਵਸਤਾਂ ਦੇ ਪ੍ਰਚੂਨ ਵਪਾਰ ਵਾਲਾ ਦੇਸ਼ ਬਣੇਗਾ। ਵਾਲਮਾਰਟ ਪਹਿਲਾਂ ਹੀ ਇਹ ਐਲਾਨ ਕਰ ਚੁਕਿਆ ਹੈ ਕਿ ਉਹ ਭਾਰਤ ਦੇ ਪ੍ਰਚੂਨ ਵਪਾਰ 'ਚ ਆਉਣ ਲਈ ਤਿਆਰ ਹੈ ਅਤੇ ਉਸ ਦੇ ਅਧਿਕਾਰੀ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਮਿਲ ਵੀ ਚੁਕੇ ਹਨ। ਵਡਾ ਬਜ਼ਾਰ ਗੁਣਵੰਣਤਾ ਵਿਭੰਨਤਾ ਤੇ ਸਵਾਦ ਦੇ ਬਦਲੇ ਇਕਰੂਪਤਾ, ਮਾਤਰਾ ਤੇ ਬਾਹਰੀ ਦਿਖ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ। ਆਪਣੀਆਂ ਫੁਟਕਲ (ਪ੍ਰਚੂਨ) ਦੁਕਾਨਾਂ ਨੂੰ ਇਕ ਸਮੇਂ 'ਤੇ ਇਕ ਗੁਣਵੰਣਤਾ ਵਾਲੀਆਂ ਵਸਤਾਂ ਦੀ ਵੰਡ ਹਿੱਤ ਉਹ ਵਡੀਆਂ ਕੰਪਨੀਆਂ ਸਪਲਾਈ ਕਰਨ ਵਾਲਿਆਂ ਤੋਂ ਵੱਧ ਮਾਤਰਾ 'ਚ ਵਸਤੂਆਂ ਦੀ ਖਰੀਦ ਕਰਦੀਆਂ ਹਨ। ਇਸ ਖਰੀਦ 'ਚ ਸਮਝੌਤਿਆਂ ਦੀਆਂ ਜੋ ਸ਼ਰਤਾਂ ਹੁੰਦੀਆਂ ਹਨ, ਉਸ 'ਚ ਘੱਟ ਸਮੇਂ 'ਚ ਵਸਤੂਆਂ ਦੀ ਸਪਲਾਈ ਕਰਨਾ, ਖਰਾਬ ਸਮਾਨ ਦਾ ਕੋਈ ਮੁੱਲ ਨਹੀਂ ਹੈ ਤੇ ਮੁੱਲ ਦਾ ਭੁਗਤਾਨ ਲੰਮੇ ਅਰਸੇ ਤੋਂ ਬਾਅਦ ਤਹਿ ਹੁੰਦਾ ਹੈ। ਇਸ ਕਾਰਨ ਉਤਪਾਦ ਨਾਲ ਜੁੜਨ ਵਾਲੇ ਮੁੱਲ ਦਾ ਲਾਭ ਤਾਂ ਵੱਡੀਆਂ ਕੰਪਨੀਆਂ ਲੈ ਜਾਂਦੀਆਂ ਹਨ ਪਰ ਛੋਟੇ ਸਪਲਾਈ ਕਰਤਾਵਾਂ ਨੂੰ ਜ਼ਿਆਦਾ ਘਾਟਾ ਸਹਿਣਾ ਪੈਂਦਾ ਹੈ। ਕੀਨੀਆ 'ਚ ਜਦ ਫੁਟਕਲ ਵਪਾਰ ਸਮੂਹ ਉਥੋਂ ਦੇ ਖਾਦ ਬਜ਼ਾਰ ਦੀ ਪੈਦਾਵਾਰ ਤੇ ਵੰਡ ਨੂੰ ਪ੍ਰਭਾਵਿਤ ਕਰ ਲਗਿਆ ਤਾਂ ਫਲ ਸਬਜ਼ੀਆਂ ਦੇ ਛੋਟੇ ਛੋਟੇ ਕਿਸਾਨਾਂ ਤੇ ਸਪਲਾਈ ਕਰਤਾਵਾਂ ਦੀ ਬਰਾਮਦ 70 ਫੀਸਦੀ ਤੋਂ ਘਟ ਕੇ 18 ਫੀਸਦੀ ਹੋ ਗਈ, ਜਦ ਕਿ ਵਡੀਆਂ ਵਪਾਰਕ (ਕਾਰੋਬਾਰੀ) ਕੰਪਨੀਆਂ ਦਾ ਧੰਦਾ 80 ਫੀਸਦੀ ਵੱਧ ਹੋ ਗਿਆ। ਬ੍ਰਿਟੇਨ ਦੀ ਸਰਕਾਰੀ ਜਾਂਚ ਸੰਮਤੀ ਨੇ ਵੱਡੇ ਬਜ਼ਾਰ ਦੇ 27 ਵਿਹਾਰਕਾਂ ਨੂੰ ਆਮ ਆਦਮੀ ਦੇ ਹਿਤਾਂ ਵਿਰੁਧ ਦੇਖਿਆ ਹੈ। ਕਮਿਸ਼ਨ ਨੇ ਇਸ ਤੱਥ ਨੂੰ ਵੀ ਉਜਾਗਰ ਕੀਤਾ ਹੈ ਕਿ ਲਗਭਗ ਸਾਰੇ ਵਡੇ ਬਜ਼ਾਰ ਉਤਪਾਦਨ ਲਾਗਤ ਤੋਂ ਘੱਟ ਮੁਲ 'ਤੇ ਸਾਮਾਨ ਵੇਚਦੇ ਸਨ ਤੇ ਘਾਟੇ ਦਾ ਹਿਸਾਬ ਵਿਖਾ ਕੇ ਸਪਲਾਈ ਕਰਤਾਵਾਂ ਨੂੰ ਘਾਟੇ 'ਚ ਹਿੱਸੇਦਾਰ ਬਣਾਉਂਦੇ ਸਨ। ਇਹਨਾਂ ਕੰਪਨੀਆਂ ਦੇ ਸੰਸਾਰ ਦੇ ਹੋਰ ਦੇਸ਼ਾਂ 'ਚ ਜਾਣ 'ਤੇ ਉਥੇ

ਵੀ ਉਹਨਾਂ ਵਲੋਂ ਵੀ ਫੁਟਕਲ ਬਜ਼ਾਰ ਦੇ ਖੇਤੀ ਵਸਤਾਂ ਦੇ ਮੁੱਲ 'ਤੇ ਕੰਟਰੋਲ ਨਾਲ ਉਥੇ ਇਸ ਖੇਤਰ ਵਿਚ ਸਰਗਰਮ ਛੋਟੇ ਵਡੇ ਕਿਸਾਨਾਂ ਤੇ ਵਪਾਰੀਆਂ ਦੀ ਹੋਂਦ ਹੀ ਖਤਮ ਹੋ ਜਾਵੇਗੀ। ਪਿਛੇ ਜਿਹੇ ਹੀ ਕੇਂਦਰ ਸਰਕਾਰ ਨੇ ਇਕ ਵਸਤ ਵਾਲੇ ਪ੍ਰਚੂਨ ਵਪਾਰ 'ਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਇਜਾਜ਼ਤ ਦੇ ਦਿੱਤੀ ਹੈ। ਪਰ ਵਾਲਮਾਰਟ ਦੇ ਅਧਿਕਾਰੀਆਂ ਨੇ ਇਸ ਸੀਮਾ 'ਚ ਵਾਧੇ ਲਈ ਪ੍ਰਧਾਨ ਮੰਤਰੀ ਨਾਲ ਮੀਟਿੰਗਾਂ ਵੀ ਕੀਤੀਆਂ ਹਨ। ਵਪਾਰ ਮੰਤਰੀ ਕਮਲ ਨਾਥ ਨੇ ਵੀ ਪ੍ਰਚੂਨ ਵਪਾਰ 'ਚ ਵਿਦੇਸ਼ੀ ਪੂੰਜੀ ਨੂੰ ਉਤਸ਼ਾਹਿਤ ਕੀਤਾ ਹੈ। ਤਾਂਕਿ ਦੇਸ਼ 'ਚ ਅਨਾਜ ਵਸਤਾਂ ਲਈ ਗੋਦਾਮ, ਟਰਾਂਸਪੋਰਟ, ਭੰਡਾਰ ਤੇ ਅੱਛੀ ਪੈਕਿੰਗ ਵਰਗੀਆ ਬੁਨਿਆਦੀ ਸਹੂਲਤਾਂ ਦਾ ਵਿਕਾਸ ਹੋ ਸਕੇ। ਇਸ ਨਾਲ ਭਾਰਤ 'ਚ ਸੇਵਾ ਖੇਤਰ ਦੇ ਉਦਾਰੀਕਰਣ ਦੇ ਨਾਂ 'ਤੇ ਇਸ ਖੇਤਰ ਦਾ ਵਾਲਮਾਰਟੀਕਰਣ (ਨਿਜੀਕਰਣ) ਹੋ ਜਾਵੇਗਾ। ਇਸ ਦਾ ਸਿੱਟਾ ਇਹ ਹੋਵੇਗਾ ਕਿ ਬਹੁਤੇ ਕਿਸਾਨ ਆਪਣੀ ਜ਼ਮੀਨ ਤੋਂ ਬੇਦਖਲ ਹੋ ਜਾਣਗੇ। ਨਹੀਂ ਤਾਂ ਕਰਜ਼ੇ ਹੇਠ ਦੱਬ ਕੇ ਆਤਮ-ਹੱਤਿਆਵਾਂ ਕਰਨ ਲਈ ਮਜਬੂਰ ਹੋ ਜਾਣਗੇ। ਇਹ ਅਖੌਤੀ ਹਰਾ ਇਨਕਲਾਬ ਭਾਰਤ ਦੇ ਕਿਸਾਨਾਂ ਦੀ ਜੀਵਿਕਾ ਤੇ ਸਾਡੀ ਖਾਦ ਸੁਰਖਿਆ ਨੂੰ ਖਤਮ ਕਰ ਦੇਵੇਗਾ। ਏਨਾ ਹੀ ਨਹੀਂ ਛੋਟੇ ਛੋਟੇ ਪ੍ਰਚੂਨ ਵਪਾਰੀਆਂ ਦੀ ਹੋਂਦ ਉਪਰ ਇਹ ਸਾਮਰਾਜੀ ਡਾਕਾ ਸਾਬਤ ਹੋਵੇਗਾ। ਅਨਾਜ ਖੇਤੀ ਤੇ ਬੀਜ ਸਬੰਧੀ ਵਪਾਰ 'ਤੇ ਬਹੁ-ਕੌਮੀ ਕੰਪਨਿਆਂ ਦਾ ਵਪਾਰਕ ਕੰਟਰੋਲ ਦੇਸ਼ ਦੇ 65 ਕਰੋੜ ਲੋਕਾਂ ਦੀ ਹੋਂਦ ਖਤਰੇ 'ਚ ਪਾ ਦੇਵੇਗਾ। ਭਾਰਤੀ ਖੇਤੀ ਦੇ ਵਾਲਮਾਰਟੀਕਰਣ ਨਾਲ ਸਾਡੇ ਲੋਕ ਹੋਰ ਗਰੀਬ ਹੋ ਜਾਣਗੇ। ਸਮਾਜਕ ਤੇ ਸਭਿਆਚਾਰਕ ਰੂਪ ਵਿਚ ਵੀ ਉਸ ਨਾਲ ਸਾਨੂੰ ਖੋਰਾ ਲਗੇਗਾ ਕਿਉਂਕਿ ਸਾਡੇ ਸਮਾਜ 'ਚ ਸਹੀ ਅਰਥਾਂ 'ਚ ਮੁਕਤ ਬਜ਼ਾਰ ਪ੍ਰਬੰਧ ਸਾਲਾਂ ਤੋਂ ਚਲਿਆ ਆ ਰਿਹਾ ਹੈ। ਜਿਥੇ ਜਿਥੇ ਹੱਟਾਂ-ਬਜ਼ਾਰਾਂ ਤੇ ਗਲੀ-ਚੌਰਾਹਿਆਂ 'ਤੇ ਖਰੀਦਦਾਰ ਤੇ ਵਿਕ੍ਰੇਤਾ ਆਪਣੇ ਸਾਹਮਣੇ ਹੋ ਕੇ ਵਸਤਾਂ ਵੇਚਦੇ ਤੇ ਖਰੀਦਦੇ ਹਨ। ਵਡੇ ਬਜ਼ਾਰ ਤੇ ਸ਼ਾਪਿੰਗ ਮਾਲਜ਼ ਭਾਰਤੀ ਵਿਕੇਂਦ੍ਰਿਤ ਅਰਥਚਾਰੇ ਤੇ ਵਿਭਿੰਨਤਾ ਪੂਰਨ ਆਰਥਕ ਵਿਵਸਥਾ ਜੋ ਭਾਰਤ ਦਾ ਰਵਾਇਤੀ ਸਭਿਆਚਾਰ ਹੈ, ਨੂੰ ਤਹਿਸ ਨਹਿਸ ਕਰ ਦੇਵੇਗਾ

ਕੁਲ ਮਿਲਾ ਕੇ ਭਾਰਤੀ ਖੇਤੀ ਤੇ ਪ੍ਰਚੂਨ/ਫੁਟਕਲ ਵਪਾਰ ਦਾ ਸਾਮਰਾਜੀਕਰਣ ਹੋ ਜਾਵੇਗਾ। ਜਿਸ ਨਾਲ ਆਮ ਆਦਮੀ ਹੋਰ ਪਿਸ ਜਾਵੇਗਾ ਤੇ ਅਸੀਂ ਆਪਣੇ ਹੀ ਦੇਸ਼ 'ਚ ਸਾਮਰਾਜੀਆਂ ਦੀ ਹੋਰ ਗੁਲਾਮੀ 'ਚ ਫਸ ਜਾਵਾਂਗੇ। ਉਦੋਂ ਤਕ ਬੇਰੋਕ ਅਰਧ ਬਸਤੀਵਾਦੀ ਪ੍ਰਬੰਧ ਹੋਰ ਮਜ਼ਬੂਤ ਹੋ ਕੁ ਮੇਹਨਤਕਸ਼ਾਂ ਦੀ ਲੁੱਟ ਘਸੁੱਟ ਪੱਕੀ ਕਰਦਾ ਜਾਵੇਗਾ। ਜਦੋਂ ਤਕ ਇਨਕਲਾਬੀ ਸੰਘਰਸ਼ਾਂ ਰਾਹੀਂ ਇਸ ਨੂੰ ਨੱਥ ਨਹੀਂ ਪਾਈ ਜਾਂਦੀ।

ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਿਛਲੇ ਸਾਲ ਜੁਲਾਈ 'ਚ ਆਪਣੀ ਅਮਰੀਕਾ ਫੇਰੀ ਦੌਰਾਨ ਦੋਨਾਂ ਦੇਸ਼ਾਂ ਵਿਚਕਾਰ ਰਖਿਆ ਸਹਿਯੋਗ ਤੋਂ ਇਲਾਵਾ ਗੈਰ-ਫ਼ੌਜੀ ਨਿਊਕਲੀਅਰ ਸਹਿਯੋਗ ਸੰਧੀ 'ਤੇ ਵੀ ਦਸਖਤ ਕੀਤੇ। ਇਸ ਸਮਝੌਤੇ 'ਚ ਅਮਰੀਕਾ ਦਾ ਮੁੱਖ ਮਕਸਦ ਸੀ ਕਿ ਭਾਰਤ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਸੀਮਤ ਕਰੇ, ਭਵਿੱਖ 'ਚ ਕੋਈ ਤਜਰਬਾ ਨਾ ਕਰੇ ਅਤੇ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਵਲੋਂ ਨਿਰੀਖਣ ਕਰਾਉਣ ਲਈ ਤਿਆਰ ਹੋ ਜਾਵੇ। ਉਸ ਦੇ ਤਹਿਤ ਭਾਰਤ ਨੇ ਲੜੀਵਾਰ ਤਰੀਕੇ ਨਾਲ ਆਪਣੀਆਂ ਸਮੁੱਚੀਆਂ ਪ੍ਰਮਾਣੂ ਸਹੂਲਤਾਂ ਨੂੰ ਫ਼ੌਜੀ ਤੇ ਗੈਰ-ਫ਼ੌਜੀ ਦੋ ਹਿੱਸਿਆਂ ਵਿਚ ਵੰਡਣਾ ਹੈ ਤੇ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਦੇ ਸਾਹਮਣੇ ਇਸ ਦਾ ਐਲਾਨ ਕਰਨਾ ਹੈ। ਇਸ ਦੇ ਨਾਲ ਹੀ ਗੈਰ-ਫ਼ੌਜੀ ਸਹੂਲਤਾਂ ਆਈ.ਏ.ਈ.ਏ. ਦੀ ਨਿਗਰਾਨੀ 'ਚ ਆ ਜਾਣਗੀਆਂ ਤੇ ਉਹਨਾਂ ਉਪਰ ਏਜੰਸੀ ਵਲੋਂ ਨਿਰਧਾਰਿਤ ਸੁਰੱਖਿਆ ਉਪਾਅ ਲਾਗੂ ਹੋ ਜਾਣਗੇ। ਫਿਰ ਇਹਨਾਂ ਸਹੂਲਤਾਂ ਦੀ ਕੋਈ ਸਰਗਰਮੀ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ (IAEA) ਦੀ ਇਜਾਜ਼ਤ ਤੋਂ ਬਿਨਾਂ ਨਹੀਂ ਹੋ ਸਕੇਗੀ। ਭਾਰਤ ਆਪਣੀਆਂ ਗੈਰ-ਫ਼ੌਜੀ ਪ੍ਰਮਾਣੂ ਸਹੂਲਤਾਂ ਦੀ ਵਰਤੋਂ ਆਪਣੇ ਫ਼ੌਜੀ ਮਕਸਦਾਂ ਲਈ ਨਹੀਂ ਕਰ ਸਕੇਗਾ। ਅਤੇ ਇਹਨਾਂ ਨੂੰ ਕਿਸੇ ਤੀਜੇ ਦੇਸ਼ ਨੂੰ ਵੀ ਨਹੀਂ ਦੇ ਸਕੇਗਾ। ਬਦਲੇ 'ਚ ਅਮਰੀਕਾ ਨੇ ਗੈਰ-ਫ਼ੌਜੀ ਪ੍ਰਮਾਣੂ ਸਹੂਲਤਾਂ ਲਈ ਬਾਲਣ ਸਪਲਾਈ ਦਾ ਵਿਸ਼ਵਾਸ ਦਿੱਤਾ।

ਇਸ ਪਿੱਛੋਂ ਭਾਰਤ ਦੀ ਜਨਤਾ ਤੋਂ ਗੁਪਤ ਰਖਦੇ ਹੋਇਆਂ ਪ੍ਰਮਾਣੂ ਸਹੂਲਤਾਂ ਦੇ ਪੱਕੇ ਪੂਰੀਂ ਕਰਨ ਬਾਰੇ ਦੋਨਾਂ ਦੇਸ਼ਾਂ ਨਾਲ ਅਧਿਕਾਰਿਤ ਪੱਧਰ 'ਤੇ ਗੱਲਬਾਤ ਹੋਣ ਲ'ਗੀ। ਇਸ ਅਮਲ 'ਚ ਦੇਸ਼ ਦੇ ਵਿਗਿਆਨੀਆਂ ਦੀ ਰਾਇ ਵੀ ਨਹੀਂ ਲਈ ਗਈ। ਭਾਰਤ ਦੇ ਵਿਦੇਸ਼ ਸਕੱਤਰ ਸ਼ਿਆਮ ਸਰਨ ਨੇ ਭਾਰਤ ਦੀਆਂ ਪ੍ਰਮਾਣੂ ਸਹੂਲਤਾਂ ਨੂੰ ਵੱਖ ਕਰਨ ਦਾ ਪਲਾਨ ਅਮਰੀਕਾ ਨੂੰ ਸੌਂਪਿਆ। ਸੁਰੱਖਿਆ ਉਪਾਵਾਂ ਦੇ ਅਰਸੇ ਬਾਰੇ ਉਹਨਾਂ ਕਿਹਾ ਕਿ "ਜਦ ਜੀਵਨ ਭਰ ਬਾਲਣ ਸਪਲਾਈ ਦੀ ਗਰੰਟੀ ਹੈ ਤਾਂ ਮੈਂ ਨਹੀਂ ਸਮਝਦਾ ਕਿ ਜੀਵਨ ਭਰ ਸੁਰੱਖਿਆ ਉਪਾਅ ਅਪਣਾਏ ਜਾਣ 'ਚ ਕੋਈ ਸਮੱਸਿਆ ਹੈ।" ਇਸ ਦਾ ਸਿੱਧਾ ਮਤਲਬ ਇਹ ਹੋਇਆ ਕਿ ਭਾਰਤ ਦੀਆਂ ਪ੍ਰਮਾਣੂ ਸਹੂਲਤਾਂ ਹਮੇਸ਼ਾਂ ਲਈ ਆਈ.ਏ.ਈ.ਏ. ਦੀ ਨਿਗਰਾਨੀ 'ਚ ਜਾ ਰਹੀਆਂ ਹਨ। ਭਾਰਤ ਦਾ

ਪ੍ਰਮਾਣੂ ਪ੍ਰੋਗਰਾਮ ਤਿੰਨ ਪੜਾਵਾਂ ਵਿਚ ਹੈ :

1. ਹੈਵੀ ਵਾਟਰ ਰੀਐਕਟਰ - ਜਿਸ ਵਿਚ ਬਾਲਣ ਦੇ ਰੂਪ 'ਚ ਯੂਰੇਨੀਅਮ ਦੀ ਵਰਤੋਂ ਹੁੰਦੀ ਹੈ ।
2. ਫਾਸਟ ਬ੍ਰੀਡਰ ਰੀਐਕਟਰ - ਇਸ 'ਚ ਬਾਲਣ ਦੇ ਰੂਪ 'ਚ ਪਲੂਟੋਨੀਅਮ ਦੀ ਵਰਤੋਂ ਹੁੰਦੀ ਹੈ ।
3. ਉਹ ਰੀਐਕਟਰ ਜਿਸ ਵਿਚ ਬਾਲਣ ਦੇ ਰੂਪ 'ਚ ਥੋਰੀਅਮ ਦੀ ਵਰਤੋਂ ਹੁੰਦੀ ਹੈ ਅਤੇ ਇਹ ਵੀ ਖੋਜ ਦੀ ਪੱਧਰ ਤਕ ।

ਭਾਰਤ 'ਚ ਰੀਐਕਟਰਾਂ ਦੀ ਜੋ ਲੜੀ ਹੈ, ਉਹ ਇਸ ਪ੍ਰਕਾਰ ਬਣੀ ਹੈ ਕਿ ਇਕ ਰੀਐਕਟਰ ਦਾ ਕੂੜਾ ਦੂਜੇ ਰੀਐਕਟਰ ਦਾ ਬਾਲਣ ਬਣਦਾ ਹੈ । ਉਦਾਹਰਣ ਵਜੋਂ ਪ੍ਰੋਟੋਟਾਈਪ ਫਾਸਟ ਬ੍ਰੀਡਰ ਰੀਐਕਟਰ 'ਚ ਜੋ ਪਲੂਟੋਨੀਅਮ ਲਗਦਾ ਹੈ ਉਸ ਨੂੰ ਪ੍ਰੈਸ਼ਰਾਈਜ਼ਡ ਹੈਵੀ ਵਾਟਰ ਰੀਐਕਟਰ ਦੇ ਵਰਤੇ ਗਏ ਬਾਲਣ ਨੂੰ ਫੇਰ ਦੁਬਾਰਾ ਸ਼ੁਧ ਕਰ ਕੇ ਹਾਸਲ ਕੀਤਾ ਜਾਂਦਾ ਹੈ । ਹੁਣ ਜੇ ਇਸ ਪ੍ਰੋਟੋਟਾਈਪ ਫਾਸਟ ਬ੍ਰੀਡਰ ਰੀਐਕਟਰ ਨੂੰ ਆਈ.ਏ.ਈ.ਏ.ਦੇ ਸੁਰੱਖਿਆ ਉਪਾਵਾਂ ਦੇ ਘੇਰੇ 'ਚ ਲਿਆਂਦਾ ਜਾਂਦਾ ਹੈ ਤਾਂ ਭਾਰਤ ਪ੍ਰੈਸ਼ਰਾਈਜ਼ਡ ਹੈਵੀ ਵਾਟਰ ਰੀਐਕਟਰ ਦੇ ਫੌਜੀ ਸ਼੍ਰੇਣੀ 'ਚ ਹੋਣ ਕਾਰਨ ਇਸ ਤੋਂ ਹਾਸਲ ਪੈਟਰੋਲੀਅਮ ਦੀ ਵਰਤੋਂ ਨਹੀਂ ਕਰ ਸਕੇਗਾ । ਇਸ ਲਈ ਪ੍ਰੋਟੋਟਾਈਪ ਫਾਸਟ ਬ੍ਰੀਡਰ ਰੀਐਕਟਰ ਲਈ ਪੈਟਰੋਲੀਅਮ ਬਾਹਰੋਂ ਖਰੀਦਣਾ ਪਵੇਗਾ । ਇਥੇ ਇਹ ਵਰਨਣਯੋਗ ਹੈ ਕਿ ਅਮਰੀਕਾ ਤੇ ਰੂਸ ਵਿਚ ਨਸ਼ਟ ਕੀਤੇ ਗਏ ਹਥਿਆਰਾਂ ਤੋਂ ਹਾਸਲ ਪਲੂਟੋਮੀਅਮ ਭਰਪੂਰ ਮਾਤਰਾ 'ਚ ਮੁਹੱਈਆ ਹੈ ਤੇ ਦੋਨੋਂ ਦੇਸ਼ ਇਸ ਦੀ ਬਰਾਮਦ ਕਰਦੇ ਹਨ । ਇਸ ਅਧਾਰ 'ਤੇ ਅਮਰੀਕਾ ਭਾਰਤ ਨੂੰ ਬਾਲਣ ਦੀ ਸਪਲਾਈ ਦਾ ਵਿਸ਼ਵਾਸ ਦਿਵਾਉਂਦਾ ਹੈ । ਤੇ ਰੂਸ ਵੀ ਇਸ ਖਾਤਰ ਨਜ਼ਰਾਂ ਲਾਈ ਬੈਠਾ ਹੈ । ਪਰ ਭਾਰਤ ਨੂੰ ਇਹ ਸੋਚਣ ਦੀ ਜ਼ਰੂਰਤ ਹੈ ਕਿ ਸਾਰੇ ਵਿਸ਼ਵਾਸਾਂ ਦੇ ਬਾਵਜੂਦ ਜੇ ਬਾਲਣ ਦੀ ਸਪਲਾਈ ਬਰਕਰਾਰ ਨਹੀਂ ਰਹਿੰਦੀ ਤਾਂ ਉਹ ਕੀ ਕਰੇਗਾ ? ਕੀ ਇਕ ਐਸੀ ਹਾਲਤ 'ਚ ਉਹ ਸੁਰੱਖਿਆ ਉਪਾਵਾਂ ਨੂੰ ਨਕਾਰ ਸਕੇਗਾ ? ਇਸ ਸਮਝੌਤੇ ਨੂੰ ਬਿਨਾਂ ਸੋਚੇ ਸਮਝੇ ਅਮਰੀਕੀ ਦਬਾਅ 'ਚ ਸਿਰੇ ਚੜ੍ਹਾਉਣ ਲਈ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਉਹਨਾਂ ਦੀ ਸਰਕਾਰ ਜ਼ਿੰਮੇਵਾਰ ਹੈ । ਅਜੇਹਾ ਕਰ ਕੇ ਉਹਨਾਂ ਨੇ ਦੇਸ਼ ਦੀ ਸ਼ਾਖ ਨੂੰ ਡੇਗਣ ਦਾ ਹੀ ਕੰਮ ਕੀਤਾ ਹੈ । ਇਸ ਤਰ੍ਹਾਂ ਦਾ ਸਮਝੌਤਾ ਕਿਸੇ ਵੀ ਪ੍ਰਮਾਣੂ ਆਤਮ ਨਿਰਭਰ ਦੇਸ਼ ਨੇ ਨਹੀਂ ਕੀਤਾ ਹੈ । ਪੰਜ ਸਥਾਪਤ ਪ੍ਰਮਾਣੂ ਆਤਮ ਨਿਰਭਰ ਦੇਸ਼ਾਂ (ਪੀ-5) ਨੇ ਆਈ.ਏ.ਈ.ਏ. ਨਾਲ ਜੋ ਸਮਝੌਤਾ ਕੀਤਾ ਹੈ, ਉਹ ਨਾ-ਮਾਤਰ ਦਾ ਹੈ । ਇਹਨਾਂ ਦੇਸ਼ਾਂ 'ਚ ਏਜੰਸੀ ਸੰਕੇਤਕ ਨਿਰੀਖਣ ਕਰਦੀ ਹੈ । ਆਈ.ਏ.ਈ.ਏ. ਪੂਰੀ ਦੁਨੀਆਂ ਵਿਚ 915 ਸਹੂਲਤਾਂ ਦਾ ਨਿਰੀਖਣ ਕਰਦੀ ਹੈ, ਜਿਸ ਵਿਚ ਸਿਰਫ 11 ਹੀ ਪੀ-5 ਦੇਸ਼ਾਂ ਵਿਚ ਹਨ । ਜਦ ਕਿ ਭਾਰਤ ਆਪਣੀਆਂ 22 ਪ੍ਰਮਾਣੂ ਸਹੂਲਤਾਂ ਵਿਚੋਂ 14 ਨੂੰ ਸੁਰੱਖਿਆ ਉਪਾਵਾਂ ਅਧੀਨ ਦੇਣ ਲਈ ਰਾਜ਼ੀ ਹੋ ਗਿਆ ਹੈ । ਭਾਰਤ

ਨਾਲ ਸਮਝੌਤੇ ਵਿਚ ਇਕ ਹੋਰ ਸ਼ਰਤ ਜੋੜੀ ਗਈ ਹੈ, ਜੋ ਇਹਨਾਂ ਪੰਜ ਦੇਸ਼ਾਂ ਵਿਚ ਲਾਗੂ ਨਹੀਂ ਹੈ। ਉਹ ਇਹ ਹੈ ਕਿ ਨਿਰੀਖਣ ਹਮੇਸ਼ਾਂ ਲਈ ਹੋਵੇਗਾ। 29 ਜੁਲਾਈ 2005 ਨੂੰ ਪਾਰਲੀਮੈਂਟ 'ਚ ਵਿਸ਼ਵਾਸ ਦਿਵਾਉਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਸਮਝੌਤੇ ਨਾਲ ਦੇਸ਼ ਨੂੰ ਉਹ ਸਾਰੀਆਂ ਜ਼ਿੰਮੇਵਾਰੀਆਂ ਰਵਾਇਤੀ ਅਧਿਕਾਰ ਮਿਲ ਜਾਣਗੇ ਜੋ ਅਮਰੀਕਾ ਸਮੇਤ ਸਾਰੇ ਪ੍ਰਮਾਣੂ ਸ਼ਕਤੀ ਆਤਮ ਨਿਰਭਰ ਦੇਸ਼ਾਂ ਨੂੰ ਪ੍ਰਾਪਤ ਹਨ। ਵਿਦੇਸ਼ ਸਕੱਤਰ ਸ਼ਿਆਮ ਸਰਨ ਨੇ ਵੀ ਬਿਆਨ ਦਿੱਤਾ ਕਿ ਭਾਰਤ ਨੂੰ ਨਾ ਘਟ ਨਾ ਜ਼ਿਆਦਾ ਅਧਿਕਾਰ ਹਾਸਲ ਹੋਣਗੇ। ਪ੍ਰਧਾਨ ਮੰਤਰੀ ਦਫਤਰ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਅਮਰੀਕਾ ਸਮੇਤ ਸਾਰੇ ਪ੍ਰਮਾਣੂ ਸ਼ਕਤੀ ਆਤਮ ਨਿਰਭਰ ਦੇਸ਼ਾਂ ਨੂੰ ਜਦ ਇਹ ਅਧਿਕਾਰ ਹਾਸਲ ਹੈ ਕਿ ਉਹ ਆਪਣੀਆਂ ਗੈਰ-ਫੌਜੀ ਸਹੂਲਤਾਂ ਨੂੰ ਫੌਜੀ ਸਹੂਲਤਾਂ ਵਿਚ ਸ਼ਿਫਟ ਕਰ ਸਕਦੇ ਹਨ ਤਾਂ ਇਹ ਭਾਰਤ ਉਪਰ ਕਿਉਂ ਨਹੀਂ ਲਾਗੂ ਹੋਵੇਗਾ ? ਅਮਰੀਕਾ ਨੇ ਸਪਸ਼ਟ ਸ਼ਬਦਾਂ 'ਚ ਮਨ੍ਹਾ ਕਰ ਦਿੱਤਾ ਤੇ ਕਿਹਾ ਕਿ ਭਾਰਤ ਨੂੰ ਬਰਾਬਰ ਅਧਿਕਾਰ ਤੇ ਲਾਭ ਹਾਸਲ ਨਹੀਂ ਹੋਣਗੇ। ਪ੍ਰਥੱਕੀਕਰਣ ਯੋਜਨਾ ਬਾਰੇ ਅਮਰੀਕਾ ਨੇ ਇਕ ਸ਼ਰਤ ਹੋਰ ਜੋੜ ਦਿੱਤੀ ਕਿ "ਇਹ ਵਿਸ਼ਵਾਸਯੋਗ, ਪਾਰਦਰਸ਼ੀ ਤੇ ਨਿਆਂ-ਸੰਗਤ ਹੋਣੀ ਚਾਹੀਦੀ ਹੈ।" ਅਮਰੀਕਾ ਦਰਅਸਲ ਭਾਰਤ ਦੀਆਂ ਜ਼ਿਆਦਾਤਰ ਪ੍ਰਮਾਣੂ ਸਹੂਲਤਾਂ ਨੂੰ ਸੁਰੱਖਿਆ ਉਪਾਵਾਂ ਦੇ ਘੇਰੇ ਵਿਚ ਲਿਆਉਣਾ ਚਾਹੁੰਦਾ ਹੈ। ਜਦ ਕਿ ਖੁਦ ਓਮਰੀਕਾ 'ਚ ਸੈਨਿਕ ਤੇ ਅਸੈਨਿਕ ਪ੍ਰਮਾਣੂ ਸਹੂਲਤਾਂ ਦੀ ਵੰਡ ਨਹੀਂ ਹੈ। 18 ਜੁਲਾਈ 2005 ਨੂੰ ਹੋਏ ਸਮਝੌਤੇ ਵਿਚ ਭਾਰਤ ਨੂੰ ਉਚ ਨਿਊਕਲੀਅਰ ਤਕਨੀਕ ਵਾਲਾ ਮੋਹਰੀ ਦੇਸ਼ ਮੰਨਿਆ ਗਿਆ ਹੈ, ਪਰ ਆਪਣੀ ਭਾਰਤ ਯਾਤਰਾ ਦੇ ਇਕ ਹਫਤਾ ਪਹਿਲਾਂ ਅਮਰੀਕੀ ਰਾਸ਼ਟਰਪਤੀ ਬੁਸ਼ ਨੇ ਉਸ ਨੂੰ ਇਕ ਅਜੇਹਾ ਦੇਸ਼ ਦਸਿਆ ਜੋ ਨਿਊਕਲੀਅਰ ਊਰਜਾ ਪ੍ਰੋਗਰਾਮ ਵਿਕਸਤ ਕਰ ਰਿਹਾ ਹੈ। ਸ਼ਬਦਾਂ 'ਚ ਬਦਲਾਅ ਇਕ ਆਮ ਗੱਲ ਨਹੀਂ ਹੈ। ਇਸ ਪਿੱਛੇ ਅਮਰੀਕਾ ਦਾ ਕੂਟਨੀਤਕ ਇਰਾਦਾ ਛੁਪਿਆ ਹੈ। ਉਹ ਭਾਰਤ ਨੂੰ ਉਹ ਦਰਜਾ ਨਹੀਂ ਦੇਣਾ ਚਾਹੁੰਦਾ ਜੋ ਬ੍ਰਿਟੇਨ, ਫਰਾਂਸ, ਚੀਨ ਤੇ ਰੂਸ ਨੂੰ ਹਾਸਲ ਹੈ। ਅਮਰੀਕਾ ਤੇ ਭਾਰਤ ਵਿਚਕਾਰਲਾ ਸਮਝੌਤਾ ਬੁਸ ਦੀ ਪ੍ਰਸਤਾਵਿਤ 'ਸੰਸਾਰਿਕ ਨਿਊਕਲੀਅਰ ਊਰਜਾ ਸਮਝਦਾਰੀ' ਦਾ ਇਕ ਅੰਗ ਹੈ।

ਇਸ ਪ੍ਰਸਤਾਵ ਦੇ ਤਹਿਤ ਉਹਨਾਂ ਦੇਸ਼ਾਂ ਨੂੰ ਵਰਤੇ ਗਏ ਬਾਲਣ ਮੁੜ ਸੋਧਣ ਦਾ ਅਧਿਕਾਰ ਹੋਵੇਗਾ, ਜਿਹਨਾਂ ਕੋਲ ਉੱਚ ਗੈਰ-ਫ਼ੌਜੀ ਨਿਊਕਲੀਅਰ ਊਰਜਾ ਪ੍ਰੋਗਰਾਮ ਹੈ। ਹੁਣ ਜੇ ਅਮਰੀਕਾ ਭਾਰਤ ਨੂੰ ਉਹ ਊਰਜਾ ਨਹੀਂ ਦਿੰਦਾ ਹੈ ਤਾਂ ਭਾਰਤ ਦਾ ਇਹ ਅਧਿਕਾਰ ਖੁੱਸ ਜਾਵੇਗਾ। ਹੁਣ ਬ੍ਰਿਟੇਨ, ਫ਼ਰਾਂਸ ਤੇ ਰੂਸ ਆਦਿ ਦੇਸ਼ ਭਾਰਤ ਨੂੰ ਨਿਊਕਲੀਅਰ ਬਾਲਣ ਦੀ ਸਪਲਾਈ ਕਰਨਗੇ ਤੇ ਪਿੱਛੋਂ ਵਰਤੇ ਗਏ ਬਾਲਣ ਨੂੰ ਵਾਪਸ ਲੈ ਕੇ ਉਸ ਨੂੰ ਮੁੜ ਸੋਧ ਕੇ ਉਨਤ ਕਿਸਮ ਦੇ ਰੀਐਕਟਰਾਂ 'ਚ ਵਰਤਿਆ ਜਾਣ ਵਾਲਾ ਬਾਲਣ ਤਿਆਰ ਕਰਨਗੇ। ਇਸ ਦੇ ਫ਼ਾਇਦੇ ਗਿਣਾਉਂਦਿਆਂ ਬੁਸ਼ ਲੇ ਕਿਹਾ ਕਿ ਇਸ ਨਾਲ ਭਾਰਤ ਵਰਗੇ ਦੇਸ਼ ਨੂੰ ਪ੍ਰਮਾਣੂ ਊਰਜਾ ਤੋਂ ਵੱਧ ਬਿਜਲੀ ਪ੍ਰਾਪਤ

ਹੋਵੇਗੀ, ਪ੍ਰਮਾਣੂ ਕੂੜਾ ਘਟੇਗਾ ਤੇ ਇਸ ਦੇ ਰੱਖ-ਰਖਾਅ ਦਾ ਝੰਜਟ ਨਹੀਂ ਰਹੇਗਾ ਤੇ ਪ੍ਰਦੂਸ਼ਣ ਫੈਲਣ ਦਾ ਖ਼ਤਰਾ ਨਹੀਂ ਰਹੇਗਾ। ਇਥੇ ਇਹ ਧਿਆਨ ਦੇਣ ਦੀ ਗੱਲ ਹੈ ਕਿ ਇਰਾਨ ਦੇ ਨਾਲ ਵੀ ਕੁਝ ਇਸ ਤਰ੍ਹਾਂ ਦਾ ਹੀ ਵਰਤਾਅ ਹੋ ਰਿਹਾ ਹੈ। ਬਾਲਣ ਤਿਆਰ ਕਰਨ ਲਈ ਯੂਰੇਨੀਅਮ ਪ੍ਰੋਗਰਾਮ ਨੂੰ ਖ਼ਤਮ ਕਰਨ ਤੇ ਦਰਾਮਦ ਕੀਤੇ ਬਾਲਣ 'ਤੇ ਨਿਰਭਰ ਹੋਣ ਲਈ ਉਸ ਨੂੰ ਕਿਹਾ ਜਾ ਰਿਹਾ ਹੈ। ਇਹ ਮਾੜੀ ਗੱਲ ਹੈ ਕਿ ਇਰਾਨ ਦੇ ਮਾਮਲੇ 'ਚ ਭਾਰਤ ਅਮਰੀਕੀ ਮਸੌਦੇ ਦੀ ਹਮਾਇਤ ਕਰ ਰਿਹਾ ਹੈ ਜਦ ਕਿ ਨੇੜ ਭਵਿੱਖ ਵਿਚ ਇਸ (ਭਾਰਤ) ਨਾਲ ਵੀ ਅਜਿਹੀ ਹੀ ਵਰਤਾਅ ਹੋਣ ਵਾਲਾ ਹੈ। ਸੱਚਾਈ ਇਹ ਹੈ ਕਿ ਸੰਨ 1965 'ਚ ਹੀ ਭਾਰਤ ਨੇ ਟ੍ਰਾਮਬੇ 'ਚ ਆਪਣਾ ਪਹਿਲਾ ਮੁੜ-ਸੋਧ ਕਰਨ ਦਾ ਯੰਤਰ ਸਥਾਪਿਤ ਕਰ ਲਿਆ ਸੀ। ਆਈ. ਏ. ਈ. ਆਈ. ਦੀ ਇਕ ਕੰਪਨੀ (ਪੇਲਾਡ ਕਮਿਟੀ) ਅਨੁਸਾਰ ਭਾਰਤ ਨੇ ਨਿਊਕਲੀਅਰ ਬਾਲਣ ਦੀ ਮੋੜ ਸੋਧ ਦੇ ਖੇਤਰ ਵਿਚ ਨਿਪੁੰਨਤਾ ਹਾਸਲ ਕਰ ਲਈ ਹੈ। ਇਸ ਸਮਝੌਤੇ ਨਾਲ ਭਾਰਤ ਵੱਲੋਂ 1998 'ਚ ਕੀਤੇ ਗਏ ਪ੍ਰਮਾਣੂ ਪ੍ਰੀਖਣ 'ਤੇ ਵੀ ਸਵਾਲ ਉੱਠਦਾ ਹੈ। ਕਿ ਆਖ਼ਰ ਇਸ ਦੀ ਕੀ ਵਾਜਬੀਅਤ ਸੀ ? ਇਥੇ ਇਹ ਸਪਸ਼ਟ ਹੋਣਾ ਜ਼ਰੂਰੀ ਹੈ ਕਿ ਸਮਝੌਤਾ ਭਾਰਤ ਨੂੰ ਪ੍ਰਮਾਣੂ ਹਥਿਆਰ ਆਤਮ ਨਿਰਭਰ ਦੇਸ਼ ਦਾ ਦਰਜਾ ਨਹੀਂ ਦਿੰਦਾ ਹੈ। 1968 ਦੀ ਪ੍ਰਮਾਣੂ ਅਪ੍ਰਸਾਰ ਸੰਧੀ (NPT) ਅਨੁਸਾਰ ਉਹੀ ਦੇਸ਼ ਪ੍ਰਮਾਣੂ ਹਥਿਆਰ ਆਤਮ ਨਿਰਭਰ ਦੇਸ਼ ਮੰਨੇ ਜਾਣਗੇ ਜਿਹਨਾਂ ਨੇ ਇਕ ਜਨਵਰੀ 1967 ਤੋਂ ਪਹਿਲਾਂ ਪ੍ਰਮਾਣੂ ਬੰਬ ਬਦਾ ਲਿਆ ਹੈ।

ਵਾਈਟ ਹਾਊਸ ਦਾ ਕਹਿਣਾ ਹੈ ਕਿ ਉਹ ਇਸ ਸੰਧੀ 'ਚ ਸੋਧ ਦਾ ਕੋਈ ਇਰਾਦਾ ਨਹੀਂ ਰੱਖਦਾ ਹੈ। ਭਾਰਤ ਸਰਕਾਰ ਲੋਕਾਂ ਨੂੰ ਇਹ ਸਮਝਾਉਣ 'ਚ ਲੱਗੀ ਹੈ ਕਿ ਨਿਊਕਲੀਅਰ ਖੇਤਰ ਵਿਚ ਅਮਰੀਕੀ ਸਹਿਯੋਗ ਦੀ ਲਗਾਤਾਰ ਲੋੜ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਇਹ ਸਮਝੌਤਾ ਅਮਰੀਕੀ ਪ੍ਰਮਾਣੂ ਸਪਲਾਈ ਕਰਤਾ ਸਮੂਹ (ਜਿਸ ਦੇ 45 ਦੇਸ਼ ਮੈਂਬਰ ਹਨ) ਦੇ ਨਾਲ ਗ਼ੈਰ-ਫ਼ੌਜੀ ਖੇਤਰ 'ਚ ਸਹਿਯੋਗ ਦੇ ਦਰਵਾਜ਼ੇ ਖੋਲ੍ਹ ਦੇਵੇਗਾ ਤੇ ਸਾਡੀਆਂ ਊਰਜਾ ਲੋੜਾਂ ਨੂੰ ਪੂਰੀਆਂ ਕਰਨ 'ਚ ਮਦਦ ਕਰੇਗਾ। ਪਰ ਸੱਚਾਈ ਇਸ ਦੇ ਬਿਲਕੁਲ ਉਲਟ ਹੈ। ਭਾਰਤ ਦੀ ਫੇਰੀ 'ਤੇ ਆਏ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਜਾਨ ਹਾਵਰਡ ਦਾ ਕਹਿਣਾ ਹੈ ਕਿ ਉਹਨਾਂ ਦਾ ਦੇਸ਼ ਉਸ ਦੇਸ਼ ਨੂੰ ਯੂਰੇਨੀਅਮ ਦੀ ਸਪਲਾਈ ਕਰੇਗਾ, ਜਿਸ ਨੇ ਪ੍ਰਮਾਣੂ ਅਪ੍ਰਸਾਰ ਸੰਧੀ (NPT) 'ਤੇ ਦਸਖਤ ਕੀਤੇ ਹਨ। ਕਿਉਂਕਿ ਭਾਰਤ ਨੇ ਉਸ 'ਤੇ ਦਸਖਤ ਨਹੀਂ ਕੀਤੇ ਤੇ ਨਾ ਹੀ ਨੇੜ ਭਵਿੱਖ ਵਿਚ ਅਜਿਹਾ ਕਰਨ ਦਾ ਇਰਾਦਾ ਹੈ, ਇਸ ਲਈ ਉਹਨਾਂ ਦਾ ਦੇਸ਼ ਭਾਰਤ ਨੂੰ ਯੂਰੇਨੀਅਮ ਦੀ ਸਪਲਾਈ ਨਹੀਂ ਕਰੇਗਾ। ਆਸਟ੍ਰੇਲੀਆ 'ਚ ਪੂਰੀ ਦੁਨੀਆਂ ਦੇ ਯੂਰੇਨੀਅਮ ਭੰਡਾਰ ਦਾ 40% ਹਿੱਸਾ ਹੈ। ਨਿਊਕਲੀਅਰ ਖੇਤਰ 'ਚ ਅਮਰੀਕੀ ਸਹਿਯੋਗ ਦੀ ਜ਼ਰੂਰਤ ਨੂੰ ਵੀ ਸਾਡੇ ਵਿਗਿਆਨੀ ਨਹੀਂ ਮੰਨਦੇ, ਉਹਨਾਂ ਦਾ ਕਹਿਣਾ ਹੈ ਕਿ ਭਾਰਤ ਨੇ ਇਸ ਖੇਤਰ 'ਚ ਭਾਰੀ ਮਾਤਰਾ 'ਚ ਮਨੁੱਖੀ ਵਸੀਲੇ ਵਿਕਸਤ ਕਰ ਲਏ ਹਨ। ਕਨੇਡਾ ਨੇ ਵੀ ਭਾਰਤੀ ਮਾਹਰਾਂ ਦੀ ਯੋਗਤਾ ਦਾ ਅਹਿਸਾਸ

ਕੀਤਾ ਹੈ ਤੇ ਆਪਣੇ ਪ੍ਰਮਾਣੂ ਉਦਯੋਗ ਵਿਚ ਇਹਨਾਂ ਦੀ ਭੂਮਿਕਾ ਦਾ ਇੱਛੁਕ ਹੈ। ਅਸਲ ਵਿਚ ਇਸ ਸਮਝੌਤੇ ਨਾਲ ਅਮਰੀਕਾ ਨੂੰ ਕਾਫ਼ੀ ਫ਼ਾਇਦਾ ਹੋਣ ਵਾਲਾ ਹੈ। ਸੰਨ 1979 ਤੋਂ ਉਸ ਨੇ ਕੋਈ ਨਵਾਂ ਰੀਐਕਟਰ ਨਹੀਂ ਬਣਾਇਆ ਹੈ। ਇਸ ਲਈ ਉਥੇ ਘੱਟੋ-ਘੱਟ ਦੋ ਪੀੜ੍ਹੀਆਂ ਦਾ ਗੈਪ ਹੋ ਗਿਆ ਹੈ। ਵਿਗਿਆਨੀਆਂ ਅਨੁਸਾਰ ਭਾਰਤ ਕੋਲ ਏਨਾ ਯੂਰੇਨੀਅਮ ਦਾ ਭੰਡਾਰ ਹੈ ਕਿ ਉਹ ਸੰਨ 2052 ਤਕ 20 ਗੀਗਾਵਾਟ ਬਿਜਲੀ ਦੀ ਪੈਦਾਵਾਰ ਕਰ ਸਕਦਾ ਹੈ। 1980 ਦੇ ਦਹਾਕੇ ਦੇ ਮੱਧ ਵਿਚ ਪ੍ਰਮਾਣੂ ਊਰਜਾ ਵਿਭਾਗ ਨੇ ਸੰਨ 2002 ਤਕ 10000 ਮੈਗਾਵਾਟ ਬਿਜਲੀ ਦੀ ਪੈਦਾਵਾਰ ਦਾ ਟੀਚਾ ਮਿਥਿਆ ਸੀ ਪਰ ਉਦੋਂ ਤਕ ਸਿਰਫ਼ 2720 ਮੈਗਾਵਾਟ ਪੈਦਾਵਾਰ ਹੀ ਹੋ ਸਕੀ। ਬਾਲਣ ਦੀ ਕਮੀ ਕਾਰਨ ਦੇਸ਼ ਦੇ ਹੈਵੀ ਵਾਟਰ ਰੀਐਕਟਰ 80 ਫ਼ੀਸਦੀ ਦੀ ਬਜਾਏ 10-15 ਫ਼ੀਸਦੀ ਯੋਗਤਾ ਤਕ ਹੀ ਕੰਮ ਕਰਦੇ ਰਹੇ। ਪ੍ਰਮਾਣੂ ਊਰਜਾ ਵਿਭਾਗ ਅਨੁਸਾਰ ਅਮਰੀਕਾ ਨਾਲ ਸਮਝੌਤਾ ਤਾਂ ਹੀ ਲਾਭਕਾਰੀ ਹੋ ਸਕਦਾ ਹੈ ਜੇ ਬਾਲਣ ਦੀ ਮੌਜੂਦਾ ਘਾਟ ਦੂਰ ਹੋ ਸਕੇ।

ਭਾਰਤ ਦੀਆਂ ਪ੍ਰਮਾਣੂ ਸਹੂਲਤਾਂ ਦੇ ਮੁੱਦੇ 'ਤੇ ਮੀਟਿੰਗ 'ਚ ਭਾਰਤੀ ਵਿਗਿਆਨੀਆਂ ਨੇ ਆਪਣਾ ਪੱਖ ਰੱਖਿਆ। ਉਹ ਫਾਸਟ ਬ੍ਰੀਡਰ ਪ੍ਰੋਗਰਾਮ ਨੂੰ ਆਈ. ਏ. ਈ. ਏ. ਦੇ ਨਿਰੀਖਣ 'ਚ ਨਹੀਂ ਦੇਣਾ ਚਾਹੁੰਦੇ ਸਨ। ਪ੍ਰਮਾਣੂ ਊਰਜਾ ਵਿਭਾਗ ਨੇ ਪ੍ਰਮਾਣੂ ਸਹੂਲਤਾਂ ਨੂੰ ਪੱਕੇ ਪੈਰੀਂ ਕਰਨ ਲਈ ਅਨੇਕਾਂ ਬਦਲ ਤਿਆਰ ਕੀਤੇ ਸਨ। ਪਰ ਪਿਛਲੇ ਸਾਲ ਦਸੰਬਰ 'ਚ ਉੱਚ ਪੱਧਰ 'ਤੇ ਇਸ ਦਾ ਫ਼ੈਸਲਾ ਲਿਆ ਗਿਆ ਤੇ ਇਸ ਨੂੰ ਵਿਦੇਸ਼ ਸਕੱਤਰ ਸ਼ਿਆਮ ਸਰਨ ਨੇ 'ਭਾਰਤੀ ਯੋਜਨਾ' ਦੇ ਰੂਪ 'ਚ ਅਮਰੀਕੀ ਸਕੱਤਰ ਨਿਕੋਲਨ ਬਰਨਸ ਦੇ ਸਾਹਮਣੇ ਰੱਖਿਆ। ਅਸਲ ਵਿਚ ਇਸ ਯੋਜਨਾ ਨੂੰ ਤਿਆਰ ਕਰਨ 'ਚ ਪ੍ਰਮਾਣੂ ਊਰਜਾ ਵਿਭਾਗ ਦਾ ਕੋਈ ਯੋਗਦਾਨ ਹੈ ਹੀ ਨਹੀਂ ਸੀ। ਇਸ ਪਿੱਛੋਂ ਅਖ਼ਬਾਰਾਂ 'ਚ ਇਸ ਯੋਜਨਾ ਦੀਆਂ 'ਅੱਛਾਈਆਂ' ਬਾਰੇ ਲੇਖ ਛਪਣ ਲੱਗੇ ਤੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ ਕਿ ਸਰਕਾਰ ਤੇ ਦੇਸ਼ ਦੇ ਹਿੱਤਾਂ ਦੀ ਅਣਦੇਖੀ ਕਰਨ ਦਾ ਦੋਸ਼ ਕਿੰਨੇ ਗ਼ਲਤ ਢੰਗ ਨਾਲ ਲਾਇਆ ਗਿਆ। ਇਕ ਲੰਮੀ ਚੁੱਪ ਪਿੱਛੋਂ ਪ੍ਰਮਾਣੂ ਊਰਜਾ ਵਿਭਾਗ ਦੇ ਚੇਅਰਮੈਨ ਨੇ 'ਇੰਡੀਅਨ ਐਕਸਪ੍ਰੈਸ' ਨੂੰ ਇਕ ਇੰਟਰਵਿਊ ਦੇ ਕੇ ਧਮਾਕਾ ਹੀ ਕਰ ਦਿੱਤਾ। ਅਮਰੀਕੀ ਜ਼ਿਦ ਦੀ ਨਿੰਦਾ ਕਰਦਿਆਂ ਉਹਨਾਂ ਨੇ ਕਿਹਾ ਕਿ ਅਜਿਹਾ ਸਮਝੌਤਾ ਕਰਨਾ ਭਾਰਤ ਨੂੰ ਬੇੜੀਆਂ 'ਚ ਜਕੜ ਦੇਣਾ ਹੋਵੇਗਾ। ਹਾਲਾਂਕਿ ਬੁਸ਼ ਦੀ ਯਾਤਰਾ ਦੌਰਾਨ ਉਹਨਾਂ ਨੂੰ 'ਸਮਝਾ' ਦਿੱਤਾ ਗਿਆ ਤੇ ਪਿੱਛੋਂ ਉਹਨਾਂ ਨੇ ਅਮਰੀਕਾ ਦੀ ਪ੍ਰਸੰਸਾ ਹੀ ਕੀਤੀ। ਪ੍ਰਮਾਣੂ ਊਰਜਾ ਵਿਭਾਗ ਦੇ ਬਹੁਤ ਸਾਰੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਬ੍ਰੀਡਰ ਤਕਨੀਕ ਵਿਚ ਭਾਰਤ ਬਹੁਤ ਅੱਗੇ ਹੈ ਤੇ ਇਸ ਤਕਨੀਕ ਨੂੰ ਸੁਰੱਖਿਆ ਉਪਾਵਾਂ 'ਚ ਲਿਆਉਣ ਦਾ ਮਤਲਬ ਹੋਵੇਗਾ ਕਿ ਆਈ. ਏ. ਈ. ਏ. ਨੂੰ ਦੱਸਦਾ ਅਤੇ ਫਿਰ ਨਿਸਚਤ ਰੂਪ 'ਚ ਇਹ ਤਕਨੀਕ ਅਮਰੀਕਾ ਪਾਸ ਚਲੀ ਜਾਵੇਗੀ। ਭਾਤਰ ਕੋਲ ਯੂਰੇਨੀਅਮ ਤਾਂ ਸੀਮਤ ਮਾਤਰਾ ਵਿਚ ਹੈ ਪਰ ਥੋਰਿਅਮ ਭਰਪੂਰ ਮਾਤਰਾ ਵਿਚ ਹੈ।

ਭਾਰਤ ਕੋਲ ਦੁਨੀਆਂ ਦੇ ਕੁਲ ਥੋਰੀਅਮ ਦਾ 65 ਫ਼ੀਸਦੀ ਹੈ ਤੇ ਵਿਗਆਨੀ ਇਸ ਨੂੰ ਪ੍ਰਮਾਣੂ ਯੰਤਰਾਂ ਦੇ ਬਾਲਣ ਦੇ ਰੂਪ ’ਚ ਬਦਲਣ ’ਚ ਜੁਟੇ ਹੋਏ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਅਸੀਂ ਅਜਿਹਾ ਤਾਂ ਹੀ ਕਰ ਸਕਦੇ ਹਾਂ ਜੇ ਅਸੀਂ ਉਸ ਦੀ ਤਕਨੀਕੀ ਆਜ਼ਾਦੀ ਰੱਖ ਸਕੀਏ। ਆਈ. ਏ. ਈ. ਏ. ਦੇ ਨਿਰੀਖਣ ਦੀ ਗੁਣਵੰਣਤਾ ਤੇ ਵਿਆਪਕਤਾ ’ਤੇ ਬੁਰਾ ਪ੍ਰਭਾਵ ਪਵੇਗਾ। ਇਕ ਥਾਂ ਤੋਂ ਦੂਜੀ ਥਾਂ ਬਾਅਲਣ ਲੈ ਜਾਣ ਲਈ ਪਹਿਲਾਂ ਤੋਂ ਹੀ ਆਈ. ਏ. ਈ. ਏ. ਨੂੰ ਸੂਚਿਤ ਕਰਨਾ ਪਵੇਗਾ। ਉਹਨਾਂ ਦੇ ਨਿਰੀਖਕਾਂ ਦੀ ਉਡੀਕ ਕਰਨੀ ਪਵੇਗੀ ਤੇ ਉਸ ਪਿੱਛੋਂ ਹੋਰ ਸੰਬੰਧਤ ਕੰਮ ਵੀ ਕਰਨੇ ਪੈਣਗੇ।

ਇਕ ਪਾਸੇ ਤਾਂ ਭਾਰਤ ਤੇ ਅਮਰੀਕਾ ਵਿਚਕਾਰ ਸਮਝੌਤੇ ਦਾ ਪੂਰੇ ਦੇਸ਼ ’ਚ ਵਿਰੋਧ ਹੋ ਰਿਹਾ ਸੀ ਪਰ ਹਾਕਮ ਜਮਾਤ ਇਸ ’ਤੇ ਕਾਫ਼ੀ ਖ਼ੁਸ਼ ਸੀ। ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਇਸ ਨੂੰ ਅਮਲੀ ਜਾਮਾ ਪਹਿਨਾਉਣ ’ਚ ਲੱਗੀ ਹੋਈ ਹੈ। ਵਿਰੋਧੀ ਪਾਰਟੀ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਨੇ ਇਸ ਸਮਝੌਤੇ ਦਾ ਸੁਆਗਤ ਕਰਦਿਆਂ ਕਿਹਾ ਕਿ ਭਾਜਪਾ ਨੇ ਹੀ ਇਸ ਦੀ ਸ਼ੁਰੂਆਤ ਕੀਤੀ ਸੀ। ਉਹਨਾਂ ਨੇ ਏਨਾ ਇਤਰਾਜ਼ ਹੀ ਕੀਤਾ ਕਿ ਪਹਿਲਾਂ ਉਹਨਾਂ ਦੀ ਰਾਇ ਕਿਉਂ ਨਹੀਂ ਲਈ ਗਈ। ਉਹਨਾਂ ਨੇਤਾਵਾਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਇਸ ਨਾਲ ਦੇਸ਼ ਦਾ ਕਿੰਨਾ ਨੁਕਸਾਨ ਹੋਵੇਗਾ ਬਲਕਿ ਉਹ ਇਸ ਗੱਲ ਤੋਂ ਖ਼ੁਸ਼ ਹਨ ਕਿ ਇਸ ਤਰ੍ਹਾਂ ਦਾ ਸਮਝੌਤਾ ਅਮਰੀਕਾ ਨੇ ਪਾਕਿਸਤਾਨ ਨਾਲ ਨਹੀਂ ਕੀਤਾ। ਅਲਬੱਤਾ ਇਸ ਗੱਲ ਨੂੰ ਲੈ ਕੇ ਸੰਤੁਸ਼ਟ ਹਨ ਕਿ ਸਮਝੌਤੇ ਦੇ ਤਹਿਤ ਭਾਰਤ ਪ੍ਰਮਾਣੂ ਪ੍ਰੀਖਣ ਨਹੀਂ ਕਰ ਸਕਦਾ ਜਦ ਕਿ ਸਮਝੌਤੇ ਤੋਂ ਬਾਹਰ ਰਹਿਣ ਕਰ ਕੇ ਪਾਕਿਸਤਾਨ ’ਤੇ ਪਾਬੰਦੀ ਨਹੀਂ ਹੈ। ਪ੍ਰਵੇਜ਼ ਮੁਸ਼ੱਰਫ਼ ਇਸ ਗੱਲੋਂ ਖ਼ਫ਼ਾ ਹਨ ਕਿ ਅਮਰੀਕਾ ਨੇ ਭਾਰਤ ਨੂੰ ਆਪਣੀ ਜੇਬ ਵਿਚ ਰੱਖਣ ਦੀ ਪਹਿਲ ਕਰ ਲਈ ਜਦ ਕਿ ਪਾਕਿਸਤਾਨ ਪਿੱਛੇ ਰਹਿ ਗਿਆ। ਇਸ ਲਈ ਉਹਨਾਂ ਨੇ ਚੀਨ ਨਾਲ ਸਮਝੌਤਾ ਕਰ ਗਿਆ। ਮੌਜੂਦਾ ਸਮੇਂ ’ਚ 3207 ਮੈਗਾਵਾਟ ਬਿਜਲੀ ਦੀ ਪੈਦਾਵਾਰ ਪ੍ਰਮਾਣੂ ਯੋਜਨਾਵਾਂ ਤੋਂ ਹੋ ਰਹੀ ਹੈ ਜੋ ਕਿ ਕੁਲ ਬਿਜਲੀ ਪੈਦਾਵਾਰ ਦਾ ਸਿਰਫ਼ 3 ਫ਼ੀਸਦੀ ਹੀ ਹੈ। ਸਮਝੌਤੇ ਤੋਂ ਲਾਭ ਬਾਰੇ ਭਾਰਤ ਸਰਕਾਰ ਜਿਹੋ ਜਿਹਾ ਦਾਅਵਾ ਕਰਦੀ ਹੈ, ਜੇ ਸਭ ਕੁਝ ਠੀਕ ਉਸੇ ਤਰ੍ਹਾਂ ਹੋ ਜਾਵੇ ਤਾਂ ਵਿਗਿਆਨੀਆਂ ਅਨੁਸਾਰ ਇਸ ਵਿਚ 3 ਫ਼ੀਸਦੀ ਦਾ ਹੋਰ ਵਾਧਾ ਹੋ ਸਕਦਾ ਹੈ। ਇਹ ਏਨੀ ਵੱਡੀ ਪ੍ਰਾਪਤੀ ਨਹੀਂ ਹੈ ਕਿ ਆਰਥਕ ਦ੍ਰਿਸ਼ਟੀਕੋਣ ਤੋਂ ਵੀ ਇਸ ਨੂੰ ਸਹੀ ਠਹਿਰਾਇਆ ਜਾ ਸਕੇ। ਕਿਸੇ ਵੀ ਚੀਜ਼ ਬਦਲੇ ਦੇਸ਼ ਦੀ ਸੁਰੱਖਿਆ ਤੇ ਪ੍ਰਭੂਸੱਤਾ ਨੂੰ ਗਹਿਣੇ ਨਹੀਂ ਰੱਖਿਆ ਜਾ ਸਕਦਾ।

# ਕੀ ਮਰਦਾਂ ਵਿਚ ਵੀ ਹੋ ਸਕਦੈ ਮੀਨੋਪਾਜ (ਰਜੋ ਨਵਿਰਤੀ)?

ਇਹ ਸੁਣ ਕੇ ਛੈਲ-ਛਬੀਲੇ ਮਰਦ ਤਾਂ ਹੈਰਾਨ ਹੀ ਹੋਣਗੇ ਕਿ ਔਰਤਾਂ ਵਾਂਗੂੰ ਉਹਨਾਂ 'ਚ ਕਦੇ ਨਾ ਕਦੇ ਮੀਨੋਪਾਜ ਆਵੇਗਾ। ਅਸਲ ਵਿਚ ਮਰਦਾਂ 'ਚ ਇਹ ਮੀਨੋਪਾਜ (ਮਹਾਂਬੰਦੀ—ਰਜੋ ਨਵਿਰਤੀ) ਨਹੀਂ ਕਿਹਾ ਜਾਂਦਾ ਬਲਕਿ ਇਸ ਦਾ ਨਾਂ ਐਂਡਰੋਪਾਜ (Andropause) ਹੈ ਜਾਂ Viropause ਜਾਂ Male elimacteric ਤੇ ਫਿਜੀਆਲੋਜੀਕਲ ਹਾਲਤ ਔਰਤਾਂ ਦੇ ਮੀਨੋਪਾਜ ਵਰਗੀ ਹੀ ਹੁੰਦੀ ਹੈ। ਸਿਧਾਂਤਕ ਤੌਰ ਤੇ ਤਾਂ ਇਸ ਦੀ ਗੱਲ 70 ਸਾਲਾਂ ਤੋਂ ਹੀ ਕੀਤੀ ਜਾਂਦੀ ਰਹੀ ਹੈ ਪਰ ਅਹਿਸਾਸ ਹੁਣ ਕੀਤਾ ਜਾ ਰਿਹਾ ਹੈ। ਔਸਤ ਉਮਰ 'ਚ ਵਾਧਾ ਹੋਇਐ, ਜੀਵਨ ਜਾਚ ਤੇਜ਼ੀ ਨਾਲ ਬਦਲ ਰਹੀ ਹੈ ਤੇ ਵਧੀਆ ਜੀਊਣ ਲਈ ਬੰਦਿਅ 'ਚ ਇੱਛਾਵਾਂ ਵਧਣ ਕਾਰਨ ਮੈਡੀਕਲ ਕਿੱਤੇ ਨਾਲ ਜੁੜੇ ਵਿਅਕਤੀਆਂ ਲਈ ਇਹ ਬੁੱਢੀ ਹੁੰਦੀ ਜਾ ਰਹੀ ਮਰਦਾਂ ਦੀ ਆਬਾਦੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। 50 ਤੋਂ 55 ਸਾਲਾਂ ਦੀ ਉਮਰ ਦਰਮਿਆਨ ਆਦਮੀ ਮਹਿਸੂਸ ਕਰਨ ਲੱਗ ਪੈਂਦਾ ਹੈ ਕਿ ਐਂਡਰੋਪਾਜ ਸ਼ੁਰੂ ਹੋ ਗਿਆ ਹੈ। ਇਹ ਸਥਿਤੀ ਤੇ ਉਮਰ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਸਬੰਧੀ ਬਦਲਦੀ ਵੀ ਰਹਿੰਦੀ ਹੈ। ਜਿਵੇਂ ਔਰਤਾਂ 'ਚ ਮੀਨੋਪਾਜ ਦਾ ਪਹਿਲਾ ਲੱਛਣ ਮਹਾਂਵਾਰੀ ਦਾ ਬੰਦ ਹੋ ਜਾਣਾ ਹੁੰਦਾ ਹੈ ਜਦ ਕਿ ਮਰਦਾਂ ਵਿਚ ਅਜਿਹਾ ਕੋਈ ਪੱਕਾ ਲੱਛਣ ਨਹੀਂ ਹੁੰਦਾ। ਇਸ ਹਾਲਤ (Menopause ਜਾਂ Andropause) ਦਾ ਕਾਰਨ ਔਰਤਾਂ 'ਚ ਈਸਟਰੋਜਨ ਪੱਧਰ ਦਾ ਘਟਣਾ ਤੇ ਮਰਦਾਂ 'ਚ ਟੈਸਟੋਸਟੀਰਾਨ ਪੱਧਰ ਦਾ ਘਟਣਾ ਹੁੰਦਾ ਹੈ। ਭਾਵੇਂ ਕਿ ਇਹਨਾਂ ਸੈਕਸ ਹਾਰਮੋਨ ਦੇ ਪੱਧਰ ਦਾ ਘਟਣਾ ਕਿਸੇ ਬੀਮਾਰੀ ਕਾਰਨ ਵੀ ਹੋ ਸਕਦਾ ਹੈ ਪਰ ਇਥੇ ਆਪਾਂ ਇਸ ਪੱਖ 'ਤੇ ਵਿਚਾਰ ਨਹੀਂ ਕਰਾਂਗੇ। 50 ਸਾਲ ਦੀ ਉਮਰ ਦੇ ਪਹੁੰਚਦਿਆਂ ਹੀ ਮਰਦਾਂ ਦਾ ਟੈਸਟੋਸਟਰਾਨ ਪੱਧਰ ਘਟਣਾ ਸ਼ੁਰੂ ਹੋ ਜਾਂਦਾ ਹੈ। ਇਹ ਗਿਰਾਵਟ ਹੌਲੀ-ਹੌਲੀ ਆਉਂਦੀ ਹੈ ਤੇ ਇਸ ਨੂੰ ਕਈ ਸਾਲ ਵੀ ਲੱਗ ਜਾਂਦੇ ਹਨ। ਵਿਅਕਤੀ ਦੀ ਸਰੀਰਕ ਤੇ ਮਾਨਸਿਕ ਸਥਿਤੀ ਅਨੁਸਾਰ ਗਿਰਾਵਟ ਦੀ ਰਫ਼ਤਾਰ ਹਰ ਕਿਸੇ 'ਚ ਵੱਖ-ਵੱਖ ਹੁੰਦੀ ਹੈ। ਕਿਸੇ ਬੀਮਾਰੀ ਦਾ ਹੋਣਾ, ਸ਼ਰਾਬ ਜਾਂ ਦਵਾਈਆਂ ਦੀ ਵਰਤੋਂ ਜਾਂ ਕਿਸੇ ਕਿਸਮ ਦਾ ਤਣਾਅ ਕਾਰਨ ਵੀ ਇਸ ਰਫ਼ਤਾਰ 'ਤੇ ਫ਼ਰਕ ਪੈਂਦਾ ਹੈ।

## ਲੱਛਣ

ਐਂਡਰੋਪਾਜ ਕਾਰਨ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਜਿਵੇਂ ਕਿ :

(1) ਸੈਕਸ ਸਰਗਰਮੀ 'ਚ ਦਿਲਚਸਪੀ ਦੀ ਘਾਟ

(2) ਪੱਠਿਆਂ ਦੀ ਤਾਕਤ 'ਚ ਕਮਜ਼ੋਰੀ

(3) ਮੋਟਾਪਾ

(4) ਮਾਨਸਕ ਤੇ ਵਿਹਾਰਕ ਤਬਦੀਲੀਆਂ, ਜਿਸ ਨਾਲ ਸਮਾਜਕ ਸਬੰਧਾਂ 'ਤੇ ਅਸਰ ਪੈਂਦਾ ਹੈ। ਫੁਰਤੀ 'ਚ ਘਾਟ, ਯਾਦਾਸ਼ਤ ਦਾ ਘਟਣਾ, ਦਾ ਘਟਣਾ, ਚਿੜਚਿੜਾਪਣ ਤੇ ਘਬਰਾਹਟ, ਨੀਂਦ ਉਖੜਨੀ, ਫੈਸਲਾ ਲੈਣ ਦੀ ਘਾਟ, ਦਿਲਚਸਪੀ ਤੇ ਸਵੈ-ਵਿਸ਼ਵਾਸ ਦੀ ਘਾਟ। ਇਹ ਸਭ ਲੱਛਣ ਵਧਦੀ ਉਮਰ ਕਾਰਨ ਹੁੰਦੇ ਹਨ ਤੇ ਇਸ ਦਾ ਕਾਰਨ ਹਾਰਮੋਨ ਪੱਧਰ ਦਾ ਘਟਣਾ ਹੁੰਦਾ ਹੈ। ਤੱਤ ਰੂਪ ਇਕ ਚੁਸਤ-ਫੁਰਤ ਵਿਅਕਤੀ ਇਕ ਅੰਦਰ ਹੀ ਹੁੰਦਾ ਹੈ।

(5) ਟੈਸਟੋਸਟੀਰੋਨ ਪੱਧਰ ਦੇ ਘਟਣ ਕਾਰਨ ਹੱਡੀਆਂ ਦੀ ਘਣਤਾ ਵੀ ਘਟਦੀ ਹੈ (15 ਤੋਂ 20 ਫ਼ੀਸਦੀ) ਤੇ ਇਸ ਨਾਲ ਕਮਜ਼ੋਰੀ (Osteoroposis) ਪੈਦਾ ਹੁੰਦੀ ਹੈ। ਇਸ ਕਾਰਨ ਕਮਰ ਦਰਦ ਤੇ ਛੋਟੀ ਜਿਹੀ ਸੱਟ ਨਾਲ ਹੀ ਹੱਡੀ ਦਾ ਟੁੱਟ ਜਾਣਾ ਵਰਗੀਆਂ ਸਮੱਸਿਆਵਾਂ ਉਤਪੰਨ ਹੋ ਜਾਂਦੀਆਂ ਹਨ।

(6) ਮਰਦਾਂ 'ਚ ਅੰਗਾਂ ਦੀ ਬਲੱਡ ਸਪਲਾਈ ਘਟ ਜਾਂਦੀ ਹੈ। Atherosclieosis ਹੁੰਦੈ ਐਂਡਰੋਪਾਜ ਬਾਰੇ ਅਗਿਆਨਤਾ ਹੋਣ ਕਰਕੇ ਬੀਮਾਰੀ ਦੀ ਸ਼ਨਾਖ਼ਤ 'ਚ ਕਈ ਵਾਰੀ ਦੇਰੀ ਹੋ ਸਕਦੀ ਹੈ। ਆਮ ਲੋਕਾਂ 'ਚ (ਤੇ ਡਾਕਟਰਾਂ 'ਚ ਵੀ) ਐਂਡਰੋਪਾਜ ਸਬੰਧੀ ਜਾਗਰੂਕਤਾ ਬਹੁਤ ਘੱਟ ਹੈ, ਜਿਸ ਕਾਰਨ ਬੀਮਾਰੀ ਦੀ ਨਿਸ਼ਾਨਦੇਹੀ ਸਹੀ ਨਹੀਂ ਹੁੰਦੀ। ਲੱਛਣ ਬਹੁਤ ਹੀ ਅਸਪਸ਼ਟ ਹੁੰਦੇ ਹਨ।

ਇਹ ਕੋਈ ਨਹੀਂ ਸਮੱਸਿਆ ਨਹੀਂ ਹੈ ਪਰ ਇਸ ਦੇ ਅਸਰ ਦਾ ਅਹਿਸਾਸ ਹੀ ਹੁਣ ਜਾ ਕੇ ਹੋਇਆ ਹੈ। ਅੱਜਕੱਲ੍ਹ ਟੈਸਟੋਸਟੀਰੋਨ ਪੱਧਰ ਜਾਨਣ ਲਈ ਅਨੇਕਾਂ ਲਬਾਟਰੀ ਟੈਸਟ ਮੁਹੱਈਆ ਹਨ।

ਹਾਰਮੋਨ ਰੀਪਲੇਸਮੈਂਟ ਥੈਰਪੀ (HRT) ਹੀ ਇਸ ਦਾ ਹੱਲ ਹੈ। 40 ਮਿਲੀਗ੍ਰਾਮ ਟੈਸਟੋਸਟੀਰੋਨ ਰੋਜ਼ਾਨਾ ਦਾ ਇਕ ਟੀਕਾ ਲਾਇਆ ਜਾਂਦਾ ਹੈ। ਕੈਪਸੂਲ ਤੇ skin patch ਵੀ ਆਉਂਦੇ ਹਨ। ਦਵਾਈ ਦਾ ਅਸਰ ਤਾਂ 3-4 ਹਫ਼ਤਿਆਂ ਬਾਅਦ ਹੀ ਪਤਾ ਲੱਗਦਾ ਹੈ ਤੇ ਇਹ ਇਲਾਜ ਤਾਂ ਲੰਮਾ ਸਮਾਂ ਚਲਾਉਣਾ ਪੈਂਦਾ ਹੈ। ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਪੂਰਾ ਮੈਡੀਕਲ ਚੈੱਕ-ਅੱਪ ਜ਼ਰੂਰੀ ਹੈ ਤੇ ਇਹ ਵੀ ਯਕੀਨੀ

ਕਰਨਾ ਲਾਜ਼ਮੀ ਹੈ ਕਿ ਬੰਦੇ ਨੂੰ ਕੋਈ ਹੋਰ ਬੀਮਾਰੀ ਨਹੀਂ ਹੋਣੀ ਚਾਹੀਦਾ। ਬਲੱਡ ਟੈਸਟੋਸਟੀਰੋਨ ਲੈਵਲ ਟੈਸਟ ਕਰਵਾਇਆ ਜਾਵੇ ਤੇ ਜੇ ਇਹ ਬਹੁਤ ਹੀ ਘੱਟ ਹੋਵੇ ਤਾਂ ਦਵਾਈ ਦਿੱਤੀ ਜਾਣੀ ਚਾਹੀਦੀ ਹੈ। ਪ੍ਰੋਸਟੇਟ ਕੈਂਸਰ ਵਾਲੇ ਬੰਦੇ ਨੂੰ ਇਹ ਟੈਸਟੋਸਟੀਰੋਨ ਹਾਰਮੋਨ ਨਹੀਂ ਦਿੱਤਾ ਜਾਣਾ ਚਾਹੀਦਾ। ਤੇ ਨਾ ਹੀ ਇਹ ਹਾਰਮੋਨ ਉਸ ਵਿਅਕਤੀ ਨੂੰ ਦੇਣਾ ਚਾਹੀਦਾ ਹੈ, ਜਿਸ ਨੇ ਅਜੇ ਬਾਪ ਬਣਨਾ ਹੈ ਕਿਉਂਕਿ ਇਸ ਨਾਲ ਬਾਂਝਪਣ ਪੈਦਾ ਹੋ ਸਕਦਾ ਹੈ। ਨਿਮਨਲਿਖਤ ਬੀਮਾਰੀਆਂ 'ਚ ਵੀ ਇਸ ਹਾਰਮੋਨ ਦੀ ਵਰਤੋਂ ਵਰਜਿਤ ਹੈ:

ਦਿਲ ਦੀ ਬੀਮਾਰੀ, ਸ਼ੂਗਰ ਦੀ ਬੀਮਾਰੀ, ਗੁਰਦੇ ਦੀ ਬੀਮਾਰੀ, ਜਿਗਰ ਦੀ ਬੀਮਾਰੀ, ਸਰੀਰ ਤੇ ਸੋਜ, ਅਲਰਜੀ, ਅਪਹਾਜ ਵਿਅਕਤੀ ਜੋ ਬਿਸਤਰੇ 'ਤੇ ਹੋਵੇ, ਉਹ ਲੋਕ ਜੋ ਖ਼ੂਨ ਪਤਲਾ ਕਰਨ ਦੀ ਦਵਾਈ ਲੈ ਰਹੇ ਹੋਣ ਆਦਿ।

ਸੈਕਸ ਸਰਗਰਮੀ ਦੀ ਘਾਟ, ਪੱਠਿਆਂ ਦੀ ਕਮਜ਼ੋਰੀ, ਪੇਟ ਦਾ ਮੋਟਾਪਾ, ਵਿਹਾਰ 'ਚ ਤਬਦੀਲੀ, ਨੀਂਦ ਨਾ ਆਉਣੀ, ਹੱਡੀਆਂ ਦੀ ਕਮਜ਼ੋਰੀ ਤੇ ਲੱਤਾਂ-ਬਾਹਾਂ 'ਚ ਖ਼ੂਨ ਦੀ ਸਪਲਾਈ ਦੀ ਘਾਟ।

# ਕੀ ਬਹੁ-ਕੌਮੀ ਲੁੱਟ ਦੇ ਕੇਂਦਰ ਹਨ ਵਿਸ਼ੇਸ਼ ਆਰਥਕ ਖੇਤਰ

ਪਿਛਲੀ ਸਦੀ ਦੇ ਆਖ਼ਰੀ ਹਫ਼ਤੇ 'ਚ ਨਵੀਆਂ ਆਰਥਕ ਨੀਤੀਆਂ ਦੇ ਨਾਂ 'ਤੇ ਪੂੰਜੀ ਦੀ ਜਿਸ ਖੁੱਲ੍ਹੀ ਖੇਡ ਦੀ ਛੋਟ ਸਰਕਾਰ ਨੇ ਦਿੱਤੀ ਸੀ, ਉਸ ਦੀ ਹਕੀਕਤ ਹੁਣ ਪਾਰਤੀ ਜਨਤਕ ਪਲੇਟਫ਼ਾਰਮ 'ਤੇ ਸ਼ਰੇਆਮ ਨਜ਼ਰ ਆਉਣ ਲੱਗੀ ਹੈ। ਸਰਕਾਰ ਨੇ ਕਲਿਆਣਕਾਰੀ ਰਾਜ ਹੀ ਨਹੀਂ, ਉਹਨਾਂ ਸਿਧਾਂਤਕ ਕਦਰਾਂ-ਕੀਮਤਾਂ ਨੂੰ ਵੀ ਪੂਰੀ ਤਰ੍ਹਾਂ ਵਗਾਹ ਮਾਰਿਆ ਹੈ ਜਿਸ ਦੀਆਂ ਚਮਕਦਾਰ ਪਰਤਾਂ ਵਿਚ ਸਜਾ ਕੇ ਇਹਨਾਂ ਲੋਕ-ਵਿਰੋਧੀ ਨੀਤੀਆਂ ਨੂੰ ਪੇਸ਼ ਕੀਤਾ ਗਿਆ ਸੀ। ਅਜੇ ਸਮਾਂ ਬਹੁਤਾ ਨਹੀਂ ਬੀਤਿਆ ਜਦ ਨਹਿਰੂਵਾਦੀ ਸਮਾਜਵਾਦ (ਜੋ ਆਪਣੀ ਬੁਨਿਆਦ 'ਚ ਰਾਜਕੀ ਪੂੰਜੀਵਾਦ ਸੀ) ਦੀ ਅਸਫਲਤਾ ਕਾਰਨ ਆਰਥਕ ਕ੍ਰਿਆਕਲਪ 'ਚ ਗ਼ੈਰ ਜ਼ਰੂਰੀ ਸਰਕਾਰੀ ਦਖ਼ਲ-ਅੰਦਾਜ਼ੀ ਦਸਦਿਆਂ ਬਜ਼ਾਰ ਦੀਆਂ ਤਾਕਤਾਂ ਦੀ ਖੁੱਲ੍ਹੀ ਖੇਡ ਦੀ ਵਕਾਲਤ ਕੀਤੀ ਜਾ ਰਹੀ ਸੀ ਤੇ ਇਹਨਾਂ ਤਰਕਾਂ ਨੂੰ ਮੰਨਦਿਆਂ ਹੋਇਆਂ ਪਿਛਲੇ ਡੇਢ ਦਹਾਕੇ 'ਚ ਸਾਰੀਆਂ ਸਰਕਾਰਾਂ ਨੇ ਨਿਜੀਕਰਨ ਤੇ ਮੁਕਤ ਬਜ਼ਾਰ ਦੇ ਨਾਂ 'ਤੇ ਸਿੱਖਿਆ, ਸਿਹਤ ਤੇ ਖੇਤੀ ਵਰਗੇ ਖੇਤਰਾਂ 'ਚ ਕੀਤੇ ਜਾ ਰਹੇ 'ਗ਼ੈਰ ਪੈਦਾਵਾਰੀ' ਖ਼ਰਚਿਆਂ 'ਚ ਅੰਧਾ-ਧੁੰਦ ਕਟੌਤੀਆਂ ਕੀਤੀਆਂ ਗਈਆਂ। ਪਰ ਇਹ ਸਾਰਾ ਸਿਧਾਂਤ ਸਿਰਫ਼ ਆਮ ਆਦਮੀ ਲਈ ਸੀ। ਗੱਲ ਜਦ ਆਪਣੇ ਦੁਲਾਰੇ ਪੂੰਜੀਪਤੀਆਂ ਦੀ ਆਈ ਤਾਂ ਸਰਕਾਰਾਂ ਨੇ ਰਿਆਇਤਾਂ ਆਦਿ ਦੇ ਖ਼ਜ਼ਾਨੇ ਖੋਲ੍ਹ ਦਿੱਤੇ। ਵਿਸ਼ੇਸ਼ ਆਰਥਕ ਖੇਤਰ ਇਹਨਾਂ ਹੀ ਦੋਗਲੀਆਂ ਨੀਤੀਆਂ ਦਾ ਜਾਰੀ ਰੂਪ ਹੈ।

ਇਹਨਾਂ ਖੇਤਰਾਂ ਦੀ ਸਥਾਪਨਾ ਸਬੰਧੀ ਪਹਿਲਾ ਨੀਤੀਗਤ ਐਲਾਨ ਐਨ. ਡੀ. ਏ. ਦੇ ਰਾਜ ਭਾਗ 'ਚ 2000 ਨੂੰ ਕੀਤਾ ਗਿਆ, ਜਿਸ 'ਚ ਬਰਾਮਦ ਮੁਖੀ ਅਦਾਰਿਆਂ ਨੂੰ ਕੁਝ ਖ਼ਾਸ ਸਹੂਲਤਾਂ ਦੇਣ ਦੀ ਵਿਵਸਥਾ ਸੀ। ਇਸ ਸਿਲਸਿਲੇ ਨੂੰ ਅੱਗੇ ਵਧਾਉਂਦਿਆਂ ਜੂਨ 2005 'ਚ ਯੂ. ਪੀ. ਏ. ਦੀ 'ਆਮ ਆਦਮੀ ਵਾਲੀ ਸਰਕਾਰ' ਨੇ ਸੰਸਦ 'ਚ ਵਿਸ਼ੇਸ਼ ਆਰਥਕ ਖੇਤਰ ਕਾਨੂੰਨ ਪੇਸ਼ ਕੀਤਾ ਜੋ ਬਿਨਾਂ ਕਿਸੇ ਵਿਸ਼ੇਸ਼ ਬਹਿਸ-ਵਿਚਾਰ ਦੇ ਆਮ ਸਹਿਮਤੀ ਨਾਲ ਪਾਸ ਹੋ ਗਿਆ। ਦੇਸ਼ ਦੇ ਆਰਥਕ ਵਿਕਾਸ ਦੀ ਰਫ਼ਤਾਰ ਤੇਜ਼ ਕਰਨ ਲਈ ਬਰਾਮਦ-ਮੁਖੀ ਅਦਾਰਿਆਂ ਦੀ ਪੈਦਾਵਾਰ ਨੂੰ ਉਤਸ਼ਾਹਿਤ ਕਰਨ ਹਿੱਤ ਆਜ਼ਾਦ ਵਾਤਾਵਰਨ ਮੁਹੱਈਆ ਕਰਾਉਣ ਦੇ ਨਾਂ 'ਤੇ ਇਹ

ਦਰਅਸਲ ਦੇਸੀ-ਵਿਦੇਸ਼ੀ ਸਨਅਤਕਾਰਾਂ ਨੂੰ ਰਿਓੜੀਆਂ ਵੰਡਣ ਤੇ ਕਿਸਾਨਾਂ ਤੋਂ ਬੇਹੱਦ ਸਸਤੀਆਂ ਕੀਮਤਾਂ 'ਤੇ ਜ਼ਮੀਨਾਂ ਹਾਸਲ ਕਰਨ ਦੇ ਲੋਕ-ਵਿਰੋਧੀ ਕਾਰਨਾਮਿਆਂ ਨੂੰ ਰਾਜ-ਵਿਵਸਥਾ ਦੀ ਦੇਖ-ਰੇਖ 'ਚ ਅੰਜ਼ਾਮ ਦੇਣ ਦੀ ਸ਼ਰਮਨਾਕ ਕੋਸ਼ਿਸ਼ ਹੈ। ਇਸ ਦੀ ਸਭ ਤੋਂ ਚਾਲੂ ਉਦਾਹਰਣ ਮਹਾਂਰਾਸ਼ਟਰ 'ਚ ਵੇਖੀ ਜਾ ਸਕਦੀ ਹੈ। ਸਾਰੀ ਦੁਨੀਆਂ ਨੂੰ ਮੁੱਠੀ 'ਚ ਕਰਨ ਲੈਣ ਦਾ ਸੁਪਨਾ ਵੇਖਦਿਆਂ ਰਿਲਾਇੰਸ ਕਾਫ਼ੀ ਅਰਸੇ ਤੋਂ ਨਵੀਂ ਮੁੰਬਈ ਤੋਂ ਧ੍ਰਮਾਤਰ ਬੰਦਰਗਾਹ ਵਿਚਕਾਰ ਦੀ ਲਗਭਗ 35000 ਏਕੜ ਜ਼ਮੀਨ ਖ਼ਰੀਦਣ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਦੇ ਲਈ ਉਸ ਨੇ ਤਿੰਨ ਤੋਂ ਚਾਰ ਲੱਖ ਰੁਪਏ ਪ੍ਰਤੀ ਏਕੜ ਦਾ ਪ੍ਰਸਤਾਵ ਰੱਖਿਆ ਸੀ ਜਦ ਕਿ ਜ਼ਮੀਨ ਦਾ ਬਜ਼ਾਰੂ ਭਾਅ 20 ਤੋਂ 40 ਲੱਖ ਫ਼ੀ ਏਕੜ ਹੈ। ਖ਼ੁਦ ਰਿਲਾਇੰਸ ਨੇ ਬੀਤੇ ਵਰ੍ਹੇ ਨਵੀਂ ਮੁੰਬਈ 'ਚ ਸਿਡਕੋ ਤੋਂ 450 ਹੈਕਟੇਅਰ ਜ਼ਮੀਨ 26 ਤੋਂ 40 ਲੱਖ ਰੁਪਏ ਏਕੜ ਦੇ ਹਿਸਾਬ ਨਾਲ ਖ਼ਰੀਦੀ ਸੀ। ਜ਼ਾਹਿਰ ਹੈ ਕਿ ਕਿਸਾਨਾਂ ਨੇ ਏਨੀ ਸਸਤੀ ਦਰ ਨਾਲ ਜ਼ਮੀਨ ਵੇਚਣ ਤੋਂ ਇਨਕਾਰ ਕਰ ਦਿੱਤਾ। ਪਰ ਹੁਣ ਇਸ ਥਾਂ 'ਤੇ ਵਿਸ਼ੇਸ਼ ਆਰਥਕ ਖੇਤਰ ਬਣਾਉਣ ਦਾ ਐਲਾਨ ਕਰ ਕੇ ਸਰਕਾਰ ਨੇ 45 ਪਿੰਡਾਂ ਦੀ ਜ਼ਮੀਨ ਇਕਵਾਇਰ ਕਰਨ ਦਾ ਅਮਲ ਆਰੰਭ ਕਰ ਦਿੱਤਾ ਹੈ। ਵਿਸ਼ੇਸ਼ ਆਰਥਕ ਖੇਤਰ ਦੇ ਯੋਜਨਾ ਅਧਿਕਾਰੀ ਹੋਣਗੇ ਮੁਕੇਸ਼ ਅੰਬਾਨੀ। ਯਾਨੀ ਬਜ਼ਾਰ ਦੀਆਂ ਤਾਕਤਾਂ ਦੇ ਭਰੋਸੇ ਜ਼ਮੀਨ ਹਥਿਆਉਣ 'ਚ ਨਾਕਾਮ ਅੰਬਾਨੀ ਹੁਣ ਸਰਕਾਰ ਦੀ ਮਦਦ ਨਾਲ ਉਹ ਜ਼ਮੀਨ ਕੌਡੀਆਂ ਦੇ ਭਾਅ ਲੈ ਸਕਣਗੇ। ਸੱਤਾ ਤੇ ਪੂੰਜੀ ਦਾ ਇਹ ਅਨੈਤਿਕ ਗਠਜੋੜ ਸਾਡੇ ਸਮੇਂ ਦੇ ਭੂਮੰਡਲੀਕ੍ਰਿਤ ਪੂੰਜੀਵਾਦ ਦਾ ਵਿਸ਼ੇਸ਼ ਲੱਛਣ ਹੈ।

ਵੈਸੀ ਕਹਾਣੀ ਇਸੇ ਹੀ ਖ਼ਤਮ ਨਹੀਂ ਹੁੰਦੀ। ਜ਼ਮੀਨ 'ਤੇ ਕਬਜ਼ਾ ਦਿਵਾਉਣ ਤੋਂ ਲੈ ਕੇ ਬੁਨਿਆਦੀ ਢਾਂਚਾ ਮੁਹੱਈਆ ਕਰਾਉਣ, ਉਤਪਾਦਨ ਅਮਲ ਦੇ ਹਰ ਪੱਧਰ ਅਤੇ ਫਿਰ ਬਜ਼ਾਰ ਮੁਹੱਈਆ ਕਰਾਉਣ ਤਕ ਸਰਕਾਰ ਇਹਨਾਂ ਖੇਤਰਾਂ 'ਚ ਆਉਣ ਵਾਲੇ ਉਦਮੀਆਂ ਨੂੰ ਹਰ ਸੰਭਵ ਰਿਆਇਤਾਂ ਦੇਵੇਗੀ। ਭਾਰਤ ਸਰਕਾਰ ਦੇ ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਦੀ ਧਾਰਾ 50 ਦੇ ਤਹਿਤ ਰਾਜ ਸਰਕਾਰਾਂ ਨੇ ਅਜਿਹੇ ਕਾਨੂੰਨ ਬਣਾਉਣੇ ਹੋਣਗੇ ਜਿਹਨਾਂ ਨਾਲ ਇਹਨਾਂ ਉਦਯੋਗਪਤੀਆਂ ਨੂੰ ਰਾਜ ਦੇ ਸਾਰੇ ਟੈਕਸਾਂ ਤੇ ਖ਼ਰਚਿਆਂ ਤੋਂ ਛੋਟ ਮਿਲ ਸਕੇ ਅਤੇ ਸਥਾਨਕ ਪ੍ਰਸ਼ਾਸਨ ਤੋਂ ਸਾਰੇ ਅਧਿਕਾਰ ਖੋਹ ਕੇ ਖੇਤਰ ਦੇ ਵਿਕਾਸ ਆਯੁਕਤ ਨੂੰ ਥਾਪਿਆ ਜਾ ਸਕੇ। ਇਹ ਖੇਤਰ ਅਗਲੇ 15 ਸਾਲਾਂ ਤਕ ਸਾਰੇ ਟੈਕਸਾਂ ਤੋਂ ਮੁਕਤ ਰਹਿਣਗੇ, ਜਿਸ 'ਚ ਪੰਜਾ ਸਾਲਾਂ ਤਕ ਆਮਦਨ ਟੈਕਸ ਤੋਂ ਸੱਤ ਪ੍ਰਤੀਸ਼ਤ ਛੋਟ ਅਤੇ ਮਾਰਚ 2009 ਤਕ ਦਰਾਮਦ ਲਾਭਾਂ 'ਤੇ ਵੀ ਸੱਤ ਪ੍ਰਤੀਸ਼ਤ ਛੋਟ ਸ਼ਾਮਲ ਹੈ। ਇਹੀ ਨਹੀਂ, ਇਸ ਧਾਰਾ ਦੀ ਉਪਧਾਰਾ 2 'ਚ ਖੇਤਰ ਦੇ ਅੰਦਰ ਹੋਣ ਵਾਲੀ ਜਾਇਦਾਦ ਦੀ ਖ਼ਰੀਦੋ-ਫ਼ਰੋਖ਼ਤ ਨੂੰ ਸਟੈਂਪ ਡਿਊਟੀ ਤੋਂ ਮੁਕਤ ਰੱਖਿਆ ਗਿਆ ਹੈ। ਧਾਰਾ 5 ਦੇ ਤਹਿਤ ਬਿਜਲੀ ਵੰਡ, ਪੈਦਾਵਾਰ, ਸੰਚਾਲਣ ਜਾਂ ਉਪਭੋਗ ਕਿਸੇ ਵੀ ਟੈਕਸ ਤੋਂ ਮੁਕਤ ਹੈ ਤਾਂ ਨਿਯਮ 12 ਦੇ ਤਹਿਤ ਵਸਤੂਆਂ ਦੀ ਦਰਾਮਦ ਵੀ ਸਭ ਟੈਕਸਾਂ ਤੋਂ ਮੁਕਤ ਹੋਣਗੇ। ਇਹਨਾਂ ਖੇਤਰਾਂ 'ਚ

ਕਿਸੇ ਪ੍ਰਕਾਰ ਦੇ ਸੇਵਾ ਟੈਕਸਾਂ ਦੀ ਵੀ ਵਿਵਸਥਾ ਨਹੀਂ ਹੋਵੇਗੀ। ਇਸ ਤੋਂ ਇਲਾਵਾ ਇਹਨਾਂ ਖੇਤਰਾਂ 'ਚ ਕਿਰਤ ਕਾਨੂੰਨਾਂ 'ਚ ਵੀ ਢਿੱਲ ਦਿੱਤੇ ਜਾਣ ਦੀ ਵਿਵਸਥਾ ਹੈ।

ਜਦ ਤਕ ਇਹ ਯੋਜਨਾ ਸੰਸਦ ਦੀ ਚਾਰ-ਦੀਵਾਰੀ ਅੰਦਰ ਕਾਗ਼ਜ਼ਾਂ 'ਚ ਕੈਦ ਸੀ, ਤਦ ਤਕ ਤਾਂ ਕਿਤੇ ਕੋਈ ਖ਼ਾਸ ਵਿਰੋਧ ਨਜ਼ਰ ਨਹੀਂ ਆਇਆ। ਮੁੱਖ ਧਾਰਾ ਦੀਆਂ ਸਾਰੀਆਂ ਰਾਜਸੀ ਤਾਕਤਾਂ ਵਿਚਕਾਰ ਨਵੀਆਂ ਆਰਥਕ ਨੀਤੀਆਂ 'ਤੇ ਆਮ ਸਹਿਮਤੀ ਦੇ ਮੱਦੇਨਜ਼ਰ ਇਹ ਸੁਭਾਵਿਕ ਹੀ ਸੀ ਪਰ ਜ਼ਮੀਨ 'ਤੇ ਲਾਗੂ ਹੁੰਦਿਆਂ ਹੀ ਪੂਰੇ ਦੇਸ਼ 'ਚ ਸ਼ੋਰ ਮੱਚ ਗਿਆ। ਮਹਾਂਰਾਸ਼ਟਰ, ਹਰਿਆਣਾ, ਉਤਰ ਪ੍ਰਦੇਸ਼, ਕਰਨਾਟਕ, ਉੜੀਸਾ, ਪੱਛਮੀ ਬੰਗਾਲ, ਹਰ ਕੋਨੇ ਤੋਂ ਕਿਸਾਨਾਂ ਤੇ ਲੋਕ-ਪੱਖੀ ਬੁੱਧੀਜੀਵੀਆਂ ਦੇ ਵਿਰੋਧ ਦੀਆਂ ਆਵਾਜ਼ਾਂ ਉੱਠਣ ਲੱਗੀਆਂ ਤਾਂ ਕੁਝ ਰਾਜਸੀ ਪਾਰਟੀਆਂ ਖੱਬੇ ਪੱਖੀ ਸੰਸਦੀ ਕਲਾਕਾਰਾਂ ਨੇ ਵੀ ਸੁਰ ਨਾਲ ਸੁਰ ਮਿਲਾਉਣਾ ਸ਼ੁਰੂ ਕਰ ਦਿੱਤਾ। ਇਹਨਾਂ ਖੇਤਰਾਂ ਦੇ ਵਿਰੋਧ ਦੀ ਪਹਿਲ ਸਭ ਤੋਂ ਪਹਿਲਾਂ ਉਹਨਾਂ ਕਿਸਾਨਾਂ ਨੇ ਕੀਤੀ, ਜਿਹਨਾਂ ਦੀ ਖੇਤੀ ਯੋਗ ਭੂਮੀ ਮਾਮੂਲੀ ਮੁਆਵਜ਼ੇ ਬਦਲੇ ਹੜੱਪੀ ਜਾ ਰਹੀ ਹੈ। ਨਵੰਬਰ 2006 ਤਕ ਸਰਕਾਰ ਦੇਸ਼ ਭਰ 'ਚ 212 ਵਿਸ਼ੇਸ਼ ਆਰਥਕ ਖੇਤਰਾਂ ਦੀ ਉਸਾਰੀ ਦੀ ਮਨਜ਼ੂਰੀ ਦੇ ਚੁੱਕੀ ਹੈ। ਇਹਨਾਂ ਖੇਤਰਾਂ ਲਈ 10 ਹੈਕਟੇਅਰ ਤੋਂ ਲੈ ਕੇ (ਸੂਚਨਾ ਤਕਨਾਲੋਜੀ, ਬਾਇਓ ਤਕਨਾਲੋਜੀ ਤੇ ਗ਼ੈਰ ਰਵਾਇਤੀ ਊਰਜਾ ਖੇਤਰਾਂ ਲਈ) 1000 ਹੈਕਟੇਅਰ (ਬਹੁ ਉਤਪਾਦ ਖੇਤਰਾਂ ਲਈ) ਭੂਮੀ ਦੀ ਲੋੜ ਹੋਵੇਗੀ। ਇਸ ਤਰ੍ਹਾਂ ਇਹਨਾਂ ਖੇਤਰਾਂ ਲਈ ਪ੍ਰਸਤਾਵਿਤ ਕੁਲ ਖੇਤਰ ਲਗਭਗ 40000 ਹੈਕਟੇਅਰ ਦੇ ਆਸ ਪਾਸ ਹੈ। ਜਿਸ ਵਿਚ ਖੇਤੀ ਯੋਗ ਸਿੰਚਿਤ ਭੂਮੀ ਹੈ। ਵੁਦਾਹਰਣ ਲਈ ਹੁਣ ਤਕ ਪ੍ਰਸਤਾਵਿਤ ਸਭ ਤੋਂ ਵੱਡੇ ਵਿਸ਼ੇਸ਼ ਆਰਥਕ ਖੇਤਰ ਲਈ ਹਰਿਆਣਾ 'ਚ ਗੜ੍ਹੀ ਹਰਸਾਰੂ ਤੋਂ ਇਝਰ ਵਿਚਕਾਰ ਦਿੱਤੀ ਜਾ ਰਹੀ ਜ਼ਮੀਨ ਖੇਤੀ ਯੋਗ, ਸਿੰਚਿਤ ਤੇ ਦੋ-ਫਸਲੀ ਹੈ। ਜਿਸ ਦੀ ਪੈਦਾਵਾਰ ਨਾਲ ਲਗਭਗ 2.4 ਲੱਖ ਲੋਕ ਆਸ਼ਰਿਤ ਹਨ। ਇਸ ਤਰ੍ਹਾਂ ਉੜੀਸਾ ਵਿਚ ਜਗਤਸਿੰਘ ਪੁਰ ਜ਼ਿਲੇ ਦੇ ਪਾਸਕੋ ਦੇ ਸਟੀਲ ਪਲਾਂਟ ਹਿਤ ਪ੍ਰਸਤਾਵਿਤ 1000 ਹੈਕਟੇਅਰ ਜ਼ਮੀਨ ਤੇ ਮਹਾਂਰਾਸ਼ਟਰ ਵਿਚ ਦਿੱਤੀ ਜਾ ਰਹੀ ਜ਼ਮੀਨ ਵੀ ਇਸੇ ਸ਼੍ਰੇਣੀ ਵਿਚ ਆਉਂਦੀ ਹੈ।

ਵਿਸ਼ੇਸ਼ ਆਰਥਕ ਖੇਤਰ ਕਾਨੂੰਨ ਦੇ ਤਹਿਤ ਉਦਯੋਗਪਤੀਆਂ ਨੂੰ ਸਸਤੀ ਜ਼ਮੀਨ ਮੁਹੱਈਆ ਕਰਾਉਣ ਲਈ ਪ੍ਰਤੀਬੱਧ ਰਾਜ ਸਰਕਾਰਾਂ ਪੁਲਸੀਆ ਜ਼ੋਰ ਨਾਲ ਇਹਨਾਂ ਨੂੰ ਇਕਵਾਇਰ ਕਰ ਰਹੀਆਂ ਹਨ। ਜਿਥੋਂ ਤਕ ਮੁਆਵਜ਼ੇ ਤੇ ਮੁੜ ਵਸੇਬੇ ਦਾ ਸੁਆਲ ਹੈ ਤਾਂ ਸਰਕਾਰ ਸਰੋਵਰ ਪ੍ਰੀਯੋਜਨਾਂ ਦੇ ਸਾਰੀਆਂ ਯੋਜਨਾਵਾਂ ਲਈ ਜ਼ਮੀਨ ਤੋਂ ਬੇਦਖ਼ਲੀ ਕਿਸਾਨਾਂ ਦੇ ਮੁੜ ਵਸੇਬੇ ਦੇ 'ਸ਼ਾਨਦਾਰ' ਰਿਕਾਰਡ ਦੇ ਮੱਦੇ-ਨਜ਼ਰ ਇਹਨਾਂ ਯੋਜਨਾਵਾਂ ਦੇ ਅੰਜ਼ਾਮ ਦਾ ਅੰਦਾਜ਼ਾ ਆਸਾਨੀ ਨਾਲ ਲਾਇਆ ਜਾ ਸਕਦਾ ਹੈ। ਵੈਸੇ ਇਹ ਹਕੀਕਤ ਤਾਂ ਸਰਕਾਰ ਵੀ ਮੰਨ ਰਹੀ ਹੈ। ਡਰ ਹੈ ਕਿ ਕੌਡੀਆਂ ਦੇ ਭਾਅ ਜ਼ਮੀਨ ਇਕਵਾਇਰ ਕਰ ਕੇ ਇਹ ਭੂਮੀ ਸਨਅਤਕਾਰਾਂ ਨੂੰ ਦਿੱਤੀ ਜਾਵੇਗੀ।

ਇਸ ਜ਼ਮੀਨ ਦਾ 25 ਫ਼ੀਸਦੀ ਹੀ ਉਤਪਾਦਨ ਲਈ ਵਰਤਿਆ ਜਾਵੇਗਾ, ਬਾਕੀ 75 ਫ਼ੀਸਦੀ 'ਤ ਕਾਨੂੰਨੀ ਤੌਰ 'ਤੇ ਇਮਾਰਤਾਂ ਦੀ ਉਸਾਰੀ, ਮਲਟੀਪਲੈਕਸ ਮਾਲ, ਗੌਲਫ਼ ਕੋਰਸ ਵਰਗੀ ਉਸਾਰੀ ਕੀਤੀ ਜਾ ਸਕੇਗੀ। ਅਜਿਹੀ ਹਾਲਤ 'ਚ ਸਰਕਾਰ ਦੀ ਨੀਅਤ 'ਤੇ ਸੁਆਲ ਉੱਠਣੇ ਲਾਜ਼ਮੀ ਹਨ।

ਅਜੇ ਤਕ ਵਿਕਸਤ ਕੀਤੇ ਜਾ ਰਹੇ ਬਹੁਤੇ ਵਿਸ਼ੇਸ਼ ਆਰਥਕ ਖੇਤਰ ਮਹਾਂਨਗਰਾਂ ਦੀਆਂ ਕਰੀਬ ਅਜਿਹੀਆਂ ਥਾਵਾਂ 'ਤੇ ਹਨ ਜਿਥੇ ਉੱਚ ਪੱਧਰੀ ਬੁਨਿਆਦੀ ਸਹੂਲਤਾਂ ਪਹਿਲਾਂ ਹੀ ਮੁਹੱਈਆ ਹਨ। ਕੁਝ 212 'ਚੋਂ 10 ਵਿਸ਼ੇਸ਼ ਆਰਥਕ ਖੇਤਰ ਪ੍ਰਚਲਣ ਦੀ ਸਥਿਤੀ ਵਿਚ ਹਨ। ਆਖ਼ਰ ਇਹਨਾਂ ਉਦਯੋਗਪਤੀਆਂ ਦੀ ਦਿਲਚਸਪੀ ਸ਼ਹਿਰਾਂ ਪਾਸ ਵਾਲੀ ਜ਼ਮੀਨ 'ਚ ਹੀ ਕਿਉਂ ਹੈ ? ਸਪਸ਼ਟ ਹੈ ਕਿ ਇਹਨਾਂ ਥਾਵਾਂ 'ਤੇ ਪਹਿਲਾਂ ਤੋਂ ਮੁਹੱਈਆ ਉੱਚ-ਪੱਧਰੀ ਬੁਨਿਆਦੀ ਸਹੂਲਤਾਂ ਦੇ ਚੱਲਦਿਆਂ ਇਕ ਪਾਸੇ ਉਹਨਾਂ ਨੂੰ ਇਸ ਮੱਦੇ 'ਚ ਕੋਈ ਖ਼ਰਚਾ ਨਹੀਂ ਕਰਨਾ ਪਵੇਗਾ, ਦੂਜੇ ਪਾਸੇ ਇਸ ਭੂਮੀ ਦਾ ਵੱਡਾ ਹਿੱਸਾ 'ਰਾਇਲ ਸਟੇਟ' ਵਾਂਗੂੰ ਵਿਕਸਤ ਕਰ ਕੇ ਅੰਧਾ-ਧੁੰਧ ਕਮਾਈ ਕੀਤੀ ਜਾ ਸਕੇਗੀ। ਭਵਿੱਖ 'ਚ ਜੇ ਇਹ ਉਦਯੋਗ ਅਸਫਲ ਵੀ ਹੋ ਜਾਂਦੇ ਹਨ (ਜਾਂ ਕਰ ਦਿੱਤੇ ਜਾਂਦੇ ਹਨ) ਤਾਂ ਉਹਨਾਂ ਜ਼ਮੀਨਾਂ ਨੂੰ ਵੇਚ ਕੇ ਜਾਂ ਫਿਰ ਉਹਨਾਂ 'ਤੇ ਉਸਾਰੀ ਕਰ ਕੇ ਬੇਤਹਾਸ਼ਾ ਧਨ ਕਮਾਇਆ ਜਾ ਸਕੇਗਾ। ਗੁਜਰਾਤ ਤੇ ਮੁੰਬਈ ਵਰਗੀਆਂ ਕਈ ਥਾਵਾਂ 'ਤੇ ਜ਼ਬਰਦਸਤੀ ਤਾਲਾਬੰਦੀ ਕਰ ਜ਼ਮੀਨਾਂ ਦੀ ਇਸ ਕਿਸਮ ਦੀ ਵਰਤੋਂ ਪਹਿਲਾਂ ਹੀ ਵੇਖੀ ਜਾ ਚੁੱਕੀ ਹੈ।

ਸੱਚ ਇਹ ਹੈ ਕਿ ਵਿਸ਼ੇਸ਼ ਆਰਥਕ ਖੇਤਰ ਜਾਂ ਅਜਿਹੇ ਮੁੱਦਿਆਂ 'ਤੇ ਅੱਡ-ਅੱਡ ਲੜਾਈ ਨਹੀਂ ਲੜੀ ਜਾ ਸਕਦੀ। ਨਵੀਂ ਆਰਥਕ ਨੀਤੀ ਤੇ ਪੂੰਜੀਵਾਦ ਖ਼ਿਲਾਫ਼ ਵਿਆਪਕ ਸੰਘਰਸ਼ ਦੇ ਰੂਪ 'ਚ ਹੀ ਇਹ ਲੜਾਈ ਜਿੱਤੀ ਜਾ ਸਕਦੀ ਹੈ। ਕੀ ਤੁਸੀਂ ਇਸ ਲਈ ਤਿਆਰ ਹੋ ?

# ਵਿਸ਼ੇਸ਼ ਆਰਥਕ ਜ਼ੋਨ—ਸਰਮਾਏਦਾਰਾਂ ਲਈ ਖੁੱਲ੍ਹੀ ਚਰਾਂਦ ਤੇ ਲੋਕਾਂ ਲਈ ਫੰਦਾ

ਨੱਬੇ ਦੇ ਦਹਾਕੇ ਦੇ ਸ਼ੁਰੂ 'ਚ ਆਰਥਕ ਸੰਕਟ ਦੌਰਾਨ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾਕੋਸ਼ ਵੱਲੋਂ ਨਿਰਧਾਰਿਤ ਨਵੀਂ ਆਰਥਕ ਨੀਤੀ ਦੇ ਤਹਿਤ ਸਾਡੇ ਦੇਸ਼ 'ਚ ਨਵ-ਉਦਾਰੀਕਰਣ ਦਾ ਅਮਲ ਸ਼ੁਰੂ ਹੋਇਆ। ਵਿਸ਼ਵੀਕਰਨ, ਨਿਜੀਕਰਨ ਤੇ ਢਾਂਚਾ ਢਲਾਈ ਯੋਜਨਾ 'ਤੇ ਤੇਜ਼ੀ ਨਾਲ ਅਮਲ ਸ਼ੁਰੂ ਹੋਇਆ। ਸੰਕਟ ਦੇ ਦੌਰ 'ਚੋਂ ਗੁਜ਼ਰ ਰਹੀ ਅਰਥ-ਵਿਵਸਥਾ ਦੀਆਂ ਸਾਰੀਆਂ ਮਰਜ਼ਾਂ ਦਾ ਇਕ ਇਲਾਜ ਨਵ-ਉਦਾਰਵਾਦੀ ਅਰਥ-ਸ਼ਾਸਤਰੀਆਂ ਅਨੁਸਾਰ ਨਿਜੀਕਰਣ ਸੀ। ਉਹਨਾਂ ਦੀ ਮੰਗ ਸੀ ਕਿ ਆਰਥਕ ਵਿਕਾਸ ਦੀ ਅਗਵਾਈ ਨਿਜੀ ਖੇਤਰ 'ਤੇ ਛੱਡ ਦੇਣੀ ਚਾਹੀਦੀ ਹੈ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਖ਼ੁਦ ਨੂੰ ਸਿਰਫ਼ ਪ੍ਰਸ਼ਾਸਨ ਅਤੇ ਅੰਦਰੂਨੀ ਤੇ ਬਾਹਰੀ ਸੁਰੱਖਿਆ ਤਕ ਸੀਮਤ ਰਖੇ। ਸਰਕਾਰ ਦਾ ਇਕ ਕੰਮ ਇਹ ਵੀ ਹੋਣਾ ਚਾਹੀਦਾ ਹੈ ਕਿ ਉਹ ਨਿਜੀ ਖੇਤਰ ਨੂੰ ਸੁਰੱਖਿਆ ਮੁਹੱਈਆ ਕਰੇ, ਉਹਨਾਂ ਦੇ ਰਾਹ ਵਿਚ ਆਉਣ ਵਾਲੇ ਅੜਿੱਕਿਆਂ ਨੂੰ ਦੂਰ ਕਰੇ ਤੇ ਉਹਨਾਂ ਦੇ ਮੁਨਾਫ਼ੇ ਦੀ ਦਰ ਦੇ ਵਾਧੇ ਵਿਚ ਸਹਾਇਤਾ ਮੁਹੱਈਆ ਕਰੇ। ਵਿਸ਼ਵ ਬੈਂਕ ਦੇ ਇਹਨਾਂ ਹੀ ਦਿਸ਼ਾ-ਨਿਰਦੇਸ਼ਾਂ 'ਤੇ ਅਮਲ ਕਰਦਿਆਂ ਹਾਕਮ ਜਮਾਤ ਦੀਆਂ ਪਾਰਟੀਆਂ ਦੀਆਂ ਸਾਰੀਆਂ ਸਰਕਾਰਾਂ ਨੇ ਨਿਜੀਕਰਣ ਦੀਆਂ ਨੀਤੀਆਂ ਨੂੰ ਦੱਬ ਕੇ ਅੱਗੇ ਵਧਾਇਆ। ਇਕ ਪਾਸੇ ਉਤਪਾਦਕ ਖ਼ਰਚਿਆਂ ਦੇ ਲਾਂ 'ਤੇ ਲੋਕ-ਕਲਿਆਣ ਦੀਆਂ ਮੱਦਾਂ 'ਚ ਦੱਬ ਕੇ ਜਾਂ ਰੱਜ ਕੇ ਕਟੌਤੀ ਕੀਤੀ ਤਾਂ ਦੂਜੇ ਪਾਸੇ ਬਜ਼ਾਰ ਦੀਆਂ ਸ਼ਕਤੀਆਂ ਨੂੰ ਨਾ ਸਿਰਫ਼ ਖੁਲ੍ਹ ਕੇ ਖੇਡਣ ਦਾ ਮੌਕਾ ਦਿੱਤਾ ਬਲਕਿ ਦੇਸੀ ਅਜ਼ਾਰੇਦਾਰ ਪੂੰਜੀਪਤੀਆਂ ਤੇ ਵਿਦੇਸ਼ੀ ਕਾਰਪੋਰੇਟ ਤੇ ਬਹੁ-ਕੌਮੀ ਕੰਪਨੀਆਂ ਦੇ ਹੱਕ 'ਚ ਭਾਰੀ ਫੇਰ-ਬਦਲ ਕੀਤੇ ਗਏ। ਇੰਨਾ ਹੀ ਨਹੀਂ, ਪਿਛਲੇ 55 ਸਾਲਾਂ ਦੀ ਆਮ ਜਨਤਾ ਦੀ ਗਾੜ੍ਹੀ ਕਮਾਈ ਨਾਲ ਖੜੇ ਕੀਤੇ ਗਏ ਜਨਤਕ ਖੇਤਰ ਦੇ ਉਦਯੋਗਾਂ ਨੂੰ ਕੌਡੀਆਂ ਦੇ ਭਾਅ ਇਹਨਾਂ ਨੂੰ ਸੌਂਪਣਾ ਸ਼ੁਰੂ ਕਰ ਦਿੱਤਾ ਗਿਆ। ਇਸ ਪ੍ਰਸੰਗ 'ਚ ਜੋ ਵੀ ਰਾਜਸੀ ਪਾਰਟੀ ਜਾਂ ਗਠਜੋੜ ਹਕੂਮਤ ਵਿਚ ਆਇਆ, ਉਸ ਨੇ ਪਿਛਲੀ ਸਰਕਾਰ ਦੇ ਮੁਕਾਬਲੇ ਅਤੇ ਇਕ ਕਦਮ ਅੱਗੇ ਵਧ ਕੇ ਦੇਸੀ-ਵਿਦੇਸ਼ੀ ਲੁਟੇਰਿਆਂ ਨੂੰ ਸਹੂਲਤਾਂ ਦਿੱਤੀਆਂ।

ਸੰਨ 2004 ਵਿਚ ਕਾਂਗਰਸ ਪਾਰਟੀ ਦੀ ਅਗਵਾਈ 'ਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਸਮੇਤ ਸਾਰੇ ਖੱਬੇ ਪੱਖੀ ਫਰੰਟ ਦੀ ਹਮਾਇਤ ਨਾਲ ਸਪ੍ਰੰਗ ਸਰਕਾਰ ਗਠਿਤ ਹੋਈ। ਜਿਸ ਵੱਲੋਂ ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਪਾਸ ਕੀਤਾ ਗਿਆ। ਇਸ ਕਾਰੇ ਵਪਾਰ ਤੇ ਉਦਯੋਗ ਮੰਤਰੀ ਕਮਲ ਨਾਥ ਨੇ ਐਲਾਨ ਕੀਤਾ ਸੀ ਕਿ ਇਹ ਕਾਨੂੰਨ ਬੁਨਿਆਦੀ ਢਾਂਚੇ ਦੇ ਨਿਰਮਾਣ ਹਿੱਤ ਬਣਾਇਆ ਗਿਆ ਹੈ, ਜਿਸ ਦੇ ਤਹਿਤ ਨਾ ਸਿਰਫ਼ ਸੜਕਾਂ, ਹਵਾਈ ਅੱਡਿਆਂ ਤੇ ਬੰਦਰਗਾਹਾਂ ਦੀ ਉਸਾਰੀ ਹੋਵੇਗੀ ਬਲਕਿ ਕੰਮ ਦੇ ਠਿਕਾਣਿਆਂ ਜਿਵੇਂ ਸੂਚਨਾ ਤਕਨਾਲੋਜੀ ਪਾਰਕ ਤੇ ਉਦਯੋਗਿਕੀ ਪਾਰਕਾਂ ਦੀ ਉਸਾਰੀ ਹੋਵੇਗੀ। ਇਹਨਾਂ ਵਿਚ ਰਹਿਣ ਤੇ ਮਨੋਰੰਜਨ ਦੀ ਵੀ ਸਹੂਲਤ ਹੋਵੇਗੀ।

ਪੁਰਾਣੇ ਮੁਕਤ ਵਪਾਰ ਖੇਤਰ (ਫ਼੍ਰੀ ਟ੍ਰੇਡ ਜ਼ੋਨ) ਵਾਂਗੂੰ ਵਿਸ਼ੇਸ਼ ਆਰਥਕ ਖੇਤਰ ਵੀ ਵਿਦੇਸ਼ੀ ਬਹੁ-ਰਾਸ਼ਟਰੀ ਤੇ ਦੇਸੀ ਦਲਾਲ ਕਾਰਪੋਰੇਟ ਘਰਾਣਿਆਂ ਵਾਂਗੂੰ ਹਰ ਕਿਸਮ ਦੀ ਸਹੂਲਤ ਦਿਤੇ ਜਾਣ ਵਾਲੇ ਖੇਤਰ ਹੋਣਗੇ। ਇਥੇ ਇਹਨਾਂ ਤੋਂ ਕਿਸੇ ਕਿਸਮ ਦਾ ਕੋਈ ਟੈਕਸ ਨਹੀਂ ਲਿਆ ਜਾਵੇਗਾ। ਭਾਰਤ ਸਰਕਾਰ ਦੇ ਇਸ ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਦੀ ਧਾਰਾ 50 ਤਹਿਤ ਰਾਜ ਸਰਕਾਰਾਂ ਨੂੰ ਅਜਿਹੇ ਕਾਨੂੰਨ ਬਣਾਉਣੇ ਹੋਣਗੇ ਜਿਹਨਾਂ ਨਾਲ ਇਹਨਾਂ ਉਦਯੋਗਪਤੀਆਂ ਨੂੰ ਰਾਜ ਦੇ ਸਾਰੇ ਟੈਕਸਾਂ ਤੋਂ ਛੋਟ ਮਿਲ ਸਕੇ। ਇਸ ਛੋਟ ਲਈ ਕੋਈ ਸਮਾਂ ਸੀਮਾ ਨਿਰਧਾਰਿਤ ਨਹੀਂ ਹੈ। ਇਸ ਕਾਨੂੰਨ ਦੇ ਤਹਿਤ ਇਹਨਾਂ ਉਦਯੋਗਾਂ ਨੂੰ ਦਰਾਮਦ, ਬਰਾਮਦ 'ਤੇ ਲੱਗਣ ਵਾਲੇ ਸਾਰੇ ਟੈਕਸਾਂ ਤੋਂ ਮੁਕਤ ਰੱਖਿਆ ਜਾਵੇਗਾ। ਇਹੀ ਨਹੀਂ, ਇਸ ਧਾਰਾ ਦੀ ਉਪ-ਧਾਰਾ 2 ਵਿਚ ਖੇਤਰ ਦੇ ਅੰਦਰ ਹੋਣ ਵਾਲੀ ਜਾਇਦਾਦ ਦੀ ਖ਼ਰੀਦੋ-ਫ਼ਰੋਖ਼ਤ ਨੂੰ ਸਟੈਂਪ ਡਿਊਟੀ ਤੋਂ ਮੁਕਤ ਰੱਖਿਆ ਗਿਆ ਹੈ। ਧਾਰਾ 5 ਦੇ ਤਹਿਤ ਬਿਜਲੀ ਵੰਡ, ਉਤਪਾਦਨ ਸੰਚਾਲਨ ਤੇ ਉਪਭੋਗ ਨੂੰ ਕਿਸੇ ਵੀ ਕਰ ਤੇ ਟੈਕਸ ਦੇ ਭਾਰ ਤੋਂ ਮੁਕਤ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਇਹਨਾਂ ਖੇਤਰਾਂ ਵਿਚ ਭਾਰਤ ਦੇ ਕਿਰਤ ਕਾਨੂੰਨ ਵੀ ਲਾਗੂ ਨਹੀਂ ਹੋਣਗੇ, ਜਦ ਚਾਹੋ ਮਜ਼ਦੂਰਾਂ ਨੂੰ ਨੌਕਰੀਓਂ ਕੱਢਿਆ ਜਾ ਸਕੇਗਾ। ਉਹਨਾਂ ਦੀ ਰਾਖੀ ਲਈ ਬਣੇ ਕਾਨੂੰਨ ਇਥੇ ਪ੍ਰਭਾਵਸ਼ਾਲੀ ਨਹੀਂ ਹੋਣਗੇ। ਸੇਜ਼—SEZ (ਸਪੈਸ਼ਨ ਇਕਨਾਮਿਕ ਜ਼ੋਨ) ਦੀਆਂ ਪੈਦਾਵਾਰੀ ਇਕਾਈਆਂ ਨੂੰ ਪੰਜ ਸਾਲਾਂ ਤਕ ਕਿਸੇ ਕਿਸਮ ਦਾ ਟੈਕਸ ਨਹੀਂ ਦੇਣਾ ਹੋਵੇਗਾ। ਫਿਰ ਅਗਲੇ ਪੰਜ ਸਾਲਾਂ ਤਕ ਸਿਰਫ਼ 50 ਫ਼ੀਸਦੀ ਟੈਕਸ ਦੇਣੇ ਹੋਣਗੇ। ਮੁਨਾਫ਼ੇ ਦਾ ਨਿਵੇਸ਼ ਕਰਕੇ ਜੋ ਇਕਾਈਆਂ ਬਣਨਗੀਆਂ, ਉਹਨਾਂ ਨੂੰ ਦਸ ਸਾਲ ਲੰਘ ਜਾਣ ਪਿੱਛੋਂ ਵੀ ਟੈਕਸ ਨਹੀਂ ਦੇਣੇ ਪੈਣਗੇ। ਇਸ ਤੋਂ ਇਲਾਵਾ ਵਿਸ਼ੇਸ਼ ਆਰਥਕ ਖੇਤਰ ਦਾ ਵਿਕਾਸ ਕਰਨ ਵਾਲਿਆਂ ਨੂੰ ਵੀ ਦਸ ਸਾਲ ਤਕ ਕੋਈ ਟੈਕਸ ਨਹੀਂ ਦੇਣਾ ਪਵੇਗਾ। ਦਸ ਸਾਲ ਬਾਅਦ ਵਿਕਾਸ ਕਰਨ ਵਾਲਿਆਂ ਨੂੰ ਕੁਝ ਬਚਣਾ ਹੀ ਨਹੀਂ, ਅਰਥਾਤ ਇਹਨਾਂ ਖੇਤਰਾਂ ਦੇ ਨਿਰਮਾਤਾਵਾਂ ਨੂੰ ਕਿਸੇ ਪ੍ਰਕਾਰ ਦਾ ਟੈਕਸ

ਕਦੀ ਦੇਣਾ ਹੀ ਨਹੀਂ ਪੈਣਾ। ਸੰਖੇਪ 'ਚ ਇਹ ਵਿਸ਼ੇਸ਼ ਆਰਥਕ ਖੇਤਰ ਦੇਸੀ ਤੇ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਲਈ ਪੇਂਡੂ ਜਨਤਾ ਦੀ ਕੀਮਤ 'ਤੇ ਸਵਰਗ ਸਾਬਤ ਹੋਣਗੇ।

ਪੀ. ਚਿਦੰਬਰਮ ਦੇ ਵਿੱਤ ਮੰਤਰਾਲੇ ਨੇ ਵੀ ਇਹ ਮੰਨਿਆ ਹੈ ਕਿ ਕਮਲ ਨਾਥ ਐਂਡ ਕੰਪਨੀ ਵੱਲੋਂ ਜਿਸ ਤਰ੍ਹਾਂ ਵਿਸ਼ੇਸ਼ ਆਰਥਕ ਖੇਤਰਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਉਸ ਨਾਲ 2010 ਤਕ 160000 ਕਰੋੜ ਰੁਪਏ ਦੇ ਰੈਵੇਨਿਊ ਦੀ ਹਾਨੀ ਹੋਵੇਗੀ। ਹਾਲਾਂ ਕਿ ਵਪਾਰ ਮੰਤਰਾਲੇ ਇਸ ਤੋਂ ਇਹ ਕਹਿ ਕੇ ਇਨਕਾਰ ਕਰ ਰਿਹਾ ਹੈ ਕਿ ਇਹਨਾਂ ਖੇਤਰਾਂ ਦੇ ਵਿਕਸਤ ਹੋ ਜਾਣ ਪਿੱਛੋਂ ਬੇਹੱਦ ਜ਼ਿਆਦਾ ਨਿਵੇਸ਼ ਹੋਣਗੇ ਤੇ ਲੱਖਾਂ ਰੋਜ਼ਗਾਰ ਪੈਦਾ ਹੋਣਗੇ। ਪਰ ਇਸ ਤਰਕ ਦੇ ਕੋਈ ਠੋਸ ਸਬੂਤ ਨਹੀਂ ਹਨ। ਜੋ ਵੀ ਤਰਕ ਚੀਨ ਵਰਗੇ ਦੂਜੇ ਦੇਸ਼ਾਂ 'ਚ ਮੁਹੱਈਆ ਹਨ, ਉਹ ਕਮਲ  ਨਾਥ ਦੀਆਂ ਗੱਲਾਂ ਨੂੰ ਵੈਸੇ ਵੀ ਹਵਾਈ ਦਾਅਵਾ ਹੀ ਸਾਬਤ ਕਰਦੇ ਹਨ, ਜਿਹੇ ਜਿਹੇ ਦਾਅਵੇ ਉਹਨਾਂ ਨੇ ਵਿਸ਼ਵ ਵਪਾਰ ਸੰਗਠਨ ਸਮੇਂ ਦਸਖ਼ਤ ਕਰਦਿਆਂ ਦਿਤੇ ਸਨ। ਦਰਅਸਲ ਪ੍ਰਧਾਨ ਮੰਤਰੀ ਤੇ ਉਹਨਾਂ ਦੇ ਸਹਿਯੋਗੀ ਦੇਸ਼ ਨੂੰ ਕੌਡੀਆਂ ਦੇ ਭਾਅ ਵੇਚਣ ਦੀ ਏਨੀ ਦੌੜ ਲਾਈ ਬੈਠੇ ਹਨ ਕਿ ਰਾਜੇ ਮਹਾਰਾਜਿਆਂ ਤੇ ਨਵਾਬਾਂ, ਜਿਹਨਾਂ ਨੇ ਦੇਸ਼ ਨੂੰ ਈਸਟ ਇੰਡੀਆ ਕੰਪਨੀ ਕੋਲ ਵੇਚਿਆ ਸੀ, ਵੀ ਸ਼ਰਮਾ ਜਾਣ। ਇਹਨਾਂ ਤੌਰ ਤਰੀਕਿਆਂ ਨੂੰ ਵੇਖ ਕੇ ਰਿਜ਼ਰਵ ਬੈਂਕ ਵੱਲੋਂ ਵੀ ਵਿਸ਼ੇਸ਼ ਆਰਥਕ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ 'ਤੇ ਸੁਆਲ ਖੜੇ ਕੀਤੇ ਗਏ। ਇਸ ਤੋਂ ਇਹ ਸਾਫ਼ ਦਿੱਸਦਾ ਹੈ ਕਿ ਦਲਾਲ ਸਰਮਾਏਦਾਰੀ ਦੇ ਰਾਜਸੀ ਆਗੂ ਤੇ ਨੌਕਰਸ਼ਾਹ ਕਿੰਨੇ ਦੇਸ਼-ਧਰੋਹੀ ਤੇ ਲੋਕ-ਵਿਰੋਧੀ ਹੋ ਗਏ ਹਨ। ਨਿਜੀਕਰਨ ਪ੍ਰਤੀ ਉਤਸ਼ਾਹ ਜਾਂ ਫਿਰ ਨਿਜੀ ਸਵਾਰਥਾਂ ਦੇ ਚੱਲਦਿਆਂ ਅਨੇਕਾਂ ਸੂਬਾਈ ਸਰਕਾਰਾਂ ਇਹਨਾਂ ਖੇਤਰਾਂ ਦੇ ਨਿਰਮਾਣ 'ਚ ਪੂਰਾ ਸਹਿਯੋਗ ਦੇ ਰਹੀਆਂ ਹਨ। ਇਸ ਦੇ ਚੱਲਦਿਆਂ ਆਂਧਰਾ ਪ੍ਰਦੇਸ਼ 'ਚ 29, ਮਹਾਂਰਾਸ਼ਟਰ 'ਚ 39, ਤਾਮਿਲਨਾਡੂ 'ਚ 20, ਕਰਨਾਟਕ 'ਚ 21, ਗੁਜਰਾਤ 'ਚ 13, ਹਰਿਆਣਾ 'ਚ 11, ਛਤੀਸਗੜ੍ਹ 'ਚ 2 ਤੇ ਉਤਰ ਪ੍ਰਦੇਸ਼ 'ਚ 2 ਵਿਸ਼ੇਸ਼ ਆਰਥਕ ਖੇਤਰਾਂ ਦੇ ਗਠਨ ਦੀ ਮਨਜ਼ੂਰੀ ਮਿਲ ਗਈ ਹੈ। ਇਸ ਤੋਂ ਇਲਾਵਾ ਹਰਿਆਣਾ 'ਚ 23, ਮਹਾਂਰਾਸ਼ਟਰ 'ਚ 24, ਕਰਨਾਟਕ 'ਚ 15, ਉਤਰ ਪ੍ਰਦੇਸ਼ 'ਚ 9, ਗੁਜਰਾਤ 'ਚ 7 ਤੇ ਤਾਮਿਲਨਾਡੂ 'ਚ 7 ਪ੍ਰਸਤਾਵ ਮਨਜ਼ੂਰੀ ਦੀ ਉਡੀਕ ਕਰ ਰਹੇ ਹਨ। ਇਕ ਸ਼ੁਰੂਆਤੀ ਮੁਲੰਕਣ ਅਨੁਸਾਰ ਮਨਜ਼ੂਰ-ਸ਼ੁਦਾ ਵਿਸ਼ੇਸ਼ ਆਰਥਕ ਖੇਤਰਾਂ ਲਈ 30000 ਹੈਕਟੇਅਰ ਭੂਮੀ ਦੀ ਜ਼ਰੂਰਤ ਪਵੇਗੀ ਤੇ ਵਿਚਾਰ-ਅਧੀਨ ਖੇਤਰਾਂ ਲਈ ਅੱਡ 95000 ਹੈਕਟੇਅਰ ਭੂਮੀ ਦੀ ਹੋਰ ਲੋੜ ਪਵੇਗੀ। ਇਸ ਤਰ੍ਹਾਂ ਇਹਨਾਂ ਦੋਹਾਂ ਨੂੰ ਮਿਲਾ ਕੇ ਦਿੱਲੀ ਸੂਬੇ ਦੇ ਬਰਾਬਰ ਲਗਭਗ ਖੇਤਰਫਲ ਬਣ ਜਾਵੇਗਾ, ਜਿਸ ਨਾਲ ਲੱਖਾਂ ਕਿਸਾਨ ਪਰਿਵਾਰ ਉਜਾੜੇ ਦਾ ਸ਼ਿਕਾਰ ਹੋ ਜਾਣਗੇ। 1947 ਦੇ ਪਿੱਛੋਂ

ਤੋਂ ਹੁਣ ਤਕ ਏਨੇ ਵੱਡੇ ਪੈਮਾਨੇ ’ਤੇ ਗਰੀਬ ਕਿਸਾਨਾਂ ਤੋਂ ਜ਼ਮੀਨ ਖੋਹਣ ਦਾ ਪ੍ਰੋਗਰਾਮ ਕਦੀ ਨਹੀਂ ਬਣਿਆ, ਜਿਸ ਵਿਚ ਲੱਖਾਂ ਪਿਛੜੇ ਦਲਿਤ ਤੇ ਆਦੀਵਾਸੀ ਵਿਕਾਸ ਦੇ ਨਾਂ ’ਤੇ ਉਜਾੜੇ ਜਾ ਰਹੇ ਹਨ।

‘ਜ਼ਮੀਨ ਹਲ-ਵਾਹਕ ਨੂੰ’ ਦਾ ਨਾਹਰਾ ਕਰਾਚੀ ਸੈਸ਼ਨ ਚਿ ਦਿੱਤਾ ਗਿਆ ਪਰ ਅੱਜ ਮਾਕਪਾ ਸਮੇਤ ਕਾਂਗਰਸ ਤੇ ਭਾਜਪਾ ਦਾ ਨਾਹਰਾ ਹੈ ‘ਭੂਮੀ ਕਾਰਪੋਰੇਟ ਘਰਾਣਿਆਂ ਤੇ ਬਹੁ-ਕੌਮੀ ਕੰਪਨੀਆਂ ਲਈ’। ਏਨੀ ਵੱਡੀ ਯੋਜਨਾ ਲਾਗੂ ਕਰਨ ਤੋਂ ਪਹਿਲਾਂ ਕਿਸੇ ਕਿਸਮ ਦੇ ਲਾਭ-ਲਾਗਤ ਦਾ ਵਿਸਲੇਸ਼ਣ ਵੀ ਠੋਸ ਰੂਪ ਨਾਲ ਨਹੀਂ ਕੀਤਾ ਗਿਆ। ਵੈਸੇ ਬਰਾਮਦ ਪ੍ਰਸੰਗਕਰਣ ਖੇਤਰ (ਜਿਸ ਨੂੰ ਵਿਸ਼ੇਸ਼ ਆਰਥਕ ਖੇਤਰ ਵਿਚ ਸ਼ਾਮਲ ਕੀਤਾ ਗਿਆ ਹੈ) ਦੀ ਇਕ ਉਦਾਹਰਣ ਸੀਮਤ ਅਰਥਾਂ ਵਿਚ ਹੀ ਸਹੀ ਭਵਿੱਖ ਦੀ ਇਕ ਛਵੀ ਪੇਸ਼ ਕਰਦੀ ਹੈ। ਸੰਨ 1998 ਵਿਚ ਭਾਰਤ ਦੇ ਮਹਾਂ ਲੇਖਾਕਾਰ ਦੀ ਰੀਪੋਰਟ ਅਨੁਸਾਰ ਉਸ ਸਾਲ ਉਹਨਾਂ ਖੇਤਰਾਂ ਵਿਚ ਲੱਗੇ ਉਦਯੋਗਾਂ ਤੋਂ ਕੁਲ ਵਿਦੇਸ਼ੀ ਮੁਦਰਾ ਆਈ ਸੀ 4700 ਕਰੋੜ ਰੁਪਏ ਤੇ ਇਸ ਅਮਲ ਵਿਚ ਟੈਕਸ ਮੁਆਫ਼ੀ ਤੋਂ ਨੁਕਸਾਨ ਹੋਇਆ 47000 ਕਰੋੜ ਰੁਪਏ ਦਾ। ਹੁਣ ਜੇ ਇਸ ’ਚ ਹਜ਼ਾਰਾਂ ਹੈਕਟੇਅਰ ਉਪਜਾਊ ਜ਼ਰੱਈ ਭੂਮੀ ਦੀ ਉਦਯੋਗਿਕ ਵਰਤੋਂ ਦੇ ਫਲਸਰੂਪ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਉਜਾੜੇ ਤੇ ਕੁਦਰਤੀ ਅਸੰਤੁਲਨ ਲਾਗਤਾਂ ਨੂੰ ਵੀ ਜੋੜ ਦਿੱਤਾ ਜਾਏ ਤਾਂ ਆਰਥਕ ਵਿਕਾਸ ਦੇ ਇਸ ਮਾਡਲ ਦੀ ਹਕੀਕਤ ਆਪਣੇ ਆਪ ਸਾਹਮਣੇ ਆ ਜਾਂਦੀ ਹੈ। ਦਰਅਸਲ ਇਹ ਸਾਰੀ ਖੇਡ ਪਿਛਲੇ 55 ਸਾਲਾਂ ਵਿਚ ਜਨਤਾ ਦੀ ਗਾੜ੍ਹੀ ਕਮਾਈ ਨਾਲ ਬਣੇ ਵਿਸ਼ਾਲ ਬੁਨਿਆਦੀ ਢਾਂਚੇ ਤੇ ਜਨਤਕ ਸੰਪਤੀਆਂ ਦੇ ਕਿਸਾਨਾਂ ਤੋਂ ਜ਼ਮੀਨਾਂ ਕੌਡੀਆਂ ਦੇ ਭਾਅ ਖੋਹ ਕੇ ਪੂੰਜੀਪਤੀਆਂ ਨੂੰ ਸੌਂਪਦ ਦੀ ਸੋਚੀ-ਸਮਝੀ ਚਾਲ ਹੈ। ਏਨਾ ਹੀ ਨਹੀਂ, ਵਿਸ਼ੇਸ਼ ਆਰਥਕ ਜ਼ੋਨ ਦੇ ਨਾਂ ’ਤੇ ਇਹ ਹੁਣ ਤਕ ਹੋਏ ਘਪਲਿਆਂ ਨਾਲੋਂ ਸਭ ਤੋਂ ਵੱਡਾ ਘਪਲਾ ਹੈ। ਹਰਿਆਣਾ, ਉਤਰ ਪ੍ਰਦੇਸ਼, ਬੰਗਾਲ, ਪੰਜਾਬ, ਮਹਾਂਰਾਸ਼ਟਰ ਵਿਚ ਹੋ ਰਹੇ ਸੇਜ਼ (SEZ) ਘਪਲਿਆਂ ’ਚ ਅਰਬਾਂ-ਖਰਬਾਂ ਰੁਪਏ ਦੀ ਸੰਪਤੀ ਦਾਅ ’ਤੇ ਲੱਗ ਗਈ ਹੈ। ਏਨਾ ਹੀ ਨਹੀਂ, ਇਹਨਾਂ ਵਿਸ਼ੇਸ਼ ਆਰਥਕ ਖੇਤਰਾਂ ਦੀ ਚਾਰ-ਦੀਵਾਰੀ ਦੇ ਅੰਦਰ ਦਾ ਇਲਾਕਾ ਇਕ ਤਰ੍ਹਾਂ ਨਾਲ ਭਾਰਤ ਦੇ ਲਈ ਪ੍ਰਦੇਸ਼ ਹੋਵੇਗਾ। ਵਿਸ਼ੇਸ਼ ਆਰਥਕ ਖੇਤਰਾਂ ਦੇ ਤਹਿਤ ਅਸੱ ਆਪਣੇ ਹੀ ਦੇਸ਼ ’ਚ ਅਜਿਹੇ ਵਿਦੇਸ਼ੀ ਟਾਪੂ ਪੈਦਾ ਕਰ ਰਹੇ ਹਾਂ ਜੋ ਦੇਸ਼ ਨੂੰ ਕੰਗਾਲ ਬਣਾ ਕੇ ਛੱਡਣਗੇ। ਇਕ ਦੇਸ਼ ਦੇ ਅੰਦਰ ਹੀ ਦੋ ਕਿਸਮ ਦੇ ਕਾਨੂੰਨ ਚੱਲਣਗੇ। ਵਿਸ਼ੇਸ਼ ਆਰਥਕ ਖੇਤਰ ਦ ਬਾਹਰ ਦੇ ਉਦਯੋਗਾਂ ਨੂੰ ਭਾਰੀ ਹਰਜਾ ਝੱਲਣਾ ਪਵੇਗਾ ਤੇ ਇਹ ਇਕ-ਇਕ ਕਰ ਕੇ ਬੰਦ ਹੋਣੇ ਸ਼ੁਰੂ ਹੋ ਜਾਣਗੇ। ਕੇਂਦਰ ਤੇ ਸੂਬਾਈ ਸਰਕਾਰਾਂ ਇਸ ਯੋਜਨਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ’ਤੇ ਤੁਲੇ ਹੋਏ ਹਨ। ਤੇ ਇਹਨਾਂ ’ਤੇ ਅਮਲ ਵੀ ਸ਼ੁਰੂ ਹੋ ਚੁਕਿਆ ਹੈ ਪਰ ਜ਼ਮੀਨ ਦੇ ਮੁੱਦੇ ਨੂੰ ਲੈ ਕੇ ਸਾਰੀਆਂ ਥਾਵਾਂ ’ਤੇ ਕਿਸਾਨਾਂ ਦੇ ਕਿਤੇ ਟੁਟਵੇਂ ਤੇ ਕਿਤੇ ਕਾਫ਼ੀ ਖਾੜਕੂ ਸੰਘਰਸ਼ ਵੀ ਖੜੇ ਹੋ ਰਹੇ ਹਨ। ਪਰ ਦੇਸ਼

ਭਰ ਦੀਆਂ ਇਨਕਲਾਬੀ ਤਾਕਤਾਂ ਦੇ ਖਿੰਡਾਅ ਤੇ ਮੁਖ ਧਾਰਾ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੀ ਇਸ ਮੁਦੇ 'ਤੇ ਲਗਭਗ ਆਪਸੀ ਸਹਿਮਤੀ ਕਾਰਨ ਇਹ ਪ੍ਰਸਤਾਵ ਬਿਨਾ ਕਿਸੇ ਵਿਸ਼ੇਸ਼ ਸਮੱਸਿਆ ਦੇ ਲਾਗੂ ਹੋ ਰਹੇ ਹਨ। ਇਸ ਸਥਿਤੀ ਵਿਚ ਕਿਸਾਨਾਂ, ਮਜ਼ਦੂਰਾਂ ਤੇ ਬੁੱਧੀਜੀਵੀਆਂ ਦਾ ਇਕ ਵਿਆਪਕ ਲੋਕ-ਰੋਹ ਹੀ ਦੇਸ਼ ਨੂੰ ਸਾਮਰਾਜੀਆਂ ਤੇ ਉਹਨਾਂ ਦੇ ਦਲਾਲ ਭਾਰਤੀ ਸਰਮਾਏਦਾਰਾਂ-ਜਾਗੀਰਦਾਰਾਂ ਦੀ ਖੁੱਲ੍ਹੀ ਚਰਾਂਦ ਬਣਨ ਤੋਂ ਰੋਕ ਸਕਦਾ ਹੈ। ਇਸ ਦੀ ਅਗਵਾਈ ਇਕ ਕਮਿਊਨਿਸਟ ਇਨਕਲਾਬੀ ਪਾਰਟੀ ਹੀ ਕਰ ਸਕਦੀ ਹੈ।

# ਵਿਸ਼ੇਸ਼ ਆਰਥਕ ਖੇਤਰ ਕਾਨੂੰਨ ਜਨਤਾ ਦੇ ਹਿਤਾਂ ਦੇ ਵਿਰੁੱਧ ਹੈ

ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਪਾਰਲੀਮੈਂਟ ਦੇ ਦੋਨਾਂ ਸਦਨਾਂ ਵਿਚ ਆਸਾਨੀ ਨਾਲ ਪਾਸ ਕਰ ਦਿੱਤਾ ਗਿਆ। ਭਾਰਤ ਦੀ ਵੱਖ-ਵੱਖ ਪਾਰਲੀਮਾਨੀ ਸਿਆਸੀ ਪਾਰਟੀਆਂ ਵਿਚਕਾਰ ਇਸ 'ਤੇ ਆਪਸੀ ਸਹਿਮਤੀ ਏਨੀ ਪੂਰੀ ਸੀ ਕਿ ਜਨਤਾ ਵਿਚ ਚਰਚਾ ਤਾਂ ਦੂਰ ਦੀ ਗੱਲ, ਦੇਸ਼ ਦੇ ਲੋਕਾਂ ਨੂੰ ਇਸ ਦੀ ਭਿਣਕ ਵੀ ਨਹੀਂ ਪਈ। ਅੱਜ ਜਦ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਵਿਸ਼ੇਸ਼ ਆਰਥਕ ਖੇਤਰਾਂ ਲਈ ਟਿਕੇ ਇਲਾਕੇ ਵੱਖ-ਵੱਖ ਖਾੜਕੂ ਸੰਘਰਸ਼ਾਂ ਤੋਂ ਪ੍ਰਭਾਵਿਤ ਹਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਾਮਰਾਜ-ਪ੍ਰਸਤ ਹਾਕਮ ਜਮਾਤਾਂ ਦੀਆਂ ਪਾਰਟੀਆਂ ਕਿਸ ਦੇ ਹਿੱਤਾਂ ਦੀ ਨੁਮਾਇੰਦਗੀ ਕਰ ਰਹੀਆਂ ਹਨ। ਆਪਣੀ ਦਿਖਾਵੇ ਦੇ ਵਿਰੋਧਾਂ ਨੂੰ ਜਾਰੀ ਰੱਖਦਿਆਂ ਸਰਕਾਰੀ ਖੱਬੇ ਪੱਖੀਆਂ ਨੇ ਲੋਕ-ਵਿਰੋਧ ਦਾ ਮੁਖੌਟਾ ਪਹਿਨਣ ਦੇ ਇਰਾਦੇ ਨਾਲ ਇਕ ਹੋਰ ਕਦਮ ਉਠਾਉਂਦਿਆਂ ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਦੇ ਸਾਰੇ ਪਹਿਲੂਆਂ 'ਤੇ ਕੁਝ ਹਲਕੇ/ਮਾੜੇ ਮੋਟੇ ਸੋਧ ਪ੍ਰਸਤਾਵ ਪਾਸ ਕਰ ਦਿੱਤੇ ਹਨ। ਕੌਣ ਭੁੱਲ ਸਕਦਾ ਹੈ ਕਿ ਪਿਛਲੇ ਸਾਲ ਜਦ ਇਸ ਕਾਨੂੰਨ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਪਾਸ ਕੀਤਾ ਗਿਆ ਤਦ ਉਹਨਾਂ ਦੇ ਪਾਰਲੀਮੈਂਟ ਮੈਂਬਰ ਵੀ ਪਾਰਲੀਮੈਂਟ ਹਾਊਸ ਵਿਚ ਹਾਜ਼ਰ ਸਨ। ਵਿਸ਼ੇਸ਼ ਆਰਥਕ ਖੇਤਰਾਂ ਦਾ ਵਿਚਾਰ ਅਸਲ ਵਿਚ ਵਿਦੇਸ਼ੀ ਲੁੱਟ ਦੀਆਂ ਸਹੂਲਤਾਂ ਨੂੰ ਵਧਾਉਂਦੇ ਹੋਏ ਲੋਕਾਂ ਵੱਲੋਂ ਹਾਸਲ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਕੱਟਣ ਅਤੇ ਲੋਕ-ਰੋਹ ਨੂੰ ਨਕਾਰਾ ਕਰਨ ਲਈ ਲਿਆਂਦਾ ਗਿਆ। ਇਸ ਦੀ ਪਹਿਲੀ ਮਿਸਾਲ ਅਮਰੀਕਾ ਤੋਂ ਪੂੰਜੀ ਨਿਵੇਸ਼ ਹਾਸਲ ਕਰਨ ਲਈ 1947 ਵਿਚ ਪੋਰਟੋਰਿਕੋ ਵਿਚ ਸਥਾਪਮ ਉਦਯੋਗਿਕ ਪਾਰਕ ਹੈ। ਇਹ ਵਿਚਾਰ ਆਪਣੇ ਮੌਜੂਦਾ ਰੂਪ ਵਿਚ 1980 ਦੇ ਦਹਾਕੇ ਵਿਚ ਚੀਨ ਦੇ ਵਿਸ਼ੇਸ਼ ਆਰਥਕ ਖੇਤਰਾਂ ਦੇ ਨਾਲ ਸਥਾਪਤ ਹੋਇਆ। ਇਸ ਦਾ ਮਕਸਦ ਸੀ ਪ੍ਰਤੱਖ ਵਿਦੇਸ਼ੀ ਨਿਵੇਸ਼ ਦੀਆਂ ਸੰਭਾਵਨਾਵਾਂ ਵਧਾਉਣਾ ਅਤੇ ਵਿਦੇਸ਼ੀ ਸਾਮਰਾਜੀ ਪੂੰਜੀ ਰਾਹੀਂ ਸਿਖਿਅਤ ਕਿਰਤੀਆਂ ਦੀ ਲੁੱਟ ਹੋਣ ਦੇਣਾ, ਜਿਹਨਾਂ ਨੂੰ ਦੇਂਗ ਵੱਲੋਂ ਸਮਾਜਵਾਦੀ ਚੀਨ ਦੇ ਟੁੱਟਣ ਦੀ ਲੜੀ ਵਿਚ ਪੂਰਬ ਦੇ ਰਾਜਕੀ ਪ੍ਰਸ਼ਿਤਠਾਨਾਂ ਤੋਂ ਕੱਢਿਆ ਜਾ ਰਿਹਾ ਸੀ।

ਭਾਰਤ ਵਿਚ ਬਰਾਮਦ ਪ੍ਰੋਸੈਸਿੰਗ ਖੇਤਰ ਇਹਨਾਂ ਦੇ ਪੂਰਵਜ ਸਨ—ਭਾਰਤ

ਦੀ ਹਾਕਮ ਜਮਾਤ ਨੇ 100 ਫ਼ੀਸਦੀ ਬਰਾਮਦ ਹਿੱਤ ਪੈਦਾਵਾਰ ਲਈ ਬਰਾਮਦ ਪੈਦਾਵਾਰੀ ਖੇਤਰਾਂ (EPZ) ਤੋਂ ਸ਼ੁਰੂਆਤ ਕੀਤੀ ਸੀ, ਜਿਹਨਾਂ ਨੂੰ ਚਲਾਉਣ ਵਿਚ ਸਹਿਯੋਗ ਲਈ ਕਿਰਤ ਕਾਨੂੰਨਾਂ ਵਿਚ ਕਟੌਤੀ ਦੇ ਭਰੋਸੇ ਦਿੱਤੇ ਗਏ। ਇਹਨਾਂ ਨੂੰ 5 ਸਾਲਾਂ ਤਕ ਟੈਕਸਾਂ ਤੋਂ ਮੁਕਤ ਕਰ ਦਿੱਤਾ ਗਿਆ। ਨਾਲ-ਨਾਲ ਪਿਛੜੇ ਖੇਤਰਾਂ ਵਿਚ ਸਨਅਤ ਲਾਉਣ ਦੇ ਨਾਂ 'ਤੇ ਘੱਟ ਦਰਾਂ 'ਤੇ ਸਹੂਲਤਾਂ ਤੇ ਅਸਿੱਧੇ ਟੈਕਸਾਂ 'ਚ 5 ਸਾਲ ਲਈ ਛੋਟ ਐਲਾਨੀ ਗਈ। ਇਸ ਸਾਰੇ ਕੁਝ ਨੇ ਵੀ ਨਿਵੇਸ਼ ਵਧਾਉਣ ਦਾ ਕੰਮ ਨਹੀਂ ਕੀਤਾ। ਫਿਰ ਸੰਨ 2000 ਵਿਚ ਨਵੀਂ ਬਰਾਮਦ-ਦਰਾਮਦ ਨੀਤੀ ਨੇ 85 ਸਥਾਪਿਤ ਬਰਾਮਦ ਉਤਪਾਦਨ ਖੇਤਰਾਂ ਨੂੰ ਵਿਸ਼ੇਸ਼ ਆਰਥਕ ਖੇਤਰਾਂ (SEZs) ਵਿਚ ਤਬਦੀਲ ਕਰ ਦਿੱਤਾ ਅਤੇ ਸੰਯੁਕਤ ਨਿਵੇਸ਼ ਤੇ ਨਿੱਜੀ ਖੇਤਰ ਵਿਚ ਵਿਸ਼ੇਸ਼ ਆਰਥਕ ਖੇਤਰਾਂ ਨੂੰ ਇਜਾਜ਼ਤ ਦੇ ਦਿੱਤੀ।

ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਵਿਚ ਵੀ ਬਰਾਮਦ ਨੂੰ ਸਹਿਯੋਗ ਦੇਣ ਦੀ ਗੱਲ ਕਰਦਿਆਂ ਲਿਖਿਆ ਗਿਆ ਹੈ ਕਿ ਇਹ "ਬਰਾਮਦ ਹਿੱਤ ਕੌਮਾਂਤਰੀ ਦਰਜੇ ਦਾ ਵਾਤਾਵਰਣ ਤਿਆਰ ਕਰਨ ਲਈ ਹੈ"। ਜੋ ਅਸਲੀਅਤ ਵਿਚ ਬਣ ਰਿਹਾ ਹੈ, ਉਹ ਹੈ ਭਾਰਤ ਦੇ ਸਭ ਤੋਂ ਕੀਮਤੀ ਖੇਤਰਾਂ ਵਿਚ ਸਿੱਧੇ ਤੇ ਅਸਿੱਧੇ ਟੈਕਸਾਂ ਤੋਂ ਆਜ਼ਾਦ ਟਾਪੂ, ਜਿਹਨਾਂ ਵਿਚ ਮੁਫ਼ਤ ਰਚਨਾ ਦੇ ਨਾਲ-ਨਾਲ ਰਾਇਲ ਸਟੇਟ, ਯਾਨੀ ਜ਼ਮੀਨ ਦੇ ਖ਼ਰੀਦੋ-ਫ਼ਰੋਖ਼ਤ ਦੇ ਧੰਦੇ ਦਾ ਵਿਕਾਸ ਕਰਨਾ ਹੈ। ਇਸ ਲਾਲਚ ਨਾਲ ਵਿਦੇਸ਼ੀ ਨਿਵੇਸ਼ ਆਕ੍ਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਿਹੇ ਖੇਤਰਾਂ ਦਾ ਵਿਕਾਸ ਕਰਨ ਵਾਲਿਆਂ ਨੂੰ ਰਾਜ ਸਰਕਾਰ ਦੇ ਸਾਹਮਣੇ ਅਰਜ਼ੀ ਦੇਣੀ ਹੋਵੇਗੀ, ਜੋ ਯੋਜਨਾ ਨੂੰ ਮਨਜ਼ੂਰੀ ਦੇ ਕੇ ਕੇਂਦਰੀ ਵਣਜ ਮੰਤਰਾਲੇ ਦੀ ਮਨਜ਼ੂਰੀ ਪ੍ਰੀਸ਼ਦ ਕੋਲ ਭੇਜੇਗੀ। ਹਾਲਾਂ ਕਿ 250 ਵਿਸ਼ੇਸ਼ ਆਰਥਕ ਖੇਤਰਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਹਨਾਂ ਵਿਚ ਨਿਵੇਸ਼ ਲਈ ਵਿਦੇਸ਼ੀਆਂ ਨੇ ਨਹੀਂ, ਬਿਲਡਰਾਂ ਤੇ ਠੇਕੇਦਾਰਾਂ ਨੇ ਭਗਦੜ ਮਚਾਈ ਹੋਈ ਹੈ। ਇਹਨਾਂ ਖੇਤਰਾਂ ਵਿਚ ਅਜੇ ਕਿਰਤ ਕਾਨੂੰਨਾਂ ਦੀਆਂ ਵਿਵਸਥਾਵਾਂ ਨੂੰ ਘਟਾਉਣ ਦੇ ਵਿਸ਼ੇ ਵਿਚ ਰਾਜ ਸਰਕਾਰਾਂ ਨੇ ਸਿਰਫ਼ ਜ਼ਬਾਨੀ ਭਰੋਸੇ ਦਿੱਤੇ ਹਨ। ਪਰ ਟੈਕਸਾਂ ਨੂੰ ਹਟਾ ਦਿੱਤਾ ਗਿਆ ਹੈ ਅਤੇ ਭੂਮੀ ਦੀ ਹੱਦਬੰਦੀ ਕਾਨੂੰਨ ਦੀਆਂ ਵਿਵਸਥਾਵਾਂ ਨੂੰ ਵੀ। ਇਕ ਪਾਸੇ ਦਲਾਲ ਸਰਕਾਰਾਂ, ਉਪਨਿਵੇਸ਼ਕ ਭੂਮੀ ਅਧਿਗ੍ਰਹਿਣ ਕਾਨੂੰਨ 1894 ਦੀ ਵਰਤੋਂ ਕਰ ਕੇ ਕੀਮਤੀ ਜ਼ਮੀਨਾਂ ਸਸਤੇ ਭਾਵਾਂ 'ਤੇ ਵਿਸ਼ੇਸ਼ ਆਰਥਕ ਖੇਤਰਾਂ ਲਈ ਇਕਵਾਇਅਰ ਕਰ ਰਹੀਆਂ ਹਨ ਅਤੇ ਦੂਜੇ ਪਾਸੇ ਵਿਦੇਸ਼ੀ ਕੰਪਨੀਆਂ ਤੇ ਪ੍ਰਤਿਸ਼ਠਾ ਭੂਮੀ ਹੱਦਬੰਦੀ ਕਾਨੂੰਨੀ ਤੋਂ ਛੁਟਕਾਰਾ ਪਾ ਕੇ ਭੂਮੀ ਲਈ ਮਾਲਕਾਂ ਦੇ ਰੂਪ ਵਿਚ ਵਿਕਸਤ ਹੋ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਜਬਰੀ ਭੂਮੀ ਖੋਹਣ ਦ ਇਸ ਸੰਵੇਦਨਸ਼ੀਲ ਸੁਆਲ 'ਤੇ ਸਰਕਾਰ ਨੂੰ ਵੀ ਉਮੀਦ ਤੋ ਕਿਤੇ ਵੱਧ ਵਿਰੋਧ ਝੱਲਣਾ ਪੈ ਰਿਹਾ ਹੈ। ਇਹਨਾਂ ਵਿਚੋਂ ਬਹੁਤ ਸਾਰੇ ਵਿਦੇਸ਼ੀ ਆਰਥਕ

ਖੇਤਰਾਂ ਦਾ ਸਥਾਨਕ ਲੋਕ-ਸੰਘਰਸ਼ਾਂ ਰਾਹੀਂ ਵਿਰੋਧ ਕਰ ਰਹੇ ਹਨ। ਸੰਖੇਪ ਵਿਚ ਕਿਹਾ ਜਾਵੇ ਤਾਂ "ਵਿਸ਼ੇਸ਼ ਆਰਥਕ ਖੇਤਰਾਂ ਦਾ ਉਦੇਸ਼ ਬਰਾਮਦਮੁਖੀ ਉਤਪਾਦਨ ਹਿੱਤ ਰਚਨਾ ਦੀ ਹਮਾਇਤ ਲਈ ਟੈਕਸਾਂ ਤੇ ਪਾਬੰਦੀਆਂ ਤੋਂ ਮੁਕਤ ਵਸਤਾਂ ਤੇ ਸਹੂਲਤਾਂ ਮੁਹੱਈਆ ਕਰਨਾ ਹੈ। ਜਿਸ ਦੀ ਮਨਜ਼ੂਰੀ ਦੇ ਅਮਲ ਨੂੰ ਇਕ ਆਜ਼ੀ ਦੇ ਮਾਧਿਅਮ ਰਾਹੀਂ ਮਨਜ਼ੂਰੀ ਦਿੱਤੀ ਜਾ ਸਕੇ ਅਤੇ ਜਿਸ ਵਿਚ ਬਰਾਮਦ ਆਧਾਰਤ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਘਰੇਲੂ ਤੇ ਵਿਦੇਸ਼ੀ ਨਿਵੇਸ਼ ਆਕ੍ਰਿਸ਼ਤ ਕਰਨ ਦੇ ਉਤਸ਼ਾਹਾਂ ਦਾ ਪੈਕੇਜ ਹੋਵੇ।"

ਪਰ ਇਸ ਵਿਚ ਅਜਿਹਾ ਕੋਈ ਬੰਧਨ ਨਹੀਂ ਹੈ ਕਿ ਕਿੰਨੇ ਫ਼ੀਸਦੀ ਮਾਲ ਬਰਾਮਦ ਹੋਵੇਗੀ ਜਾਂ ਬਰਾਮਦ ਕਿੰਨੇ ਦਿਨਾਂ ਵਿਚ ਸ਼ੁਰੂ ਹੋਵੇਗੀ ਜਾਂ ਇਹ ਸਹੂਲਤਾਂ ਕਦੋਂ ਤਕ ਜਾਰੀ ਰਹਿਣਗੀਆਂ। ਇਸ ਲਈ ਇਹ ਵਿਸ਼ਵਾਸ ਵਧਦਾ ਜਾ ਰਿਹਾ ਹੈ ਕਿ ਵਿਸ਼ੇਸ਼ ਆਰਥਕ ਖੇਤਰਾਂ ਦੀ ਯੋਜਨਾ ਘਰੇਲੂ ਬਜ਼ਾਰ ਵਿਚ ਵਿਦੇਸ਼ੀ ਘੁਸਪੈਠ ਵਧਾਉਣ ਦੀ ਸਹੂਲਤ ਹੈ। ਇਕ ਪਾਸੇ ਇਹਨਾਂ ਖੇਤਰਾਂ ਨੂੰ ਰਿਜ਼ਰਵ ਬੈਂਕ ਨੇ ਅਸਲ ਵਿਚ "ਜ਼ਮੀਨ ਖ਼ਰੀਦੋ-ਫ਼ਰੋਖ਼ਤ ਧੰਦੇ ਦਾ ਖੇਤਰ" ਐਲਾਨਿਆ ਹੈ ਤੇ ਬੈਂਕਾਂ ਨੂੰ ਇਹਨਾਂ ਖੇਤਰਾਂ ਨੂੰ ਉਧਾਰ ਦੇਣ 'ਤੇ ਸਾਵਧਾਨੀ ਵਰਤਣ ਦੀ ਹਦਾਇਤ ਕੀਤੀ ਤਾਂ ਦੂਜੇ ਪਾਸੇ ਇਸ ਪਿੱਛੋਂ ਖ਼ੁਦ ਹੀ ਇਸ 'ਤੇ ਢਿੱਲਾ ਪੱਖ ਅਪਣਾਉਣ ਲੱਗਾ। ਦੂਜੇ ਪਾਸੇ ਵਿੱਤ ਮੰਤਰਾਲਾ ਇਹਨਾਂ ਵਿਸ਼ੇਸ਼ ਆਰਥਕ ਖੇਤਰਾਂ ਦੇ ਪੱਖ ਵਿਚ ਨਹੀਂ ਕਿਉਂਕਿ ਟੈਕਸਾਂ ਤੋਂ ਸਰਕਾਰੀ ਆਮਦਨੀ ਘਟ ਜਾਵੇਗੀ। ਇਹ ਕਾਨੂੰਨ ਕਹਿੰਦਾ ਹੈ ਕਿ ਕੇਂਦਰ ਸਰਕਾਰ ਘੱਟੋ-ਘੱਟ ਖੇਤਰ ਤੇ ਹੋਰ ਸ਼ਰਤਾਂ ਨਿਰਧਾਰਿਤ ਕਰੇਗਾ। ਹੁਣ ਤਕ 25 ਫ਼ੀਸਦੀ ਜ਼ਮੀਨ ਪੈਦਾਵਾਰ ਲਈ ਵਰਤੀ ਜਾਵੇਗੀ ਤੇ 40 ਫ਼ੀਸਦੀ ਬੈਂਕ ਤੇ ਹੋਰ ਖੇਤਰਾਂ ਲਈ ਤੇ ਬਾਕੀ ਵਪਾਰਕ ਕੰਮਾਂ ਲਈ। ਅਸਲ ਚਿ ਇਹ 40 ਫ਼ੀਸਦੀ ਵੀ ਵਪਾਰਕ ਕੰਮ ਹੀ ਹੈ। ਇਸ ਦੀ ਅਲੋਚਨਾ ਤੇ ਅੰਦੋਲਨਾਂ ਦੇ ਸਿੱਟੇ ਵਜੋਂ ਕਾਂਗਸ ਨੇਤਾ 35 ਫ਼ੀਸਦੀ ਪੈਦਾਵਾਰੀ ਖੇਤਰ 'ਚ ਲਾਭਕਾਰੀ ਹੋਣ ਦੀ ਗੱਲ ਕਰ ਰਹੇ ਹਨ ਅਤੇ ਮਾਕਪਾ ਨੇ ਹੋਰ ਅੱਗੇ ਕਦਮ ਵਧਾਉਂਦਿਆਂ ਪੱਛਮੀ ਬੰਗਾਲ ਵਿਚ ਇਸ ਨੂੰ 50 ਫ਼ੀਸਦੀ ਕਰ ਦੀ ਗੱਲ ਕਹੀ ਹੈ। ਪਰ ਇਹ ਕੋਈ ਕਿਉਂ ਨਹੀਂ ਦੱਸਦਾ ਕਿ ਇਹ 100 ਫ਼ੀਸਦੀ ਕਿਉਂ ਨਹੀਂ ਹੋਣੀ ਚਾਹੀਦੀ। ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਵਿਚ ਅਜਿਹੇ ਵੱਖਰੇ ਖੇਤਰਾਂ ਦੇ ਅੱਡ 'ਪ੍ਰਾਧੀਕਰਣ' ਦੀ ਵਿਵਸਥਾ ਹੈ। ਇਹਨਾਂ ਖੇਤਰਾਂ ਵਿਚ ਪੈਦਾ ਹੋਣ ਵਾਲੇ ਝਮੇਲਿਆਂ ਤੇ ਸਿਵਲ ਕੇਸਾਂ ਦੀ ਸੁਣਵਾਈ ਇਕ ਨਿਰਧਾਰਿਤ ਕੋਰਟ 'ਚ ਕੀਤੀ ਜਾਵੇਗੀ। ਦੇਰ-ਸਵੇਰ ਕਿਰਤ ਕਾਨੂੰਨਾਂ ਨੂੰ ਲਾਗੂ ਹੋਣ ਤੋਂ ਰੋਕਣ ਲਈ ਸੰਭਾਵਨਾ ਹੈ ਕਿ ਇਹ ਇਕ ਰੂਪ ਬਣੇਗਾ। ਵੱਖ-ਵੱਖ ਡਿਵੈਲਪਰਾਂ, ਖ਼ਾਸ ਕਰਕੇ ਰਿਲਾਇੰਸ ਨੂੰ ਵਿਸ਼ੇਸ਼ ਆਰਥਕ ਖੇਤਰਾਂ ਦੇ ਵਿਕਾਸ ਹਿੱਤ ਜ਼ਮੀਨ ਦਿੱਤੇ ਜਾਣ ਦੀ ਮਨਜ਼ੂਰੀ ਦੇ ਪ੍ਰਸੰਗ ਵਿਚ ਨੈਨੀਤਾਲ ਵਿਚ ਕਾਂਗਰਸ ਮੁੱਖ ਮੰਤਰੀਆਂ ਦਾ ਸੰਮੇਲਨ ਹੋਇਆ। ਉੜੀਸਾ ਦੇ ਜਗਤਸਿੰਘਪੁਰ ਜ਼ਿਲੇ ਵਿਚ, ਜਿਥੇ ਪਹਿਲਾਂ ਤੋਂ ਹੀ ਪਾਸਕੋ ਦੀ ਇਕ ਇਸਪਾਤ ਸਨਅਤ ਲਾਉਣ ਦੀ ਯੋਜਨਾ ਹੈ, ਉਸ ਨੇ ਆਪਣੇ ਲਈ ਇਕ ਵਿਸ਼ੇਸ਼

ਆਰਥਕ ਖੇਤਰ ਮਨਜ਼ੂਰੀ ਕਰਵਾ ਲਿਆ ਹੈ ਤੇ ਇਹਨਾਂ ਖੇਤਰਾਂ ਦੀ ਸੱਚਾਈ ਉਜਾਗਰ ਕਰ ਦਿੱਤੀ ਹੈ। ਇਸ ਰੂਪ ਵਿਚ ਉਸ ਨੇ ਆਪਣੀ ਪੂਰੀ ਸਨਅਤੀ ਯੋਜਨਾ ਨੂੰ ਟੈਕਸ ਮੁਕਤ ਕਰ ਲਿਆ ਹੈ। ਮੁੱਖ ਮੰਤਰੀਆਂ ਦੇ ਸੰਮੇਲਨ ਵਿਚ ਸੋਨੀਆ ਗਾਂਧੀ ਨੇ ਰੋਹਬਦਾਰ ਅੰਦਾਜ਼ ਵਿਚ ਐਲਾਨ ਕੀਤਾ ਕਿ ਵਿਸ਼ੇਸ਼ ਆਰਥਕ ਖੇਤਰਾਂ ਦੇ ਲਈ ਖੇਤੀਯੋਗ ਜ਼ਮੀਨ ਨਹੀਂ ਲਈ ਜਾਣੀ ਚਾਹੀਦੀ ਜਾਂ ਸਿੱਟੇ ਵਜੋਂ ਵੱਖ-ਵੱਖ ਮੰਤਰਾਲਿਆਂ ਨੇ ਜਲਦੀ ਐਲਾਨ ਕਰ ਦਿੱਤੇ ਕਿ ਇਸ ਵਾਸਤੇ ਬੰਜਰ ਜ਼ਮੀਨਾਂ ਹੀ ਲਈਆਂ ਜਾਣੀਆਂ ਚਾਹੀਦੀਆਂ ਹਨ ਜਾਂ ਵੱਧ ਤੋਂ ਵੱਧ ਇਕ ਫ਼ਸਲੀ ਜ਼ਮੀਨ। ਵਣਜ ਮੰਤਰਾਲੇ ਨੇ ਕਿਹਾ ਕਿ ਖੇਤੀਯੋਗ ਜ਼ਮੀਨ ਤੇ ਕੋਈ ਵਿਸ਼ੇਸ਼ ਆਰਥਕ ਖੇਤਰ ਮਨਜ਼ੂਰੀ ਨਹੀਂ ਕੀਤਾ ਗਿਆ। ਸੱਚ ਤਾਂ ਇਹ ਹੈ ਕਿ ਸਰਕਾਰ ਇਸ ਤਰ੍ਹਾਂ ਨਾਲ ਜ਼ਮੀਨ ਦੇ ਵਰਗੀਕਰਨ ਦੇ ਐਲਾਨ ਮਨਮਾਨੇ ਤੇ ਨੁਕਸਦਾਰ ਤਰੀਕੇ ਨਾਲ ਕਰ ਰਹੀ ਹੈ। ਜੇ ਏਨੀ ਮਾਤਰਾ ਵਿਚ ਬੰਜਰ ਭੂਮੀ ਹੈ ਤਾਂ ਉਹ ਬੇਜ਼ਮੀਨਿਆਂ ਨੂੰ ਕਿਉਂ ਨਹੀਂ ਦੇ ਦਿੱਤੀ ਜਾਂਦੀ ? ਸੱਚਾਈ ਤਾਂ ਇਹ ਹੈ ਕਿ ਅੱਛੀ ਖੇਤੀਯੋਗ ਜ਼ਮੀਨ ਹੀ ਬੇਸ਼ਰਮੀ ਨਾਲ ਖੋਹੀ ਜਾ ਰਹੀ ਹੈ। ਮੁੰਬਈ ਕੋਲ ਰਾਜਗੜ੍ਹ ਜ਼ਿਲੇ ਦੀ ਜ਼ਮੀਨ ਧਾਨ ਦੀ ਪੈਦਾਵਾਰ ਦਾ ਅੱਛਾ ਖੇਤਰ ਹੈ। ਗਾਜ਼ੀਆਬਾਦ ਨੇੜੇ ਦਾਦਰੀ, ਪੱਛਮੀ ਬੰਗਾਲ ਵਿਚ ਸਿੰਗਪੁਰ, ਉੜੀਸਾ ਵਿਚ ਜਗਤਸਿੰਘਪੁਰ ਤੇ ਪੰਜਾਬ ਵਿਚ ਬਰਨਾਲਾ (ਸੰਗਰੂਰ) ਤੇ ਹੋਰ ਜ਼ਮੀਨਾਂ ਖੇਤੀ ਲਈ ਅੱਛੀਆਂ ਉਪਜਾਊ ਜ਼ਮੀਨਾਂ ਹਨ। ਸੂਚੀ ਬਹੁਤ ਲੰਮੀ ਹੈ ਤੇ ਕਿਸਾਨ ਵਿਰੋਧ 'ਤੇ ਉਤਰੇ ਹੋਏ ਹਨ। ਇਸ ਦੇ ਬਾਵਜੂਦ ਵਪਾਰ ਮਨਿਸਟਰੀ ਨੇ ਇਹ ਐਲਾਨ ਕੀਤਾ ਹੈ ਕਿ 181 ਵਿਸ਼ੇਸ਼ ਆਰਥਕ ਖੇਤਰਾਂ ਲਈ ਇਕਵਾਇਰ ਕੀਤੀ 25000 ਏਕੜ ਜ਼ਮੀਨ ਖੇਤੀਯੋਗ ਜ਼ਮੀਨ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਵਿਚੋਂ 9800 ਹੈਕਟੇਅਰ ਸਰਕਾਰ ਕੋਲ ਅਤੇ ਬਾਕੀ ਕੰਪਨੀਆਂ ਕੋਲ। ਵਿਸ਼ੇਸ਼ ਆਰਥਕ ਖੇਤਰਾਂ ਦੇ ਸੁਆਲ 'ਤੇ ਇਕ ਰੋਚਕ ਬਿਆਨ ਇਕ ਕਾਰਪੋਰੇਟ ਘਰਾਣੇ ਦੇ ਨੁਮਾਇੰਦੇ ਨੇ ਦਿੱਤਾ। ਉਹਨਾਂ ਨੇ ਇਸ ਗੱਲ 'ਤੇ ਧਿਆਨ ਕੇਂਦਰਿਤ ਕੀਤਾ ਕਿ ਇਹਨਾਂ ਖੇਤਰਾਂ ਵਿਚ ਜੋ ਟੈਕਸਾਂ ਦੀ ਛੋਟ ਦਿੱਤੀ ਜਾ ਰਹੀ ਹੈ, ਉਸ ਦਾ ਸਿੱਟਾ ਇਹ ਹੋਵੇਗਾ ਕਿ ਗ਼ੈਰ-ਵਿਸ਼ੇਸ਼ ਆਰਥਕ ਖੇਤਰਾਂ ਵਾਲੇ ਉਦਯੋਗ ਬੰਦ ਹੋ ਕੇ ਇਹਨਾਂ ਖੇਤਰਾਂ ਵਿਚ ਆ ਜਾਣਗੇ।

ਵਿਸ਼ੇਸ਼ ਆਰਥਕ ਖੇਤਰ ਕਨੂੰਨ ਵਿਚ ਅਜਿਹਾ ਕੁਝ ਨਹੀਂ ਕਿ ਇਹਨਾਂ ਵਿਚ ਲੱਗੀਆਂ ਸਨਅਤਾਂ ਦੀਆਂ ਵਸਤੂਆਂ ਘਰੇਲੂ ਬਜ਼ਾਰ ਵਿਚ ਨਹੀਂ ਵਿਕ ਸਕਦੀਆਂ। ਇਸ ਲਈ ਇਹਨਾਂ ਖੇਤਰਾਂ ਤੋਂ ਬਾਹਰ ਲੱਗੀਆਂ ਸਨਅਤਾਂ ਨੂੰ ਭਾਰੀ ਨੁਕਸਾਨ ਹੋਵੇਗਾ। ਖੇਤੀ ਯੋਗ ਜ਼ਮੀਨ 'ਤੇ ਹੋ ਰਹੇ ਹਮਲੇ ਦੇ ਇਕ ਪਹਿਲੂ ਨੂੰ ਘੱਟ ਕਰ ਕੇ ਦਰਸਾਇਆ ਜਾ ਰਿਹਾ ਹੈ ਅਤੇ ਉਹ ਹੈ ਇਸ ਨਾਲ ਹੋਣ ਵਾਲੇ ਖੇਤੀ ਦੀ ਪੈਦਾਵਾਰ ਦੇ ਨੁਕਸਾਨ ਨੂੰ। ਵੈਸੇ ਵੀ ਆਪਣੀ ਜਨਤਾ ਲਈ ਲੋੜੀਂਦੀ ਖੇਤੀ ਪੈਦਾਵਾਰ ਕਰ ਸਕਣ 'ਚ ਭਾਰਤ ਪਹਿਲਾਂ ਹੀ ਕਾਫ਼ੀ ਪਿੱਛੇ ਹੈ। ਹੁਣ ਅਨਾਜ ਦੀ ਪੈਦਾਵਾਰ 'ਚ ਗਿਰਾਵਟ, ਖਾਦ ਦਰਾਮਦ 'ਚ ਵਾਧੇ, ਸਾਮਰਾਜ ਪੱਖੀ ਨੀਤੀਆਂ ਦੇ ਸਿੱਟੇ ਵਜੋਂ ਖੇਤੀ

ਪੈਦਾਵਾਰ ਵਿਚ ਘਾਟ, ਖੇਤੀ ਦਾ ਸੰਕਟ ਤੇ ਹੁਣ ਜ਼ਮੀਨਾਂ 'ਤੇ ਹੋ ਰਿਹਾ ਇਹ ਹਮਲਾ ਇਕ ਗੰਭੀਰ ਸਥਿਤੀ ਦਾ ਸੂਚਕ ਹੈ। ਭੂਮੀ ਦੀ ਭੁੱਖ ਭਾਰਤ ਦੇ ਕਿਸਾਨਾਂ 'ਚ ਵਿਆਪਕ ਹੈ। ਅਜਿਹੀ ਹਾਲਤ ਵਿਚ ਬੇਜ਼ਮੀਨਿਆਂ ਨੂੰ ਤਾਂ ਬੇਦਖ਼ਲ ਕੀਤਾ ਹੀ ਜਾ ਰਿਹਾ ਹੈ, ਹੋਰ ਤਬਕੇ ਵੀ ਜਬਰੀ ਜ਼ਮੀਨ ਇਕਵਾਇਰ ਕਰਨ ਦਾ ਸਾਹਮਣਾ ਕਰ ਰਹੇ ਹਨ। ਅਜਿਹੀ ਹਾਲਤ ਵਿਚ ਅਖੌਤੀ ਖੱਬੇ ਮੋਰਚੇ ਨੇ ਖੇਤੀ ਮਜ਼ਦੂਰਾਂ ਲਈ 5 ਸਾਲਾਂ ਦੀ ਘੱਟੋ ਘੱਟ ਮਜ਼ਦੂਰੀ ਦਾ ਰਾਮਬਾਣ ਛੱਡਿਆ ਹੈ। ਇਸ ਦੇ ਨਾਲ ਇਸ ਗੱਲ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਵੱਡੇ ਪੈਮਾਨੇ 'ਤੇ ਕੁਦਰਤੀ ਖਣਿਜ ਸਰੋਤਾਂ ਨੂੰ ਬਰਾਮਕ ਹਿੱਤ ਵਿਦੇਸ਼ੀ ਕੰਪਨੀਆਂ ਨੂੰ ਸੌਂਪਿਆ ਜਾ ਰਿਹਾ ਹੈ। ਭਾਰਤੀ ਖੇਤੀ ਦਾ ਬਲਾਤਕਾਰ ਜਾਰੀ ਹੈ ਅਤੇ ਇਹ ਕਿਸਾਨਾਂ ਦੇ ਸੰਘਰਸ਼ਾਂ ਦਾ ਕੇਂਦਰੀ ਨੁਕਤਾ ਬਣਦਾ ਜਾ ਰਿਹਾ ਹੈ। ਭਾਰਤੀ ਕਿਸਾਨਾਂ ਵੱਲੋਂ ਕੀਤੇ ਸੰਘਰਸ਼ ਸ਼ਾਇਦ ਹਾਕਮਾਂ ਦੀ ਉਮੀਦ ਤੋਂ ਕਿਤੇ ਵੱਧ ਹਨ। ਹਾਕਮ ਜਮਾਤ ਦੇ ਵੱਖ-ਵੱਖ ਤਬਕੇ ਖ਼ੁਦ ਵੀ ਭੂਮੀ ਇਕਵਾਇਰ ਕਾਨੂੰਨ ਵਿਚ ਸੋਧ ਦੀ ਗੱਲ ਕਰਨ ਲੱਗੇ ਹਨ ਤੇ ਇਹ ਸਥਾਨਕ ਲੋਕਾਂ ਦੇ ਸੰਘਰਸ਼ਾਂ ਦੇ ਦਬਾਅ ਕਾਰਨ ਹੋ ਰਿਹਾ ਹੈ। ਦਾਦਰੀ ਤੇ ਅੰਮ੍ਰਿਤਸਰ ਵਿਚ ਜ਼ਮੀਨ ਇਕਵਾਇਰ ਕਰਨ ਦਾ ਵਿਰੋਧ ਕਰ ਰਹੇ ਕਿਸਾਨਾਂ 'ਤੇ ਫ਼ਾਇਰਿੰਗ ਕੀਤੀ ਗਈ। ਖੱਬੇ ਮੋਰਚੇ ਨੇ ਸਿੰਗਪੁਰ ਦੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ। ਮੁੰਬਈ ਕੋਲ ਰਿਲਾਇੰਸ ਵੱਲੋਂ ਬਣਾਏ ਜਾ ਰਹੇ ਵੱਡੇ ਵਿਸ਼ੇਸ਼ ਆਰਥਕ ਖੇਤਰਾਂ ਰਾਇਗੜ੍ਹ ਜ਼ਿਲੇ ਦੇ 45 ਪਿੰਡਾਂ ਦੀ ਧਾਨ ਦੀ ਪੈਦਾਵਾਰ ਦੀ ਭਰਪੂਰ ਜ਼ਮੀਨ ਨਾਲ ਸਬੰਧਿਤ ਹੈ। ਇਹਨਾਂ ਵਿਚੋਂ ਬਹੁਤੇ ਕਿਸਾਨ ਗ਼ਰੀਬ ਤੇ ਦਰਮਿਆਨੇ ਹਨ। ਉਹ ਇਸ ਜ਼ਮੀਨ ਇਕਵਾਇਰ ਦਾ ਵਿਰੋਧ ਕਰਦਿਆਂ ਇਲਾਕੇ ਵਿਚ ਵਿਸ਼ੇਸ਼ ਖੇਤੀ ਖੇਤਰ ਦੀ ਮੰਗ ਕਰ ਰਹੇ ਹਨ। ਝਾਰਖੰਡ ਵਿਚ ਪੱਛਮੀ ਸਿੰਘਭੂਮ ਜ਼ਿਲੇ ਦੇ ਆਦੀਵਾਸੀਆਂ ਨੇ ਇਸਾਰ ਗਰੁੱਪ ਦੇ ਮੈਨੇਜਰ ਨੂੰ ਭਜਾ ਦਿੱਤਾ ਤੇ ਦਲਾਲੀ ਕਰਨ ਬਦਲੇ ਉਸ ਤੋਂ ਪਿੰਡ-ਪਿੰਡ ਘੁਮਾ ਕੇ ਮੁਆਫ਼ੀ ਮੰਗਵਾਈ। ਪੰਜਾਬ 'ਚ ਚੱਲ ਰਹੇ ਵੱਖ-ਵੱਖ ਸੰਘਰਸ਼ਾਂ ਦਾ ਹਵਾਲਾ ਆ ਰਿਹਾ ਹੈ। ਜੇ ਇਹ ਸੰਘਰਸ਼ ਹੋਰ ਵਿਕਸਤ ਹੋ ਕੇ ਖਾੜਕੂ ਰੂਪ ਧਾਰਨ ਕਰਦਿਆਂ ਜਾਰੀ ਰਹੇ ਤਾਂ ਸਾਮਰਾਜੀ ਲੁੱਟ ਨੂੰ ਵਧਾਉਣ ਦੇ ਵਿਸ਼ੇਸ਼ ਆਰਥਕ ਖੇਤਰਾਂ ਦੇ ਮਾਰਗ ਨੂੰ ਢਹਿ-ਢੇਰੀ ਵੀ ਕਰ ਸਕਦੇ ਹਨ। ਬੇਸ਼ਰਤ ਕਿ ਸੱਚੀ ਕਮਿਊਨਿਸਟ ਇਨਕਲਾਬੀ ਪਾਰਟੀ ਇਹਨਾਂ ਦੀ ਬਾਂਹ ਜ਼ਰੂਰ ਫੜੇ।

# ਆਸਾ ਰਾਮ ਨੂੰ ਮਾਇਆ ਮਿਲੇ, ਭਗਤਾਂ ਨੂੰ ਸ਼੍ਰੀ ਰਾਮ

ਸੰਤਾਂ ਦੇ ਜੀਵਨ ਵਿਚ ਜਾਇਦਾਦ ਲਈ ਕੋਈ ਥਾਂ ਨਹੀਂ ਹੁੰਦੀ, ਇਹ ਭਾਰਤੀ ਮਾਨਤਾ ਹੈ। ਭਗਤਾਂ ਦੀ ਸ਼ਰਧਾ ਤਾਂ ਹੀ ਪ੍ਰਫੁੱਲਿਤ ਹੁੰਦੀ ਹੈ ਜੇ ਉਹਨਾਂ ਨੂੰ ਸੰਤਾਂ ਤੋਂ ਇਹ ਵਿਸ਼ਵਾਸ ਮਿਲਦਾ ਹੋਵੇ ਕਿ ਉਹ ਉਹਨਾਂ ਨੂੰ ਸੰਸਾਰਕ ਬੰਧਨਾਂ ਤੋਂ ਮੁਕਤ ਕਰਵਾ ਕੇ ਮੁਕਤੀ ਦਾ ਰਾਹ ਵਿਖਾਉਣਗੇ। ਪਰ ਜਦ ਸੰਤ ਖ਼ੁਦ ਸੰਸਾਰਕ ਮਾਇਆ ਦੇ ਬੰਧਨ ਤੋਂ ਮੁਕਤ ਨਹੀਂ ਹੁੰਦਾ ਤਾਂ ਮਾਇਆ ਉਸ ਦੇ ਇਰਦ-ਗਿਰਦ ਐਸਾ ਜਾਲ ਬੁਣ ਲੈਂਦੀ ਹੈ ਕਿ ਉਸ ਦਾ ਦਾਮਨ ਵੀ ਦਾਗ਼ੀ ਹੋਣ ਤੋਂ ਨਹੀਂ ਬਚ ਸਕਦਾ। ਸੂਤਰ ਦੱਸਦੇ ਹਨ ਕਿ ਸੰਤ ਆਸਾ ਰਾਮ ਟਰੱਸਟ ਵੱਲੋਂ ਦੇਸ਼ ਭਰ ਵਿਚ 1008 ਆਸ਼ਰਮ ਚਲਾਏ ਜਾ ਰਹੇ ਹਨ, ਜਿਨ੍ਹਾਂ ਦੀ ਮਾਲਕੀ ਸਿਰਫ਼ ਸੰਸਥਾਪਕ ਮੁਖੀ ਦੇ ਰੂਪ ਵਿਚ ਸੰਤ ਆਸਾ ਰਾਮ ਪਾਸ ਹੈ। ਲਖਨਊ ਸਥਿਤ ਸੰਤ ਆਸਾ ਰਾਮ ਆਸ਼ਰਮ ਦੀ ਉਸਾਰੀ ਵੇਲੇ ਤੋਂ ਹੀ ਝਮੇਲਿਆਂ ਵਿਚ ਹੈ। ਸਰਕਾਰ ਇਸ ਨੂੰ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਮੰਨਦੀ ਹੈ। ਜਿਸ ਜ਼ਮੀਨ ’ਤੇ ਆਸ਼ਰਮ ਦਾ ਨਿਰਮਾਣ ਕੀਤਾ ਗਿਆ ਹੈ, ਸਰਕਾਰੀ ਰਿਕਾਰਡ ਵਿਚ ਨਜ਼ੂਲ ਦੇ ਰੂਪ ਵਿਚ ਦਰਜ ਹੈ। ਨਜ਼ੂਲ ਦੀ ਜ਼ਮੀਨ ’ਤੇ ਗ਼ੈਰ-ਕਾਨੂੰਨੀ ਕਬਜ਼ਾ ਕੀਤੇ ਜਾਣ ਖ਼ਿਲਾਫ਼ ਆਸ-ਪਾਸ ਦੇ ਪਿੰਡਾਂ ਦੀ ਸ਼ਕਾਇਤ ਤੇ ਸੰਨ 2002 ਵਿਚ ਉਸ ਵੇਲੇ ਦੇ ਜ਼ਿਲਾ ਅਧਿਕਾਰੀ ਨਵਨੀਤ ਸਹਿਗਲ ਨੇ ਜਾਂਚ ਕਰਵਾਈ ਸੀ। ਜਾਂਚ ਵਿਚ ਸਾਰੇ ਤੱਥ ਆਸ਼ਰਮ ਦੇ ਖ਼ਿਲਾਫ਼ ਪਾਏ ਗਏ। ਇਸ ਆਧਾਰ ’ਤੇ ਜ਼ਿਲਾ ਅਧਿਕਾਰੀ ਨੇ ਆਸ਼ਰਮ ਨੂੰ ਢਾਹ ਕੇ ਜ਼ਮੀਨ ਨੂੰ ਕਬਜ਼ਾ ਮੁਕਤ ਕਰਨ ਦਾ ਹੁਕਮ ਦਿੱਤਾ ਸੀ। ਪਰ ਜ਼ਿਲਾ ਅਧਿਕਾਰੀਆਂ ਦੇ ਹੁਕਮ ਵਿਰੁੱਧ ਆਸ਼ਰਮ ਦੇ ਸੰਚਾਲਕਾਂ ਨੇ ਕੋਰਟ ਤੋਂ ਸਟੇਅ ਲੈ ਲਿਆ। ਤਾਜ਼ਾ ਝਮੇਲੇ ਦੀ ਜੜ੍ਹ ’ਚ ਆਸ਼ਰਮ ਦੇ ਵਿਸਥਾਰ ‘ਚ ਆਸ-ਪਾਸ ਦੀ ਲਈ ਗਈ ਜ਼ਮੀਨ ਹੈ। 63 ਭੂਮ ਸਵਾਮੀਆਂ ਤੋਂ ਇਕ ਹੀ ਰਜਿਸਟਰੀ ’ਤੇ 1.2173 ਹੈਕਟੇਅਰ ਜ਼ਮੀਨ ਰਜਿਸਟਰੀ ਕਰਵਾਈ ਗਈ। ਜਿਹਨਾਂ ਲੋਕਾਂ ਤੋਂ ਜ਼ਮੀਨ ਲਈ ਗਈ, ਉਹਨਾਂ ’ਚੋਂ ਬਹੁਤੇ ਅਨੁਸੂਚਿਤ ਜਾਤੀ ਦੇ ਹਨ। ਕਾਨੂੰਨੀ ਤੌਰ ’ਤੇ ਅਨੁਸੂਚਿਤ ਜਾਤੀ ਦੇ ਲੋਕਾਂ ਤੋਂ ਬਿਨਾਂ ਜ਼ਿਲਾ ਅਧਿਕਾਰੀ ਦੀ ਮਨਜ਼ੂਰੀ ਦੇ ਜ਼ਮੀਨ ਨਹੀਂ ਖ਼ਰੀਦੀ ਜਾ ਸਕਦੀ। ਪਰ ਆਸ਼ਰਮ ਦੇ ਸੰਚਾਲਨ ਨਾਲ ਜੁੜੇ ਕੁਝ ਜ਼ਮੀਨ ਮਾਲਕਾਂ ਨੇ ਅਜਿਹੇ ਜ਼ਮੀਨ-ਮਾਲਕਾਂ ਨੂੰ ਗ਼ੈਰ-ਅਨੁਸੂਚਿਤ ਜਾਤੀ ਦਾ ਦਰਸਾਉਂਦੇ ਹੋਇਆਂ ਅਜੀਬ ਤਰੀਕੇ ਨਾਲ ਰਜਿਸਟਰੀ ਕਰਵਾ ਲਈ। ਸ਼ਕਾਇਤ ਮਿਲਣ ’ਤੇ ਉਪ-ਜ਼ਿਲਾ ਅਧਿਕਾਰੀ ਨੇ ਜਾਂਚ ’ਚ ਉਕਤ ਜ਼ਮੀਨ-ਮਾਲਕਾਂ ਦੇ ਅਨੁਸੂਚਿਤ ਜਾਤੀ

ਦੇ ਪਾਏ ਜਾਣ 'ਤੇ ਅੱਠ ਫ਼ਰਵਰੀ 2007 ਨੂੰ ਜ਼ਮੀਨ ਸਰਕਾਰ ਦੇ ਅਧੀਨ ਕਰਨ ਦਾ ਹੁਕਮ ਜਾਰੀ ਕੀਤਾ। ਉਕਤ ਆਦੇਸ਼ ਵਿਰੁੱਧ ਆਸ਼ਰਮ ਪੱਖ ਨੇ ਸਬ-ਡਿਵੀਜ਼ਨਲ ਅਧਿਕਾਰੀ ਦੀ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਰੱਖਿਆ ਹੈ।

ਸੰਤ ਆਸਾ ਰਾਮ ਆਸ਼ਰਮ ਦਾ ਵਿਵਾਦ ਇਥੋਂ ਸ਼ੁਰੂ ਹੁੰਦਾ ਹੈ। ਹੀਰਾ ਨੰਦ ਗੁਰਨਾਨੀ ਨਾਂ ਦੇ ਬੰਦੇ ਨੇ ਗ੍ਰਾਮ ਬੇਹਸਾ, ਪਰਗਨਾ ਬਿਜਨੌਰ, ਤਹਿਸੀਲ ਤੇ ਜਨਪਦ ਲਖਨਊ ਦੇ ਖਸਰਾ ਨੰਬਰ 150 ਦੀ 34 ਵਿਘੇ 6 ਵਿਸਵਾ ਅਤੇ ਖਸਰਾ ਨੰਬਰ 88 ਦੀ 2 ਵਿਘੇ 17 ਵਿਸਵਾ ਕੁਲ 37 ਵਿਘੇ 3 ਵਿਸਵੇ ਜ਼ਮੀਨ ਗ਼ੈਰ-ਕਾਨੂੰਨੀ ਤੌਰ 'ਤੇ ਸੰਤ ਆਸਾ ਰਾਮ ਟਰੱਸਟ ਆਗਰਾ ਦੇ ਅਡੀਸ਼ਨਲ ਟਰੱਸਟੀ ਅਜੈ ਸ਼ਾਹ ਨੂੰ 14 ਸਤੰਬਰ 2001 ਨੂੰ ਤਬਦੀਲ ਕਰ ਦਿੱਤੀ ਸੀ। ਉਕਤ ਖਸਰਾ ਨੰਬਰ 150 ਜ਼ਮੀਨ ਸਬੰਧੀ ਉਤਰ ਪ੍ਰਦੇਸ਼ ਸਰਕਾਰ ਨੇ ਸੁਪਰੀਮ ਕੋਰਟ ਵਿਚ ਵਿਸ਼ੇਸ਼ ਲੀਵ ਪਟੀਸ਼ਨ (SLP) ਦਾਇਰ ਕਰ ਰੱਖੀ ਹੈ, ਜੋ ਸੁਣਵਾਈ ਹਿੱਤ ਮਨਜ਼ੂਰ ਹੋਣੀ ਹੈ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਜੇ ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਉਕਤ ਜ਼ਮੀਨ ਹੀਰਾ ਨੰਦ ਗੁਰਨਾਨੀ ਦੀ ਪਾਈ ਤਾਂ ਅਨੁਬੰਦ ਦੀ ਸਾਰੀ ਧਨ ਰਾਸ਼ੀ ਟਰੱਸਟੀ ਨੂੰ ਵਾਪਸ ਕਰ ਦਿੱਤੀ ਜਾਵੇਗੀ। ਵਰਣਨਯੋਗ ਹੈ ਕਿ ਉਕਤ 150 ਨੰਬਰ ਦੀ ਜ਼ਮੀਨ ਸਬੰਧੀ ਸੀਲਿੰਗ ਦਾ ਝਗੜਾ ਹੈ। ਖਤੌਨੀ ਵਿਚ ਉਕਤ ਭੂਮੀ ਸੀਲਿੰਗ 'ਚ ਦਰਜ ਹੈ। ਭੂਮੀ ਹੱਦਬੰਦੀ ਕਾਨੂੰਨ ਪਿੱਛੋਂ 1962 ਵਿਚ ਉਕਤ ਨੰਬਰ ਦੀ 36 ਵਿਘੇ ਜ਼ਮੀਨ ਛੱਡ ਕੇ ਬਾਕੀ ਜ਼ਮੀਨ ਸੀਲਿੰਗ ਵਿਚ ਚਲੀ ਗਈ। ਬਾਅਦ ਵਿਚ 1988 ਵਿਚ ਉਤਰ ਪ੍ਰਦੇਸ਼ ਸਰਕਾਰ ਨੇ ਪੇਂਡੂ ਭੂਮੀ ਹੱਦਬੰਦੀ ਨੋਟੀਫਿਕੇਸ਼ਨ ਦੇ ਤਹਿਤ ਬਾਕੀ ਜ਼ਮੀਨਾਂ ਨੂੰ ਵੀ ਸੀਲਿੰਗ ਵਿਚ ਸ਼ਾਮਲ ਕਰਨ ਦਾ ਹੁਕਮ ਦਿੱਤਾ, ਜਿਸ ਖ਼ਿਲਾਫ਼ ਭੂ-ਮਾਲਕ ਗੁਰਨਾਨੀ ਨੇ ਹਾਈ ਕੋਰਟ ਵਿਚ ਅਪੀਲ ਕੀਤੀ। ਮੌਜੂਦਾ ਸੀਲਿੰਗ ਸਬੰਧੀ ਝਗੜਾ ਸੁਪਰੀਮ ਕੋਰਟ ਤੋਂ ਵਾਪਸ ਹਾਈ ਕੋਰਟ ਵਿਚ ਆ ਕੇ ਮੁਲਤਵੀ ਹੈ। ਇਸ ਦਾ ਸਿੱਧਾ ਅਰਥ ਹੈ ਕਿ ਉਕਤ ਜ਼ਮੀਨ ਨੂੰ, ਜੋ ਕਿ ਖਤੌਨੀ ਵਿਚ ਸੀਲਿੰਗ 'ਚ ਦਰਜ ਹੈ, ਜਿਸ ਦਾ ਅਜੇ ਵੀ ਹਾਈ ਕੋਰਟ ਵਿਚ ਝਗੜਾ ਚੱਲ ਰਿਹਾ ਹੈ, ਉਸ ਨੂੰ ਕਾਨੂੰਨਨ ਖ਼ਰੀਦਿਆ ਤੇ ਵੇਚਿਆ ਨਹੀਂ ਜਾ ਸਕਦਾ ਅਤੇ ਨਾ ਹੀ ਤਬਦੀਲ ਕੀਤਾ ਜਾ ਸਕਦਾ ਹੈ। ਬਾਵਜੂਦ ਇਸ ਦੇ ਅਜਿਹਾ ਕੀਤਾ ਗਿਆ, ਖ਼ਾਸ ਗੱਲ ਹੈ ਕਿ ਅਨੁਬੰਧ 43 ਦੇ ਪੈਰਾ 7 ਵਿਚ ਸਾਫ਼ ਤੌਰ 'ਤੇ ਲਿਖਿਆ ਹੈ ਕਿ ਇਸ ਵਿਕਰੀ ਸ਼ੁਦਾ ਖੇਤੀਯੋਗ ਭੂਮੀ 'ਤੇ ਅਨੁਬੰਧ ਪੱਤਰ ਰਾਹੀਂ ਦਿਤਿਆ ਪੱਖ (ਟਰੱਸਟ) ਨੂੰ ਕਬਜ਼ਾ ਨਹੀਂ ਦਿੱਤਾ ਜਾ ਸਕਦਾ। ਅਨੁਬੰਧ ਪੱਤਰ ਤੋਂ ਸਾਫ਼ ਪਤਾ ਲੱਗਦਾ ਹੈ ਕਿ ਆਸ਼ਰਮ ਟਰੱਸਟ ਨੂੰ ਭੂਮੀ 'ਤੇ ਕਬਜ਼ੇ ਦਾ ਅਧਿਕਾਰ ਨਹੀਂ ਸੀ। ਬਾਵਜੂਦ ਇਸ ਦੇ ਆਸ਼ਰਮ ਟਰੱਸਟ ਤੇ ਉਸ ਨਾਲ ਜੁੜੇ ਲੋਕਾਂ ਨੇ 10 ਫ਼ਰਵਰੀ 2002 ਨੂੰ ਲਾ ਸਿਰਫ਼ ਝਗੜੇ ਵਾਲੇ ਖਸਰੇ ਨੰਬਰ 150 ਬਲਕਿ ਆਸ-ਪਸ ਦੇ ਪਿੰਡਾਂ ਦੇ ਖਸਰਾ ਨੰਬਰ 150/2 ਅਤੇ 150/3 'ਤੇ ਵੀ ਕਬਜ਼ੇ ਦੀ ਨੀਅਤ ਨਾਲ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਜਿਸ ਦਾ ਪਿੰਡ ਵਾਲਿਆਂ ਨੇ ਵਿਰੋਧ ਕੀਤਾ। ਉਕਤ ਨਜਾਇਜ਼ ਕਬਜ਼ੇ ਦੇ ਵਿਰੋਧ ਵਿਚ ਖਸਰਾ ਨੰਬਰ 150/2

ਅਤੇ ਖਸਰਾ ਨੰਬਰ 150/3 ਦੇ ਜ਼ਮੀਨ ਮਾਲਕਾਂ, ਸਰਦਾਰ ਸਿਆਰਾਮ, ਰਾਮ ਆਸਰੇ, ਸੀਤਲਾ ਪ੍ਰਸਾਦ, ਪਰਸ਼ੂ ਰਾਮ, ਵਿਸ਼ਵ ਨਾਥ ਆਦਿ ਨੇ ਨਾ ਸਿਰਫ਼ ਸਿਵਲ ਜੱਜ ਜੂਡੀ ਹਵਾਲੀ ਲਖਨਊ ਦੀ ਕੋਰਟ 'ਚ ਪਟੀਸ਼ਨ (ਨੰਬਰ 184, 185/2002) ਦਾਇਰ ਕੀਤੀ ਬਲਕਿ 11 ਜੂਨ 2002 ਨੂੰ ਉਸ ਵੇਲੇ ਦੇ ਮੁੱਖ ਮੰਤਰੀ ਮਾਇਆਵਤੀ ਨੂੰ ਚਿੱਠੀ ਲਿਖ ਕੇ ਕਾਰਵਾਈ ਦੀ ਮੰਗ ਕੀਤੀ। ਪੱਤਰ 'ਚ ਬਿਨੈਕਾਰਾਂ ਨੇ ਲਿਖਿਆ ਕਿ "ਗ੍ਰਾਮ ਬੇਹਸਾ 'ਚ 32 ਬਟਾਲੀਅਨ ਪੀ.ਏ.ਸੀ. ਪਿੱਛੇ ਸੀਲਿੰਗ ਦਾ ਗਾਟਾ ਸੰਖਿਆ ਨੰਬਰ 150/1 ਕੁਲ ਰਕਬਾ ਮੌਕੇ 'ਤੇ ਸਿਰਫ਼ 21-22 ਵਿਘੇ ਹੈ। ਇਸ ਦੀ ਬਾਕੀ ਜ਼ਮੀਨ ਪੀ.ਏ.ਸੀ. 'ਚ ਚਲੀ ਗਈ ਹੈ। ਰਾਜ ਸਰਕਾਰ ਵਲੋਂ ਇਸ ਨੰਬਰ 'ਤੇ ਸੁਪਰੀਮ ਕੋਰਟ ਵਿਚ (ਉਸ ਵੇਲੇ) ਐੱਸ.ਐੱਲ.ਪੀ. ਦਾਇਰ ਹੈ। ਇਸ ਦੇ ਬਾਵਜੂਦ ਇਸੇ ਜ਼ਮੀਨ ਨੂੰ ਹੀਰਾ ਨੰਦ ਗੁਰਨਾਨੀ ਨੇ ਵਾਸੂਦੇਵ ਚਾਵਲਾ, ਅਜੈ ਸ਼ਾਹ ਤੇ ਉਮੇਸ਼ ਅਹੂਜਾ ਦੇ ਨਾਂ ਮੁਖ਼ਤਿਆਰਨਾਮਾ ਤੇ ਵਿਕਰੀ ਸੌਦਾ ਕਰ ਦਿੱਤਾ। ਇਸ ਭੂਮੀ ਤੋਂ ਮਿਲੀ ਹੋਈ 36 ਗ਼ਰੀਬ, ਦਲਿਤ ਪਿਛੜੇ ਤੇ ਘੱਟ-ਗਿਣਤੀ ਸਮਾਜ ਦੇ ਸਹਿ-ਖਾਤੇਦਾਰਾਂ ਦੀ ਲਗਭਗ 35 ਵਿਘਾ ਜ਼ਮੀਨ ਹੈ। ਜਿਸ 'ਤੇ ਉਕਤ ਜ਼ਮੀਨ ਮਾਫ਼ੀਆ ਨਜਾਇਜ਼ ਕਬਜ਼ੇ ਕਰ ਰਿਹਾ ਹੈ। ਉਕਤ ਜ਼ਮੀਨ ਮਾਫ਼ੀਏ ਤੋਂ ਸਾਡੀਆਂ ਜ਼ਮੀਨਾਂ ਨੂੰ ਆਜ਼ਾਦ ਕਰਾਉਣ ਦੀ ਕਿਰਪਾ ਕਰੋ। ਜਿਸ ਨਾਲ ਗ਼ਰੀਬਾਂ ਦੀ ਰੋਟੀ-ਰੋਜ਼ੀ ਦਾ ਜ਼ਰੀਆ ਬਣਿਆ ਰਹੇ।"

11 ਜੂਨ ਨੂੰ ਮੁੱਖ ਮੰਤਰੀ ਨੂੰ ਲਿਖੇ ਉਕਤ ਪੱਤਰ ਦੀ ਰੋਸ਼ਨੀ ਵਿਚ ਜ਼ਿਲਾ ਅਧਿਕਾਰੀ ਨਵਨੀਤ ਸਹਿਗਲ ਨੇ 13 ਜੂਨ ਨੂੰ ਜਾਂਚ ਦਾ ਹੁਕਮ ਦਿੰਦਿਆਂ ਕਬਜ਼ਾ ਕਰਨ ਵਾਲੇ ਵਿਅਕਤੀਆਂ ਵਿਰੁੱਧ ਕਾਰਵਾਈ ਦਾ ਹੁਕਮ ਦਿੱਤਾ ਸੀ। ਜ਼ਿਲਾ ਅਧਿਕਾਰੀ ਦੇ ਹੁਕਮਾਂ ਨਾਲ ਕੀਤੀ ਜਾਂਚ ਵਿਚ ਪਾਇਆ ਗਿਆ ਕਿ ਸੰਤ ਆਸਾ ਰਾਮ ਆਸ਼ਰਮ ਨੇ ਖਸਰਾ ਨੰਬਰ 150 ਤੇ ਇਸ ਨਾਲ ਮਿਲਦੇ ਹੋਰ ਨੰਬਰਾਂ ਦੀ ਜ਼ਮੀਨ 'ਤੇ ਬੈਰੀਕੇਟਿੰਗ ਤੇ ਕੁਝ ਭਾਗ 'ਤੇ ਉਸਾਰੀ ਕਰ ਕੇ ਕਬਜ਼ਾ ਕਰ ਲਿਆ ਹੈ। ਜਾਂਚ ਰਿਪੋਰਟ 17 ਜੂਨ 2002 ਨੂੰ ਆਉਣ ਪਿੱਛੋਂ, 24 ਜੂਨ 2002 ਨੂੰ ਜ਼ਿਲਾ ਅਧਿਕਾਰੀ ਨੇ ਆਸ਼ਰਮ ਦੇ ਨਜਾਇਜ਼ ਕਬਜ਼ੇ ਨੂੰ ਫੌਰਨ ਹਟਾਉਣ ਦਾ ਹੁਕਮ ਦਿੱਤਾ। ਜ਼ਿਲਾ ਅਧਿਕਾਰੀ ਦੇ ਹੁਕਮ ਵਿਰੁੱਧ ਆਸ਼ਰਮ ਟਰੱਸਟ ਨੇ ਹਾਈ ਕੋਰਟ ਤੋਂ ਸਟੇਅ ਆਦੇਸ਼ ਹਾਸਲ ਕਰ ਲਿਆ। ਚਾਰ ਸਾਲ ਬਾਅਦ 2006 ਵਿਚ ਆਸ਼ਰਮ ਟਰੱਸਟ ਨੇ ਆਸ਼ਰਮ ਦੇ ਵਿਸਥਾਰ ਵਿਚ ਕੁਝ ਹੋਰ ਜ਼ਮੀਨ ਨੱਪ ਲਈ। ਇਕ ਹੀ ਰਜਿਸਟਰੀ 'ਤੇ 64 ਜ਼ਮੀਨ ਮਾਲਕਾਂ ਤੋਂ 6 ਮਾਰਚ 2006 ਨੂੰ 1.2173 ਹੈਕਟੇਅਰ ਜ਼ਮੀਨ ਦੀ ਰਜਿਸਟਰੀ ਕਰਵਾਈ ਗਈ। ਉਕਤ ਜ਼ਮੀਨ ਮਾਲਕਾਂ ਵਿਚੋਂ ਬਹੁਤੇ ਅਨੁਸੂਚਿਤ ਜਾਤੀਆਂ ਦੇ ਸਨ, ਪਰ ਰਜਿਸਟਰੀ ਸਮੇਂ ਇਹ ਗੱਲ ਛੁਪਾ ਲਈ ਗਈ।

ਜਦ ਉਕਤ ਜ਼ਮੀਨ ਦੇ ਇੰਤਕਾਲ ਲਈ ਦਸਤਾਵੇਜ਼ ਤਹਿਸੀਲ 'ਚ ਗਿਆ ਤਾਂ ਦਸਤਾਵੇਜ਼ਾਂ ਦੀ ਘੋਖ ਪੜਤਾਲ ਕਰਦਿਆਂ ਨਾਇਬ ਤਹਿਸੀਲਦਾਰ ਨੂੰ ਕੁਝ ਸ਼ੱਕ ਹੋਇਆ। ਆਪਣੇ ਸ਼ੱਕ ਤੋਂ ਨਾਇਬ ਤਹਿਸੀਲਦਾਰ ਨੇ ਉਪ-ਜ਼ਿਲਾ ਅਧਿਕਾਰੀ ਸਦਰ

ਲਖਨਊ ਨੂੰ ਜਾਣੂ ਕਰਵਾ ਦਿੱਤਾ। ਜਿਸ ਨੇ ਜਾਂਚ ਦੇ ਹੁਕਮ ਦੇ ਦਿੱਤੇ ਅਤੇ ਆਸ਼ਰਮ ਪੱਖ ਤੋਂ ਉਕਤ ਜ਼ਮੀਨ ਮਾਲਕਾਂ ਦੇ ਦਲਿਤ ਹੋਣ ਕਾਰਨ, ਉਹਨਾਂ ਦੀ ਜ਼ਮੀਨ ਲੈਣ ਲਈ ਜ਼ਿਲਾ ਅਧਿਕਾਰੀ ਤੋਂ ਹਾਸਲ ਕੀਤੀ ਮਨਜ਼ੂਰੀ ਪੇਸ਼ ਕਰਨ ਲਈ ਕਿਹਾ। ਪਰ ਆਸ਼ਰਮ ਟਰੱਸਟ ਅਜਿਹੀ ਕੋਈ ਮਨਜ਼ੂਰੀ ਪੇਸ਼ ਨਹੀਂ ਕਰ ਸਕਿਆ। ਨਾਇਬ ਤਹਿਸੀਲਦਾਰ ਦੀ ਸੂਚਨਾ 'ਤੇ ਉਤਰ ਪ੍ਰਦੇਸ਼ ਜ਼ਿਰੀਂਦਾਰੀ ਵਿਨਾਸ਼ ਨੋਟੀਫਿਕੇਸ਼ਨ ਦੀ ਧਾਰਾ 166/67 ਦੇ ਤਹਿਤ ਸੇਲ ਸੰਖਿਆ 496/2006 (ਸੰਤ ਆਸਾ ਰਾਮ ਆਸ਼ਰਮ ਬਨਾਮ ਮੈਕੂ) ਦੇ ਤੱਥਾਂ ਦੀ ਜਾਂਚ 'ਚ ਪਾਇਆ ਗਿਆ ਕਿ ਜ਼ਮੀਨ ਦੀ ਵਿਕਰੀ ਸਮਰੱਥ ਅਧਿਕਾਰੀ ਦੀ ਇਜਾਜ਼ਤ ਤੋਂ ਬਿਨਾਂ ਹੀ ਕੀਤੀ ਗਈ ਜੋ ZALR ਐਕਟ ਦੀ ਧਾਰਾ 157 ਦੀ ਉਲੰਘਣਾ ਹੈ। ਧਾਰਾ 166/67 ਦੇ ਤਹਿਤ ਸਮੁੱਚਾ ਭਾਰਤ ਬੰਧਨ ਤੋਂ ਮੁਕਤ ਹੋ ਕੇ ਸਰਕਾਰ 'ਚ ਸ਼ਾਮਲ ਹੋਣ ਯੋਗ ਹੈ।

8 ਫ਼ਰਵਰੀ 2007 ਨੂੰ ਆਏ ਉਕਤ ਹੁਕਮ ਖ਼ਿਲਾਫ਼ ਫਿਲਹਾਲ ਆਸ਼ਰਮ ਪੱਖ ਨੇ ਉਪ-ਮੰਡਲ ਯੁਕਤ ਅਦਾਲਤ 'ਚ ਅਪੀਲ ਦਾਇਰ ਕਰ ਰੱਖੀ ਹੈ। ਸੁਆਲ ਸਿਰਫ਼ ਏਨਾ ਹੈ ਕਿ ਜੋ ਸੰਤ ਲੋਕਾਂ 'ਚ ਆਤਮ ਚਿੰਤਨ ਨੂੰ ਵਧਾ ਕੇ ਸ਼ਾਂਤੀ ਹਾਸਲ ਕਰਨ ਦਾ ਉਪਦੇਸ਼ ਦਿੰਦੇ ਹਨ, ਉਹ ਕੀ ਕਦੀ ਖ਼ੁਦ ਵੀ ਇਸ ਗੱਲ ਦਾ ਚਿੰਤਨ ਕਰਦੇ ਹਨ ਕਿ ਸਾਧਨਾ ਨਾਲ ਸ਼ਾਂਤੀ ਤੇ ਸੁਖ ਨਹੀਂ ਮਿਲਦਾ ? ਵੈਸੇ ਵੀ ਜਿਸ ਬਜ਼ਾਰਵਾਦ ਨੇ ਆਸਾ ਰਾਮ ਨੂੰ ਕਥਾ ਵਾਚਕ ਤੋਂ ਸੰਤ ਬਣਾਇਆ ਹੈ, ਵਿਵਾਦ ਉਸ ਦਾ ਅਟੁੱਅ ਅੰਗ ਹੈ। ਇਹ ਉਹਨਾਂ ਨੂੰ ਸਮਝਣਾ ਚਾਹੀਦਾ ਹੈ। ਇਸ ਲਈ ਪਤਨ ਵੀ ਸੰਭਵ ਹੈ ਜਿਸ ਦੇ ਰਸਤੇ ਅਜਿਹੇ ਹੀ ਆਸ਼ਰਮਾਂ ਤੋਂ ਖੁੱਲ੍ਹਦੇ ਹਨ।

# ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ

ਉਹਨਾਂ ਦੇ ਚਿਹਰੇ 'ਤੇ ਥਕਾਵਟ ਝਲਕ ਰਹੀ ਸੀ ਪਰ ਇਸ ਦਾ ਅਸਰ ਉਸ ਦੀ ਚਿਰ-ਸਥਾਈ ਮੁਸਕਰਾਹਟ 'ਤੇ ਨਹੀਂ ਸੀ। ਕਮਰੇ 'ਚ ਘੁੰਮਦੇ ਹੀ ਸਭ ਤੋਂ ਪਹਿਲਾਂ ਉਹਨਾਂ ਨੇ ਪੁੱਛਿਆ, "ਤੂੰ ਚਾਹ ਪੀਏਂਗੀ ?" ਸਿਰ 'ਹਾਂ' 'ਚ ਹਿਲਾਉਂਦਿਆਂ ਹੀ ਉਹਨਾਂ ਨੇ ਚਾਹ ਦਾ ਆਰਡਰ ਦਿੱਤਾ ਅਤੇ ਸੋਫ਼ੇ 'ਤੇ ਬੈਠ ਗਈ। ਢਿੱਲੀ-ਢਾਲੀ ਸ਼ਰਟ ਅਤੇ ਗ੍ਰੇ ਰੰਗ ਦੀ ਪੈਂਟ (ਹੇਠਾਂ ਤੋਂ ਮੁੜੀ ਹੋਈ) ਪਹਿਨੀ ਤਸਲੀਮਾ ਗੱਲਬਾਤ ਦੌਰਾਨ ਇਕ ਧਿਆਨ ਟੀ.ਵੀ. ਚੈਨਲਾਂ 'ਤੇ ਲਾਈ ਬੈਠੀ ਸੀ। ਆਪਣੇ ਨਾਵਲ ਲੱਜਾ ਨਾਲ ਸਭ ਤੋਂ ਪਹਿਲਾਂ ਚਰਚਾ ਵਿਚ ਆਈ ਤਸਲੀਮਾ ਦਾ ਝਮੇਲਿਆਂ ਨੇ ਅਜੇ ਤਕ ਪਿੱਛਾ ਨਹੀਂ ਛੱਡਿਆ ਹੈ। ਇਹ ਨਾਵਲ ਬਾਬਰੀ ਮਸਜਿਦ ਢਾਹੇ ਜਾਣ ਪਿੱਛੋਂ ਬੰਗਲਾ ਦੇਸ਼ ਵਿਚ ਹੋਏ ਦੰਗਿਆਂ ਅਤੇ ਮੁਸਲਿਮ ਕੱਟੜਪੰਥੀਆਂ ਦੇ ਅੱਤਿਆਚਾਰਾਂ 'ਤੇ ਕੇਂਦਰਿਤ ਸੀ। ਜਿਸ 'ਚ ਧਰਮ ਬਾਰੇ ਵੀ ਉਹਨਾਂ ਦੇ ਵਿਚਾਰ ਸਨ। ਬੰਗਲਾ ਦੇਸ਼ ਦੀ ਲੇਖਿਕਾ ਨੂੰ ਇਸ ਪਿੱਛੋਂ ਲਗਾਤਾਰ ਵਿਰੋਧ ਝੱਲਣਾ ਪਿਆ। ਉਹਨਾਂ ਖ਼ਿਲਾਫ਼ ਫਤਵਾ ਜਾਰੀ ਕੀਤਾ ਗਿਆ ਅਤੇ 1994 ਤੋਂ ਇਹ ਸ਼ਰਨਾਰਥੀ ਜੀਵਨ ਜਿਉਂ ਰਹੀ ਹੈ। ਭਾਰਤ ਵਿਚ ਸ਼ਰਨ ਲੈਣ ਤੋਂ ਪਹਿਲਾਂ 11 ਸਾਲ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਬਿਤਾ ਚੁੱਕੀ 45 ਸਾਲਾ ਤਸਲੀਮਾ ਦੀ ਖ਼ੂਬੀ ਇਹ ਰਹੀ ਹੈ ਕਿ ਭਿਅੰਕਰ ਵਿਰੋਧ ਦੇ ਬਾਵਜੂਦ ਉਹਨਾਂ ਦੀ ਕਲਮ ਕਦੀ ਨਹੀਂ ਰੁਕੀ। ਆਤਮ-ਕਥਾ ਉਪਰ ਉਹ ਖੁਭ ਕੇ ਕੰਮ ਕਰ ਰਹੀ ਹੈ। ਇਸ ਦੇ ਪੰਜ ਭਾਗ ਤਾਂ ਪ੍ਰਕਾਸ਼ਿਤ ਹੋ ਚੁੱਕੇ ਹਨ ਤੇ ਉਹਨਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਦੋ ਭਾਗ ਹੋਰ ਆਉਣਗੇ। ਜਦ ਜ਼ਿੰਦਗੀ ਏਨੀ ਦੁਸ਼ਵਾਰੀਆਂ ਭਰੀ ਹੋਵੇ ਤਾਂ ਆਤਮ-ਕਥਾ ਛੋਟੀ ਕਿਵੇਂ ਹੋ ਸਕਦੀ ਹੈ ? ਨੰਦੀਗ੍ਰਾਮ ਦੀ ਅੱਗ 'ਚ ਝੁਲਸ ਰਹੇ ਪੱਛਮੀ ਬੰਗਾਲ 'ਚ ਅਚਾਨਕ ਹੀ ਮੁਸਲਿਮ ਕੱਟੜਪੰਥੀਆਂ ਨੇ ਤਸਲੀਮਾ ਨੂੰ ਬਾਹਰ ਭੇਜਦ ਦੀ ਮੰਗ ਕੀਤੀ, ਦੰਗਾ ਹੋਇਆ ਅਤੇ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਸਰਕਾਰ ਨੇ ਉਹਨਾਂ ਨੂੰ ਸੁਰੱਖਿਆ ਦੇ ਨਾਂ 'ਤੇ ਜੈਪੁਰ ਭੇਜ ਦਿੱਤਾ। ਤੇ ਉਥੋਂ ਰਾਜਸਥਾਨ ਸਰਕਾਰ ਨੇ ਮਹਿਮਾਨ ਬਣਾ ਕੇ ਉਹਨਾਂ ਨੂੰ ਦਿੱਲੀ ਰਾਜਸਥਾਨ ਭਵਨ ਵਿਚ ਭੇਜ ਦਿੱਤਾ। ਤੇ ਫਿਰ ਇਥੋਂ ਹਟਾ ਕੇ ਕੇਂਦਰ ਸਰਕਾਰ ਦੇ ਸਪੁਰਦ ਕਰ ਦਿੱਤਾ ਗਿਆ, ਜਿਸ ਦੇ ਖ਼ੁਫ਼ੀਆ ਵਿਭਾਗ ਨੇ ਉਹਨਾਂ ਨੂੰ ਅਣਦੱਸੀ ਥਾਂ ਲੈ ਜਾ ਕੇ ਰੱਖਿਆ। ਫਿਰ 28 ਨਵੰਬਰ ਨੂੰ ਸੰਸਦ ਦੇ ਹੰਗਾਮੇ ਪਿੱਛੋਂ ਵਿਦੇਸ਼ ਮੰਤਰੀ ਪ੍ਰਣਾਬ ਮੁਕਰਜੀ ਨੇ ਕਿਹਾ ਕਿ ਭਾਰਤ ਤਸਲੀਮਾ ਨੂੰ ਦੇਸ਼ ਤੋਂ ਬਾਹਰ ਨਹੀਂ ਕੱਢੇਗਾ। ਤਸਲੀਮਾ ਦਾ ਕਹਿਦਾ ਹੈ ਕਿ ਉਹ ਲਿਖਣਾ ਤਾਂ ਹਾਲ ਦੇ ਪ੍ਰਸੰਗਾਂ 'ਤੇ ਵੀ ਚਾਹੁੰਦੀ

ਹੈ ਪਰ ਅਜਿਹੇ ਹਾਲਤ ਵਿਚ ਕੋਈ ਕਿਵੇਂ ਲਿਖ ਸਕਦਾ ਹੈ ਉਸ ਦਾ ਕਹਿਣਾ ਹੈ ਕਿ ਉਸ ਦਾ ਜੀਅ ਵੀ ਕਰਦਾ ਹੈ ਕਿ ਆਮ ਔਰਤ ਵਾਂਗੂੰ ਢਾਬੇ 'ਤੇ ਚਾਹ ਪੀਣ ਦਾ, ਆਮ ਜੀਵਨ ਜਿਉਣ ਦਾ ਪਰ ਬੰਧਨਾਂ 'ਚ ਰਹਿਦਾ ਸੌਖਾ ਨਹੀਂ। ਭਾਰਤ 'ਚ ਰਹਿਣ ਦਾ ਵੀਜ਼ਾ ਫ਼ਰਵਰੀ ਤਕ ਹੈ ਅਤੇ ਕੱਟੜਪੰਥੀ ਦਬਾਅ ਬਣਾ ਰਹੇ ਹਨ ਕਿ ਉਸ ਤੋਂ ਪਹਿਲਾਂ ਹੀ ਉਸ ਨੂੰ ਵਿਦੇਸ਼ ਭੇਜ ਦਿੱਤਾ ਜਾਏ। ਤਸਲੀਮਾ ਜਦ ਪੱਛਮੀ ਬੰਗਾਲ ਦੇ ਝੂਠ 'ਤੇ ਵੀ ਬੋਲੀ ਤਾਂ ਉਸ ਦੀ ਆਵਾਜ਼ 'ਚ ਦਰਦ ਝਲਕ ਰਿਹਾ ਸੀ, ਕਿਉਂਕਿ ਬੁੱਧਾਦੇਵ ਭੱਟਾਚਾਰੀਆ ਨੇ ਕਿਹਾਂ ਕ ਤਸਲੀਮਾ ਚਾਹੇ ਤਾਂ ਬੰਗਾਲ ਆ ਸਕਦੀ ਹੈ। ਤਸਲੀਮਾ ਦਾ ਕਹਿਣਾ ਹੈ ਕਿ ਬੁੱਧਾਦੇਵ ਜਾਣ ਬੁਝ ਕੇ ਲੋਕਾਂ 'ਚ ਭਰਮ ਫੈਲਾਉਣਾ ਚਾਹੁੰਦੇ ਹਨ। ਅਜਿਹੀ ਕੋਈ ਗੱਲ ਨਾ ਤਾਂ ਪੱਛਮੀ ਬੰਗਾਲ ਸਰਕਾਰ ਨੇ ਉਹਨਾਂ ਨੂੰ ਕਹੀ ਹੈ ਤੇ ਨਾ ਹੀ ਉਹਨਾਂ ਲੋਕਾਂ ਨੇ ਜਿਹਨਾਂ ਦੀ ਉਹ ਮਹਿਮਾਨ ਹੈ। ਤਸਲੀਮਾ ਨੇ ਕਿਹਾ ਕਿ ਬੁੱਧਾਦੇਵ ਦੇ ਹੁਕਮਾਂ 'ਤੇ ਹੀ ਤਾਂ ਪੁਲਿਸ ਨੇ ਉਸ ਨੂੰ ਪੱਛਮੀ ਬੰਗਾਲ ਦੇ ਬਾਹਰ ਸਿਰਫ਼ ਇਕ ਬੈਗ ਨਾਲ ਹੀ ਧੱਕ ਦਿੱਤਾ। ਤੁਹਾਨੂੰ ਪਤਾ ਹੈ ਕਿ ਇਹ ਸਭ ਰਾਜਨੀਤੀ ਹੈ। ਸਾਰਾ ਮੀਡੀਆ ਤੇ ਸਰਕਾਰਾਂ ਇਸ ਨੂੰ ਤਸਲੀਮਾਂ ਤੇ ਕੱਟੜਪੰਥੀਆਂ ਵਿਚਕਾਰ ਲੜਾਈ ਵਜੋਂ ਦਿਖਾ ਰਹੇ ਹਨ। ਜੋ ਸਹੀ ਨਹੀਂ ਹੈ। ਇਹ ਲੜਾਈ ਵਿਅਕਤੀ ਦੀ ਆਜ਼ਾਦੀ ਦੀ ਲੜਾਈ ਹੈ ਤੇ ਜਿਸ ਤਰ੍ਹਾਂ ਪੱਛਮੀ ਬੰਗਾਲ ਸਰਕਾਰ ਨੇ ਗੋਡੇ ਟੇਕੇ ਹਨ, ਇਹ ਸਭ ਸ਼ਰਮਨਾਕ ਹੈ। ਇਹ ਨਹੀਂ ਕਿ ਕਲਕੱਤਾ 'ਚ ਸਾਰੇ ਲੋਕ ਹੀ ਤਸਲੀਮਾ ਨੂੰ ਨਫ਼ਰਤ ਕਰਦੇ ਹਨ। ਉਥੇ ਉਸ ਨੂੰ ਬਹੁਤ ਪਿਆਰ ਮਿਲਿਆ ਹੈ। ਜਿਹਨਾਂ ਬੁੱਧੀਜੀਵੀਆਂ, ਸਾਹਿਤਕਾਰਾਂ ਨੇ ਨੰਦੀਗ੍ਰਾਮ ਦੀ ਘਟਨਾ ਸਮੇਂ ਬੁੱਧਾਦੇਵ ਦਾ ਵਿਰੋਧ ਨਹੀਂ ਕੀਤਾ ਸੀ, ਉਹ ਮੇਰੇ ਇਸ ਤਰ੍ਹਾਂ ਕੱਢੇ ਜਾਣ ਦੇ ਖ਼ਿਲਾਫ਼ ਹਨ। ਉਹ ਤਸਲੀਮਾ ਦੇ ਪੱਖ ਵਿਚ ਹਨ ਤੇ ਉਸ ਨੂੰ ਵਾਪਸ ਬੁਲਾਉਣ ਲਈ ਦਬਾਅ ਪਾ ਰਹੇ ਹਨ। ਇਹ ਸੋਚ ਕੇ ਉਸ ਨੂੰ ਢਾਰਸ ਬੱਝਦੀ ਹੈ ਕਿ ਲੋਕ ਉਸ ਦੇ ਹੱਕ 'ਚ ਸੜਕਾਂ 'ਤੇ ਉਤਰ ਰਹੇ ਹਨ। ਤਸਲੀਮਾ ਨੂੰ ਸਭ ਤੋਂ ਵੱਧ ਪ੍ਰੇਸ਼ਾਨੀ ਇਸ ਗੱਲ ਤੋਂ ਸੀ ਕਿ ਉਹਨਾਂ ਨੂੰ ਆਪਣੇ ਨਾਲ ਜੁੜੀਆਂ ਗੱਲਾਂ ਦੀ ਜਾਣਕਾਰੀ ਵੀ ਟੀ.ਵੀ. ਚੈਨਲਾਂ ਤੋਂ ਹੋ ਰਹੀ ਸੀ। ਵੈਸੇ ਬੰਗਾਲ ਸਰਕਾਰ ਤਿੰਨ ਮਹੀਨਿਆਂ ਤੋਂ ਉਸ ਦੀ ਸੁਰੱਖਿਆ ਦੀ ਦੁਹਾਈ ਪਾ ਕੇ ਉਸ ਨੂੰ ਪੱਛਮੀ ਬੰਗਾਲ ਤੋਂ ਬਾਹਰ ਭੇਜਣਾ ਚਾਹੁੰਦੀ ਸੀ। ਫਿਰ ਅਚਾਨਕ 22 ਨਵੰਬਰ ਦੀ ਰਾਤ ਪੁਲਿਸ ਨੇ ਕਿਹਾ ਕਿ ਤਸਲੀਮਾ ਨੂੰ ਤੁਰੰਤ ਸ਼ਹਿਰ ਛੱਡਣਾ ਹੋਵੇਗਾ ਤੇ ਕੁਝ ਦਿਨਾਂ ਲਈ ਉਸ ਨੂੰ ਰਾਜਸਥਾਨ ਭੇਜਿਆ ਜਾ ਰਿਹਾ ਹੈ। ਸੋਚਣ ਦਾ ਉਸ ਨੂੰ ਸਮਾਂ ਹੀ ਨਹੀਂ ਦਿੱਤਾ। ਤਸਲੀਮਾ ਕਹਿੰਦੀ ਹੈ ਕਿ ਕੁਝ ਵੀ ਹੋ ਜਾਏ, ਉਹ ਕਲਕੱਤਾ 'ਚ ਹੀ ਰਹੇਗੀ। ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਸਰਕਾਰ ਮਾਕਪਾ ਦੀ ਹੈ ਜਾਂ ਕਾਂਗਰਸੀ ਜਾਂ ਫਿਰ ਭਾਜਪਾ ਦੀ। ਉਹ ਲੋਕਾਂ ਵਿਚਕਾਰ ਰਹਿਦਾ ਚਾਹੁੰਦੀ ਹੈ ਅਤੇ ਇੰਨਾ ਹੱਕ ਤਾਂ ਉਸ ਨੂੰ ਮਿਲਦਾ ਹੀ ਚਾਹੀਦਾ ਹੈ। ਉਹ ਝਮੇਲੇ ਨੂੰ ਹੋਰ ਨਹੀਂ ਵਧਾਉਣਾ ਚਾਹੁੰਦੀ, ਸਭ ਆਪਣੇ ਨਜ਼ਰੀਏ ਤੋਂ ਗੱਲ ਕਰਦੇ ਹਨ। ਤਸਲੀਮਾ ਝਗੜੇ ਨਾਲ ਲੰਮੇ ਸਮੇਂ ਤੋਂ ਲੋਹਾ ਲੈ ਰਹੀ ਹੈ ਅਤੇ ਉਸ ਦੀ ਕਲਮ ਫਿਰ ਵੀ ਨਹੀਂ ਰੁਕੀ।

# ਭਿਅੰਕਰ ਤੇ ਘਾਤਕ ਗੁਟਬੰਦੀ

ਸਰਮਾਏਦਾਰੀ ਵਿਕਾਸ ਦੇ ਰਾਹ 'ਤੇ ਵਧ ਰਹੇ ਬਿਹਾਰ ਵਿਚ ਵਿਕਾਸ ਦੇ ਨਾਲ ਆਉਣ ਵਾਲੇ ਭੈੜਾਂ ਦੀ ਸੜਿਆਂਦ ਵੀ ਵਧਣ ਲੱਗੀ ਹੈ। ਮਾਹੌਲ ਬਦਲਿਆ ਹੈ ਤਾਂ ਮਾਇਆ-ਨਗਰਾਂ ਦੀ ਮਹਿਕ ਵੀ ਰਾਜਧਾਨੀ ਪਟਨਾ ਪਹੁੰਚਣ ਲੱਗੀ ਹੈ। ਮੰਗ ਵਧਣ ਦੇ ਕਾਰਨ ਆਕਾਸ਼ ਛੂੰਹਦੀਆਂ ਬਹੁ-ਮੰਜ਼ਲੀ ਇਮਾਰਤਾਂ ਮੱਧ-ਵਰਗੀ ਨੌਕਰੀ ਪੇਸ਼ਾ ਲੋਕਾਂ ਦੀ ਪਹੁੰਚ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਅਜਿਹੇ ਵਿਚ ਰੰਗਦਾਰੀ ਤੇ ਅਗਵਾ ਕਾਂਡਾਂ ਦਾ ਧੰਦਾ ਕਰਨ ਵਾਲੇ ਮਾਫ਼ੀਆ ਨੇ ਹੁਣ ਪ੍ਰਾਪਰਟੀ ਦੇ ਧੰਦੇ ਨੂੰ ਆਪਣੇ ਹੱਥਾਂ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ। ਅਪਰਾਧ ਦੇ ਜ਼ਰੀਏ ਕਮਾਇਆ ਹੋਇਆ ਪੈਸਾ ਇਸ ਤਰੀਕੇ ਨਾਲ ਕਾਲੇ ਤੋਂ ਸਫ਼ੈਦ ਵਿਚ ਬਦਲ ਰਿਹਾ ਹੈ ਅਤੇ ਅੱਛੀ ਖ਼ਾਸੀ ਕਮਾਈ ਵੀ ਹੋ ਰਹੀ ਹੈ। ਆਮਦਨ ਟੈਕਸ ਵਿਭਾਗ ਇਸ ਸਾਲ ਪਟਨਾ ਤੋਂ ਉਗਰਾਹੀ ਵਿਚ ਮਸਤ ਹੈ। ਪਰ ਕਾਲੇ ਧਨ ਦੀ ਅਰਬਾਂ-ਖਰਬਾਂ ਦੀ ਇਸ ਖੇਡ 'ਤੇ ਨਜ਼ਰ ਰੱਖਣ ਦੀ ਕੋਈ ਵੱਖਰੀ ਏਜੰਸੀ ਨਹੀਂ ਹੈ। ਜੇ ਅਪਰ ਪੁਲਿਸ ਮਹਾਂ-ਨਿਰਦੇਸ਼ਕ ਤੇ ਪੁਲਿਸ ਦੇ ਬੁਲਾਰੇ ਅਨਿਲ ਸਿਨਹਾ ਅਨੁਸਾਰ ਪੁਲਿਸ ਨੂੰ ਜਦ ਵੀ ਕੋਈ ਸ਼ਕਾਇਤ ਮਿਲਦੀ ਹੈ ਤਾਂ ਫੌਰੀ ਠੋਸ ਕਾਰਵਾਈ ਕੀਤੀ ਜਾਂਦੀ ਹੈ। ਸਿਨਹਾ ਮੰਨਦੇ ਹਨ ਕਿ ਅੰਡਰਵਰਲਡ ਦੇ ਲੋਕ ਬਹੁ-ਮੰਜ਼ਲੀ ਇਮਾਰਤਾਂ ਦੀ ਉਸਾਰੀ ਲਈ ਆਪਣਾ ਪੈਸਾ ਲਾਉਂਦੇ ਹਨ ਪਰ ਇਸ ਨੂੰ ਰੋਕਣ ਲਈ ਪੁਲਿਸ ਨੂੰ ਸਮੇਂ ਸਿਰ ਜਾਣਕਾਰੀ ਮਿਲ ਜਾਵੇ ਤਾਂ ਵੀ ਮਿਲੀ-ਭੁਗਤ ਨਾਲ ਮਾਮਲਾ ਠੱਪ ਹੋ ਜਾਂਦਾ ਹੈ। ਇਹਨੀਂ ਦਿਨੀਂ ਪਟਨਾ ਵਿਚ ਇਕ ਗੱਲ ਚਰਚਿਤ ਹੈ ਕਿ ਬਾਹੁਬਲੀਆਂ ਦੇ ਦਲਾਲ ਬਹੁ-ਮੰਜ਼ਲੀ ਇਮਾਰਤਾਂ ਦੇ ਨਿਰਮਾਤਾਵਾਂ ਦੇ ਦਰਵਾਜ਼ੇ 'ਤੇ ਦਸਤਕ ਦੇ ਰਹੇ ਹਨ। ਪਰ ਰਿਸ਼ਵਤ ਮੰਗਣ ਲਈ ਨਹੀਂ ਬਲਕਿ ਇਕ ਫ਼ੀਸਦੀ ਵਿਆਜ 'ਤੇ ਕਰਜ਼ਾ ਮੁਹੱਈਆ ਕਰਾਉਣ ਲਈ। ਉਹਨਾਂ ਦੀ ਸ਼ਰਤ ਹੁੰਦੀ ਹੈ ਕਿ ਕਰਜ਼ੇ ਦੀ ਰਕਮ ਘੱਟੋ-ਘੱਟ ਕਰੋੜ ਵਿਚ ਹੋਵੇ। ਅਜਿਹੀਆਂ ਦੰਦ-ਕਥਾਵਾਂ ਦਾ ਅਧਾਰ ਲੱਭਣਾ ਮੁਸ਼ਕਲ ਹੈ। ਪਰ ਰੇਸ਼ਮਾ ਕਾਂਡ ਨੇ ਇਸ 'ਤੇ ਪੱਕੀ ਮੋਹਰ ਲਾ ਦਿੱਤੀ ਹੈ। ਅਕਤੂਬਰ ਦੇ ਆਖ਼ਰੀ ਦਿਨ ਜਿਸ ਰੇਸ਼ਮਾ ਹੱਤਿਆ-ਕਾਂਡ ਨੇ ਰਾਜਨੀਤੀ ਦੇ ਗਲਿਆਰੇ ਵਿਚ ਹਲਚਲ ਮਚਾ ਦਿੱਤੀ ਸੀ ਅਤੇ ਬਾਹੁਬਲੀ ਵਿਧਾਇਕ ਅਨੰਤ ਸਿੰਘ ਦਾ ਨਾਂ ਜੁੜਨ ਨਾਲ ਹਾਕਮ ਗਠਜੋੜ ਧਰਮ ਸੰਕਟ ਮਹਿਸੂਸ ਕਰ ਰਿਹਾ ਸੀ। ਇਸ ਦਾ ਪ੍ਰਗਟਾਵਾ ਵੀ ਬਹੁ-ਮੰਜ਼ਲੀ ਇਮਾਰਤਾਂ ਦੀ ਉਸਾਰੀ 'ਚ ਲੈਣ-ਦੇਣ ਤੋਂ ਉਪਜੇ ਵਿਵਾਦ ਵਜੋਂ ਹੋਇਆ। ਜ.ਦ. (ਯੂ)-ਭਾ.ਜ.ਪਾ. ਗਠਜੋੜ ਨੇ

ਇਸ ਤੋਂ ਰਾਹਤ ਦਾ ਸਾਹ ਲਿਆ ਹੈ। ਪਟਨਾ ਪੁਲਿਸ ਨੇ 20 ਨਵੰਬਰ ਨੂੰ ਚਰਚਿਤ ਕਾਜਲ ਹੱਤਿਆ-ਕਾਂਡ 'ਚ ਬਿਲਡਰ ਅਨਿਲ ਸ਼ਰਮਾ, ਉਸ ਦੀ ਪਤਨੀ ਊਸ਼ਾ ਸ਼ਰਮਾ ਤੇ ਰੇਸ਼ਮਾ ਦਾ ਭਾਈ ਮੁੰਨਾ ਬਣ ਸਨਸਨੀ ਫੈਲਾਉਣ ਵਾਲੇ ਕਮਰ ਮੋਹਸਿਨ ਨੂੰ ਗ੍ਰਿਫ਼ਤਾਰ ਕਰਕੇ ਖੁਲਾਸਾ ਕੀਤਾ ਕਿ ਬਿਲਡਰ ਅਨਿਲ ਸ਼ਰਮਾ ਨੇ ਵਿਧਾਇਕ ਅਨੰਤ ਸਿੰਘ ਦੇ ਖ਼ਿਲਾਫ਼ ਸਾਜ਼ਿਸ਼ ਰਚੀ ਸੀ। ਪਟਨਾ ਖੇਤਰ ਦੇ ਆਰਸ਼ੀ ਤੁਪ ਮਹਾਂਨਿਰੀਖਕ ਸੁਨੀਲ ਕੁਮਾਰ ਮੁਤਾਬਕ ਅਨਿਲ ਸ਼ਰਮਾ ਨੇ ਸਾਜ਼ਿਸ਼ ਨੂੰ ਸਿਰੇ ਚੜ੍ਹਾਉਣ ਲਈ ਬਿਊਟੀ ਪਾਰਲਰ 'ਚ ਕੰਮ ਕਰਨ ਵਾਲੀ ਕਾਜਲ ਨੂੰ ਮੈਨਪੁਰਾ ਗੰਗਾ ਟਾਵਰ ਸਥਿਤ ਆਪਣੀ ਉਸਾਰੀ ਅਧੀਨ ਬਹੁ-ਮੰਜ਼ਲੀ ਅਪਾਰਟਮੈਂਟ ਵਿਚ ਬੁਲਾਇਆ। ਰਾਤ ਨੂੰ ਸ਼ਰਾਬ ਤੇ ਕਬਾਬ ਨਾਲ ਉਸ ਦਾ ਸੁਆਗਤ ਕੀਤਾ ਅਤੇ ਜਦ ਉਹ ਨਸ਼ੇ ਵਿਚ ਧੁੱਤ ਹੋ ਗਈ ਤਾਂ ਉਸ ਦੀ ਹੀ ਚੁੰਨੀ ਨਾਲ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਇਸ ਕਤਲ-ਕਾਂਡ ਵਿਚ ਅਨਿਲ ਦੇ ਨਾਲ ਚਾਰ ਲੋਕ ਸ਼ਾਮਲ ਸਨ। ਇਸ ਤੋਂ ਬਾਅਦ ਕਾਜਲ ਦੀ ਲਾਸ਼ ਨੂੰ ਸ਼ਾਸਤਰੀ ਨਗਰ ਥਾਣਾ ਖੇਤਰ 'ਚ ਬੋਰੇ ਵਿਚ ਬੰਦ ਕਰ ਕੇ ਸੁੱਟ ਦਿੱਤਾ ਗਿਆ। ਪੁਲਿਸ ਨੇ ਉਸ ਦੀ ਲਾਸ਼ 31 ਅਕਤੂਬਰ ਨੂੰ ਬਰਾਮਦ ਕੀਤੀ ਅਤੇ ਇਸ ਤੋਂ ਦੋ ਦਿਨ ਪਹਿਲਾਂ ਤੋਂ ਹੀ ਸ਼ਾਸਤਰੀ ਨਗਰ ਇਲਾਕੇ ਵਿਚ ਔਰਤ ਦੀ ਲਾਸ਼ ਹੋਣ ਦੀ ਅਫ਼ਵਾਹ ਫੈਲਾਈ ਜਾ ਰਹੀ ਸੀ।

ਪੁਲਿਸ ਮੁਤਾਬਕ ਅਨਿਲ ਨੇ ਅਨੰਤ ਤੋਂ ਡੇਢ ਕਰੋੜ ਰੁਪਏ ਉਧਾਰ ਲਏ ਸਨ। ਜਦ ਮੋੜਨ ਦੀ ਵਾਰੀ ਆਈ ਤਾਂ ਉਸ ਨੇ ਟਾਲਮਟੋਲ ਸ਼ੁਰੂ ਕਰ ਦਿੱਤਾ। ਇਸ ਕਾਰਨ ਦੋਹਾਂ ਵਿਚ ਦੁਸ਼ਮਣੀ ਪੈਦਾ ਹੋ ਗਈ ਅਤੇ ਅੰਤ ਵਿਚ ਅਨਿਲ ਨੇ ਅਨੰਤ ਨੂੰ ਫਸਾਉਣ ਦੀ ਸਾਜ਼ਿਸ਼ ਰਚ ਲਈ। ਪਟਨਾ ਵਿਚ ਬਦਲੀ ਹੋਈ ਸਥਿਤੀ 'ਚ ਅਪਾਰਟਮੈਂਟ ਨਿਰਮਾਣ ਚੋਖਾ ਕਾਰੋਬਾਰ ਬਣ ਗਿਆ ਹੈ। ਇਕ ਪਾਸੇ ਬਹੁ-ਮੰਜ਼ਲੀ ਇਮਾਰਤਾਂ 'ਚ ਮਕਾਨ ਦੀਆਂ ਦਰਾਂ ਵਿਚ ਤਿੰਨ ਸਾਲ ਪਹਿਲਾਂ ਦੀ ਤੁਲਨਾ ਵਿਚ ਪ੍ਰਤੀ ਵਰਗ ਫੁਟ ਤਿੰਨ ਸੌ ਤੋਂ ਚਾਰ ਸੌ ਰੁਪਏ ਤਕ ਤੇਜ਼ੀ ਆ ਗਈ ਹੈ ਤਾਂ ਦੂਸਰੇ ਪਾਸੇ ਅੰਡਰਵਰਲਡ ਨੇ ਹੁਣ ਇਸ ਵਿਚ ਨਿਵੇਸ਼ ਸ਼ੁਰੂ ਕਰ ਦਿੱਤਾ ਹੈ। ਬਿਲਡਰਾਂ 'ਚ ਤਕਰਾਰ ਵਧ ਰਿਹਾ ਹੈ। ਧਨ ਕੁਬੇਰ ਬਣਨ ਦੀ ਹੋੜ 'ਚ ਹਰ ਨਜਾਇਜ਼ ਅਤੇ ਅਮਾਨਵੀ ਹੱਥਕੰਡੇ ਅਪਣਾਏ ਜਾ ਰਹੇ ਹਨ। ਗੌਰ ਕਰਨ ਵਾਲੀ ਗੱਲ ਹੈ ਕਿ ਬਿਲਡਲ ਅਨਿਲ 'ਤੇ ਬਾਹੁਬਲੀ ਵਿਧਾਇਕ ਅਨੰਤ ਸਿੰਘ ਦਾ ਡੇਢ ਕਰੋੜ ਹਜ਼ਮ ਕਰਨ ਲਈ ਸਾਜ਼ਿਸ਼ ਰਚਣ ਦਾ ਦੋਸ਼ ਹੈ ਤਾਂ ਦੂਜੇ ਪਾਸੇ ਰੇਸ਼ਮਾ ਕਾਂਡ ਨਾਲ ਵਿਧਾਇਕ ਦਾ ਨਾਂ ਜੁੜਨ ਪਿੱਛੋਂ ਜਦ ਮੀਡੀਆ ਕਰਮੀ ਅਨੰਤ ਸਿੰਘ ਦੀ ਰਿਹਾਇਸ਼ 'ਤੇ ਉਸ ਦਾ ਪੱਖ ਜਾਨਣ ਲਈ ਗਏ ਤਾਂ ਉਸ ਸਮੇਂ ਹੋਏ ਦੁਖਦਾਈ ਘਟਨਾ ਕ੍ਰਮ ਦੌਰਾਨ ਦੂਜਾ ਬਿਲਡਰ ਮੁਕੇਸ਼ ਸਿੰਘ ਉਥੇ ਮੌਜੂਦ ਸੀ। ਇਕ ਸੁਆਲ ਹੁਣ ਵੀ ਖੜਾ ਹੈ ਕਿ ਵਿਧਾਇਕ ਅਨੰਤ ਸਿੰਘ ਕੋਲ ਡੇਢ ਕਰੋੜ ਰੁਪਏ ਕਿਥੋਂ ਆਏ ਅਤੇ ਉਹਨਾਂ ਨੇ ਬਿਨਾਂ ਕਿਸੇ ਸਬੂਤ ਦੇ ਇੰਨੀ ਵੱਡੀ ਰਕਮ ਕਿਸ ਭਰੋਸੇ ਅਨਿਲ ਸ਼ਰਮਾ ਨੂੰ ਦਿੱਤੀ।

ਦਰਅਸਲ ਘਟਨਾ 'ਚ ਅਪਾਰਟਮੈਂਟ ਦੇ ਧੰਦੇ 'ਚ ਬਾਹੂਬਲੀਆਂ ਦਾ ਦਖ਼ਲ

ਪਹਿਲਾਂ ਤੋਂ ਹੀ ਰਿਹਾ ਹੈ। ਕਈ ਬਿਲਡਰ ਤਾਂ ਅਜਿਹੇ ਵੀ ਹਨ, ਜੋ ਜ਼ਮੀਨ 'ਤੇ ਕਬਜ਼ੇ ਜਾਂ ਉਸ ਨੂੰ ਜਬਰੀ ਖ਼ਰੀਦਣ ਲਈ ਅੰਡਰ-ਵਰਲਡ ਨਾਲ ਸਰੋਕਾਰ ਰੱਖਦੇ ਹਨ। ਇਸ ਵਿਚ ਇਕ ਨਾਂ ਬਿਲਡਰ ਅਨਿਲ ਸ਼ਰਮਾ ਦਾ ਵੀ ਲਿਆ ਜਾਂਦਾ ਰਿਹਾ ਹੈ। ਪਿਛਲੇ ਸਾਲ 9 ਜੂਨ ਨੂੰ ਪੂਰਵੀ ਬੋਰਿੰਗ ਕੇ ਲਾਲ ਰੋਡ ਸਥਿਤ ਜਿਸ ਵੈਸ਼ਣਵੀ ਪਲਾਜ਼ਾ ਅਪਾਰਟਮੈਂਟ ਦਾ ਡੀ ਬਲਾਕ ਤਾਸ਼ ਦੇ ਪੱਤੇ ਵਾਂਗੂੰ ਭਰਭਰਾ ਗਿਆ ਸੀ ਜਾਂ ਖਿੰਡ ਗਿਆ ਸੀ, ਉਹ ਵੀ ਇਸੇ ਦਾ ਸੀ। ਇਸ ਅਪਾਰਟਮੈਂਟ 'ਚ ਪੰਜ ਸਾਲ ਪਹਿਲਾਂ ਬਿਲਡਰ ਸੁਨੀਲ ਤਿਵਾੜੀ ਦੇ ਭਾਈ ਦੀ ਹੱਤਿਆ ਦਿਨ-ਦਿਹਾੜੇ ਪੁਲਿਸ ਦੀ ਮੌਜੂਦਗੀ ਵਿਚ ਕਰ ਦਿੱਤੀ ਗਈ ਸੀ। ਵੈਸ਼ਣਵੀ ਪਲਾਜ਼ਾ ਦਾ ਡੀ-ਬਲਾਕ ਡਿੱਗਣ ਪਿੱਛੋਂ ਪਤਾ ਲੱਗਿਆ ਕਿ ਇਹ ਅਪਾਰਟਮੈਂਟ ਇਕ ਮੰਦਿਰ ਦੀ ਜ਼ਮੀਨ 'ਤੇ ਖੜ੍ਹਾ ਹੈ ਤੇ ਇਸ ਦਾ ਨਕਸ਼ਾ ਮਨਜ਼ੂਰ ਨਹੀਂ ਸੀ। ਫ਼ਰਜ਼ੀ ਕਾਗਜ਼ਾਤ ਦੇ ਅਧਾਰ 'ਤੇ ਬਿਲਡਰ ਨੇ ਗੈਂਗ ਨਾਲ ਮਿਲੀ-ਭੁਗਤ ਕਰ ਕੇ ਇਸ ਵਿਚ ਮਕਾਨ ਖ਼ਰੀਦਣ ਵਾਲਿਆਂ ਨੂੰ ਕਰਜ਼ਾ ਵੀ ਦਿਵਾ ਦਿੱਤਾ। ਅਲਿ ਸ਼ਰਮਾਂ ਨੂੰ ਜਿਸ ਦਿਨ ਪਟਨਾ 'ਚ ਗ੍ਰਿਫ਼ਤਾਰ ਕੀਤਾ ਗਿਆ, ਉਸ ਤੋਂ ਚਾਰ ਦਿਨ ਪਹਿਲਾਂ ਡਾਕ ਬੰਗਲਾ ਚੌਂਕ ਸਥਿਤ ਪਰਿਜਾਤ ਕੰਪਲੈਕਸ ਦੇ ਵਿਵਾਦ ਨਾਲ ਵੀ ਉਸ ਦਾ ਨਾਂ ਜੁੜਿਆ। ਅਨਿਲ ਦੇ ਵਕੀਲ ਨੇ 17 ਨਵੰਬਰ ਦੀ ਸ਼ਾਮ ਪ੍ਰੈੱਸ ਕਾਨਫ਼ਰੰਸ ਬੁਲਾਈ ਸੀ। ਉਸੇ ਦੌਰਾਨ ਉਥੇ ਪਟਨਾ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਸਵ. ਅਨੰਦ ਸਿੰਘ ਦੀ ਪਤਨੀ ਰੰਜਨਾ ਸਿੰਘ ਵੀ ਪਹੁੰਚ ਗਈ ਅਤੇ ਦਾਅਵਾ ਕੀਤਾ ਕਿ ਪਰਿਜਾਤ ਕੰਪਲੈਕਸ ਉਹਨਾਂ ਦਾ ਹੈ ਤੇ ਉਹਨਾਂ ਦੀ ਗ਼ੈਰ-ਹਾਜ਼ਰੀ ਦਾ ਫ਼ਾਇਦਾ ਉਠਾ ਕੇ ਅਨਿਲ ਨੇ ਕਿਸੇ ਦੂਸਰੀ ਔਰਤ ਨੂੰ ਖੜ੍ਹਾ ਕਰ ਕੇ ਅਦਾਲਤ ਰਾਹੀਂ ਜ਼ਮੀਨ ਅਤੇ ਮਕਾਨ ਆਪਣੀ ਪਤਨੀ ਦੇ ਨਾਂ ਕਰਵਾ ਲਿਆ। ਬਾਅਦ ਵਿਚ ਬਿਆਨ 'ਤੇ ਕੋਤਵਾਲੀ ਪੁਲਿਸ ਨੇ ਅਨਿਲ ਖ਼ਿਲਾਫ਼ ਮਾਮਲਾ ਦਰਜ ਕੀਤਾ।

ਵੈਸ਼ਣਵੀ ਪਲਾਜ਼ਾ ਅਪਾਰਟਮੈਂਟ ਢਹਿ ਜਾਣ ਦੇ ਬਾਅਦ ਪਟਨਾ ਖੇਤਰੀ ਵਿਕਾਸ ਪ੍ਰੀਸ਼ਦ ਨੇ ਨਜਾਇਜ਼ ਬਹੁ-ਮੰਜ਼ਲੀ ਇਮਾਰਤ ਖ਼ਿਲਾਫ਼ ਮੁਹਿੰਮ ਚਲਾਉਣ ਦਾ ਦਾਅਵਾ ਕੀਤਾ ਪਰ ਪਟਨਾ ਦੇ ਵਰਤਮਾਨ ਨਗਰ ਆਯੁਕਤ ਰਾਣਾ ਅਵਧੇਸ਼ ਸਿੰਘ ਇਸ ਵਿਸ਼ੇ 'ਤੇ ਮੀਡੀਆ ਨਾਲ ਕੋਈ ਚਰਚਾ ਨਹੀਂ ਕਰਨਾ ਚਾਹੁੰਦੇ। 24 ਨਵੰਬਰ ਨੂੰ ਇਕ ਪੱਤਰਕਾਰ ਨੇ ਉਸ ਤੋਂ ਸਮਾਂ ਮੰਗਿਆ ਪਰ ਉਹਨਾਂ ਮਨ੍ਹਾ ਕਰ ਦਿੱਤਾ। ਰਾਦਾ ਅਵਧੇਸ਼ 2005 ਦੇ ਨਵੰਬਰ 'ਚ ਜਹਾਨਾਬਾਦ ਜੇਲ ਬ੍ਰੇਕ ਸਬੰਧੀ ਚਰਚਾ 'ਚ ਆਏ ਸਨ। ਉਦੋਂ ਉਹ ਉਥੋਂ ਦੇ ਜ਼ਿਲਾ ਅਧਿਕਾਰੀ ਸਨ ਤੇ ਘੰਟਿਆਂ ਪੂਰਵ ਸੂਚਨਾ ਦੇ ਬਾਵਜੂਦ ਇਹ ਘਟਨਾ ਨਹੀਂ ਰੋਕ ਸਕੇ ਸਨ। ਜਿਵੇਂ ਗ਼ੈਰ-ਕਾਨੂੰਨੀ ਬਹੁ-ਮੰਜ਼ਲੀ ਇਮਾਰਤਾਂ ਦੀ ਉਸਾਰੀ ਹੋਈ, ਜੇ ਭੂਚਾਲ ਆ ਜਾਵੇ ਤਾਂ ਲੱਖਾਂ ਲੋਕਾਂ ਦੀ ਜਾਨ ਜਾ ਸਕਦੀ ਹੈ ਪਰ ਪਟਨਾ ਨਗਰ ਨਿਗਮ ਤੇ ਖੇਤਰੀ ਪ੍ਰੀਸ਼ਦ ਦੀ ਕਾਰਜ-ਸ਼ੈਲੀ ਦਾ ਇਸ 'ਤੇ ਕੋਈ ਅਸਰ ਨਹੀਂ ਪਿਆ। ਗ਼ੈਰ-ਕਾਨੂੰਨੀ ਅਪਾਰਟਮੈਂਟ ਤੇ ਗ਼ਲਤ ਤਰੀਕੇ ਨਾਲ ਨਕਸ਼ਾ ਪਾਸ ਦੇ ਕੇਸਾਂ ਸਬੰਧੀ ਕਾਰਵਾਈ ਅਜੇ ਤਕ ਨਹੀਂ ਹੋਈ।

# ਕੀ ਕਿਰਤ ਕਾਨੂੰਨਾਂ ਤੋਂ ਬਾਹਰ ਹਨ ਵਿਸ਼ੇਸ਼ ਆਰਥਕ ਖੇਤਰ ?

ਵਿਸ਼ੇਸ਼ ਆਰਥਕ ਖੇਤਰ (SEZ) ਖ਼ਾਸ ਤੌਰ-ਤਰੀਕਿਆਂ ਤੋਂ ਨਿਰਧਾਰਿਤ ਅਜਿਹੇ ਵਿਸ਼ੇਸ਼ ਖੇਤਰ ਹਨ, ਜੋ ਕਾਰੋਬਾਰੀ ਕੰਮ-ਕਾਜ ਅਤੇ ਵਪਾਰਕ ਟੈਕਸਾਂ ਪੱਖੋਂ ਵਿਦੇਸ਼ੀ ਜਾਗੀਰ ਮੰਨੇ ਗਏ ਹਨ। ਵਿਸ਼ੇਸ਼ ਆਰਥਕ ਖੇਤਰ (ਸੇਜ਼) ਲਈ ਕਿਰਤ ਕਾਨੂੰਨਾਂ 'ਚ ਅਜਿਹੀਆਂ ਸੋਧਾਂ ਕੀਤੀਆਂ ਗਈਆਂ ਹਨ ਜਾਂ ਪ੍ਰਸਤਾਵਿਤ ਹਨ ਜਿਹਨਾਂ ਦੇ ਅਮਲ ਵਿਚ ਆਉਣ ਨਾਲ ਸੇਜ਼ 'ਚ ਦੇਸ਼ ਦੇ ਸਖ਼ਤ ਕਿਰਤ ਕਾਨੂੰਨ ਲਾਗੂ ਨਹੀਂ ਹੋ ਸਕਣਗੇ। ਕਿਰਤ ਕਾਨੂੰਨਾਂ ਨੂੰ ਸੌਖਾ ਤੇ ਲਚਕਦਾਰ ਬਣਾਏ ਜਾਣ ਦੇ ਨਾਲ-ਨਾਲ ਸੇਜ਼ ਨੂੰ ਵਾਤਾਵਰਣ ਸਬੰਧੀ ਕਾਨੂੰਨਾਂ ਤੋਂ ਵੀ ਮੁਕਤ ਕਰ ਦਿੱਤਾ ਗਿਆ ਹੈ ਅਤੇ ਟੈਕਸਾਂ ਆਦਿ ਵਿਚ ਵੀ ਭਾਰੀ ਛੋਟ ਦੇ ਦਿੱਤੀ ਗਈ ਹੈ। ਇਸ ਲੇਖ 'ਚ ਅਸੀਂ ਸੇਜ਼ ਦੀ ਸਥਾਪਨਾ ਦੇ ਮੱਦੇ-ਨਜ਼ਰ ਕਿਰਤ ਕਾਨੂੰਨਾਂ 'ਚ ਕੀਤੇ ਗਏ ਜਾਂ ਸੰਭਾਵਿਤ ਬਦਲਾਅ ਅਤੇ ਆਂਧਰਾ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਉਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਰਗੇ ਸੂਬਿਆਂ ਵਿਚ ਕਿਰਤ ਕਾਨੂੰਨਾਂ 'ਚ ਪ੍ਰਸਤਾਵਿਤ ਸੋਧਾਂ ਦੀ ਚਰਚਾ ਕਰਾਂਗੇ।

ਸਨਅਤੀ ਝਗੜਿਆਂ ਸਬੰਧੀ ਕਾਨੂੰਨ–1947 ਦੀ ਜਿਸ ਧਾਰਾ 'ਚ ਵਿਆਪਕ ਸੋਧ ਕੀਤੀ ਗਈ ਹੈ, ਉਹ ਹੈ ਧਾਰਾ 2 (ਐੱਨ)। ਇਸ ਵਿਚ ਜਨਤਕ ਵਰਤੋਂ ਦੀ ਸੇਵਾ ਪ੍ਰਭਾਸ਼ਿਤ ਕੀਤੀ ਗਈ ਹੈ। ਵਿਸ਼ੇਸ਼ ਆਰਥਕ ਖੇਤਰਾਂ ਵਿਚ ਸਥਾਪਤ ਕਾਰੋਬਾਰੀਆਂ ਨੂੰ ਜਨਤਕ ਵਰਤੋਂ ਦੀ ਸੇਵਾ ਦੇ ਦਾਇਰੇ ਵਿਚ ਲਿਆਉਣ ਦਾ ਮਤਲਬ ਹੈ ਕਿ ਸਨਅਤ ਵਿਵਾਦ ਕਾਨੂੰਨ ਦੀ ਧਾਰਾ 22 ਦੇ ਤਹਿਤ ਮਾਲਕਾਂ ਨੂੰ ਤਾਲਾਬੰਦੀ ਤੋਂ ਪਹਿਲਾਂ ਅਤੇ ਕਾਮਿਆਂ ਨੂੰ ਹੜਤਾਲ ਤੋਂ ਪਹਿਲਾਂ 14 ਦਿਨ ਪਹਿਲਾਂ ਨੋਟਿਸ ਦੇਣਾ ਪਵੇਗਾ। ਏਨਾ ਹੀ ਨਹੀਂ ਕਿਸੇ ਹੀਰੇ-ਜਵਾਹਰਾਤ ਦੀ ਇਕਾਈ ਨੂੰ ਜਨਤਕ ਵਰਤੋਂ ਦੀ ਸੇਵਾ ਮੰਨ ਲਿਆ ਗਿਆ ਹੈ। ਇਕ ਤਾਂ ਇਕ ਮਜ਼ਾਕ ਹੀ ਹੈ। ਅਜਿਹੇ 'ਚ ਜੇ ਕੋਈ ਸਨਅਤੀ ਯੂਨਿਟ ਜਨਤਕ ਵਰਤੋਂ ਦੀ ਸੇਵਾ ਨਹੀਂ ਹੈ ਤਾਂ ਸੇਜ਼ ਵਿਚ ਸਥਾਪਤ ਹੋ ਜਾਣ 'ਤੇ ਉਸ ਨੂੰ ਅਜਿਹਾ ਕਿਵੇਂ ਮੰਨਿਆ ਜਾ ਸਕਦਾ ਹੈ ?

ਮਹਾਂਰਾਸ਼ਟਰ ਸਰਕਾਰ ਵੱਲੋਂ ਸਨਅਤੀ ਵਿਵਾਦ ਕਾਨੂੰਨ ਵਿਚ ਅਜਿਹੀ ਸੋਧ ਕੀਤੀ ਗਈ ਹੈ ਜਿਸ ਵਿਚ ਅਧਿਆਇ–5 ਦੇ ਪ੍ਰੋਵਿਜ਼ਨ ਸੇਜ਼ 'ਚ ਸਥਾਪਤ ਸਨਅਤਾਂ 'ਤੇ ਲਾਗੂ ਨਹੀਂ ਹੋਣਗੇ। ਇਸ ਪ੍ਰਸਤਾਵਿਤ ਸੋਧ ਦਾ ਸਿੱਟਾ ਹੋਵੇਗਾ :

– ਜੇ ਕੋਈ ਮਜ਼ਦੂਰ ਕੰਮ 'ਤੇ ਆਉਂਦਾ ਹੈ ਅਤੇ ਮਾਲਕ ਉਸ ਨੂੰ ਕੰਮ ਦੇਣ ਤੋਂ ਨਾਂਹ ਕਰ ਦਿੰਦਾ ਹੈ ਤਾਂ ਮਜ਼ਦੂਰ ਨੂੰ ਕੰਮ ਤੋਂ ਹਟਾਏ ਜਾਣ ਦਾ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਛਾਂਟੀ ਲਈ ਕੋਈ ਅੰਤਮ ਨੋਟਿਸ ਜਾਂ ਮੁਆਵਜ਼ਾ ਦੇਣ ਦਾ ਕੋਈ ਪ੍ਰੋਵਿਜ਼ਨ ਨਹੀਂ ਹੋਵੇਗਾ।
– ਜੋ ਕੋਈ ਇਕਾਈ ਜਾਂ ਉਸ ਦਾ ਪ੍ਰਬੰਧ ਆਪਣਾ ਕਾਰੋਬਾਰ ਸੇਜ਼ ਤੋਂ ਹਟਾ ਦਿੰਦੀ ਹੈ ਤਾਂ ਕਰਮਚਾਰੀਆਂ ਨੂੰ ਕੋਈ ਮੁਆਵਜ਼ਾ ਨਹੀਂ ਦੇਣਾ ਪੈਣਾ।
– ਜੇ ਕੋਈ 100 ਤੋਂ ਘੱਟ ਕਾਮਿਆਂ ਵਾਲੀ ਇਕਾਈ ਬੰਦ ਹੁੰਦੀ ਹੈ ਤਾਂ ਨਾ ਕੋਈ ਪਹਿਲਾ ਨੋਟਿਸ ਦੇਣ ਦੀ ਜ਼ਰੂਰਤ ਹੈ ਤੇ ਨਾ ਹੀ ਕਰਮਚਾਰੀ ਮੁਆਵਜ਼ੇ ਦਾ ਦਾਅਵਾ ਕਰ ਸਕਦੇ ਹਨ।
– ਮਾਲਕ ਲੋਕ ਮਜ਼ਦੂਰ ਜਥੇਬੰਦੀਆਂ ਦੀ ਲੁੱਟ-ਜਬਰ ਕਰਨਗੇ ਕਿਉਂਕਿ ਛਾਂਟੀ ਦਾ ਕੋਈ ਨਿਰਧਾਰਿਤ ਅਮਲ ਨਹੀਂ ਹੋਵੇਗਾ ਅਤੇ ਨਾ ਹੀ ਸਭ ਤੋਂ ਨਵੇਂ ਨੂੰ ਸਭ ਤੋਂ ਪਹਿਲਾਂ ਹਟਾਉਣ ਦਾ ਸਿਧਾਂਤ ਲਾਗੂ ਹੋਵੇਗਾ।
– ਜੇ ਦੁਬਾਰਾ ਮਜ਼ਦੂਰਾਂ ਦੀ ਭਰਤੀ ਹੁੰਦੀ ਹੈ ਤਾਂ ਮਾਲਕ ਉਪਰ ਅਜਿਹੀ ਕੋਈ ਸ਼ਰਤ ਲਾਗੂ ਨਹੀਂ ਹੋਣੀ ਕਿ ਹਟਾਏ ਗਏ ਪੁਰਾਣੇ ਕਰਮਚਾਰੀਆਂ ਨੂੰ ਨੌਕਰੀ ਵਿਚ ਪਹਿਲ ਦਿੱਤੀ ਜਾਵੇ।

ਅਨੇਕਾਂ ਸੂਬਿਆਂ ਦਾ ਪ੍ਰਸਤਾਵ ਹੈ ਕਿ ਸੇਜ਼ ਜਾਂ ਉਸ ਵਿਚ ਸਥਾਪਤ ਹੋਣ ਵਾਲੀਆਂ 300 ਮਜ਼ਦੂਰਾਂ ਤੋਂ ਘੱਟ ਵਾਲੀਆਂ ਇਕਾਈਆਂ ਨੂੰ ਸਨਅਤੀ ਡਿਸਪੂਟ ਐਕਟ ਦੇ ਅਧਿਆਇ 5-ਬੀ ਦੇ ਪ੍ਰਵਾਧਾਨਾਂ ਤੋਂ ਮੁਕਤ ਰੱਖਿਆ ਜਾਵੇ। ਅਧਿਆਇ 5-ਬੀ ਦੇ ਤਹਿਤ 100 ਤੋਂ ਵੱਧ ਮਜ਼ਦੂਰਾਂ ਵਾਲੀ ਕਿਸੇ ਫ਼ੈਕਟਰੀ ਦੇ ਮਾਲਕ ਜਦ ਕਰਮਚਾਰੀਆਂ ਦੀ ਛਾਂਟੀ ਕਰਨ ਜਾਂ ਫ਼ੈਕਟਰੀ ਬੰਦ ਕਰਨਾ ਚਾਹੁੰਦੇ ਹੋਣ ਤਾਂ ਇਸ ਲਈ ਸੂਬਾਈ ਸਰਕਾਰ ਦੀ ਪਹਿਲਾ ਮਨਜ਼ੂਰੀ ਜ਼ਰੂਰੀ ਹੈ। ਇਸ ਸ਼ਰਤ ਦਾ ਖ਼ਾਤਮਾ ਕਰਨ ਦਾ ਮਤਲਬ ਹੋਵੇਗਾ ਕਿ ਮਾਲਕ ਮਨਮਰਜ਼ੀ ਨਾਲ ਜਦ ਚਾਹੇ ਤਦ ਫ਼ੈਕਟਰੀ ਬੰਦ ਕਰ ਦੇਵੇ ਜਾਂ ਕਰਮਚਾਰੀਆਂ ਦੀ ਛਾਂਟੀ ਕਰ ਦੇਵੇ।

ਮਜ਼ਦੂਰਾਂ ਦੇ ਹਿੱਤਾਂ ਦੇ ਖ਼ਿਲਾਫ਼ ਇੰਡਸਟ੍ਰੀਅਲ ਡਿਸਪੂਟ ਐਕਟ ਵਿਚ ਸਭ ਤੋਂ ਵੱਡੀ ਸੋਧ ਇਹ ਕੀਤੀ ਗਈ ਹੈ ਕਿ ਸੇਜ਼ ਦੇ ਤਹਿਤ ਕਾਰਖ਼ਾਨਿਆਂ ਨੂੰ ਆਪਦੇ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ ਵਿਚ ਕਿਸੇ ਤਬਦੀਲੀ ਤੋਂ ਪਹਿਲਾਂ ਇਸ ਬਾਰੇ ਕਾਮਿਆਂ ਨੂੰ ਨੋਟਿਸ ਦੇਣ ਦੀ ਜ਼ਰੂਰਤ ਨਹੀਂ ਹੋਵੇਗੀ। ਇਸ ਦਾ ਅਰਥ ਹੈ ਕਿ ਮਾਲਕਾਂ ਨੂੰ ਮਨਮਰਜ਼ੀ ਨਾਲ ਕਿਸੇ ਵੀ ਸਮੇਂ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ 'ਚ ਇਕ-ਤਰਫ਼ਾ ਬਦਲਾਅ ਦਾ ਅਧਿਕਾਰ ਮਿਲ ਗਿਆ ਅਤੇ ਮਜ਼ਦੂਰ ਬੇਵਸ ਤੇ ਨਿਤਾਣੇ ਹੋ ਗਏ ਹਨ।

ਇਸ ਸੋਧ ਤੋਂ ਪਹਿਲਾਂ ਜੇ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ 'ਚ ਕੋਈ ਬਦਲਾਅ ਕਰਨਾ ਹੁੰਦਾ ਤਾਂ ਪਹਿਲਾਂ ਤੋਂ ਇਸ ਲਈ ਨੋਟਿਸ ਦਿੱਤਾ ਜਾਣਾ ਜ਼ਰੂਰੀ ਸੀ ਅਤੇ ਕਰਮਚਾਰੀਆਂ ਨੂੰ ਆਪਣੇ ਹਿੱਤਾਂ ਦੇ ਉਲਟ ਸੋਧ ਕਰਨ 'ਤੇ ਰੋਕ ਲਾਉਣ ਲਈ ਕਾਨੂੰਨੀ ਕਾਰਵਾਈ ਵਿਚ ਜਾਣ ਦਾ ਬਦਲ (ਵਿਕਲਪ) ਹੁੰਦਾ ਸੀ।

ਅਨੁਬੰਧਿਤ ਕਿਰਤ (ਨਿਯਮ ਤੇ ਉਨਮੂਲਨ) ਕਾਨੂੰਨ 1970 ਅਜਿਹਾ ਕਾਨੂੰਨ ਹੈ, ਜਿਸ ਦੇ ਤਹਿਤ ਅਨੁਬੰਧ 'ਤੇ (ਠੇਕੇਦਾਰੀ ਦੇ ਤਹਿਤ) ਕੰਮ ਕਰਨ ਵਾਲੇ ਮਜ਼ਦੂਰ ਆਪਣੀਆਂ ਸੇਵਾਵਾਂ ਨੂੰ ਨਿਯਮਤ ਕਰਾਉਣ ਜਾਂ ਸੇਵਾ-ਸ਼ਰਤ ਦੀ ਰਜਿਸਟਰੇਸ਼ਨ ਲਈ ਅਨੁਬੰਧਿਤ ਲੇਬਰ ਬੋਰਡ ਜਾਂ ਕਿਰਤ ਅਦਾਲਤ ਵਿਚ ਜਾ ਸਕਦੇ ਹਨ। ਉਤਰ ਪ੍ਰਦੇਸ਼ ਸਰਕਾਰ ਨੇ ਸੇਜ਼ ਦੀਆਂ ਇਕਾਈਆਂ ਨੂੰ ਅਨੁਬੰਧਿਤ ਕਿਰਤ (ਠੇਕਾ ਮਜ਼ਦੂਰੀ, ਨਿਯਮ ਤੇ ਉਨਮੂਲਨ) ਕਾਨੂੰਨ ਦੇ ਪ੍ਰਾਵਧਾਨਾਂ ਤੋਂ ਛੋਟ ਦੇ ਦਿੱਤੀ ਹੈ। ਜਿਸ ਦਾ ਮਤਲਬ ਹੈ ਕਿ (ਪੂਰੇ ਰਾਜ ਸਮੇਤ ਦਿੱਲੀ ਦੇ ਸਟੇ) ਨੋਇਡਾ ਦੇ ਵਿਸ਼ੇਸ਼ ਆਰਥਕ ਖੇਤਰ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਕਿਰਤ ਕਾਨੂੰਨਾਂ ਦੇ ਤਹਿਤ ਕੋਈ ਰਿਆਇਤ ਨਹੀਂ ਮਿਲ ਸਕੇਗੀ। ਹੋਰ ਰਾਜਾਂ ਨੇ ਅਨੁਬੰਧਿਤ ਕਿਰਤ (ਨਿਯਮ ਤੇ ਉਨਮੂਲਨ) ਕਾਨੂੰਨ ਦੇ ਦਾਇਰੇ ਨੂੰ ਸੀਮਤ ਕਰ ਦਿੱਤਾ ਹੈ। ਯਾਨੀ ਕਿ ਸਾਫ਼ ਸਫ਼ਾਈ ਅਤੇ ਕੈਂਟੀਨ ਵਰਗੀਆਂ ਸੇਵਾਵਾਂ ਨੂੰ ਅਸੰਬੰਧਿਤ ਸਰਗਰਮੀਆਂ, ਜਿਸ ਦਾ ਸਨਅਤੀ ਇਕਾਈ ਦੇ ਮੁੱਖ ਕਾਰੋਬਾਰ ਨਾਲ ਸਿੱਧਾ ਸਬੰਧ ਨਹੀਂ ਹੈ, ਕਰਾਰ ਦੇ ਦਿੱਤਾ ਗਿਆ ਹੈ ਅਤੇ ਅਨੁਬੰਧਿਤ ਮਜ਼ਦੂਰਾਂ ਦੀ ਮਨਾਹੀ ਸਿਰਫ਼ ਸਨਅਤ ਨਾਲ ਸਿੱਧੀਆਂ ਜੁੜੀਆਂ ਸਰਗਰਮੀਆਂ 'ਤੇ ਹੀ ਲਾਗੂ ਹੁੰਦੀ ਹੈ। ਕੁਝ ਸੂਬਿਆਂ ਨੇ ਅਨੁਬੰਧਿਤ ਕਿਰਤ ਕਾਨੂੰਨ ਦੀ ਧਾਰਾ 31 ਵਿਚ ਸੋਧ ਦਾ ਪ੍ਰਸਤਾਵ ਕੀਤਾ ਹੈ, ਜਿਸ ਨਾਲ ਰਾਜ ਸਰਕਾਰਾਂ ਨੂੰ ਸੇਜ਼ ਦੇ ਉਦਯੋਗਾਂ ਨੂੰ ਇਸ ਕਾਨੂੰਨ ਤੋਂ ਮੁਕਤ ਕਰਾਉਣ ਦਾ ਅਧਿਕਾਰ ਮਿਲ ਜਾਵੇਗਾ।

ਮਜ਼ਦੂਰ ਸੰਗਠਨ ਕਾਨੂੰਨ 1947 ਵਿਚ ਦੋ ਰਾਜਾਂ ਨੇ ਸੋਧਾਂ ਕੀਤੀਆਂ ਹਨ। ਜਿਸ ਦੇ ਤਹਿਤ ਬਾਹਰੀ ਵਿਅਕਤੀਆਂ ਨੂੰ ਮਜ਼ਦੂਰ ਸੰਗਠਨ ਵਿਚ ਕੋਈ ਅਹੁਦਾ ਦਿੱਤੇ ਜਾਣ 'ਤੇ ਪਾਬੰਦੀ ਲਾ ਦਿੱਤੀ ਹੈ। ਦੋ ਹੋਰ ਰਾਜਾਂ ਨੇ ਵੀ ਅਜਿਹੇ ਸੋਧ ਪ੍ਰਸਤਾਵ ਕੀਤੇ ਹਨ। ਬਾਹਰੀ ਵਿਅਕਤੀ ਨੂੰ ਮਜ਼ਦੂਰ ਸੰਗਠਨ ਦਾ ਅਹੁਦਾ ਹਾਸਲ ਕਰਨ ਤੋਂ ਵਾਂਝਿਆਂ ਕਰਨਾ ਕੌਮਾਂਤਰੀ ਕਿਰਤ ਕਾਨੂੰਨ ਦੇ ਐਲਾਨਨਾਮੇ ਦੀ ਉਲੰਘਣਾ ਹੈ। ਜਿਸ ਤਹਿਤ ਕੋਈ ਵੀ ਸਰਕਾਰ ਜਾਂ ਨਿਜੀ ਨਿਯੁਕਤ ਮਜ਼ਦੂਰਾਂ ਦੇ ਸੰਗਠਨ ਬਣਾਉਣ ਅਤੇ ਆਪਣੇ ਅਹੁਦੇਦਾਰ ਚੁਨਣ ਦੇ ਅਮਲ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰ ਸਕਦਾ

ਹੈ। ਇਹ ਵਿਡੰਬਨਾ ਹੀ ਕਹੀ ਜਾਵੇਗੀ ਕਿ ਸੇਜ਼ ਵਿਚ ਕੰਮ ਕਰਨ ਦੇ ਵੱਡੇ ਵੱਡੇ ਵਪਾਰਕ ਘਰਾਣੇ ਅਜਿਹੇ ਲੋਕਾਂ ਨੂੰ ਆਪਣੇ ਨਿਰਦੇਸ਼ਕ ਮੰਡਲ ਵਿਚ ਸ਼ਾਮਲ ਕਰ ਸਕਦੇ ਹੋ, ਜੋ ਸੇਜ਼ ਵਿਚ ਸਥਿਤ ਕਿਸੇ ਵੀ ਕੰਪਨੀ ਦੇ ਅਧਿਕਾਰੀ ਨਹੀਂ ਹਨ। ਪਰ ਮਜ਼ਦੂਰਾਂ 'ਤੇ ਬਾਹਰੀ ਵਿਅਕਤੀ ਨੂੰ ਆਪਣੇ ਸੰਗਠਨ ਦਾ ਅਹੁਦੇਦਾਰ ਬਣਾਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਸੋਧ ਦਾ ਨਤੀਜਾ ਇਹ ਹੈ ਕਿ ਮਜ਼ਦੂਰ ਅੰਦੋਲਨ ਖਿੰਡ ਰਿਹਾ ਹੈ ਅਤੇ ਮਜ਼ਦੂਰਾਂ ਦੇ ਕਿਸੇ ਇਕ ਵੱਡੇ ਸੰਗਠਨ ਦੀ ਛਤਰੀ ਹੇਠ ਰਹਿਣ ਦੀ ਬਜਾਏ ਉਹਨਾਂ ਦੇ ਸੰਗਠਨ ਆਪਣੀਆਂ-ਆਪਣੀਆਂ ਕੰਪਨੀਆਂ ਤਕ ਸੀਮਤ ਹੋ ਕੇ ਰਹਿ ਗਏ ਹਨ। ਫ਼ੈਕਟਰੀ ਕਾਨੂੰਨ 1948 ਵਿਚ ਅਨੇਕਾਂ ਸੋਧਾਂ ਕੀਤੀਆਂ ਗਈਆਂ ਹਨ ਅਤੇ ਕਈ ਸੋਧਾਂ ਪ੍ਰਸਤਾਵਿਤ ਹਨ, ਜਿਹਨਾਂ ਦਾ ਸਾਰ ਨਿਮਨਲਿਖਤ ਹੈ:

ਕਿਸੇ ਵੀ ਮਜ਼ਦੂਰ ਤੋਂ ਇਕ ਦਿਨ ਜਾਂ ਇਕ ਹਫ਼ਤੇ ਵਿਚ ਕਿੰਨਾ ਵੀ ਕੰਮ ਕਰਵਾਇਆ ਜਾ ਸਕਦਾ ਹੈ। ਮਜ਼ਦੂਰਾਂ ਨੂੰ ਸਮਾਂ-ਸੀਮਾ ਤੋਂ ਵੱਧ ਕੰਮ ਕਰਨ ਦੇ ਬਦਲੇ ਵਾਧੂ ਭੱਤੇ ਦਾ ਦਾਅਵਾ ਕਰਨ ਦਾ ਅਧਿਕਾਰ ਨਹੀਂ ਹੈ। ਇਹਨਾਂ ਸੋਧਾਂ ਦੇ ਮੱਦੇ-ਨਜ਼ਰ ਘੱਟੋ-ਘੱਟ ਤਨਖ਼ਾਹ ਕਾਨੂੰਨ 1948 ਵਿਚ ਤਬਦੀਲੀਆਂ ਕੀਤੀਆਂ ਗਈਆਂ ਹਨ, ਜਿਸ ਦੇ ਤਹਿਤ ਸਰਕਾਰ ਨੂੰ ਕਾਰਜ ਦਿਨ ਦੇ ਘੱਟੋ-ਘੱਟ ਘੰਟੇ ਨਿਰਧਾਰਿਤ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਹਫ਼ਤਾਵਾਰੀ ਛੁੱਟੀ ਦੇਣ ਦੀ ਕੋਈ ਗਾਰੰਟੀ ਨਹੀਂ ਹੋਵੇਗੀ। ਪੂਰਾ ਹਫ਼ਤਾ ਭਾਵ ਪੂਰੇ ਸੱਤ ਦਿਨ ਹੀ ਕੰਮ ਦੇ ਦਿਨ ਹੋ ਸਕਦੇ ਹਨ।

ਸੇਜ਼ ਨੂੰ ਘੱਟੋ-ਘੱਟ ਮਜ਼ਦੂਰੀ ਦੀ ਧਾਰਾ 18 ਤੋਂ ਛੋਟ ਦੇ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਸੇਜ਼ ਸਥਿਤ ਕੰਪਨੀਆਂ ਦੇ ਮਾਲਕਾਂ ਨੂੰ ਆਪਣੇ ਕਰਮਚਾਰੀਆਂ ਦੀਆਂ ਗਿਣਤੀਆਂ, ਉਹਨਾਂ ਦੇ ਕੰਮ ਕਰਨ ਦੇ ਘੰਟੇ ਅਤੇ ਉਹਨਾਂ ਦੀ ਘੱਟੋ-ਘੱਟ ਤਨਖ਼ਾਹ ਦਾ ਲੇਖਾ-ਜੋਖਾ ਰੱਖਣ ਦੀ ਕੋਈ ਮਜਬੂਰੀ ਨਹੀਂ ਰਹੀ। ਇਸ ਸੋਧ ਪਿੱਛੋਂ ਜੇ ਕਿਸੇ ਮਜ਼ਦੂਰ ਨੂੰ ਘੱਟੋ-ਘੱਟ ਤਨਖ਼ਾਹ ਤੋਂ ਘੱਟ ਤਨਖ਼ਾਹ ਦਿੱਤੀ ਜਾਂਦੀ ਹੈ ਤਾਂ ਲੇਖਾ-ਜੋਖਾ ਨਾ ਹੋਣ ਕਾਰਨ ਉਸ ਨੂੰ ਸਾਬਤ ਕਰਨਾ ਅਸੰਭਵ ਹੋਵੇਗਾ। ਆਂਧਰਾ ਪ੍ਰਦੇਸ਼ ਨੇ ਜੋ ਸੋਧਾਂ ਕੀਤੀਆਂ ਹਨ ਉਸ ਵਿਚ ਸੇਜ਼ ਨੂੰ ਘੱਟੋ-ਘੱਟ ਤਨਖ਼ਾਹ ਕਾਨੂੰਨ ਦੀ ਧਾਰਾ 11 ਤੋਂ ਵੀ ਛੋਟ ਦੇ ਦਿੱਤੀ ਗਈ ਹੈ। ਇਸ ਦੇ ਤਹਿਤ ਤਨਖ਼ਾਹ ਪੂਰਨ ਜਾਂ ਅੰਸ਼ਿਕ ਤੌਰ 'ਤੇ ਨਕਦ ਦੀ ਬਜਾਏ ਕਿਸੇ ਤੋਹਫ਼ੇ ਦੇ ਰੂਪ ਵਿਚ ਦਿੱਤੀ ਜਾ ਸਕਦੀ ਹੈ ਅਤੇ ਸਮਾਨ ਰਿਆਇਤ ਦਰ 'ਤੇ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ। ਮੱਧ ਪ੍ਰਦੇਸ਼ ਨੇ ਸਭ ਤੋਂ ਘਾਤਕ ਸੋਧ ਕੀਤੀ ਹੈ। ਉਸ ਦੇ ਸੋਧ ਪ੍ਰਸਤਾਵ ਵਿਚ ਸੇਜ਼ ਨੂੰ ਘੱਟੋ-ਘੱਟ ਤਨਖ਼ਾਹ ਕਾਨੂੰਨ ਦੀ ਧਾਰਾ 26 ਤੋਂ ਮੁਕਤ ਰੱਖਿਆ ਗਿਆ ਹੈ। ਇਸ ਸੋਧ ਨੂੰ ਕਿਸੇ ਹਾਲਤ ਵਿਚ ਵੀ ਮਨਜ਼ੂਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਨਾਲ ਮਨੁੱਖੀ ਅਧਿਕਾਰ ਦੀ ਉਲੰਘਣਾ ਦੇ ਸਭ ਰਾਹ ਖੁੱਲ੍ਹ ਜਾਣਗੇ।

ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਦਾ ਪ੍ਰਸਤਾਵ ਹੈ ਕਿ ਸੇਜ਼ ਵਿਚ ਸ਼ਾਮਲ ਸਨਅਤਾਂ ਨੂੰ ਜੀ. ਪੀ. ਐੱਫ਼. ਤੇ ਸਬੰਧਤ ਕਾਨੂੰਨਾਂ ਤਹਿਤ ਛੋਟ ਦਿੱਤੀ ਜਾਣੀ ਚਾਹੀਦੀ ਹੈ ਕਿ ਮੁੱਖ ਸਨਅਤ ਨੂੰ ਮੁਲਾਜ਼ਮਾਂ ਨੂੰ ਜੀ. ਪੀ. ਐੱਫ਼. ਨਾ ਦੇਣਾ ਪਵੇ।

ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਦਾ ਪ੍ਰਸਤਾਵ ਹੈ ਕਿ ਸੇਜ਼ ਵਿਚ ਮੁੱਖ ਇੰਮਪਲਾਇਰ ’ਤੇ ਜ਼ਬਾਨੀ/ਆਰਜ਼ੀ ਤੌਰ ’ਤੇ ਨਿਯੁਕਤ ਕੀਤੇ ਗਏ ਕਰਮਚਾਰੀਆਂ ਪ੍ਰਤੀ ਕਰਮਚਾਰੀ ਰਾਜ ਬੀਮਾ (ESI) ਕਾਨੂੰਨ 1948 ਤਹਿਤ ਕੋਈ ਜੁਆਬ ਦੇਹੀ ਨਹੀਂ ਹੋਣੀ ਚਾਹੀਦੀ। ਇਸ ਦਾ ਮਤਲਬ ਹੈ ਕਿ ਦੁਰਘਟਨਾ, ਬੀਮਾਰੀ ਜਾਂ ਕੰਮ ਨਾਲ ਜੁੜੇ ਕਿਸੇ ਰੋਗ ਦੇ ਇਲਾਜ ਲਈ ਠੇਕਾ ਕਾਮਿਆਂ ਨੂੰ ਇਸ ਕਾਨੂੰਨ ਦੇ ਤਹਿਤ ਕੋਈ ਰਾਹਤ ਨਹੀਂ ਮਿਲੇਗੀ।

ਮੱਧ ਪ੍ਰਦੇਸ਼ ਦਾ ਪ੍ਰਸਤਾਵ ਹੈ ਕਿ ਸੇਜ਼ ਨੂੰ ਰੁਜ਼ਗਾਰ ਕੇਂਦਰ (ਅਹੁਦਿਆਂ ਦੀ ਲਾਜ਼ਮੀ ਸੂਚਨਾ) ਕਾਨੂੰਨ 1959 ਤੋਂ ਛੋਟ ਦਿੱਤੀ ਜਾਵੇ। ਇਸ ਕਾਨੂੰਨ ਵਿਚ ਪ੍ਰੋਵਿਜ਼ਨ ਹੈ ਕਿ ਬੇਰੁਜ਼ਗਾਰ ਵਿਅਕਤੀਆਂ ਨੂੰ ਇੰਟਰਵਿਊ ਲਈ ਬੁਲਾਇਆ ਜਾਣਾ ਚਾਹੀਦਾ ਹੈ। ਇਹ ਕਾਨੂੰਨ ਰੁਜ਼ਗਾਰ ਦੇਣ ਵਾਲਿਆਂ ਨੂੰ ਮਜਬੂਰ ਨਹੀਂ ਕਰਦਾ ਹੈ ਕਿ ਉਹ ਅਯੋਗ ਵਿਅਕਤੀ ਨੂੰ ਰੁਜ਼ਗਾਰ ਦੇਣ। ਇਹ ਸਮਝ ਨਹੀਂ ਆਉਂਦਾ ਕਿ ਜਦ ਇਹ ਕਾਨੂੰਨ ਕਿਸੇ ਵੀ ਤਰ੍ਹਾਂ ਰੁਜ਼ਗਾਰ ਦੇਣ ਵਾਲੇ ਲਈ ਔਖਾ ਨਹੀਂ ਹੈ ਅਤੇ ਨਾ ਹੀ ਸੇਜ਼ ਦੇ ਲਚਕੀਲੇ ਤੇ ਉਦਾਰ ਕਿਰਤ ਵਾਤਾਵਰਨ ਵਿਚ ਕਿਸੇ ਤਰ੍ਹਾਂ ਦੀ ਸਮੱਸਿਆ ਖੜੀ ਕਰ ਸਕਦਾ ਹੈ ਤਾਂ ਫਿਰ ਇਸ ਵਿਚ ਸੋਧ ਦਾ ਪ੍ਰਸਤਾਵ ਕਰਨਾ ਕਿਉਂ ਜ਼ਰੂਰੀ ਸਮਝਿਆ ਗਿਆ ? ਹਜ਼ਾਰਾਂ ਲੋਕ ਰੁਜ਼ਗਾਰ ਦਫ਼ਤਰਾਂ ਰਾਹੀਂ ਰੁਜ਼ਗਾਰ ਹਾਸਲ ਕਰਦੇ ਹਨ। ਅਜਿਹੇ ਵਿਚ ਸੇਜ਼ (SEZ) ਨੂੰ ਇਸ ਕਾਨੂੰਨ ਤੋਂ ਮੁਕਤ ਕਰਨ ਦੀ ਕੀ ਤੁਕ ਹੈ ?

ਮੱਧ ਪ੍ਰਦੇਸ਼ ਨੇ ਸੇਜ਼ ਨੂੰ ਸਿਖਲਾਈ ਕਾਨੂੰਨ 1991 ਦੇ ਪ੍ਰਸਤਾਵਾਂ ਤੋਂ ਛੋਟ ਦੇਣ ਦਾ ਵੀ ਪ੍ਰਸਤਾਵ ਕੀਤਾ ਹੈ। ਇਸ ਕਾਨੂੰਨ ਦੇ ਤਹਿਤ ਰੁਜ਼ਗਾਰ ਦੇਣ ਵਾਲੇ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਮਜ਼ਦੂਰਾਂ ਨੂੰ ਨਿਯਮਤ ਰੂਪ ਨਾਲ ਸਿਖਲਾਈ ਮੁਹੱਈਆ ਕਰਨ। ਇਸ ਕਾਨੂੰਨ ਦੇ ਤਹਿਤ ਨਿਯਮਤ ਤੇ ਆਰਜ਼ੀ (ਠੇਕਾ)

ਕਰਮਚਾਰੀਆਂ ਵਿਚ ਫ਼ਰਕ ਰੱਖਿਆ ਗਿਆ ਹੈ। ਜੇ ਸੇਜ਼ ਦੀਆਂ ਕੰਪਨੀਆਂ ਨੂੰ ਇਸ ਕਾਨੂੰਨ ਦੇ ਦਾਇਰੇ ਤੋਂ ਵੱਖ ਰੱਖਿਆ ਜਾਂਦਾ ਹੈ ਤਾਂ ਕੰਪਨੀਆਂ ਰੈਗੂਲਰ ਮੁਲਾਜ਼ਮਾਂ ਨੂੰ ਆਰਜ਼ੀ ਤੌਰ 'ਤੇ ਵਿਖਾਵੇਗੀ। ਇਸ ਤੋਂ ਇਲਾਵਾ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਠੇਕਾ ਮਜ਼ਦੂਰਾਂ ਦੀ ਭਰਤੀ ਤਾਂ ਕਰਨਗੀਆਂ, ਪਰ ਕੋਈ ਰਵਾਇਤੀ ਸਿਖਲਾਈ ਨਹੀਂ ਦੇਣਗੀਆਂ।

ਵੱਖ-ਵੱਖ ਕਿਰਤ ਕਾਨੂੰਨਾਂ ਤਹਿਤ ਲੇਬਰ ਕਮਿਸ਼ਨਰ ਤੇ ਹੋਰ ਲੇਬਰ ਇੰਸਪੈਕਟਰਾਂ ਨੂੰ ਕਿਰਤ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਕਰਨ ਦੇ ਅਧਿਕਾਰ ਦਿੱਤੇ ਗਏ ਹਨ। ਹੁਣ ਇਹ ਪ੍ਰਸਤਾਵ ਹੈ ਕਿ ਵਿਕਾਸ ਕਮਿਸ਼ਨ ਕੰਪਨੀ ਦੇ ਏਜੰਟਾਂ ਵਜੋਂ ਕੰਮ ਕਰਨਗੇ। ਵਿਕਾਸ ਕਮਿਸ਼ਨ ਹੀ ਕੰਪਨੀਆਂ ਨੂੰ ਸਭ ਤਰ੍ਹਾਂ ਦੀਆਂ ਮਨਜ਼ੂਰੀਆਂ ਦੇਣਗੇ ਅਤੇ ਲਾਭਾਂ-ਛੋਟਾਂ ਦਾ ਨਿਰਧਾਣ ਕਰਨਗੇ। ਅਜਿਹੀ ਸਥਿਤੀ ਵਿਚ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਹੈ ਕਿ ਵਿਕਾਸ ਕਮਿਸ਼ਨ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਅਤੇ ਮਜ਼ਦੂਰਾਂ ਦੇ ਵਿਵਾਦਾਂ ਦੇ ਨਿਪਟਾਰੇ ਵਿਚ ਨਿਰਪੱਖ ਭੂਮਿਕਾ ਨਿਭਾਉਣਗੇ। ਹੁਣ ਸਾਰੇ ਰਾਜਾਂ ਵਿਚ ਵਿਕਾਸ ਕਮਿਸ਼ਨਰ ਨਿਯੁਕਤ ਕੀਤੇ ਗਏ ਹਨ ਜਿਹਨਾਂ ਨੂੰ ਸੇਜ਼ ਦੇ ਪ੍ਰਸੰਗ ਵਿਚ ਕਿਰਤ ਕਮਿਸ਼ਨਰ ਦੇ ਸਭ ਅਧਿਕਾਰ ਹੋਣਗੇ ਤੇ ਉਹਨਾਂ ਨੂੰ ਝਗੜਿਆਂ ਦੇ ਹੱਲ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ ਹੈ।

ਸੇਜ਼ ਬਾਰੇ ਵੀ ਜੋ ਸੋਧਾਂ ਕੀਤੀਆਂ ਗਈਆਂ ਹਨ ਜਾਂ ਪ੍ਰਸਤਾਵਿਤ ਹਨ, ਉਹ ਨਿਸਚੇ ਹੀ ਚਿੰਤਾ ਦਾ ਵਿਸ਼ਾ ਹਨ। ਇਹਨਾਂ ਸੋਧਾਂ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸ਼ੰਕੇ ਵਧੇ ਹਨ। ਖ਼ਾਸ ਕਰਕੇ ਮਾਲਕਾਂ ਨੂੰ ਠੇਕਾ ਮਜ਼ਦੂਰਾਂ ਦੀ ਲੁੱਟ ਦਾ ਅਧਿਕਾਰ ਮਿਲ ਗਿਆ ਹੈ।

ਇਥੇ ਇਹ ਦਲੀਲ ਬੇਹੱਦ ਖੋਖਲੀ ਹੈ ਕਿ ਸੇਜ਼ ਮੁਕਤ ਵਪਾਰ ਦੀ ਐਸੀ ਵਿਵਸਥਾ ਹੈ ਜਿਸ ਵਿਚ ਮਜ਼ਦੂਰਾਂ ਨੂੰ ਆਪਣੀ ਮਜ਼ਦੂਰੀ ਦਾ ਸੌਦਾ ਕਰਨ ਦੀ ਛੋਟ ਹੋਵੇਗੀ। ਅਜਿਹਾ ਇਸ ਲਈ ਨਹੀਂ ਹੋ ਸਕਦਾ ਕਿਉਂਕਿ ਸੇਜ਼ ਨਾਲ ਸੰਬੰਧਤ ਸਾਰੇ ਨਿਯਮਾਂ ਵਿਚ ਮੁਕਤ ਵਪਾਰ ਦਾ ਜੋ ਮਾਡਲ ਹੈ ਉਹ ਦੁਸ਼ਵਾਰੀਆਂ ਭਰਪੂਰ ਹੈ। ਇਸ ਲਈ ਜੋ ਸੋਧਾਂ ਹੋਈਆਂ ਹਨ ਜਾਂ ਹੋ ਰਹੀਆਂ ਹਨ, ਉਹ ਕੁਲ ਮਿਲਾ ਕੇ ਮਜ਼ਦੂਰ ਵਿਰੋਧੀ ਹਨ ਤੇ ਸੰਘਰਸ਼ ਨੂੰ ਕਮਜ਼ੋਰ ਕਰਨਗੀਆਂ।

ਦੇਸ਼ ਦਾ ਦਿਲ ਕਹੇ ਜਾਣ ਵਾਲੇ ਸੂਬੇ ਮੱਧ ਪ੍ਰਦੇਸ਼ 'ਚ ਔਰਤਾਂ ਦੀ ਸਿਹਤ ਬੇਹੱਦ ਖਰਾਬ ਹੈ, ਪੂਰੇ ਰਾਜ 'ਚ ਸਿਹਤ ਲਈ ਮੁਹੱਈਆ ਬਜਟ ਨੂੰ ਜੇ ਵੇਖੀਏ ਤਾਂ ਔਰਤਾਂ 'ਤੇ ਸਾਲਾਨਾ 15 ਰੁਪਏ ਹੀ ਪ੍ਰਤੀ ਔਰਤ ਖਰਚ ਕੀਤਾ ਜਾ ਰਿਹਾ ਹੈ। ਆਦੀਵਾਸੀ ਖੇਤਰਾਂ 'ਚ ਤਾਂ ਸਥਿਤੀ ਹੋਰ ਵੀ ਖਰਾਬ ਹੈ। ਸੁਦੂਰ ਆਦੀਵਾਸੀ ਜ਼ਿਲੇ ਡਿੰਡੌਰੀ 'ਚ ਪਿਛਲੇ ਸਾਲ ਵਾਜਬ ਤੇ ਸਹੀ ਇਲਾਜ ਦੀ ਘਾਟ ਕਾਰਨ ਲਗਭਗ 1400 ਬੱਚੇ ਤੇ ਔਰਤਾਂ ਸੀ ਮੌਤ ਹੋ ਗਈ। ਇਹਨਾਂ 'ਚੋਂ ਜ਼ਿਆਦਾਤਰ ਮਰਨ ਵਾਲੇ ਆਦੀਵਾਸੀ ਸਨ। ਉਂਝ ਤਾਂ ਸਰਕਾਰ ਦੀਨਦਿਆਲ ਅੰਤਓਦਯ ਇਲਾਜ ਯੋਜਨਾ, ਜਨਣੀ ਸੁਰੱਖਿਆ ਯੋਜਨਾ ਤੇ ਵਿਜੈਰਾਜੇ ਕਲਿਆਣ ਯੋਜਨਾ ਚਲਾ ਰਹੀ ਹੈ ਪਰ ਆਦੀਵਾਸੀ ਜ਼ਿਲਿਆਂ 'ਚ ਇਸ ਦਾ ਅਸਰ ਨਾਂਹ ਦੇ ਬਰਾਬਰ ਹੈ। ਸਭ ਤੋਂ ਵੱਧ ਖਰਾਬ ਹਾਲਤ ਉਸ ਆਦਿਮ ਜਨਜਾਤੀ ਬੈਗਾ ਦੀ ਹੈ ਜਿਸ ਨੂੰ ਧਰਤੀ ਪੁੱਤਰ ਵੀ ਕਿਹਾ ਜਾਂਦਾ ਹੈ। ਸੂਬੇ ਦੀ ਕੁਲ ਆਬਾਦੀ ਲਗਭਗ ਸਵਾ ਛੇ ਕਰੋੜ ਹੈ ਅਤੇ ਸਰਕਾਰ ਦਾ ਸਿਹਤ 'ਤੇ ਕੀਤਾ ਜਾਣ ਵਾਲਾ ਖਰਚ ਔਸਤਨ 865 ਕਰੋੜ ਰੁਪਏ ਹੈ। ਇਸ ਲਿਹਾਜ ਨਾਲ ਜੇ ਵੇਖੀਏ ਤਾਂ ਸਰਕਾਰ ਨੇ ਇਕ ਵਿਅਕਤੀ ਦੀ ਸਿਹਤ 'ਤੇ ਸਿਰਫ਼ 143 ਰੁਪਏ ਦਾ ਖਰਚ ਹੀ ਸਾਲਾਨਾ ਨਿਯਤ ਕੀਤਾ ਹੈ। ਹਾਲਾਂ ਕਿ ਇਹ ਇਸ ਤੋਂ ਵੀ ਬਹੁਤ ਘੱਟ ਹੈ ਕਿਉਂਕਿ ਇਸ ਰਾਸ਼ੀ ਦਾ ਬਹੁਤ ਸਾਰਾ ਹਿੱਸਾ ਵਿਭਾਗ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਗੱਡੀਆਂ ਦੇ ਰਖ-ਰਖਾਅ 'ਤੇ ਹੀ ਖਰਚ ਹੋ ਜਾਂਦਾ ਹੈ। ਅਜੇਹੀ ਹਾਲਤ 'ਚ ਅਸਲੀਅਤ 'ਚ ਇਕ ਵਿਅਕਤੀ ਦੇ ਹਿੱਸੇ ਇਲਾਜ ਦੇ ਨਾਂ 'ਤੇ ਸਿਰਫ਼ ਦੋ ਰੁਪਏ ਮਾਸਿਕ ਅਤੇ 24 ਰੁਪਏ ਸਾਲਾਨਾ ਹੀ ਆਉਂਦੇ ਹਨ। ਇਹ ਅਮਕੜੇ ਜ਼ਾਹਰ ਕਰਦੇ ਹਨ ਕਿ ਸਿਹਤ ਨੂੰ ਲੈ ਕੇ ਕਿੰਨੀਆਂ ਦਿੱਕਤਾਂ ਦਾ ਸਾਹਮਣਾ ਲੋਕਾਂ ਨੂੰ ਕਰਨਾ ਪੈਂਦਾ ਹੋਵੇਗਾ। ਡਿੰਡੌਰੀ ਜ਼ਿਲੇ ਦੀ ਅੱਧੀ ਤੋਂ ਵੱਧ ਆਬਾਦੀ ਜਨਜਾਤੀਆਂ ਦੀ ਹੈ, ਦੇਸ਼ ਦੀ ਅਲੋਪ ਹੋ ਰਹੀ ਜਨਜਾਤੀ ਬੈਗਾ ਤੋਂ ਇਲਾਵਾ ਇਥੇ ਗੌਂਡ, ਕੋਲ ਤੇ ਪਠਾਰੀ ਜਨਜਾਤੀਆਂ ਸਭ ਤੋਂ ਵੱਧ ਤਾਦਾਦ ਵਿਚ ਹਨ। ਬੈਗਾਓਂ ਦੀ ਰਾਖੀ ਲਈ ਸਰਕਾਰ ਸੰਜੀਦਾ ਨਹੀਂ ਦਿਸਦੀ ਕਿਉਂਕਿ ਯੋਜਨਾਵਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾਂਦਾ। ਸਟੇਟ ਪਾਪੂਲੇਸ਼ਨ ਸਰਵੇ ਦੀ ਰਿਪੋਰਟ ਕਹਿੰਦੀ ਹੈ ਕਿ ਜ਼ਿਲੇ ਦੀ ਮਾਵਾਂ ਦੀ ਮੌਤ ਦਰ (MMR) 1075 ਸਾਲਾਨਾ ਹੈ ਭਾਵ ਇਸ ਦਰ ਦੇ ਹਿਸਾਬ ਨਾਲ ਪਿਛਲੇ ਸਾਲ ਇਸ ਜ਼ਿਲੇ 'ਚ ਗਰਭ ਧਾਰਣ ਦੌਰਾਨ 180 ਔਰਤਾਂ ਦੀ ਮੌਤ ਹੋਈ ਹੈ। ਗੈਰ-

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਅੰਕੜਾ ਇਸ ਤੋਂ ਵੀ ਵੱਧ ਹੈ ਕਿਉਂਕਿ ਕਈ ਵਾਰੀ ਮੌਤਾਂ ਦਰਜ ਹੀ ਨਹੀਂ ਕਰਵਾਈਆਂ ਜਾਂਦੀਆਂ। ਇਸ ਤੋਂ ਇਲਾਵਾ ਇਲਾਜ ਦੀ ਘਾਟ ਕਾਰਣ ਹੋਣ ਵਾਲੀਆਂ ਬੱਚਿਆਂ ਦੀਆਂ ਮੌਤਾਂ ਦਾ ਅਮਕੜਾ ਤਾਂ ਬਹੁਤ ਹੀ ਡਰਾਉਣੀ ਤਸਵੀਰ ਪੇਸ਼ ਕਰਦਾ ਹੈ। ਲਗਭਗ 1500 ਬੱਚੇ ਤਾਂ ਇਸੇ ਹੀ ਜ਼ਿਲੇ 'ਚ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਤਰ੍ਹਾਂ ਸਥਿਤੀ ਚਿੰਤਾਜਨਕ ਹੈ। ਅਜੇ ਵੀ ਜ਼ਿਲੇ ਦੇ ਲੋਕਾਂ 'ਚ ਜਾਗਰੂਕਤਾ ਦੀ ਘਾਟ ਹੈ। ਦੂਰ ਦੇ ਇਲਾਕਿਆਂ 'ਚੋਂ ਲੋਕ ਜਣੇਪੇ ਲਈ ਹਸਪਤਾਲ ਨਹੀਂ ਆਉਂਦੇ ਅਤੇ ਘਰੇ ਹੀ ਜਣੇਪਾ ਕਰਾਉਣ ਦੀ ਉਹਨਾਂ ਨੂੰ ਆਦਤ ਪਈ ਹੋਈ ਹੈ। ਜਿਸ ਕਾਰਨ ਮੌਤਾ ਹੁੰਦੀਆਂ ਹਨ। ਸਿਹਤ ਸੇਵਾਵਾਂ ਦੀ ਘਾਟ ਹੈ। ਜ਼ਿਲੇ 'ਚ ਇਕ ਵੀ ਔਰਤ ਰੋਗਾਂ ਦੀ ਮਾਹਰ ਡਾਕਟਰ ਨਹੀਂ ਹੈ।

ਆਦਵਾਸੀਆਂ ਖਾਸ ਕਰਕੇ ਬੈਗਾਵਾਂ 'ਚ ਜਾਗਰੂਕਤਾ ਦੀ ਘਾਟ ਤਾਂ ਹੈ ਹੀ ਅਤੇ ਉਹਨਾਂ ਦੀ ਜੀਵਨ ਸ਼ੈਲੀ ਵੀ ਉਹਨਾਂ ਨੂੰ ਸਿਹਤ ਸਹੂਲਤਾਂ ਤੋਂ ਵਾਂਝਿਆਂ ਕਰਦੀ ਹੈ। ਬੈਗਾ ਸੰਘਣੇ ਜੰਗਲਾਂ ਅੰਦਰ ਅਤੇ ਪਹਾੜਾਂ ਅੰਦਰ ਰਹਿਣਾ ਪਸੰਦ ਕਰਦੇ ਹਨ। ਇਲਾਜ ਦੇ ਨਾਂ 'ਤੇ ਟੂਣਿਆਂ ਅਤੇ ਜੜ੍ਹੀ-ਬੂਟੀਆਂ 'ਤੇ ਨਿਰਭਰ ਰਹਿੰਦੇ ਹਨ। ਬੈਗਾ ਔਰਤਾਂ ਵੀ ਜਣੇਪਾ ਘਰੇ ਹੀ ਕਰਵਾਉਂਦੀਆਂ ਹਨ। ਗਰੀਬੀ ਤੇ ਕੁਪੋਸ਼ਣ ਕਾਰਨ ਉਹਨਾਂ ਔਰਤਾਂ 'ਚੋਂ ਬਹੁਤਿਆਂ ਨੂੰ ਖ਼ੂਨ ਦੀ ਕਮੀ ਹੋ ਜਾਂਦੀ ਹੈ ਅਤੇ ਓ ਕਮਜ਼ੋਰ ਹੋ ਜਾਂਦੀਆਂ ਹਨ। ਬੈਗਾਵਾਂ ਦੀਆਂ ਸਭ ਤੋਂ ਵੱਧ ਮੌਤਾਂ ਸਿਹਤ ਸਬੰਧੀ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਹੁੰਦੀਆਂ ਹਨ। ਇਹਨਾਂ 'ਚੋਂ ਇਕ ਵੱਡੀ ਵਜ੍ਹਾ ਪੀਣ ਵਾਲੇ ਸਾਫ਼ ਪਾਣੀ ਦਾ ਨਾ ਹੋਣਾ ਹੈ। ਪਿਛਲੇ ਦਿਨੀਂ ਜ਼ਿਲ੍ਹੇ ਦੇ ਸਮਨਾਪੁਰ ਵਿਕਾਸਖੰਡ ਦੇ ਪਿੰਡ ਅਜਗਰ 'ਚ ਸੱਤ ਲੋਕਾਂ ਦੀ ਮੌਤ ਹੋ ਗਈ। ਇਹਨਾਂ 'ਚ ਦੋ ਔਰਤਾਂ ਤੇ ਦੋ ਬੱਚੇ ਸ਼ਾਮਲ ਹਨ। ਵਿਕਰਮਪੁਰ ਦੇ ਕੋਲ ਸੁੰਹਾ ਖਮਰਿਆ ਪਿੰਡ 'ਚ ਤਿੰਨ ਬੈਗਾਵਾਂ ਦੀ ਮੌਤ ਹੋਈ। ਸਮਨਾਪੁਰ ਵਿਕਾਸਖੰਡ ਦੇ ਹੀ ਚੰਦ੍ਰਾਗੜ੍ਹ, ਜਲਦਾਬੌਣਾ ਪੌਂਡੀ, ਕੇਵਲਾਰੀ, ਕੁਟੇਲਾ 'ਚ ਬੈਗਾ ਮੌਤ ਦਾ ਸ਼ਿਕਾਰ ਹੋ ਰਹੇ ਹਨ। ਪੌਂਡੀ, ਕੇਵਲਾਰੀ 'ਚ ਤਾਂ ਪਿਛਲੇ ਦਿਨਾਂ ਤਕ ਇਕੋ ਵੇਲੇ 12 ਬੈਗਾਵਾਂ ਦੀਆਂ ਮੌਤਾਂ ਹੋਈਆਂ। ਇਹਨਾਂ ਦੀ ਮੌਤ ਦੀ ਵਜਾਹ ਵੀ ਦੂਸ਼ਿਤ ਪੀਣ ਦਾ ਪਾਣੀ ਬਣਿਆ। ਜਲਦਾਬੌਣਾ 'ਚ 12 ਸਾਲ ਦੀ ਰਮੋਤਿਨ ਅਤੇ ਚਾਰ ਸਾਲ ਦੇ ਸੰਤੂ ਅਤੇ ਹੇਮਲਤਾ ਦੀ ਮੌਤ ਹੋ ਗਈ। ਗਣੇਸ਼ਪੁਰ ਪਿੰਡ 'ਚ ਪੰਜ ਸਾਲ ਦੇ ਮਹੇਸ਼ ਦੀ ਮੌਤ ਕੁਪੋਸ਼ਣ ਨਾਲ ਹੋਈ। ਦਰਅਸਲ ਜਿਨ੍ਹਾਂ ਜੰਗਲੀ ਇਲਾਕਿਆਂ 'ਚ ਇਹ ਜਨਜਾਤੀ ਰਹਿੰਦੀ ਹੈ, ਉਥੇ ਪੀਣ ਦੇ ਪਾਣੀ ਦੀ ਸਹੂਲਤ ਨਹੀਂ ਹੈ। ਬੈਗਾ ਬਰਸਾਤੀ ਨਾਲਿਆਂ ਤੇ ਝਿਰੀਆਂ ਦਾ ਪਾਣੀ ਪੀਂਦੇ ਹਨ, ਫਿਰ ਪੇਚਸ ਨਾਲ ਉਹਨਾਂ ਦੀ ਮੌਤ ਹੋ ਜਾਂਦੀ ਹੈ। ਬੈਗਾਵਾਂ ਦੀਆਂ ਮੌਤਾਂ ਦੇ ਅੰਕੜਿਆਂ ਨੂੰ ਛੁਪਾਉਣ ਦੀ ਅਸਫ਼ਲ ਕੋਸ਼ਿਸ਼ ਵੀ ਪ੍ਰਸ਼ਾਸਨ ਕਰਦਾ ਹੈ। ਦਰਅਸਲ ਇਹਨਾਂ ਨੂੰ ਲੈ ਕੇ ਕੇਂਦਰ ਅਤੇ ਰਾਜ ਸਰਕਾਰ ਸੰਵੇਦਨਸ਼ੀਲ ਨਹੀਂ ਹਨ। ਡਿੰਡੌਰੀ ਜ਼ਿਲੇ ਦੀ ਕੁਲ ਆਬਾਦੀ ਦੇ 70 ਫ਼ੀਸਦੀ ਹਿੱਸੇ 'ਤੇ ਆਦਿਵਾਸੀਆਂ ਦਾ ਕਬਜ਼ਾ

ਹੈ। ਮਨੁੱਖੀ ਵਿਗਿਆਨ ਦੇ ਨਜ਼ਰੀਏ ਤੋਂ ਦੇਸ਼ ਦੀਆਂ ਸਭ ਤੋਂ ਪ੍ਰਾਚੀਨ ਆਦਮ ਜਨਜਾਤੀਆਂ 'ਚ ਬੈਗਾਵਾਂ ਨੂੰ ਰੱਖਿਆ ਗਿਆ ਹੈ। ਉਹਨਾਂ ਨੂੰ ਦੇਸ਼ ਦਾ ਆਦੀਵਾਸੀ ਵੀ ਕਿਹਾ ਜਾਂਦਾ ਹੈ। ਇਹਨਾਂ ਦੀ ਉਤਪਤੀ ਸਬੰਧੀ ਵੀ ਕਈ ਧਾਰਨਾਵਾਂ ਹਨ{ ਕਿਹਾ ਜਾਂਦਾ ਹੈ ਕਿ ਵੱਖ-ਵੱਖ ਯੁਗਾਂ 'ਚ ਦ੍ਰਾਵੜਾਂ, ਆਰੀਆਂ ਤੇ ਮੰਗੋਲਾਂ ਦੇ ਲਗਾਤਾਰ ਹਮਲਿਆਂ ਤੋਂ ਤੰਗ ਆ ਕੇ ਘਣੇ ਜੰਗਲਾਂ 'ਚ ਚਲੇ ਗਏ ਤਾਂ ਉਦੋਂ ਤੋਂ ਉਥੋਂ ਦੇ ਹੀ ਹੋ ਕੇ ਰਹਿ ਗਏ। ਇਹ ਜਨਜਾਤੀ ਸਿਰਫ਼ ਨਮਕ ਤੇ ਕੱਪੜਿਆਂ ਸਬੰਧੀ ਹੀ ਬਾਹਰਲੀ ਦੁਨੀਆਂ 'ਤੇ ਨਿਰਭਰ ਹੈ। ਬੈਗਾਵਾਂ ਦੀ ਜੀਵਨ ਸ਼ੈਲੀ ਤੇ ਮਾਨਤਾਵਾਂ ਵੀ ਇਹਨਾਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਆਉਣ ਤੋਂ ਰੋਕਦੀਆਂ ਹਨ। ਇਹ ਧਰਤੀ ਨੂੰ ਮਾਂ ਮੰਨਦੇ ਹਨ ਅਤੇ ਉਸ ਦੀ ਛਾਤੀ 'ਚ ਸੁਰਾਖ਼ ਨਾ ਹੋਵੇ, ਇਸ ਲਈ ਖੇਤੀ ਵਾਸਤੇ ਜ਼ਮੀਨ 'ਤੇ ਹਲ ਨਹੀਂ ਚਲਾਉਂਦੇ। ਹਾਲਾਂਕਿ ਪ੍ਰਸ਼ਾਸਨ ਉਹਨਾਂ ਦੀ ਸਥਿਤੀ ਸੁਧਾਰਨ ਲਈ ਸੰਜੀਦਾ ਵੀ ਨਹੀਂ। ਸੂਬੇ ਦੀ ਮੌਤ ਦਰ 290 ਹੈ ਜਦ ਕਿ ਜ਼ਿਲੇ 'ਚ ਇਹ 1075 ਸਾਲਾਨਾ ਹੈ। ਲਗਭਗ ਚਾਰ ਹਜ਼ਾਰ ਪਰਿਵਾਰ ਅਜੇ ਵੀ ਅਜਿਹੇ ਹਨ ਜਿਹਨਾਂ ਦੀ ਪਾਤਰਤਾ ਦੇ ਬਾਵਜੂਦ ਗਰੀਬੀ ਰੇਖਾ ਤੋਂ ਹੇਠਾਂ ਦੇ ਕਾਰਡ ਹੀ ਨਹੀਂ ਬਣ ਸਕੇ। ਸੰਸਥਾਗਤ ਜਣੇਪੇ (ਡਲਿਵਰੀਆਂ) ਸਿਰਫ਼ 7 ਫ਼ੀਸਦੀ ਹਨ।

# ਰਾਖਵੇਂਕਰਨ (ਰਿਜ਼ਰਵੇਸ਼ਨ) ਦਾ ਆਧਾਰ ਕੀ ਹੋਵੇ ?

ਪਿਛਲੇ ਕੁਝ ਮਹੀਨਿਆਂ ਵਿਚ ਭਾਰਤ ਅੰਦਰ ਰਿਜ਼ਰਵੇਸ਼ਨ ਦੇ ਮੁੱਦੇ ਨੂੰ ਲੈ ਕੇ ਵਾਦ-ਵਿਵਾਦ ਫਿਰ ਸ਼ੁਰੂ ਹੋਇਆ ਹੈ। ਜਨਰਲ ਕੈਟੇਗਰੀ ਫ਼ੈਡਰੇਸ਼ਨ ਦੀ ਅਗਵਾਈ ਵਿਚ ਜਨਰਲ ਕੈਟੇਗਰੀ ਮੁਲਾਜ਼ਮਾਂ ਵੱਲੋਂ ਰਿਜ਼ਰਵੇਸ਼ਨ ਵਿਰੁੱਧ ਕਾਫ਼ੀ ਕਾਵਾਂ-ਰੌਲੀ ਪਾਈ ਜਾ ਰਹੀ ਹੈ। ਇਸ ਫ਼ੈਡਰੇਸ਼ਨ ਦਾ ਮੁਲਾਜ਼ਮ ਘੋਲਾਂ ਦਾ ਕੋਈ ਇਤਿਹਾਸ ਵੀ ਨਹੀਂ ਹੈ, ਖ਼ਾਸ ਕਰਕੇ ਨਵੀਆਂ ਆਰਥਕ ਨੀਤੀਆਂ ਰਾਹੀਂ ਮੁਲਾਜ਼ਮਾਂ ਦੇ ਹਿੱਤਾਂ/ਹੱਕਾਂ ਉਪਰ ਬੋਲੇ ਨਿਜੀਕਰਣ, ਛਾਂਟੀ ਆਦਿ ਦੇ ਹਮਲੇ ਖ਼ਿਲਾਫ਼ ਇਸ ਫ਼ੈਡਰੇਸ਼ਨ ਦੀ ਕਦੇ ਕੋਈ ਸਰਗਰਮੀ ਨਹੀਂ ਹੈ। ਇਹਨਾਂ ਦੀ ਰਾਖਵੇਂਕਰਨ ਪ੍ਰਤੀ ਗ਼ਲਤ ਪਹੁੰਚ ਤੇ ਸਮੁੱਚੇ ਤੌਰ ਤੇ ਰਿਜ਼ਰਵੇਸ਼ਨ ਦੇ ਸੁਆਲ ਬਾਰੇ ਉਦਾਸੀਨਤਾ ਤੇ ਗ਼ੈਰ-ਸਰਗਰਮੀ ਹੀ ਹੈ ਕਿ ਇਹ ਮੁਲਾਜ਼ਮ ਫ਼ੈਡਰੇਸ਼ਨ ਮੁਲਾਜ਼ਮਾਂ ਵਿਚ ਬੇਚੈਨੀ ਤੇ ਰੁਜ਼ਗਾਰ ਬਾਰੇ ਬੇਯਕੀਨੀ ਨੂੰ ਜਾਤ-ਪਾਤੀ ਪਟੜੀ ’ਤੇ ਚਾੜ੍ਹਨ ਅਤੇ ਇਸ ਨੂੰ ਰਿਜ਼ਰਵੇਸ਼ਨ ਦੀ ਜਾਇਜ਼ ਸਹੂਲਤ ਵਿਰੁੱਧ ਭੁਗਤਾਉਣ ਦੀ ਸਿਰਤੋੜ ਕੋਸ਼ਿਸ਼ ਕਰ ਰਹੀ ਹੈ। ਜਨਰਲ ਕੈਟੇਗਰੀ ਮੁਲਾਜ਼ਮਾਂ ਵੱਲੋਂ ਆਪਣੇ ਨਾਲ ਧੱਕੇ/ਵਿਤਕਰੇ ਦੀ ਕਾਵਾਂ-ਰੌਲੀ ਜਿਥੇ ਬੇਬੁਨਿਆਦ ਤੇ ਨਜਾਇਜ਼ ਹੈ, ਉਥੇ ਨਾਲ ਦੀ ਨਾਲ ਹੀ ਰਾਖਵੇਂਕਰਨ ਦੀ ਸਹੂਲਤ ਨੂੰ ਮੁਕੰਮਲ ਤੌਰ ’ਤੇ ਖ਼ਤਮ ਕਰਨ ਦੇ ਚੰਦਰੇ ਇਰਾਦੇ ਤੋਂ ਪ੍ਰੇਰਿਤ ਵੀ ਹੈ। ਇਸ ਪਿੱਛੇ ਸਮਾਜ ’ਚ ਉੱਚੀਆਂ ਜਾਤਾਂ ਦੇ ਦਬਦਬੇ ਸਦਕਾ ਸਮੁੱਚੀਆਂ ਨੌਕਰੀਆਂ ’ਤੇ ਕਾਬਜ਼ ਹੋਣ ਤੇ ਇੰਜ ਦਲਿਤ ਲੋਕਾਂ ਨੂੰ ਰਾਖਵੇਂਕਰਨ ਜ਼ਰੀਏ ਹਾਸਲ ਹੁੰਦੀਆਂ ਸੀਮਤ ਨੌਕਰੀਆਂ ਤੋਂ ਵੀ ਵਾਂਝੇ ਕਰਨ ਦੀ ਇਹਨਾਂ ਦੀ ਬਦਨੀਅਤ ਮੌਜੂਦ ਹੈ। ਇਹ ਇਹਨਾਂ ਵਿਚ ਮੌਜੂਦ ਜਾਤ-ਪ੍ਰਸਤ ਮਾਨਸਿਕਤਾ ਦਾ ਹੀ ਪ੍ਰਗਾਟਾਵਾ ਹੈ।

ਮੌਜੂਦ ਹੋ-ਹੱਲਾ ਇਕ ਤਰ੍ਹਾਂ ਨਾਲ 1990-91 ਵਿਚ ਮੰਡਲ ਕਮਿਸ਼ਨ ਵਿਰੁੱਧ ਉੱਠੇ ਜਾਤ-ਪਾਤੀ ਜਨੂੰਨ ਦਾ ਦੁਹਰਾਓ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਸੁਪਰੀਮ ਕੋਰਟ ਦੇ ਫ਼ੈਸਲਿਆਂ ਤੇ ਪੰਜਾਬ ਸਰਕਾਰ ਵੱਲੋਂ ਇਸ ਨੂੰ ਲਾਗੂ ਕਰਨ ਲਈ ਚੁੱਕੇ ਕਦਮਾਂ ਨਾਲ ਦਲਿਤਾਂ ਦੇ ਰਾਖਵੇਂਕਰਨ ਨਾਲ ਜੁੜੇ ਜਾਇਜ਼ ਹੱਕਾਂ ਨੂੰ ਖੋਹਿਆ ਜਾ ਰਿਹਾ ਹੈ। ਇਸ ਲਈ ਇਹਨਾਂ ਅੰਦਰ ਰੋਸ ਤੇ ਰੋਹ ਪੈਦਾ ਹੋਣਾ ਲਾਜ਼ਮੀ ਹੈ। ਸਿੱਟੇ ਵੱਜੋਂ ਦਲਿਤ ਮੁਲਾਜ਼ਮਾਂ ਨੇ ਵੀ ਰਿਜ਼ਰਵੇਸ਼ਨ ਉਪਰ ਕੀਤੇ ਜਾ ਰਹੇ ਸਾਜ਼ਿਸ਼ੀ ਹਮਲਿਆਂ ਵਿਰੁੱਧ ਰੋਸ ਵਿਖਾਵੇ ਕੀਤੇ ਹਨ। ਇੰਜ ਦਲਿਤ ਮੁਲਾਜ਼ਮਾਂ ਦਾ ਰੋਸ ਪੂਰੀ ਤਰ੍ਹਾਂ ਹੱਕੀ ਤੇ ਜਾਇਜ਼ ਹੈ। ਇਸ ਦੀ ਹਮਾਇਤ ਕੀਤੀ ਜਾਣੀ ਚਾਹੀਦੀ ਹੈ। ਮੁਲਾਜ਼ਮਾਂ

ਅੰਦਰ ਉੱਠ ਰਹੇ ਵਿਵਾਦ ਦਾ ਫੌਰੀ ਕਾਰਨ ਸੁਪਰੀਮ ਕੋਰਟ ਵੱਲੋਂ ਰਿਜ਼ਰਵੇਸ਼ਨ ਸਬੰਧੀ ਦੋ ਅਹਿਮ ਫ਼ੈਸਲੇ ਹਨ। ਸੁਪਰੀਮ ਕੋਰਟ ਵੱਲੋਂ ਪਹਿਲੇ ਫ਼ੈਸਲੇ ਦਾ ਸਾਰ-ਤੱਤ ਇਹ ਹੈ ਕਿ ਡਾਕਟਰੀ, ਇੰਜੀਨੀਅਰਿੰਗ ਵਰਗੇ ਕਿੱਤੇ ਬਹੁਤ ਅਹਿਮ ਹਨ। ਇਹਨਾਂ ਅੰਦਰ ਦਾਖ਼ਲੇ ਸਿਰਫ਼ ਯੋਗਤਾ ਦੇ ਆਧਾਰ ’ਤੇ ਹੋਣੇ ਚਾਹੀਦੇ ਹਨ ਅਤੇ ਰਿਜ਼ਰਵੇਸ਼ਨ ਦੇ ਆਧਾਰ ’ਤੇ ਦਾਖ਼ਲੇ ‘ਕੌਮੀ ਹਿੱਤ’ ਵਿਚ ਨਹੀਂ ਹਨ ਕਿਉਂਕਿ ਇਸ ਨਾਲ ਘੱਟ ਯੋਗ ਵਿਅਕਤੀ ਡਾਕਟਰ, ਇੰਜੀਨੀਅਰ ਆਦਿ ਬਣ ਜਾਂਦੇ ਹਨ ਅਤੇ ਇਹ ਘੱਟ ਯੋਗ ਮੁਲਾਜ਼ਮ ਸਰਕਾਰੀ ਮਹਿਕਮਿਆਂ ਵਿਚ ਫੈਲੇ ਭਰਿਸ਼ਟਾਚਾਰ, ਕੰਮਚੋਰੀ, ਲਾਪ੍ਰਵਾਹੀ ਆਦਿ ਲਈ ਜ਼ਿੰਮੇਵਾਰ ਹਨ। ਸੁਪਰੀਮ ਕੋਰਟ ਦੇ ਦੂਜੇ ਫ਼ੈਸਲੇ ਦਾ ਤੱਤ-ਸਾਰ ਇਹ ਹੈ ਕਿ ਰਿਜ਼ਰਵੇਸ਼ਨ ਦੀ ਸਹੂਲਤ ਸਿਰਫ਼ ਨੌਕਰੀ ਸਮੇਂ ਹੋਣੀ ਚਾਹੀਦੀ ਹੈ। ਤਰੱਕੀ-ਪ੍ਰਮੋਸ਼ਨ ਸਮੇਂ ਰਿਜ਼ਰਵੇਸ਼ਨ ਲਾਗੂ ਨਹੀਂ ਕੀਤੀ ਜਾਣੀ ਚਾਹੀਦੀ। ਤਰੱਕੀਆਂ ਤੇ ਪ੍ਰਮੋਸ਼ਨਾਂ ਸਿਰਫ਼ ਸੀਨੀਆਰਟੀ ਸੂਚੀ ਦੇ ਆਧਾਰ ’ਤੇ ਹੋਣੀਆਂ ਚਾਹੀਦੀਆਂ ਹਨ। ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੇ ਖ਼ਾਸ ਕਰਕੇ ਮਗਰਲੇ ਫ਼ੈਸਲੇ ’ਤੇ ਅਮਲ ਕਰਦਿਆਂ ਤੁਰੰਤ ਸਰਕੂਲਰ ਜਾਰੀ ਕਰ ਕੇ ਤਰੱਕੀ ਤੇ ਪ੍ਰਮੋਸ਼ਨ ਸਮੇਂ ਰਿਜ਼ਰਵੇਸ਼ਨ ਦੀ ਸਹੂਲਤ ਛਾਂਗ ਦਿੱਤੀ ਹੈ ਅਤੇ ਆਪਣੇ ਪੱਖਪਾਤੀ ਫ਼ੈਸਲੇ ਜ਼ਰੀਏ ਸੈਂਕੜੇ-ਹਜ਼ਾਰਾਂ ਦਲਿਤ ਮੁਲਾਜ਼ਮਾਂ ਦੇ ਹੱਕਾਂ ’ਤੇ ਛਾਪਾ ਮਾਰਿਆ ਹੈ। ਇਸ ਕਦਮ ਨੇ ਸਾਬਤ ਕਰ ਦਿੱਤਾ ਹੈ ਕਿ ਦਲਿਤ ਵਿਰੋਧੀ ਅਮਲ ਕਰਨ ਵਿਚ ਉਹ ਸੁਪਰੀਮ ਕੋਰਟ ਤੋਂ ਵੀ ਚਾਰ ਕਦਮ ਅੱਗੇ ਹਨ। ਸੁਪਰੀਮ ਕੋਰਟ ਦੇ ਫ਼ੈਸਲਿਆਂ ਤੇ ਪਜਾਬ ਸਰਕਾਰ ਦੇ ਅਮਲ ਨੇ ਰਿਜ਼ਰਵੇਸ਼ਨ ਵਿਰੋਧੀਆਂ ਨੂੰ ਬਹਾਨਾ ਮੁਹੱਈਆ ਕਰ ਦਿੱਤਾ ਹੈ।

ਉਹਨਾਂ ਨੇ ਦਲਿਤ ਤੇ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਦਿੱਤੀ ਜਾਂਦੀ ਰਿਜ਼ਰਵੇਸ਼ਨ ਹੀ ਖ਼ਤਮ ਕਰਵਾ ਦੇਣ ਲਈ ਪੂਰੀ ਤਰ੍ਹਾਂ ਨਿਹੱਕੀ ਤੇ ਨਜਾਇਜ਼ ਲੜਾਈ ਛੇੜ ਦਿੱਤੀ ਹੈ। ਰਿਜ਼ਰਵੇਸ਼ਨ ਵਿਰੋਧੀ ਇਹ ਤਾਕਤਾਂ ਜਿਥੇ ਰਿਜ਼ਰਵੇਸ਼ਨ ਦੀ ਜਾਇਜ਼ ਸਹੂਲਤ ਖ਼ਿਲਾਫ਼ ਤੁਅੱਸਬੀ ਪ੍ਰਚਾਰ ਕਰ ਕੇ ਦਲਿਤ ਮੁਲਾਜ਼ਮਾਂ ਦਾ ਹੱਕ ਖੋਹਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਉਥੇ ਆਮ ਮੁਲਾਜ਼ਮਾਂ ਨੂੰ ਉਹਨਾਂ ਦੇ ਹਿੱਤਾਂ-ਹੱਕਾਂ ਉਪਰ ਨਵੀਆਂ ਆਰਥਕ ਨੀਤੀਆਂ ਦੀ ਵਿਆਪਕ ਮਾਰੂ ਹਮਲੇ ਖ਼ਿਲਾਫ਼ ਲੜਾਈ ਦੇਣ ਤੋਂ ਭਟਕਾ ਰਹੀਆਂ ਹਨ ਤੇ ਇੰਜ ਉਹਨਾਂ ਦਾ ਧਿਆਨ ਰਿਜ਼ਰਵੇਸ਼ਨ ਦੇ ਨਾਵਾਜਬ ਵਿਰੋਧ ਵਰਗੇ ਬੇਬੁਨਿਆਦ ਮਸਲਿਆਂ ਵੱਲ ਲਾ ਕੇ ਸਾਮਰਾਜ ਤੇ ਇਸ ਦੇ ਦਲਾਲ ਹਾਕਮਾਂ ਤੇ ਇਹਨਾਂ ਦੀਆਂ ਨੁਮਾਇੰਦਾਂ ਸਰਕਾਰਾਂ ਦੀ ਸੇਵਾ ਕਰ ਰਹੀਆਂ ਹਨ। ਲੁਟੇਰੀਆਂ ਜਮਾਤਾਂ ਦੀ ਸੁਪਰੀਮ ਕੋਰਟ ਤੇ ਪੰਜਾਬ ਸਰਕਾਰ ਵੱਲੋਂ ਆਪਣੇ ਉੱਚ ਜਾਤਾਂ ਪੱਖੀ ਫ਼ੈਸਲਿਆਂ ਦੇ ਪੱਖ ਵਿਚ ਅਤੇ ਰਿਜ਼ਰਵੇਸ਼ਨ ਨੂੰ ਖ਼ਤਮ ਕਰਾਉਣ ਲਈ ਸਰਗਰਮ ਉੱਚ ਜਾਤੀ ਫ਼ੈਡਰੇਸ਼ਨ ਵੱਲੋਂ ਆਪਣੇ ਨਜਾਇਜ਼ ਐਜੀਟੇਸ਼ਨ ਦੇ ਪੱਖ ਅਤੇ ਰਿਜ਼ਰਵੇਸ਼ਨ ਬਾਰੇ ਗ਼ਲਤ ਤੇ ਕਈ ਪੱਖਾਂ ਤੋਂ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਸ ਦਾ ਮਕਸਦ ਰਿਜ਼ਰਵੇਸ਼ਨ ਦੀ ਨਿਗੂਣੀ ਸਹੂਲਤ ਦੇ ਵਿਰੋਧ ਵਿਚ ਜਨਤਕ ਰਾਇ ਬਣਾਉਣਾ ਹੈ। ਇਸ ਜ਼ਹਿਰੀਲੇ ਪ੍ਰਚਾਰ ਰਾਹੀਂ ਉੱਚ ਜਾਤੀ ਦੇ ਹੰਕਾਰ ਤੇ ਦਲਿਤਾਂ

ਪ੍ਰਤੀ ਘ੍ਰਿਣਾ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਇਸ ਲਈ ਜਿਥੇ ਸੁਪਰੀਮ ਕੋਰਟ ਤੇ ਰਿਜ਼ਰਵੇਸ਼ਨ ਦੇ ਵਿਰੋਧੀਆਂ ਦੀਆਂ ਗ਼ਲਤ ਦਲੀਲਾਂ ਦਾ ਅਸਰਦਾਰ ਦੇ ਦਲੀਲ ਪੂਰਵਕ ਵਿਰੋਧ ਕੀਤਾ ਜਾਣਾ ਚਾਹੀਦਾ ਹੈ ਉਥੇ ਰਿਜ਼ਰਵੇਸ਼ਨ ਦੇ ਵਿਰੋਧ ਪਿੱਛੇ ਛੁਪੀ ਜਾਤ-ਪਾਤੀ ਮਾਨਸਿਕਤਾ, ਮੰਦ-ਭਾਵਨਾ ਤੇ ਗੁੱਝੇ ਮੰਤਵਾਂ ਦਾ ਪਰਦਾ ਫਾਸ਼ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਰਿਜ਼ਰਵੇਸ਼ਨ ਦੀ ਜਾਇਜ਼ ਰਿਆਇਤ ਦੇ ਪੱਖ ਵਿਚ ਰਾਇ ਉਸਾਰੀ ਜਾ ਸਕੇ ਤੇ ਇਸ ਦੀ ਰਾਖੀ ਕੀਤੀ ਜਾ ਸਕੇ।

ਜਾਤ ਆਧਾਰਕ ਰਿਜ਼ਰਵੇਸ਼ਨ ਦੀ ਵਿਵਸਥਾ ਦਾ ਵਿਰੋਧ ਕਰਨ ਵਾਲੇ ਇਸ ਰਿਜ਼ਰਵੇਸ਼ਨ ਨੂੰ ਗ਼ਲਤ ਸਿੱਧ ਕਰਨ ਲਈ ਦਲੀਲ ਦਿੰਦੇ ਹਨ ਕਿ ਰਿਜ਼ਰਵੇਸ਼ਨ ਜਾਤ ਦੇ ਆਧਾਰ ਤੇ ਨਹੀਂ ਬਲਕਿ ਆਰਥਕ ਆਧਾਰ 'ਤੇ ਦਿੱਤੀ ਜਾਣੀ ਚਾਹੀਦੀ ਹੈ। ਉਹਨਾਂ ਮੁਤਾਬਿਕ ਕਿਉਂਕਿ ਭਾਰਤੀ ਸਮਾਜ ਵਿਚ ਅਮੀਰ-ਗ਼ਰੀਬ ਦਾ ਪਾੜਾ ਮੌਜੂਦ ਹੈ, ਇਸ ਲਈ ਆਰਥਕ ਤੌਰ 'ਤੇ ਕਮਜ਼ੋਰ, ਗ਼ਰੀਬ ਲੋਕਾਂ (ਜਿਸ ਵਿਚ ਉੱਚ ਜਾਤਾਂ ਦੇ ਗ਼ਰੀਬ ਵੀ ਸ਼ਾਮਲ ਹਨ) ਨੂੰ ਗ਼ਰੀਬੀ 'ਚੋਂ ਨਿਕਲਣ ਲਈ ਸਹਾਇਤਾ ਵਾਸਤੇ ਰਿਜ਼ਰਵੇਸ਼ਨ ਦਿੱਤੀ ਜਾਣੀ ਚਾਹੀਦੀ ਹੈ। ਜਾਤ ਆਧਾਰਤ ਰਿਜ਼ਰਵੇਸ਼ਨ ਦੀ ਥਾਂ ਆਰਥਕ ਆਧਾਰ 'ਤੇ ਰਿਜ਼ਰਵੇਸ਼ਨ ਦੇਣ ਦੀ ਦਲੀਲ ਪੂਰੀ ਤਰ੍ਹਾਂ ਗ਼ੈਰ-ਪ੍ਰਸੰਗਿਕ ਤੇ ਗ਼ਲਤ ਹੈ। ਇਹ ਦਲੀਲ ਦੋ ਤਰ੍ਹਾਂ ਦੀਆਂ ਤਾਕਤਾਂ ਵੱਲੋਂ ਦਿੱਤੀ ਜਾਂਦੀ ਹੈ। ਪਹਿਲੀ ਕਿਸਮ ਦੇ ਲੋਕ ਉਹ ਹਨ ਜੋ ਉੱਚ ਜਾਤੀ ਹੰਕਾਰਵਾਦ ਵਿਚ ਗ੍ਰਸਤ ਹਨ ਤੇ ਸਿਰੇ ਦੇ ਦਲਿਤ ਵਿਰੋਧੀ ਹਨ। ਇਹਨਾਂ ਵਿਚ ਹਾਕਮ ਜਮਾਤੀ ਸਿਆਸੀ ਪਾਰਟੀਆਂ ਤੋਂ ਲੈ ਕੇ ਜ਼ਮੀਰ ਫ਼ਿਰੋਸ਼ ਬੁੱਧੀਜੀਵੀ ਲੋਕ ਸ਼ਾਤਰ ਅਨਸਰ ਸ਼ਾਮਲ ਹਨ। ਇਹ ਧਿਰ ਮਨੋਂ ਬੇਈਮਾਨ ਹੈ ਤੇ ਰਿਜ਼ਰਵੇਸ਼ਨ ਦੀ ਕੱਟੜ ਵਿਰੋਧੀ ਹੈ। ਇਹ ਜਾਣਦੇ ਹਨ ਕਿ ਆਰਥਕ ਆਧਾਰ 'ਤੇ ਰਿਜ਼ਰਵੇਸ਼ਨ ਦੀ ਦਲੀਲ ਦੇ ਕੇ ਉੱਚ ਜਾਤੀਆਂ ਦੇ ਵੱਡੇ ਹਿੱਸੇ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ। ਨਾਲ ਹੀ ਉੱਚ ਜਾਤੀਆਂ ਦੇ ਗ਼ਰੀਬ ਲੋਕਾਂ ਨੂੰ ਦਲਿਤ ਤੇ ਪੱਛੜੀਆਂ ਸ਼੍ਰੇਣੀਆਂ ਦੇ ਗ਼ਰੀਬ ਲੋਕਾਂ ਵਿਰੁੱਧ ਭੜਕਾ ਕੇ ਆਪਸ ਵਿਚ ਲੜਾਇਆ ਜਾ ਸਕਦਾ ਹੈ। ਇਹ ਧਿਰ ਰਿਜ਼ਰਵੇਸ਼ਨ ਵਿਰੋਧੀ ਤੇ ਦਲਿਤਾਂ ਦੀ ਦੁਸ਼ਮਣ ਤਾਂ ਹੈ ਹੀ, ਨਾਲ ਹੀ ਪੂਰੀ ਤਰ੍ਹਾਂ ਲੋਕ ਦੁਸ਼ਮਣ ਵੀ ਹੈ। ਕਿਉਂਕਿ ਜਿਥੋਂ ਤਕ ਆਰਥਕ ਪੱਖ ਤੋਂ ਨਿਤਾਣੇ ਤੇ ਕਮਜ਼ੋਰ ਵਰਗਾਂ ਨੂੰ ਰਾਹਤ ਦੇਣ ਦਾ ਸਵਾਲ ਹੈ, ਇਹੀ ਹਾਕਮ ਜਮਾਤਾਂ ਤੇ ਇਹਨਾਂ ਦੇ ਬੁੱਧੀਜੀਵੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਨਾਮ-ਮਾਤਰ ਆਰਥਕ ਸਹੂਲਤਾਂ, ਸਬਸਿਡੀਆਂ, ਸਰਕਾਰੀ ਸੇਵਾਵਾਂ, ਜਨਤਕ ਵੰਡ ਪ੍ਰਦਾਲੀ ਆਦਿ ਦਾ ਸ਼ਰੇਆਮ ਵਿਰੋਧ ਕਰ ਰਹੇ ਹਨ ਤੇ ਕਦਮ-ਬ-ਕਦਮ ਉਹਨਾਂ ਨੂੰ ਖ਼ਤਮ ਕਰ ਰਹੇ ਹਨ। ਪਿਛਲੇ ਕੁਝ ਕੁ ਸਾਲਾਂ ਤੋਂ ਸਕੂਲਾਂ, ਕਾਲਜਾਂ ਦੀਆਂ ਫ਼ੀਸਾਂ, ਬਿਜਲੀ ਦੇ ਬਿੱਲਾਂ, ਬੱਸਾਂ ਦੇ ਕਿਰਾਏ, ਹਸਪਤਾਲਾਂ ਵਿਚ ਇਲਾਜ ਸਹੂਲਤ ਦੇ ਰੇਟ ਵਧਾਉਣ ਲਈ ਧੜਾਧੜ ਚੁਕੇ ਗਏ ਕਦਮ ਵਿਖਾਉਂਦੇ ਹਨ ਕਿ ਇਹ ਧਿਰ

ਆਰਥਕ ਰਿਆਇਤਾਂ ਦੀ ਰਾਹਤ ਦੇਣ ਦੇ ਵੀ ਉਨੇ ਹੀ ਵਿਰੁੱਧ ਹਨ ਜਿੰਨੇ ਜ਼ਾਤ ਦੇ ਆਧਾਰ 'ਤੇ ਰਿਜ਼ਰਵੇਸ਼ਨ ਦੇਣ ਦੇ। ਸਿਰਫ਼ ਬਹਾਨੇ ਹੀ ਵੱਖਰੇ ਹਨ, ਨਿਸ਼ਾਨਾ ਇਕੋ ਹੀ ਹੈ, ਹਰ ਹੀਲੇ ਆਰਥਕ ਤੇ ਸਮਾਜਕ ਤੌਰ 'ਤੇ ਦੱਬੇ-ਕੁਚਲੇ ਲੋਕਾਂ ਨੂੰ ਕਮਜ਼ੋਰ, ਨਿਤਾਣੇ ਤੇ ਦਾਬੂ ਬਣਾਈ ਰੱਖਣਾ। ਇਹ ਆਰਥਕ ਆਧਾਰ 'ਤੇ ਰਿਜ਼ਰਵੇਸ਼ਨ ਦੇਣ ਦਾ ਮੁੱਦਾ ਗ਼ਲਤ ਪ੍ਰਸੰਗ ਵਿਚ ਉਠਾ ਕੇ ਘ੍ਰਿਣਤ ਜਾਤਪਾਤੀ ਪ੍ਰਬੰਧ ਦੀ ਜਕੜ ਨੂੰ ਤੇ ਇਸ ਅਧੀਨ ਦਲਿਤਾਂ ਨੂੰ ਜਾਤ ਪਾਤੀ ਦਾਬੇ ਧੱਕੇ ਤੇ ਵਿਤਕਰੇ ਦਾ ਸ਼ਿਕਾਰ ਬਣਾਈ ਰੱਖਣਾ ਚਾਹੁੰਦੀ ਹੈ। ਇੰਜ ਇਹ ਸਮਾਜਕ ਤਰੱਕੀ ਦੀ ਦੁਸ਼ਮਣ ਤੇ ਸਮਾਜਕ ਪਛੜੇਵੇਂ ਦੀ ਜ਼ੋਰਦਾਰ ਮੁਦੱਈ ਧਿਰ ਹੈ।

ਦੂਜੀ ਕਿਸਮ ਦੇ ਰਿਜ਼ਰਵੇਸ਼ਨ ਵਿਰੋਧੀ ਉਹ ਹਨ ਜਿਹੜੇ ਆਰਥਕ ਆਧਾਰ 'ਤੇ ਅਮੀਰੀ-ਗ਼ਰੀਬੀ ਅਰਥਾਤ ਜਮਾਤੀ ਵੰਡ ਦੀ ਦਲੀਲ ਦੇ ਕੇ ਕਹਿੰਦੇ ਹਨ ਕਿ ਜਾਤ ਆਧਾਰਤ ਰਿਜ਼ਰਵੇਸ਼ਨ ਜਾਤ ਪਾਤ ਨੂੰ ਕਮਜ਼ੋਰ ਨਹੀਂ ਕਰਦੀ ਸਗੋਂ ਮਜ਼ਬੂਤ ਕਰਦੀ ਹੈ। ਇਸ ਦੇ ਪੱਖ ਵਿਚ ਉਹ ਹੋਰ ਦਲੀਲ ਇਹ ਦਿੰਦੇ ਹਨ ਕਿ ਰਿਜ਼ਰਵੇਸ਼ਨ ਦੀ ਸਹੂਲਤ ਜ਼ਿਆਦਾ ਕਰਕੇ, ਰਿਜ਼ਰਵੇਸ਼ਨ ਲੈ ਕੇ ਆਰਥਕ ਤੌਰ 'ਤੇ ਮਜ਼ਬੂਤ ਹੋਇਆਂ ਦਲਿਤਾਂ ਦਾ ਪਤਵੰਤਾ ਵਰਗ ਹੀ ਮਾਣ ਰਿਹਾ ਹੈ ਜਦ ਕਿ ਆਮ ਦਲਿਤਾਂ ਤਕ ਰਿਜ਼ਰਵੇਸ਼ਨ ਪਹੁੰਚਦੀ ਹੀ ਨਹੀਂ। ਇਹ ਘਿਰ ਇਹ ਸਮਝਣ ਵਿਚ ਅਸਫਲ ਹੈ ਕਿ ਜਾਤ ਪਾਤ 'ਤੇ ਆਧਾਰਤ ਰਿਜ਼ਰਵੇਸ਼ਨ ਤੇ ਆਰਥਕ ਆਧਾਰ 'ਤੇ ਰਿਜ਼ਰਵੇਸ਼ਨ ਦੋ ਵੱਖ-ਵੱਖ ਜ਼ਰੂਰਤਾਂ ਹਨ ਤੇ ਇਹਨਾਂ ਦੇ ਆਧਾਰ ਵੀ ਵੱਖ-ਵੱਖ ਹਨ।

ਆਰਥਕ ਪੱਖੋਂ ਕਮਜ਼ੋਰ ਤੇ ਗ਼ਰੀਬ ਲੋਕਾਂ ਨੂੰ ਆਰਥਕ ਆਧਾਰ 'ਤੇ ਰਿਜ਼ਰਵੇਸ਼ਨ ਦਿੱਤੀ ਜਾਣੀ ਹੈ ਤਾਂ ਕਿ ਉਹਨਾਂ ਨੂੰ ਆਪਣਾ ਆਰਥਕ ਪਛੜੇਵਾਂ ਦੂਰ ਕਰਨ ਵਿਚ ਕੁਝ ਫੌਰੀ ਰਾਹਤ ਮਿਲ ਸਕੇ। ਅਜਿਹੀ ਰਿਜ਼ਰਵੇਸ਼ਨ ਕੋਈ ਗ਼ਲਤ ਸਹੂਲਤ ਨਹੀਂ ਹੋਵੇਗੀ ਕਿਉਂਕਿ ਆਰਥਕ ਪੱਖੋਂ ਕਮਜ਼ੋਰ, ਗ਼ਰੀਕ ਵਰਗਾਂ ਨੂੰ ਇਸ ਦੀ ਸੱਚਮੁੱਚ ਜ਼ਰੂਰਤ ਹੈ। ਪਰ ਇਹ ਸਿਰਫ਼ ਆਰਥਕ ਕਾਰਾਂ ਕਰਕੇ ਪੱਛੜੇ ਲੋਕਾਂ ਨੂੰ ਤਾਂ ਕੁਝ ਰਾਹਤ ਦਿੰਦੀ ਹੈ ਜਦ ਕਿ ਸਮਾਜਕ ਪੱਖੋਂ ਦਬਾਇਆਂ ਨੂੰ ਨਹੀਂ, ਜਿਹਨਾਂ ਦੇ ਪਛੜੇਵੇਂ ਤੇ ਗ਼ਰੀਬੀ ਦਾ ਕਾਰਨ ਆਰਰਥਕ ਦੇ ਨਾਲ ਸਮਾਜਕ ਵੀ ਹੈ। ਪਰ ਸਮਾਜਕ ਤੌਰ 'ਤੇ ਦੱਬੀਆਂ-ਕੁਚਲੀਆਂ ਜਾਤਾਂ ਦੇ ਲੋਕਾਂ ਨੂੰ ਜਾਤ ਦੇ ਆਧਾਰ 'ਤੇ ਰਿਜ਼ਰਵੇਸ਼ਨ ਦੇਣ ਦਾ ਕਾਰਨ ਆਰਥਕ ਨਹੀਂ, ਬਲਕਿ ਸਮਾਜਕ ਹੈ। ਇਸ ਕਰਕੇ ਦੋਵਾਂ ਤਰ੍ਹਾਂ ਦੀ ਰਿਜ਼ਰਵੇਸ਼ਨ ਨੂੰ ਰਲਗੱਡ ਨਹੀਂ ਕੀਤਾ ਜਾਣਾ ਪਰ ਆਰਥਕ ਆਧਾਰ 'ਤੇ ਹੀ ਰਿਜ਼ਰਵੇਸ਼ਨ ਤਹਿ ਕਰਨ ਦੀ ਸਮਝ ਦੇ ਧਾਰਨੀ ਇਹ ਸਮਝਣ ਵਿਚ ਅਸਫਲ ਹਨ ਕਿ ਜਾਤ ਪਾਤ ਦੀ ਵਿਸਸਥਾ ਭਾਰਤ ਅੰਦਰਲਾ ਵਿਸ਼ੇਸ਼ ਵਰਤਾਰਾ ਹੈ, ਜੋ ਪੱਛਮ ਦੇ ਉਹਨਾਂ ਜਮਾਤੀ ਸਮਾਜਾਂ ਵਿਚ ਕਿਤੇ ਵੀ ਮੌਜੂਦ ਨਹੀਂ ਜਿਸ ਨੂੰ ਆਧਾਰ ਬਦਾ ਕੇ ਮਾਰਕਸ ਨੇ ਜਮਾਤੀ ਘੋਲ ਦਾ ਆਮ ਵਿਸ਼ਲੇਸ਼ਣ ਪੇਸ਼ ਕੀਤਾ ਸੀ। ਭਾਰਤ ਅੰਦਰ ਜਾਤ ਤੇ ਜਮਾਤ ਆਪਸ ਵਿਚ ਗੁੰਦੀਆਂ ਪਈਆਂ ਹਨ ਤੇ ਅੰਤਰ ਸਬੰਧਤ ਹਨ। ਜਾਤ ਪਾਤੀ ਪ੍ਰਬੰਧ ਅਧੀਨ ਸਮਾਜ ਦੇ ਇਕ ਹਿੱਸੇ ਨੂੰ ਲੰਬੇ ਇਤਿਹਾਸਕ ਸਮਿਆਂ

ਤੋਂ ਨੀਵੀਆਂ ਜਮਾਤਾਂ ਦੇ ਦੱਸ ਕੇ ਸਮਾਜਕ ਤੇ ਮਾਨਸਿਕ ਤੌਰ 'ਤੇ ਦਬਾ ਕੇ ਰੱਖਿਆ ਜਾ ਰਿਹਾ ਹੈ। ਇਹ ਦਲਿਤ ਨਾ ਸਿਰਫ਼ ਆਰਥਕ ਲੁੱਟ ਦਾ ਸ਼ਿਕਾਰ ਹਲ ਬਲਕਿ ਨਾਲ ਹੀ ਨਾਲ ਸਦੀਵੀ ਜਾਤਪਾਤੀ ਦਾਬੇ, ਵਿਤਕਰੇ ਤੇ ਧੱਕੇ ਦਾ ਸ਼ਿਕਾਰ ਵੀ ਹਨ। ਸਾਡੇ ਦੇਸ਼ ਅੰਦਰ ਇਹਨਾਂ ਨੂੰ ਰਿਜ਼ਰਵੇਸ਼ਨ ਸਮਾਜਕ ਆਧਾਰ 'ਤੇ ਦਿੱਤੀ ਗਈ ਸੀ ਕਿਉਂਕਿ ਉਹਨਾਂ ਨਾਲ ਵਿਤਕਰਾ ਜਾਤ ਪਾਤ ਦੇ ਆਧਾਰ 'ਤੇ ਹੁੰਦਾ ਆ ਰਿਹਾ ਹੈ। ਇਸ ਰਿਜ਼ਰਵੇਸ਼ਨ ਦਾ ਉਦੇਸ਼ ਜਾਤਪਾਤੀ ਵਿਵਸਥਾ ਦੇ ਸਮਾਜੀ ਥੰਮ੍ਹ ਨੂੰ ਸੱਟ ਮਾਰਨਾ ਹੈ ਅਤੇ ਦਲਿਤ ਲੋਕਾਂ ਨੂੰ ਜੀਵਨ ਦੇ ਖੇਤਰਾਂ ਵਿਚ ਸਾਂਵੇਂ ਤੇ ਕਰਾਕਰ ਮੌਕੇ ਵੰਡਾਉਣ ਦੇ ਸਮਰੱਥ ਹੋਣ ਵਿਚ ਮਦਦ ਦੇਣਾ ਹੈ। ਰਿਜ਼ਰਵੇਸ਼ਨ ਦੀ ਅਜਿਹੀ ਵਿਸ਼ੇਸ਼ ਸਹੂਲਤ ਦਲਿਤ ਤੇ ਪੱਛੜੀਆਂ ਜਾਤੀਆਂ ਦੇ ਲੋਕਾਂ ਸਿਰ ਕੋਈ ਅਹਿਸਾਨ ਜਾਂ ਵਿਸ਼ੇਸ਼ ਸਹੂਲਤ ਨਹੀਂ ਹੈ ਜਿਵੇਂ ਕਿ ਇਸ ਨੂੰ ਸਮਝਿਆ ਜਾਂਦਾ ਹੈ। ਸਗੋਂ ਸਦੀਆਂ ਤੋਂ ਜਾਤ-ਪਾਤੀ ਜਬਰ ਦਾ ਸ਼ਿਕਾਰ ਦਲਿਤਾਂ ਦਾ ਬਣਦਾ ਹੱਕ ਹੈ। ਇਹ ਦਲਿਤਾਂ ਲਈ ਭੀਖ ਨਹੀਂ ਸਗੋਂ ਜਾਤ-ਪਾਤ ਦੇ ਆਧਾਰ 'ਤੇ ਉਹਨਾਂ ਦੀ ਲੋੜ ਹੈ ਜਿਹੜੀ ਉਹਨਾਂ ਨੂੰ ਕੁਝ ਹੱਕ ਤਕ ਸਮਾਜਕ ਪੱਖੋਂ ਉਪਰ ਉੱਠਣ ਦੇ ਸਮਰੱਥ ਬਣਾਉਂਦੀ ਹੈ। ਇਸ ਰਿਜ਼ਰਵੇਸ਼ਨ ਦਾ ਮਕਸਦ ਇਹ ਹੈ ਕਿ ਜਦੋਂ ਤਕ ਜਾਤ-ਪਾਤ ਪੱਖੋਂ ਦੱਬੇ-ਕੁਚਲੇ ਲੋਕ ਉੱਚ ਜਾਤਾਂ ਕਹਾਉਣ ਵਾਲਿਆਂ ਦੇ ਬਰਾਬਰ ਦਾ ਸਮਾਜਕ ਰੁਤਬਾ ਹਾਸਲ ਨਹੀਂ ਕਰ ਲੈਂਦੇ, ਜਦ ਕਿ ਉਹਨਾਂ ਦੇ ਮਨਾਂ ਵਿਚੋਂ ਜਾਤ-ਪਾਤੀ ਹੀਣਤਾ ਭਾਵ ਖ਼ਤਮ ਨਹੀਂ ਹੋ ਜਾਂਦਾ ਉਦੋਂ ਤਕ ਉਹਨਾਂ ਨੂੰ ਨੌਕਰੀਆਂ ਦੇਣ ਵਿਚ ਰਿਆਇਤ ਤੇ ਸਹੂਲਤ ਦੀ ਵਿਸ਼ੇਸ਼ ਵਿਵਸਥਾ ਹੋਣੀ ਚਾਹੀਦੀ ਹੈ। ਦਲਿਤ ਤੇ ਪੱਛੜੀਆਂ ਜਾਤਾਂ ਦੇ ਲੋਕ ਸਾਡੇ ਦੇਸ਼ ਦੇ ਸਮਾਜ ਦਾ ਸਭ ਤੋਂ ਵੱਧ ਗ਼ਰੀਬ ਤਬਕਾ ਵੀ ਹਨ। ਇਹਾਂ ਦਾ ਇਕ ਛੋਟਾ ਜਿਹਾ ਹਿੱਸਾ ਹੀ ਆਰਥਕ ਪੱਖੋਂ ਉਪਰ ਉਠਿਆ ਹੈ। ਹਾਲੇ ਵੀ ਉਹ ਹਿੱਸਾ ਜਾਤ-ਪਾਤੀ ਵਿਤਕਰ ਤੇ ਜਬਰ ਦਾ ਸ਼ਿਕਾਰ ਹੈ। ਮੁਲਾਜ਼ਮਾਂ ਅੰਦਰ ਆਰਥਕ ਪੱਖ ਤੋਂ ਉੱਚ ਜਾਤੀ ਵਾਲਿਆਂ ਦੇ ਬਰਾਬਰ ਦਾ ਰੁਤਬਾ ਹੋਣ ਦੇ ਬਾਵਜੂਦ ਦਲਿਤ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਜਾਤ-ਪਾਤੀ ਨਫ਼ਰਤ ਤੇ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਜ਼ਾਹਿਰਾ ਹਕੀਕਤ ਹੈ। ਹਾਲਾਂ ਕਿ ਇਹ ਵਿਤਕਰਾ ਤੇ ਨਫ਼ਰਤ ਆਮ ਦਲਿਤ ਜਲਤਾ ਨਾਲ ਵਾਪਰ ਰਹੇ ਨਾਲੋਂ ਕਾਫ਼ੀ ਘੱਟ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਰਿਜ਼ਰਵੇਸ਼ਨ ਦੀ ਵਿਸ਼ੇਸ਼ ਸਹੂਲਤ ਦੀ ਵਰਤੋਂ ਕਰ ਕੇ ਦਲਿਤਾਂ ਦਾ ਇਹ ਹਿੱਸਾ ਉੱਚ ਜਾਤੀ ਕਹਾਉਣ ਵਾਲਿਆਂ ਦੇ (ਘੱਟੋ-ਘੱਟ ਆਰਥਕ ਪੱਖ ਤੋਂ) ਬਰਾਬਰ ਪਹੁੰਚਣ ਦੇ ਸਮਰੱਥ ਹੋਇਆ ਹੈ। ਹਿ ਮਿਸਾਲ ਰਿਜ਼ਰਵੇਸ਼ਨ ਦੀ ਸਮਾਜਕ ਜ਼ਰੂਰਤ ਨੂੰ ਰੱਦ ਨਹੀਂ ਕਰਦੀ ਬਲਕਿ ਇਸ ਦੀ ਪੁਸ਼ਟੀ ਹੀ ਕਰਦੀ ਹੈ ਕਿਉਂਕਿ ਇਸ ਛੋਟੇ ਜਿਹੇ ਹਿੱਸੇ ਦੀ ਆਰਥਕ ਮਜਬੂਰੀ ਤੇ ਇਸ ਆਧਾਰ 'ਤੇ ਉਹਨਾਂ ਵੱਲੋਂ ਰਿਜ਼ਰਵੇਸ਼ਨ ਦੀ ਸਹੂਲਤ ਦਾ ਬਾ-ਰਸੂਖ਼ ਫ਼ਾਇਦਾ ਉਠਾਉਣ ਨੂੰ ਬਹਾਨਾ ਬਣਾ ਕੇ ਬਾਕੀ ਦੀ ਵਿਸ਼ਾਲ ਬਹੁ-ਗਿਣਤੀ ਦਲਿਤ ਜਨਤਾ ਨੂੰ ਰਿਜ਼ਰਵੇਸ਼ਨ ਦਾ ਹੱਕ ਦੇਣ ਤੋਂ ਕਿਸੇ ਵੀ ਤਰ੍ਹਾਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਹ ਛੋਟਾ ਜਿਹਾ ਹਿੱਸਾ

ਕਿਉਂਕਿ ਆਰਥਕ ਪੱਖੋਂ ਮਜ਼ਬੂਤ ਹੋਣ ਦੇ ਬਾਵਜੂਦ ਕਿਸੇ ਨਾ ਕਿਸੇ ਰੂਪ ਵਿਚ ਜਾਤ-ਪਾਤੀ ਵਿਤਕਰੇ ਦਾ ਸ਼ਿਕਾਰ ਹੈ। ਇਸ ਲਈ ਇਸ ਦੀ ਰਿਜ਼ਰਵੇਸ਼ਨ ਖ਼ਤਮ ਕਰਨ ਦੀ ਹਾਲੇ ਕੋਈ ਤੁਕ ਨਹੀਂ ਬਣਦੀ।

ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਡਾਕਟਰੀ, ਇੰਜੀਨੀਅਰਿੰਗ ਆਦਿ ਦੇ ਅਹਿਮ ਤੇ ਉੱਚ ਕਿੱਤਿਆਂ ਨਾਲ ਸਬੰਧਿਤ ਕੋਰਸਾਂ ਅੰਦਰ ਰਿਜ਼ਰਵੇਸ਼ਨ ਇਹ ਦਲੀਲ ਦੇ ਕੇ ਰੱਦ ਕੀਤੀ ਹੈ ਕਿ ਇਹਨਾਂ ਅੰਦਰ ਦਾਖ਼ਲਾ ਯੋਗਤਾ ਦੇ ਆਧਾਰ ’ਤੇ ਹੋਣਾ ਚਾਹੀਦਾ ਹੈ ਕਿ ਰਿਜ਼ਰਵੇਸ਼ਨ ਦੇ ਆਧਾਰ ’ਤੇ ਦਾਖ਼ਲੇ ਦੀ ਵਿਸ਼ੇਸ਼ ਸਹੂਲਤ ‘ਕੌਮੀ ਹਿੱਤਾਂ’ ਵਿਚ ਨਹੀਂ ਹੈ। ਸਮਾਜਕ ਆਧਾਰ ’ਤੇ ਰਿਜ਼ਰਵੇਸ਼ਨ ਵਿਰੁੱਧ ਇਹ ਦਲੀਲ ਜਿਸ ਉਪਰ ਸੁਪਰੀਮ ਕੋਰਟ ਨੇ ਆਪਣੀ ਮੋਹਰ ਲਾਈ ਹੈ, ਬੁਨਿਆਦੀ ਤੌਰ ’ਤੇ ਸਾਰੇ ਪੱਖਾਂ ਤੋਂ ਗ਼ਲਤ ਹੈ। ਸਮਾਜਕ ਆਧਾਰ ’ਤੇ ਰਿਜ਼ਰਵੇਸ਼ਨ ਵਿਚ ਕਿਤੇ ਵੀ ਦਲਿਤ ਉਮੀਦਵਾਰਾਂ ਸਬੰਧੀ ਇਹ ਵਿਸ਼ੇਸ਼ ਛੋਟ ਨਹੀਂ ਹੈ ਕਿ ਵੱਖ-ਵੱਖ ਕੋਰਸਾਂ ਵਿਚ ਦਾਖ਼ਲਿਆਂ ਤੇ ਵੱਖ-ਵੱਖ ਨੌਕਰੀਆਂ ਦੇ ਸਬੰਧ ਵਿਚ ਘੱਟੋ-ਘੱਟ ਯੋਗਤਾ ਪੂਰੀ ਨਾ ਕੀਤੀ ਜਾ ਸਕੇ। ਅਰਥਾਤ ਹਮੇਸ਼ਾ ਘੱਟੋ-ਘੱਟ ਵਿਦਿਅਕ ਤੇ ਤਕਨੀਕੀ ਯੋਗਤਾ ਅਤੇ ਤਜਰਬੇ ਦੇ ਆਧਾਰ ’ਤੇ ਹੀ ਕੋਈ ਉਮੀਦਵਾਰ ਸਬੰਧਤ ਕੋਰਸਾਂ ਵਿਚ ਦਾਖ਼ਲੇ ਤੇ ਨੌਕਰੀ ਲਈ ਅਪਲਾਈ ਕਰਦੇ ਹਨ। ਇਹ ਕਦੇ ਵੀ ਨਹੀਂ ਹੋਇਆ/ਨਹੀਂ ਹੁੰਦਾ ਕਿਸੇ ਕੋਰਸ/ਨੌਕਰੀ ਲਈ ਘੱਟੋ-ਘੱਟ ਯੋਗਤਾ ਤਾਂ ਬੀ.ਏ. ਹੋਵੇ ਜਾਂ ਐਮ.ਏ. ਹੋਵੇ ਪਰ ਦਲਿਤ ਉਮੀਦਵਾਰਾਂ ਨੂੰ ਮੈਟਰਿਕ ਦੇ ਆਧਾਰ ’ਤੇ ਦਾਖ਼ਲਾ ਜਾਂ ਨੌਕਰੀ ਮਿਲ ਜਾਂਦੀ ਹੋਵੇ। ਦਲਿਤਾਂ ਲਈ ਰਿਆਇਤ ਸਿਰਫ਼ ਨੰਬਰਾਂ ਦੀ ਪ੍ਰਤੀਸ਼ਤ ਡਵੀਜ਼ਨ ਦੇ ਮਾਮਲੇ ਵਿਚ ਹੈ। ਉਹ ਇਸ ਲਈ ਕਿ ਮਾਨਸਿਕ ਤੇ ਸਮਾਜਕ ਤੌਰ ’ਤੇ ਪਛੜੇਵੇਂ ਦੇ ਦਾਬੇ ਦਾ ਸ਼ਿਕਾਰ ਦਲਿਤਾਂ ਵਿਚੋਂ ਘੱਟੋ-ਘੱਟ ਨਿਸ਼ਚਤ ਗਿਣਤੀ ਉਮੀਦਵਾਰ ਨੌਕਰੀਆਂ/ਕੋਰਸਾਂ ਵਿਚ ਲਾਜ਼ਮੀ ਪਹੁੰਚ ਸਕਣ। ਰਸਮੀ ਵਿਦਿਅਕ ਯੋਗਤਾ ਦੀ ਦਲੀਲ ਰਿਜ਼ਰਵੇਸ਼ਨ ਦੇ ਵਿਰੋਧੀ ਦਿੰਦੇ ਆ ਰਹੇ ਹਨ ਜਿਸ ਨੂੰ ਸੁਪਰੀਮ ਕੋਰਟ ਨੇ ਵੀ ਜਾਇਜ਼ ਠਹਿਰਾਇਆ ਹੈ ਤੇ ਉਹ ਰਸਮੀ ਯੋਗਤਾ ਕਿਸੇ ਵਿਅਕਤੀ ਦੀਆਂ ਡਿਗਰੀਆਂ ਸਰਟੀਫ਼ਿਕੇਟਾਂ ਨੂੰ ਆਧਾਰ ਬਣਾਉਂਦੀ ਹੈ ਨਾ ਕਿ ਉਸ ਵਿਅਕਤੀ ਦੀ ਅਸਲ ਯੋਗਤਾ ਨੂੰ। ਇਹ ਯੋਗਤਾ ਸਿਰਫ਼ ਕਿਤਾਬੀ ਸਿਲੇਬਸ ਨੂੰ ‘ਰੱਟੇ ਲਾਉਣ ਦੀ ਯੋਗਤਾ ਹੈ। ਜੇ ਝੂਠੀ ਯੋਗਤਾ ਦੀ ਥਾਂ ਸਿਲੇਬਸ ਵਿਚ ਸਮਾਜ ਦੀ ਪੈਦਾਵਾਰ ਸਰਗਰਮੀ—ਹਕੀਕੀ ਸਿਰਜਣ ਸ਼ਕਤੀ—ਦੀ ਯੋਗਤਾ ਤੇ ਮੁਹਾਰਤ ਸ਼ਾਮਤ ਕਰ ਲਈ ਜਾਵੇ ਤਾਂ ਮੌਜੂਦਾ ਯੋਗ ਕਹਾਉਣ ਵਾਲਿਆਂ ਦਾ ਵੱਡਾ ਹਿੱਸਾ ਅਯੋਗ ਨਖਿੱਧ ਤੇ ਅਣਫਿਟ ਹੋ ਜਾਵੇਗਾ। ਹੁਣ ਕੌਣ ਨਹੀਂ ਜਾਣਦਾ ਕਿ ਭਾਰਤ ਅੰਦਰ ਸਰਟੀਫ਼ਿਕੇਟ,

ਡਿਗਰੀਆਂ ਦੇਣ ਵਾਲਾ ਵਿਦਿਅਕ ਤੇ ਸਿਖਲਾਈ ਪ੍ਰਬੰਧ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਤੇ ਬੇਈਮਾਨੀ ਦੀ ਮਾਰ ਹੇਠ ਹੈ। ਜਿਥੇ ਰਿਸ਼ਵਤਖ਼ੋਰੀ, ਸਿਆਸੀ ਅਸਰ ਰਸੂਖ਼, ਸਰਕਾਰੇ-ਦਰਬਾਰੇ ਪੁੱਗਤ ਦੇ ਪੈਸੇ ਦੇ ਬਲਬੂਤੇ ਮਨਚਾਹੀਆਂ ਡਿਗਰੀਆਂ ਹਾਸਲ ਹੋ ਜਾਂਦੀਆਂ ਤੇ ਹਾਸਲ ਕੀਤੀਆਂ ਵੀ ਜਾਂਦੀਆਂ ਹਨ। ਨੰਬਰਾਂ ਦੀ ਪ੍ਰਤੀਸ਼ਸ਼ਤਾ/ਡਵੀਜ਼ਨ ਵੀ ਇਵੇਂ ਹੀ ਹਾਸਲ ਕੀਤੀ ਜਾ ਸਕਦੀ ਹੈ। ਫਿਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਰਸਮੀ ਡਿਗਰੀਆਂ ਕਿਸੇ ਹਕੀਕੀ ਯੋਗਤਾ ਦਾ ਮਾਪਦੰਡ ਹਨ। ਇਹ ਫ਼ਤਵਾ ਕਿਵੇਂ ਦਿੱਤਾ ਜਾ ਸਕਦਾ ਹੈ ਕਿ ਜਿਹਨਾਂ ਦੀ ਨੰਬਰ ਪ੍ਰਤੀਸ਼ਤ ਘੱਟ ਹੈ ਉਹ ਅਯੋਗ ਹਨ ਤੇ ਜਿਹਨਾਂ ਦੀ ਨੰਬਰ ਪ੍ਰਤੀਸ਼ਤ/ਡਵੀਜ਼ਨ ਉੱਚੀ ਹੈ, ਉਹ ਸਾਰੇ ਯੋਗ ਤੇ ਲਾਇਕ ਹਨ ?

ਦਲਿਤ ਤੇ ਪੱਛੜੀਆਂ ਜਾਤੀਆਂ ਨੂੰ ਦਿੱਤੀ ਜਾਂਦੀ ਰਿਜ਼ਰਵੇਸ਼ਨ ਦੀ ਸਹੂਲਤ ਨਹੀਂ ਬਲਕਿ ਕੈਪੀਟੇਸ਼ਨ ਫ਼ੀਸ ਆਦਿ ਰਾਹੀਂ ਖੁੱਲ੍ਹੇ ਪੈਸੇ ਖ਼ਰਚ ਕਰ ਕੇ ਦਾਖ਼ਲੇ ਖ਼ਰੀਦਣ ਦੀ ਅਮੀਰਾਂ ਦੀ ਦਿੱਤੀ ਸ਼ਰੇਆਮ ਪੱਖਪਾਤੀ ਛੋਟ ਹੈ ਜੋ ਘੱਟੋ-ਘੱਟ ਯੋਗਤਾ ਦੇ ਮਿਆਰ ਨੂੰ ਸਿੱਧੇ ਤੌਰ ’ਤੇ ਉਲੰਘਦੀ ਹੈ ਅਤੇ ਅਮੀਰਾਂ ਦੇ ਅਯੋਗ ਤੇ ਨਾਲਾਇਕ ਕਾਕਿਆਂ-ਕਾਕੀਆਂ ਨੂੰ ‘ਪੈਸੇ ਦੇ ਜ਼ੋਰ’ ਡਾਕਟਰੀ ਤੇ ਇੰਜੀਨੀਅਰਿੰਗ ਵਰਗੇ ਉੱਚੇ ਕੋਰਸਾਂ ਵਿਚ ਦਾਖ਼ਲੇ ਦੀ ਵਿਸ਼ੇਸ਼ ਤੋਟ ਪ੍ਰਦਾਨ ਕਰਦੀ ਹੈ। ਕੀ ਦਲਿਤ ਦੁਸ਼ਮਣ ਸੁਪਰੀਮ ਕੋਰਟ ਤੇ ਇਸ ਦੇ ਜੱਜ ਜੁਆਬ ਦੇਣਗੇ ਕਿ ਕੈਪੀਟੇਸ਼ਨ ਫ਼ੀਸ ਰਾਹੀਂ ਨਲਾਇਕ ਧਨਾਢਾਂ ਨੂੰ ਦਾਖ਼ਲਾ ਦੇਣ ਦੀ ਵਿਸ਼ੇਸ਼ ਛੋਟ ਧਨਾਢਾਂ ਲਈ ‘ਰਿਜ਼ਰਵੇਸ਼ਨ’ ‘ਕੌਮੀ ਹਿੱਤ ਵਿਚ’ ਕਿਵੇਂ ਹੈ ? ਸੁਪਰੀਮ ਕੋਰਟ ਨੇ ਇਸ ’ਤੇ ਪਾਬੰਦੀ ਕਿਉਂ ਨਹੀਂ ਲਾਈ ? ਜਨਰਲ ਕੈਟੇਗਰੀ ਫ਼ੈਡਰੇਸ਼ਨ ਇਸ ਨੂੰ ਰੱਦ ਕਰਾਉਣ ਲਈ ਕਿਉਂ ਨਹੀਂ ਲੜਦਾ ? ਯੋਗਤਾ ਦੀ ਅਖੌਤੀ ਦਲੀਲ ਰਾਹੀਂ ਸੁਪਰੀਮ ਕੋਰਟ ਨੇ ਸਰਕਾਰੀ ਮਹਿਕਮਿਆਂ ਖ਼ਾਸ ਕਰਕੇ ਸੇਵਾਵਾਂ ਦੇ ਖੇਤਰ ਵਿਚ ਭ੍ਰਿਸ਼ਟਾਚਾਰ, ਕੰਮਚੋਰੀ, ਨਲਾਇਕੀ ਆਦਿ ਅਲਾਮਤਾਂ ਲਈ ਰਿਜ਼ਰਵੇਸ਼ਨ ਤੇ ਇਸ ਰਾਹੀਂ ਦਲਿਤ ਅਫ਼ਸਰਾਂ-ਮੁਲਾਜ਼ਮਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜਦ ਕਿ ਇਹ ਕੁਲ ਸਮੱਸਿਆ ਦੇ ਅਸਲ ਕਾਰਣ ਇਸ ਸਮਾਜਕ-ਸਿਆਸੀ ਪ੍ਰਬੰਧ ਨੂੰ ਸਾਫ਼ ਬਰੀ ਕਰ ਦਿੱਤਾ ਹੈ। ਹਾਲਾਂ ਕਿ ਅਸਲੀਅਤ ਇਹ ਹੈ ਕਿ ਪੰਜ ਦਹਾਕੇ ਦੇ ਕਰੀਬ ਰਿਜ਼ਰਵੇਸ਼ਨ ਲਾਗੂ ਹੋਣ ਦੇ ਬਾਵਜੂਦ ਹਾਲੇ ਤਕ ਵੀ ਸਰਕਾਰੀ ਮਹਿਕਮਿਆਂ ਖ਼ਾਸ ਕਰਕੇ ਅਫ਼ਸਰਸ਼ਾਹੀ ਤੇ ਉੱਚ ਨੌਕਰੀਆਂ ਵਿਚ ਉੱਚ-ਜਾਤੀਆਂ ਕਹਾਉਣ ਵਾਲੇ ਲੋਕ ਹੀ ਬਹੁ-ਗਿਣਤੀ ਵਿਚ ਹਨ। ਦਲਿਤਾਂ ਕੋਲ ਬਹੁਤੀਆਂ ਨੌਕਰੀਆਂ ਉਹ ਹਨ ਜਿਹਨਾਂ ਨੂੰ ਉੱਚ ਜਾਤੀਆਂ ਵਾਲੇ ਲੋਕ ਪਸੰਦ ਹੀ ਨਹੀਂ ਕਰਦੇ ਜਿਵੇਂ ਆਮ ਕਰਕੇ ਕਲਾਸ ਫੋਰ ਨਾਲ ਸਬੰਧਤ ਨੌਕਰੀਆਂ। ਇਹ ਆਪਣੇ ਆਪ ਵਿਚ ਹੀ ਇਸ ਦਾ ਸਬੂਤ ਹੈ ਕਿ ਸ਼ੁਰੂ ਤੋਂ ਹੀ ਭਾਰੂ ਗਿਣਤੀ ਵਿਚ ਰਹੇ ਹੋਣ ਕਰਕੇ ਸਰਕਾਰੀ ਮਹਿਕਮਿਆਂ ਦੀ ਉਪਰੋਕਤ ਗੜਬੜ ਲਈ ਬਹੁਤ ਜ਼ਿੰਮੇਵਾਰ ਵੀ ਉੱਚ ਜਾਤੀਆਂ ਵਾਲੇ ਹੀ ਕਹੇ ਜਾ ਸਕਦੇ ਹਨ। ਇਸ ਤਰ੍ਹਾਂ ਇਹ ਕਿਤੇ ਵੀ ਵੇਖਣ ਵਿਚ ਨਹੀਂ ਆਉਂਦਾ ਕਿ ਉੱਚ ਜਾਤੀਆਂ ਵਾਲੇ ਮੁਲਾਜ਼ਮ ਤਾਂ ਭ੍ਰਿਸ਼ਟਾਚਾਰ, ਕੰਮਚੋਰੀ ਆਦਿ

ਪੱਖੋਂ ਬੇਦਾਗ਼ ਹਨ ਜਦ ਕਿ ਸਾਡੇ ਦਲਿਤ ਮੁਲਾਜ਼ਮ ਭ੍ਰਿਸ਼ਟਾਚਾਰ, ਕੰਮਚੋਰੀ ਆਦਿ ਵਿਚ ਗ੍ਰਸਤ ਹਨ।

ਅਸਲ ਵਿਚ ਸੁਪਰੀਮ ਕੋਰਟ ਦੀ ਸ਼ਾਤਰ ਦਲੀਲਬਾਜ਼ੀ ਪਿੱਛੇ ਇਸ ਦਾ ਉੱਚ ਜਾਤੀ ਸ਼ਾਵਨਵਾਦ ਤੇ ਦਲਿਤਾਂ ਪ੍ਰਤੀ ਤੁਅੱਸਬ ਤੇ ਘ੍ਰਿਣਾ ਮੌਜੂਦ ਹੈ ਜਿਸ ਦਾ ਵਿਚਾਰਧਾਰਕ ਸਰੋਤ ਬ੍ਰਾਹਮਣਵਾਦੀ, ਮਨੂੰਵਾਦੀ ਵਿਚਾਰਧਾਰਾ ਹੈ ਕਿ ਉੱਚ ਜਾਤੀਆਂ ਵਾਲੇ ਹੀ ਉੱਤਮ ਨਸਲ ਹਨ ਤੇ ਇਸ ਦੇ ਆਧਾਰ 'ਤੇ ਸਿਰਫ਼ ਉਹੀ ਰਾਜ ਕਰਨ, ਨੌਕਰਨੀਆਂ ਕਰਨ ਦੇ ਹੱਕਦਾਰ ਹਨ (ਕਿਸੇ ਸਮੇਂ ਹਿਟਲਰ ਨੇ ਵੀ ਦੂਜੀਆਂ ਕੌਮਾਂ 'ਤੇ ਰਾਜ ਕਰਨ ਲਈ ਜਰਮਨ ਕੌਮ ਨੂੰ ਇਸ ਤਰ੍ਹਾਂ ਸ੍ਰੇਸ਼ਟ ਦੱਸਿਆ ਸੀ ਤੇ ਨਾਜ਼ੀਵਾਦ ਭੜਕਾ ਕੇ ਮਨੁੱਖਤਾ ਨੂੰ ਭਿਆਨਕ ਤਬਾਹੀ ਦਾ ਸ਼ਿਕਾਰ ਬਣਾਇਆ ਸੀ) ਇੰਜ ਸੁਪਰੀਮ ਕੋਰਟ ਇੰਜੀਨੀਅਰਿੰਗ, ਡਾਕਟਰੀ ਵਰਗੇ ਵਧੇਰੇ ਅਹਿਮੀਅਤ ਵਾਲੇ ਕੋਰਸਾਂ ਵਿਚ ਸੱਚਮੁੱਚ ਦਾ ਮੁਕੰਮਲ ਕਬਜ਼ਾ ਕਰਾਉਣ ਤੇ ਦਲਿਤਾਂ ਦਾ ਇਹਨਾਂ ਵਿਚ ਦਾਖ਼ਲਾ ਰੋਕਣ ਲਈ ਹੀ ਚਿੰਤਤ ਹੈ। ਇਸ ਲਈ ਸਮੱਸਿਆ ਦੀ ਜੜ੍ਹ ਦੀ ਨਿਸ਼ਾਨਦੇਹੀ ਕਰਨ ਦੀ ਬਜਾਏ ਜਾਤ-ਪਾਤ ਆਧਾਰਤ ਰਿਜ਼ਰਵੇਸ਼ਨ ਨੂੰ ਗਿਣ-ਮਿਥ ਕੇ ਬਹਾਨਾ ਤੇ ਨਿਸ਼ਾਨਾ ਬਣਾਇਆ ਗਿਆ ਹੈ।

ਰਿਜ਼ਰਵੇਸ਼ਨ ਬਾਰੇ ਇਕ ਵੱਡਾ ਇਤਰਾਜ਼ ਇਹ ਹੈ ਕਿ ਪ੍ਰਮੋਸ਼ਨ, ਤਰੱਕੀ ਕਰਦੇ ਸਮੇਂ ਰਿਜ਼ਰਵੇਸ਼ਨ ਲਾਗੂ ਹੋਣ ਨਾਲ ਦਲਿਤ ਮੁਲਾਜ਼ਮ ਤਾਂ ਕੁਝ ਸਾਲਾਂ ਵਿਚ ਹੀ ਉਚੇਰੇ ਅਹੁਦਿਆਂ 'ਤੇ ਪਹੁੰਚ ਜਾਂਦੇ ਹਨ ਜਾਂ ਉਹਨਾਂ ਨੂੰ ਛੇਤੀ ਤਰੱਕੀ ਮਿਲ ਜਾਂਦੀ ਹੈ ਜਦ ਕਿ ਜਨਰਲ ਕੈਟੇਗਰੀ ਦੇ ਮੁਲਾਜ਼ਮ ਸੀਨੀਆਰਟੀ ਸੂਚੀ ਦੇ ਮੁਤਾਬਕ ਲੇਟ ਪ੍ਰਮੋਟ ਹੁੰਦੇ ਹਨ ਜਾਂ ਤਰੱਕੀ ਹਾਸਲ ਕਰਦੇ ਹਨ ਕਿ ਸੀਨੀਅਰ ਹੋਣ ਦੇ ਬਾਵਜੂਦ ਉਹ ਜੂਨੀਅਰ ਬਣੇ ਰਹਿੰਦੇ ਹਨ। ਜਦ ਕਿ 'ਜੂਨੀਅਰ' ਦਲਿਤ ਮੁਲਾਜ਼ਮ ਤੁਰੰਤ ਸੀਨੀਅਰ ਬਣ ਕੇ ਉਹਨਾਂ 'ਤੇ ਹੁਕਮ ਚਲਾਉਂਦੇ ਹਨ ਕਿ ਸੀਨੀਆਰਟੀ ਸੂਚੀ ਮੁਤਾਬਕ ਉਹਨਾਂ ਦੀ ਪ੍ਰਮੋਸ਼ਨ, ਤਰੱਕੀ ਕਿਤੇ ਪਹਿਲਾਂ ਬਣਦੀ ਹੈ। ਇਥੇ ਵੀ ਦਲੀਲ ਭਾਵੇਂ ਸੀਨੀਆਰਟੀ ਦੇ ਉਲੰਘਣ ਦੀ ਦਿੱਤੀ ਜਾਦੀ ਹੈ ਪਰ ਅਸਲ ਮਾਮਲਾ ਇਹ ਨਹੀਂ ਹੈ। ਜੇ ਤਰੱਕੀ, ਪ੍ਰਮੋਸ਼ਨ ਦੇ ਸੀਮਤ ਦਾਇਰੇ ਤੋਂ ਉਪਰ ਉੱਠ ਕੇ ਵੇਖਿਆ ਜਾਵੇ ਤਾਂ ਹਕੀਕਤ ਸਪੱਸ਼ਟ ਹੈ ਕਿ ਭ੍ਰਿਸ਼ਟਾਚਾਰ, ਬੇਈਮਾਨੀ, ਬੇਇਨਸਾਫ਼ੀ ਆਦਿ 'ਤੇ ਟਿਕੇ ਇਸ ਜਮਾਤੀ ਸਮਾਜ ਅੰਦਰ ਰਿਸ਼ਵਤਖ਼ੋਰੀ, ਸਿਫ਼ਾਰਸ਼ਾਂ, ਸਿਆਸੀ ਰਸੂਖ਼ ਆਦਿ ਭ੍ਰਿਸ਼ਟ ਤਰੀਕਿਆਂ ਰਾਹੀਂ ਧਨਾਢ ਵਰਗ ਆਏ ਰੋਜ਼ ਹਰ ਖੇਤਰ ਵਿਚ ਹਜ਼ਾਰਾਂ ਹੋਣਹਾਰ ਤੇ ਯੋਗ ਵਿਅਕਤੀਆਂ ਦਾ ਹੱਕ ਮਾਰ ਕੇ ਨੌਕਰੀਆਂ ਤੇ ਤਰ੍ਹਾਂ-ਤਰ੍ਹਾਂ ਦੀਆਂ ਸਰਕਾਰੀ ਸਹੂਲਤਾਂ ਹਾਸਲ ਕਰਦੇ ਹਨ। ਇਸ ਦੇ ਖ਼ਿਲਾਫ਼ ਉੱਚ ਜਾਤੀਆਂ ਦੇ ਲੋਕ ਤੇ ਮੌਜੂਦਾ ਅਦਾਲਤਾਂ ਕਦੇ ਆਵਾਜ਼ ਨਹੀਂ ਉਠਾਉਂਦੇ ਸਗੋਂ ਖ਼ੁਦ ਨਾ ਸਿਰਫ਼ ਅਜਿਹੀ ਭ੍ਰਿਸ਼ਟ ਪ੍ਰੈਕਟਿਸ ਤੋਂ ਗ੍ਰਸਤ ਹਨ ਬਲਕਿ ਇਸ ਨੂੰ ਸਮਾਜਕ ਵਾਜਬੀਅਤ ਵੀ ਪ੍ਰਦਾਨ ਕੀਤੀ

ਹੋਈ ਹੈ। ਰਿਜ਼ਰਵੇਸ਼ਨ ਰਾਹੀਂ ਪ੍ਰਮੋਸ਼ਨਾਂ, ਤਰੱਕੀਆਂ ਵਿਚ ਹੁੰਦੇ ਅਖੌਤੀ ਵਿਤਕਰੇ ਵੀ ਐਨਾ ਵਾਵੇਲਾ ਇਸ ਲਈ ਉੱਠਦਾ ਹੈ ਕਿ ਕਿਉਂਕਿ ਇਸ ਪਾਸੇ ਜਾਤ-ਪਾਤੀ ਦਾਬੇ ਦਾ ਸਵਾਲ ਮੌਜੂਦ ਹੈ। ਉੱਚ ਜਾਤੀ ਮੁਲਾਜ਼ਮਾਂ ਨੂੰ ਇਹ ਪ੍ਰਵਾਨ ਨਹੀਂ ਹੈ ਕਿ ਕੋਈ ਨੀਵੀਂ ਜਾਤ ਦਾ ਮੁਲਾਜ਼ਮ ਉਹਨਾਂ ਦਾ ਅਫ਼ਸਰ ਜਾਂ ਸੀਨੀਅਰ ਬਣੇ ਕਿਉਂਕਿ ਜਾਤ ਆਧਾਰਤ ਰਿਜ਼ਰਵੇਸ਼ਨ ਦਲਿਤ ਮੁਲਾਜ਼ਮਾਂ ਨੂੰ ਵਿਸ਼ੇਸ਼ ਕੋਟੇ ਤਹਿਤ ਪ੍ਰਮੋਟ ਕਰ ਕੇ ਜਾਂ ਤਰੱਕੀ ਦੇ ਕੇ ਅਹੁਦੇ ਪੱਖੋਂ ਸੀਨੀਅਰ ਬਣਨ ਦੇ ਕੁਝ ਸੀਮਤ ਮੌਕੇ ਮੁਹੱਈਆ ਕਰਦੀ ਹੈ। ਇਸ ਲਈ ਜਾਤ-ਪਾਤ ਵਿਚ ਗ੍ਰਸਤ ਉੱਚ ਜਾਤੀ ਦੇ ਕੱਟੜ ਅਨਸਰ ਪਹਿਲਾਂ ਪ੍ਰਮੋਸ਼ਨਾਂ, ਤਰੱਕੀਆਂ ਵਿਚ ਰਿਜ਼ਰਵੇਸ਼ਨ ਰਾਹੀਂ ਹੁੰਦੇ ਵਿਤਕਰੇ ਨੂੰ ਉਛਾਲ ਕੇ ਇਥੇ ਰਿਜ਼ਰਵੇਸ਼ਨ ਲਾਗੂ ਨਾ ਕਰਨ ਦੀ ਮੰਗ ਕਰਦੇ ਆ ਰਹੇ ਹਨ ਤੇ ਸਮੁੱਚੀ ਰਿਜ਼ਰਵੇਸ਼ਨ ਖ਼ਤਮ ਕਰਨ ਤੇ ਮਾਮਲੇ ਦੀ ਮੰਗ ਕਰ ਰਹੇ ਹਨ। ਤਰੱਕੀਆਂ-ਪ੍ਰਮੋਸ਼ਨਾਂ ਦੀ ਸਹੂਲਤ ਦਾ ਆਖ਼ਰ ਕਿੰਨਾ ਕੁ ਰੋਲ ਹੈ। ਰਿਜ਼ਰਵੇਸ਼ਨ ਦੋ ਤਰ੍ਹਾਂ ਦੀ ਹੋਣੀ ਹੁੰਦੀ ਹੈ—ਇਕ ਤਾਂ ਸੀਨੀਅਰ ਪੋਸਟਾਂ ਵਿਚ ਸਿੱਧੀ ਭਰਤੀ ਸਮੇਂ, ਦੂਜਾ ਜੂਨੀਅਰ ਪੋਸਟਾਂ ਤੋਂ ਪ੍ਰਮੋਟ ਹੋ ਕੇ ਜਾਂ ਤਰੱਕੀ ਲੈ ਕੇ ਸੀਨੀਅਰ ਪੋਸਟ ਹਾਸਲ ਹੋਣ ਦੇ ਜ਼ਰੀਏ। ਜਿਥੋਂ ਤਕ ਸੀਨੀਅਰ ਪੋਸਟਾਂ ਵਿਚ ਸਿੱਧੀ ਭਰਤੀ ਦਾ ਸਵਾਲ ਹੈ, ਦਲਿਤ ਜਾਤੀਆਂ ਵਿਚੋਂ ਉੱਚ-ਪੋਸਟਾਂ ਲਈ ਸਿੱਧੀ ਭਰਤੀ ਹੈ ਹੀ ਬਹੁਤ ਘੱਟ। ਕਿਉਂਕਿ ਦਲਿਤ ਜਾਤੀਆਂ ਆਰਥਕ ਤੇ ਸਮਾਜਕ ਤੌਰ ’ਤੇ ਕਮਜ਼ੋਰ ਤੇ ਦੱਬੀਆਂ ਕੁਚਲੀਆਂ ਹੋਣ ਕਰਕੇ ਇਸ ਨਾਲ ਸਬੰਧਤ ਬਹੁ-ਗਿਣਤੀ ਜਨਤਾ ਆਮ ਵਿਦਿਆ ਹਾਸਲ ਕਰਨ ਤੋਂ ਵੀ ਵਾਂਝੀ ਰਹਿ ਰਹੀ ਹੈ। ਖ਼ਾਸ ਕਰਕੇ ਉੱਚ ਵਿਦਿਆ ਹਾਸਲ ਕਰਨ ਲਈ ਦਲਿਤ ਜਾਤੀਆਂ ਵਿਚੋਂ ਲੋੜੀਂਦੀ ਗਿਣਤੀ ਉਮੀਦਵਾਰ ਨਾ ਆਉਣ ਕਰਕੇ ਇਹ ਰਿਜ਼ਰਵ ਪੋਸਟਾਂ ਬਹੁਤ ਕਰਕੇ ਖ਼ਾਲੀ ਪਈਆਂ ਰਹਿੰਦੀਆਂ ਹਨ। ਕੁਝ ਤਾਂ ਪ੍ਰਮੋਸ਼ਨ ਰਾਹੀਂ ਭਰੀਆਂ ਜਾਂਦੀਆਂ ਹਨ ਜਦ ਕਿ ਬਾਕੀ ਕੁਝ ਸਮੇਂ ਬਾਅਦ ਜਨਰਲ ਕਰਾਰ ਦੇ ਕੇ ਆਮ ਕੈਟੇਗਰੀ ਦੇ ਖਾਤੇ ਪਾ ਦਿੱਤੀਆਂ ਜਾਂਦੀਆਂ ਹਨ। ਜੂਨੀਅਰ ਪੋਸਟ (ਥਰਡ ਕਲਾਸ) ਤੋਂ ਪ੍ਰਮੋਟ ਹੋ ਕੇ ਸੀਨੀਅਰ ਪੋਸਟ ’ਤੇ ਜਾਣ ਦੀ ਗਿਣਤੀ ਤੇ ਦਰ ਬਹੁਤ ਘੱਟ ਹੈ। ਅਸਲ ਵਿਚ ਪ੍ਰਮੋਸ਼ਨ ਤੇ ਤਰੱਕੀ ਰਾਹੀਂ ਦਲਿਤ ਨੂੰ ਸੀਨੀਅਰ ਪੋਸਟਾਂ ਵਿਚ ਜਾਣ ਦਾ ਰਿਜ਼ਰਵੇਸ਼ਨ ਦਾ ਜ਼ਰੀਆ ਹੀ ਸੀ ਜਿਸ ਨਾਲ ਆਮ ਦਲਿਤਾਂ ’ਚੋਂ ਆਉਂਦੇ ਥਰਡ ਕਲਾਸ ਪੋਸਟ ਦੇ ਮੁਲਾਜ਼ਮਾਂ ਨੂੰ ਪੋਸਟ ’ਤੇ ਜਾਣ ਦੇ ਕੁਝ ਮੌਕੇ ਹਾਸਲ ਹੁੰਦੇ ਹਨ ਕਿਉਂਕਿ ਸਿੱਧੀ ਭਰਤੀ ਵਿਚ ਆਮ ਦਲਿਤ ਪਰਿਵਾਰਾਂ ਦੇ ਉਮੀਦਵਾਰਾਂ ਦਾ ਸਫਲ ਹੋਣਾ ਮੁਸ਼ਕਲ ਹੁੰਦਾ ਹੈ। ਉੱਚ ਪੋਸਟਾਂ ’ਤੇ ਰਿਜ਼ਰਵੇਸ਼ਨ ਰਾਹੀਂ ਸਿੱਧੀ ਭਰਤੀ ਬਹੁਤਾ ਕਰਕੇ ਦਲਿਤਾਂ ਦੇ ਪਤਵੰਤੇ ਵਰਗ ਵਿਚੋਂ ਆਉਂਦੀ ਹੈ। ਇੰਜ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਤੇ ਪੰਜਾਬ ਸਰਕਾਰ ਦੇ ਅਮਲ ਨਾਲ ਦਲਿਤ ਮੁਲਾਜ਼ਮ ਇਸ ਸੀਮਤ ਮੌਕੇ ਤੋਂ ਵੀ ਵਾਂਝੇ ਕਰ ਦਿੱਤੇ ਗਏ ਹਨ ਅਤੇ ਉੱਚ ਪੋਸਟਾਂ ਟੇਢੇ ਢੰਗ ਨਾਲ ਉੱਚ ਜਾਤੀਆਂ ਲਈ ‘ਰਾਖਵੀਆਂ’ ਕਰ ਦਿੱਤੀਆਂ ਗਈਆਂ ਹਨ। ਸਚਾਈ ਇਹ ਹੈ ਕਿ ਕਿਸੇ ਇਕਾ-ਦੁੱਕਾ ਮਹਿਕਮੇ ਦੇ ਵਿਸ਼ੇਸ਼ ਮਾਮਲੇ ਨੂੰ ਛੱਡ ਕੇ ਬਾਕੀ ਮਹਿਕਮਿਆਂ ਵਿਚ ਦਲਿਤ ਮੁਲਾਜ਼ਮਾਂ

ਦੇ ਇਉਂ ਪ੍ਰਮੋਟ ਹੋਣ ਜਾਂ ਤਰੱਕੀ ਲੈ ਜਾਣ ਦੇ ਆਮ ਕੇਸ ਨਹੀਂ ਹਨ। ਦਲਿਤਾਂ ਕੋਲ ਬਹੁਤਾ ਕਰਕੇ ਚੌਥਾ ਦਰਜਾ ਨੌਕਰੀਆਂ ਹਨ। ਇਹਨਾਂ ਨੌਕਰੀਆਂ ਵਿਚੋਂ ਦਰਜਾ ਇਕ ਜਾਂ ਦਰਜਾ ਦੋ ਨੌਕਰੀਆਂ ਵਿਚ ਪ੍ਰਮੋਟ ਹੋਣ ਦੀ ਗੁੰਜਾਇਸ਼ ਨਹੀਂ ਹੁੰਦੀ। ਜਿਹੜੇ ਕਿਸੇ ਮਹਿਕਮੇ ਵਿਚ ਕੁਝ ਦਲਿਤ ਮੁਲਾਜ਼ਮ ਇਉਂ ਪ੍ਰਮੋਟ ਹੋ ਵੀ ਜਾਂਦੇ ਹੋਣਗੇ, ਸਮੁੱਚੀ ਹਾਲਤ ਦੇ ਪ੍ਰਸੰਗ ਵਿਚ ਇਹ ਆਖ਼ਰ ਕਿੱਡਾ ਕੇ ਵਿਤਕਰਾ ਹੈ?

ਇਸ ਮੁਤਾਬਕ ਵੀ ਬਸ ਇਹ ਬਣਦਾ ਸੀ ਕਿ ਜੇ ਕਿਸੇ ਮਹਿਕਮੇ ਵਿਚ ਅਜਿਹੀ ਗਿਣਨਯੋਗ 'ਤਰੁੱਟੀ' ਮੌਜੁਦ ਹੈ ਤਾਂ ਉਸ ਮਹਿਕਮੇ ਬਾਰੇ ਸੁਹਿਰਦਤਾ ਨਾਲ ਵਿਚਾਰ-ਚਰਚਾ ਕਰਵਾਈ ਜਾਂਦੀ। ਪਰ ਸੁਪਰੀਮ ਕੋਰਟ ਤੇ ਪੰਜਾਬ ਸਰਕਾਰ ਨੇ ਸਭਨਾਂ ਮਹਿਕਮਿਆਂ ਵਿਚ ਪ੍ਰਮੋਸ਼ਨਾਂ-ਤਰੱਕੀਆਂ ਸਮੇਂ ਰਿਜ਼ਰਵੇਸ਼ਨ ਨੂੰ ਖ਼ਤਮ ਕਰ ਕੇ ਸਾਬਤ ਕਰ ਦਿੱਤਾ ਹੈ ਕਿ ਉਸ ਦਾ ਸਰੋਕਾਰ ਕਿਸੇ ਤੁੱਟੀ ਨਾਲ ਨਹੀਂ ਬਲਕਿ ਅਸਲ ਮੰਤਵ ਮਾਂ ਇਸ ਬਹਾਨੇ ਰਿਜ਼ਰਵੇਸ਼ਨ ਨੂੰ ਖੋਰਾ ਲਾਉਣਾ ਹੈ। ਦੂਜੇ ਪਾਸੇ ਵੱਖ-ਵੱਖ ਮਹਿਕਮਿਆਂ ਦੇ ਮੁਲਾਜ਼ਮਾਂ ਸਿਰ ਲਟਕ ਰਹੀ ਨਿਜੀਕਰਨ, ਛਾਂਟੀਆਂ, ਪੋਸਟਾਂ ਘਟਾਉਣ ਦੀ ਦਿਓ-ਕੱਦ ਤਲਵਾਰ ਦੇ ਹਮਲੇ ਸਾਹਮਣੇ ਇਸ ਅਖੌਤੀ ਧੱਕੇ ਵਿਤਕਰੇ ਦੀ ਆਖ਼ਰ ਅਹਿਮੀਅਤ ਕੀ ਹੈ? ਜੇ ਮਹਿਕਮੇ ਹੀ ਨਹੀਂ ਰਹਿਣਗੇ, ਜੇ ਰੁਜ਼ਗਾਰ ਹੀ ਨਹੀਂ ਰਹੇਗਾ ਤਾਂ ਤਰੱਕੀਆਂ-ਪ੍ਰਮੋਸ਼ਨਾਂ ਕੀ ਖਲਾਅ ਵਿਚ ਹੋਣਗੀਆਂ? ਇਹ ਲੰਮੇ ਦਾਅ ਤੋਂ ਬਹੁਤ ਵੱਡਾ ਖ਼ਤਰਾ ਹੈ। ਫੌਰੀ ਖ਼ਤਰਾ ਇਹ ਹੈ ਕਿ ਪੋਸਟਾਂ ਘਟਾਈਆਂ ਜਾ ਰਹੀਆਂ ਹਨ ਤਾਂ ਫਿਰ ਮੁੱਖ ਧੱਕਾ ਕਿਧਰੋਂ ਹੈ? ਸਪਸ਼ਟ ਹੈ ਕਿ 1990-91 ਤੋਂ ਲੈ ਕੇ ਨਵੀਆਂ ਆਰਥਕ ਨੀਤੀਆਂ ਲਾਗੂ ਹੁੰਦੇ ਜਾਣ ਨਾਲ ਸਰਕਾਰੀ ਮਹਿਕਮਿਆਂ ਦੇ ਮੁਲਾਜ਼ਮਾਂ ਲਈ ਸਭ ਤੋਂ ਵੱਡਾ ਗੰਭੀਰ ਖ਼ਤਰਾ ਇਹਨਾਂ ਆਰਥਕ ਨੀਤੀਆਂ ਦੇ ਸਿੱਟੇ ਵਜੋਂ ਹੁਕਮਰਾਨਾਂ ਵੱਲੋਂ ਚੁੱਕੇ ਜਾ ਰਹੇ ਕਦਮਾਂ ਸਦਕਾ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਵਿਚ ਪਿਆ ਹੈ। ਇਹਨਾਂ ਨੀਤੀਆਂ-ਕਦਮਾਂ ਖ਼ਿਲਾਫ਼ ਪਹਿਲ ਪ੍ਰਿਥਮੇ ਅਤੇ ਫੌਰੀ ਤੌਰ 'ਤੇ ਲੰਮੇ ਖਾੜਕੂ ਘੋਲ ਵਿੱਢਣ ਦੀ ਤਿੱਖੀ ਲੋੜ ਹੈ।

# ਕੀ ਹਨ ਨੇਪਾਲ ਨਾਲ ਲੱਗਦੇ ਬਿਹਾਰੀ ਖੇਤਰਾਂ ’ਚ ਤਸਕਰੀ ਦੇ ਸਿੱਟੇ ?

ਬਿਹਾਰ ਦੇ ਪੂਰਵੀ ਚੰਪਾਰਣ ਦੇ ਨੇਪਾਲ ਦੀ ਹੱਦ ’ਤੇ ਸਥਿਤ ਸ਼ਹਿਰ ਰਨਸੌਲ ਤੋਂ ਦਿੱਲੀ ਤਕ ਇਕ ਟ੍ਰੇਨ ਚੱਲਦੀ ਹੈ ਜਿਸ ਦਾ ਨਾਂ ਹੈ ਸਤਿਆਗ੍ਰਹਿ ਐਕਸਪ੍ਰੈਸ। ਪਰ ਬਹੁਤ ਘੱਟ ਸਮਾਂ ਲੱਗਿਆ ਜਦ ਆਮ ਆਦਮੀ ਦੀ ਜ਼ਬਾਨ ’ਤੇ ਇਸ ਦਾ ਨਾਂ ਚਰਸ ਐਕਸਪ੍ਰੈਸ ਹੋ ਗਿਆ। ਦੋ ਸਾਲਾਂ ਵਿਚ ਇਸ ਟ੍ਰੇਨ ਤੋਂ ਦੋ ਕਰੋੜ ਤੋਂ ਵੱਧ ਮੁੱਲ ਦੀ ਚਰਸ, ਪਲਸਨ ਬਰਾਮਦ ਕੀਤੀ ਗਈ ਹੈ। ਅਜਿਹੇ ਹਾਲਤ ਵਿਚ ਢੋਆ-ਢੁਆਈ ਕਿੰਨੇ ਦੀ ਹੋ ਗਈ ਹੋਵੇਗੀ, ਇਸ ਦਾ ਅੰਦਾਜ਼ਾ ਭਲੀ-ਭਾਂਤ ਲਾਇਆ ਜਾ ਸਕਦਾ ਹੈ। ਸਿਰਫ਼ ਇਹੀ ਉਦਾਹਰਣ ਬਹੁਤ ਹੈ ਨੇਪਾਲ ਦੀ ਸੀਮਾ ਨਾਲ ਲੱਗਦੇ ਚੰਪਾਰਨ ਦਾ ਸੂਰਤੇ-ਹਾਲ ਜਾਨਣ ਲਈ। ਪਰ ਚੰਪਾਰਨ ਹੀ ਨਹੀਂ, ਨੇਪਾਲ ਦੀ ਖੁੱਲ੍ਹੀ ਸੀਮਾ ਸਥਿਤ ਬਿਹਾਰ, ਉਤਰ ਪ੍ਰਦੇਸ਼, ਉਤਰਾਂਚਲ ਦੇ ਇਲਾਕੇ ਨਾ ਸਿਰਫ਼ ਕੁਦਰਤੀ ਆਫ਼ਤ ਜਿਵੇਂ ਕਿ ਹੜ੍ਹ ਦੀ ਮਾਰ ਝੱਲ ਰਹੇ ਹਨ ਬਲਕਿ ਸਾਰੇ ਤਰ੍ਹਾਂ ਦੇ ਅਪਰਾਧਿਕ ਧੰਦਿਆਂ ਦੇ ਖ਼ਾਮੋਸ਼ ਗਵਾਹ ਵੀ ਬਣੇ ਹੋਏ ਹਨ। ਭਾਰਤੀ ਸੁਰੱਖਿਆ ਤੰਤਰ ਤੇ ਸੱਤਾ ਦੇ ਮਾਲਕਾਂ ਵਿਚਕਾਰ ਚੂਹੇ-ਬਿੱਲੀ ਵਰਗੀ ਖੇਡ ਕਾਫ਼ੀ ਅਰਸੇ ਤੋਂ ਚੱਲ ਰਹੀ ਹੈ ਤੇ ਇਸ ਖੇਡ ਵਿਚ ਅਵਾਂਸ਼ਿਤ ਤੱਤ ਹੁਣ ਤਕ ਵੀਹ ਹੀ ਸਾਬਤ ਹੋਏ ਹਨ। ਸਸ਼ਸਤਰ ਸੀਮਾ ਬਲ (SSB) ਦੀ ਤੈਨਾਤੀ ਦਾ ਵੀ ਕੋਈ ਅਸਰ ਨਜ਼ਰ ਨਹੀਂ ਆਉਂਦਾ।

ਤਸਕਰ (ਸਮਗਲਰ) ਸਮਰਾਟ ਕਾਮਦੇਵ ਸਿੰਘ ਭਾਵੇਂ ਹੀ 1980 ਵਿਚ ਮਾਰਿਆ ਗਿਆ ਪਰ ਉਸ ਨੇ ਸਮਗਲਿੰਗ ਦੇ ਜੋ ਰਾਹ ਤਰੀਕੇ ਖੋਜੇ, ਉਹ ਅੱਜ ਵੀ ਕਾਰਗਰ ਹਨ। ਵੈਸੇ ਕਾਮਦੇਵ ਸਿੰਘ ਦਾ ਗਰੋਹ ਗਾਂਜਾ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਮਸ਼ਹੂਰ ਸੀ ਪਰ ਹੁਣ ਉਹ ਧੰਦਾ ਇਕ ਜਥੇਬੰਦ ਸਨਅਤ ਦਾ ਰੂਪ ਲੈ ਚੁੱਕਿਆ ਹੈ ਅਤੇ ਇਸ ਦਾ ਸਲਾਨਾ ਕਾਰੋਬਾਰ ਅਰਬਾਂ ਰੁਪਿਆਂ ਵਿਚ ਹੈ। ਸਮਗਲਿੰਗ ਦੇ ਸਮਾਨ ਦੀ ਸੂਚੀ ਵੀ ਲੰਮੀ ਹੁੰਦੀ ਜਾ ਰਹੀ ਹੈ। ਨੇਪਾਲ ਤੋਂ ਆਉਣ ਵਾਲੀਆਂ ਵਸਤਾਂ ਮੁੱਖ ਤੌਰ ’ਤੇ ਚੀਨ ਤੇ ਨੇਪਾਲ ਦੀਆਂ ਬਣੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਨਸ਼ੀਲੇ ਪਦਾਰਥ ਮਸਲਨ ਚਰਸ, ਗਾਂਜਾ, ਬਰਾਊਨ ਸ਼ੂਗਰ ਆਦਿ ਦਾ ਵੀ ਕਾਰੋਬਾਰ ਹੁੰਦਾ ਹੈ। ਭਾਰਤ ਤੋਂ ਉਰਵਰਕ, ਚੀਨੀ, ਦਾਲ, ਰਕਤ ਚੰਦਨ ਆਦਿ ਸਰਹੱਦ ’ਤੇ ਭੇਜੇ ਜਾਂਦੇ ਹਨ। ਨਵਰਾਤਰਿਆਂ ਦੌਰਾਨ 15 ਅਕਤੂਬਰ ਨੂੰ

ਨੇਪਾਲ ਤੋਂ ਦੋ ਸੂਮੋ ਵਿਕਟਾ ਗੱਡੀਆਂ ਵਿਚ ਗਾਂਜਾ ਲੱਦ ਕੇ ਲਿਆਂਦਾ ਜਾ ਰਿਹਾ ਸੀ। ਪੱਛਮੀ ਬੰਗਾਲ ਦੇ ਗੋਪਾਲਪੁਰ ਥਾਣਾ ਖੇਤਰ ਦੇ ਗੌਰੀਪੁਰ ਪਿੰਡ ਕੋਲ ਬੇਤਿਆ ਸਥਿਤ ਸੀਮਾ ਟੈਕਸ ਵਿਭਾਗ ਦੇ ਪ੍ਰਧਾਨ ਕੇ. ਕੇ. ਉਪਾਧਿਆਇ ਦੀ ਅਗਵਾਈ ਵਿਚ ਕਸਟਮ ਟੀਮ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਸਮਗਲਰਾਂ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਦੋਨੋਂ ਪਾਸਿਆਂ ਤੋਂ ਗੋਲੀਬਾਰੀ ਵਿਚ ਇਕ ਗੱਡੀ ਤਾਂ ਕਸਟਮ ਟੀਮ ਦੇ ਹੱਥ ਆ ਗਈ ਪਰ ਦੂਜੀ ਗੱਡੀ ਲੈ ਕੇ ਭੱਜਣ ਵਿਚ ਸਮਗਲਰ ਕਾਮਯਾਬ ਰਹੇ। ਖਾਣ ਪਦਾਰਥਾਂ ਤੇ ਰੋਜ਼-ਮੱਰਾ ਦੀਆਂ ਵਸਤੂਆਂ ਦੀ ਸੀਮਾ ਦੇ ਆਰ-ਪਾਰ ਢੋਆ-ਢੁਆਈ ਜ਼ਿਆਦਾਤਰ ਸੜਕ ਰਸਤੇ ਤੋਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮਾਸਟਰ ਪਲਾਨ ਕਾਮਦੇਵ ਸਿੰਘ ਦਾ ਸੀ। ਉਸ ਨੇ ਸੁਪੌਲ, ਸਹਿਰਸਾ, ਖਗੜਿਆ, ਮਧੁਬਨੀ, ਸੀਤਾਮੜੀ ਅਤੇ ਚੰਪਾਰਣ ਜ਼ਿਲਿਆਂ ਵਿਚ ਨਦੀ ਰਸਤੇ ਤਸਕਰੀ ਦਾ ਅਜਿਹਾ ਨੈੱਟਵਰਕ ਤਿਆਰ ਕੀਤਾ ਜੋ ਅੱਜ ਵੀ ਹੈ। ਜਲ ਮਾਰਗ ਤੇ ਤਟ ਕੰਧ ’ਤੇ ਆਮ ਤੌਰ ’ਤੇ ਸੁਰੱਖਿਆ ਵਿਵਸਥਾ ਲਚਰ ਹੁੰਦੀ ਹੀ ਹੈ ਆਮ ਆਵਾਜਾਈ ਵੀ ਨਿਗੂਣੀ ਰਹਿੰਦੀ ਹੈ। ਕਾਮਦੇਵ ਸਿੰਘ ਦੀ ਮੌਤ ਪਿੱਛੋਂ ਚੰਪਾਰਣ ਦੇ ਅਨੇਕਾਂ ਗਰੋਹਾਂ ਨੇ ਤਸਕਰੀ ਵਿਚ ਆਪਣੀ ਅਜਾਰੇਦਾਰੀ ਕਾਇਮ ਕਰ ਲਈ ਹੈ। ਅੱਜ ਚੰਪਾਰਣ ਦੇ ਗੰਡਕ ਇਲਾਕੇ ਵਿਚ ਅਨੇਕਾਂ ਗਰੋਹਾਂ ਇਸ ਤੋਂ ਨਾ ਸਿਰਫ਼ ਕਰੋੜਾਂ ਰੁਪਏ ਦੀ ਕਮਾਈ ਹੈ ਬਲਕਿ ਉਹਨਾਂ ਵਿਚਕਾਰ ਇਸ ਸੁਆਲ ’ਤੇ ਪ੍ਰਭੂਤਵ ਦੀ ਲੜਾਈ ਵਿਚ ਅਕਸਰ ਨਿਰਦੋਸ਼ ਪੇਂਡੂ ਬਲੀ ਦਾ ਬਕਰਾ ਵੀ ਬਣਦੇ ਹਨ। ਭਾਗੜ ਯਾਦਵ ਗਰੋਹ ਨੇ ਪਿਛਲੀ ਦਿਨੀਂ ਭੋਲਾ ਯਾਦਵ ਦੀ ਇਸ ਲਈ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਕਿ ਉਸ ਨੇ ਦਸਯੂ ਸਰਗਨਾ ਸੰਜੈ ਯਾਦਵ ਦੇ ਗਾਂਜੇ ਨੂੰ ਆਪਣੇ ਇਥੇ ਛੁਪਾਉਣ ਦੀ ਗੁਸਤਾਖ਼ੀ ਕੀਤੀ। ਚੰਪਾਰਣ ਦੇ ਦਸਯੂ ਗਰੋਹਾਂ ਦੀ ਨਜ਼ਰ ਨੇਪਾਲ ਦੇ ਤਰਾਈ ਇਲਾਕੇ ਵਿਚ ਚਰਜ ਤੇ ਗਾਂਜੇ ਦੇ ਕਾਰੋਬਾਰ ’ਤੇ ਪਹਿਲਾਂ ਤੋਂ ਹੀ ਰਹੀ ਹੈ ਅਤੇ ਇਸ ਲਈ ਅਗਵਾ ਤੇ ਰੰਗਦਾਰੀ ਦੀ ਕਮਾਈ ਨਾਲ ਮਾਲੋਮਾਲ ਹੋਣ ਪਿੱਛੋਂ ਉਹਨਾਂ ਨੇ ਆਪਣੇ ਸਾਮਰਾਜ ਦਾ ਵਿਸਥਾਰ ਸੀਮਾ ਪਾਰ ਵੀ ਕਰ ਲਿਆ। ਹੁਣ ਉਥੇ ਬੈਠੇ ਉਹਨਾਂ ਦੇ ਲੋਕ ਗਾਂਜਾ, ਚਰਸ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਖ਼ਰੀਦ ਕਰ ਲੈਂਦੇ ਹਨ ਅਤੇ ਆਪਣੇ ਸਾਧਨ ਰਾਹੀਂ ਇਸ ਪਾਰ ਭੇਜ ਦਿੰਦੇ ਹਨ। ਨੇਪਾਲ ਸੀਮਾ ਦੇ ਪਾਰ ਬੁਧ ਬਸਤੀ ਕੁਪਲਾਈਨ, ਨਿਰਮਲ ਬਸਤੀ, ਬੁੜਗਾਹੀ, ਬੰਜਾਰੀ, ਜੈ ਮੰਗਲਪੁਰ, ਪਟਸਵਾ, ਜਗੰਨਾਥਪੁਰ, ਮੁਰਲੀ ਟੋਲਾ, ਜਾਨਕੀ ਟੋਲਾ ਆਦਿ ਅਨੇਕਾਂ ਨਾਂ ਹਨ ਜਿਥੇ ਪਹੁੰਚ ਕੇ ਕੋਈ ਵੀ ਗਾਂਜੇ ਦੀ ਲਹਿਲਹਾਉਂਦੀ ਖੇਤੀ ਵੇਖ ਸਕਦਾ ਹੈ। ਇਸ ਇਲਾਕੇ ਵਿਚ ਸ਼ਾਇਦ ਹੀ ਕੋਈ ਕਿਸਾਨ ਐਸਾ ਹੋਵੇ, ਜਿਸ ਪਾਸ ਦਸ ਤੋਂ ਵੀਹ ਕੁਇੰਟਲ ਗਾਂਜੇ ਦਾ ਭੰਡਾਰ ਨਾ ਰਹਿੰਦਾ ਹੋਵੇ। ਇਸ ਤੋਂ ਇਲਾਵਾ ਇਥੇ ਭਾਰੀ ਮਾਤਰਾ ਵਿਚ ਚਰਸ ਵੀ ਮੁਹੱਈਆ ਹੈ। ਭਾਰਤੀ ਸਮਗਲਰ ਗੁਣਵੰਣਤਾ ਅਨੁਸਾਰ ਦੋ ਤੋਂ ਪੰਜ ਸੌ ਰੁਪਏ ਕੁਇੰਟਲ ਦੀ ਦਰ ਨਾਲ ਗਾਂਜਾ ਅਤੇ ਹਜ਼ਾਰ ਰੁਪਏ ਕੁਇੰਟਲ ਦੀ ਦਰ ਨਾਲ ਚਰਸ ਦੀ ਖ਼ਰੀਦ ਕਰਦੇ ਹਨ। ਮੁਨਾਫ਼ੇ ਦਾ ਅਰਥ ਸ਼ਾਸਤਰ ਦੇਖੀਏ ਤਾਂ ਉਸ ’ਤੇ

ਸਰਸਰੀ ਯਕੀਨ ਨਹੀਂ ਹੁੰਦਾ। ਭਾਰਤੀ ਖੇਤਰ ਵਿਚ ਗਾਂਜਾ 10 ਰੁਪਏ ਪ੍ਰਤੀ ਕਿਲੋ ਅਤੇ ਚਰਸ 50 ਹਜ਼ਾਰ ਰੁਪਏ ਪ੍ਰਤੀ ਕਿਲੋ ਵਿਕਦਾ ਹੈ। ਸੀਮਾ ਟੈਕਸ ਵਿਭਾਗ ਨੇ 15 ਅਕਤੂਬਰ ਨੂੰ ਪੌਣੇ ਦੋ ਕੁਇੰਟਲ ਗਾਂਜਾ ਬਰਾਮਦ ਕੀਤਾ ਜਿਸ ਦੀ ਕੀਮਤ ਸਵਾ ਦੋ ਕਰੋੜ ਸੀ ਜਦ ਕਿ ਕੁਝ ਦਿਨ ਪਹਿਲਾਂ ਚੰਨਪਇਆ ਰੇਲਵੇ ਸਟੇਸ਼ਨ ’ਤੇ ਉਤਰ ਪ੍ਰਦੇਸ਼ ਦੀਆਂ ਛੇ ਔਰਤਾਂ ਨੂੰ ਥਾਣੇਦਾਰ ਵਿਜੈ ਕੁਮਾਰ ਨੇ ਕਰੀਬ 70 ਕਿਲੋ ਚਰਸ ਦੇ ਨਾਲ ਫੜਿਆ, ਜਿਸ ਦੀ ਕੀਮਤ 32 ਲੱਖ ਸੀ। ਜਿਥੋਂ ਤਕ ਬਜ਼ਾਰ ਤੇ ਖਪਤ ਦਾ ਸੁਆਲ ਹੈ, ਇਹ ਬੇਹੱਦ ਹੈ। ਬਿਹਾਰ ਦੇ ਰਸਤੇ ਉਤਰ ਪ੍ਰਦੇਸ਼, ਦਿੱਲੀ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਹਰਿਆਣਾ, ਆਂਧਰਾ ਪ੍ਰਦੇਸ਼, ਪੰਜਾਬ ਆਦਿ ਰਾਜਾਂ ਵਿਚ ਨਸ਼ੀਲੇ ਪਦਾਰਥਾਂ ਨੂੰ ਵੇਚਿਆ ਜਾ ਰਿਹਾ ਹੈ। ਮੋਤਿਹਾਰੀ ਸਥਿਤ ਸੀਮਾ ਟੈਕਸ ਵਿਭਾਗ ਦੇ ਸਹਾਇਕ ਕਮਿਸ਼ਨਰ ਸ਼ਮਸ਼ਾਦ ਆਲਮ ਨੇ ਦੱਸਿਆ ਕਿ ਸਮੁੱਚੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਮਗਲਰ ਖੁੱਲ੍ਹੀ ਸਰਹੱਦ ਦਾ ਲਾਭ ਲੈਣ ਵਿਚ ਸਫਲ ਹੋ ਜਾਂਦੇ ਹਨ। ਇਸ ਸਾਲ ਵਿਭਾਗ ਨੇ ਹੁਣ ਤਕ ਚਾਰ ਕੁਇੰਟਲ ਚਰਸ ਤੇ 40 ਕੁਇੰਟਲ ਗਾਂਜਾ ਜਬਤ ਕੀਤਾ ਹੈ।

ਨੇਪਾਲ ਦੇ ਰਸਤੇ ਵੱਡੇ ਪੈਮਾਨੇ ’ਤੇ ਚੀਨ ਤੇ ਨੇਪਾਲ ਉਤਪਾਦਿਤ ਟਾਰਚ, ਚਾਦਰਾਂ, ਤੌਲੀਏ, ਬੈਟਰੀ ਖਿਡੌਣੇ, ਮਸਾਲੇ, ਲਸਣ, ਸੁਪਾਰੀ, ਵਨਸਪਤੀ ਘਿਓ ਇਥੇ ਪਹੁੰਚ ਕੇ ਭਾਰਤੀ ਸਨਅਤ ਦਾ ਲੱਕ ਤੋੜ ਰਹੇ ਹਨ। ਨੇਪਾਲ ਤੋਂ ਆਉਣ ਵਾਲੇ ਵਨਸਪਤੀ ਘਿਓ ਨੇ ਨੇਪਾਲ ਦੇ ਮੁਕਾਬਲੇ ਬਿਹਾਰ ਦੇ ਹਰ ਜ਼ਿਲੇ ਵਿਚ ਦੇਸੀ ਵਨਸਪਤੀ ਘਿਓ ਦੀ ਕਮਰ ਤੋੜ ਦਿੱਤੀ ਹੈ। ਤਸਕਰੀ ਦੇ ਧੰਦੇ ਦਾ ਵਜ਼ਨ ਏਨਾ ਵੱਧ ਹੈ ਕਿ ਮਜਬੂਰ ਹੋ ਕੇ ਕਈ ਭਾਰਤੀ ਕੰਪਨੀਆਂ ਨੂੰ ਚੀਨ ਨਿਰਮਿਤ ਟਾਰਚ ਨਾਲ ਲੋਹਾ ਲੈਣ ਲਈ ਉਸ ਰੇਂਜ ਵਿਚ ਆ ਕੇ ਉਸੇ ਸ਼ੈਲੀ ਦਾ ਟਾਰਚ ਬਜ਼ਾਰ ਵਿਚ ਉਤਾਰਨਾ ਪਿਆ ਹੈ। ਬਿਹਾਰ-ਝਾਰਖੰਡ ਤੋਂ ਦੂਰ ਦੂਰ ਸ਼ਹਿਰਾਂ ਵਿਚ ਜਾਣ ਨਾਲ ਇਕ ਗੱਲ ਸਾਫ਼ ਨਜ਼ਰ ਆਉਂਦੀ ਹੈ ਕਿ ਇਥ ਮੱਧ-ਵਰਗੀ ਤੇ ਨਿਮਨ ਮੱਧ-ਵਰਗੀ ਪਰਿਵਾਰਾਂ ਵਿਚ ਵਿਛਾਉਣ ਵਾਲੀਆਂ ਚਾਦਰਾਂ ਤੇ ਤੌਲੀਏ ਸ਼ਾਇਦ ਹੀ ਭਾਰਤ ਦੇ ਬਣੇ ਹੋਣ। ਚੀਨ ਦੀ ਬਣੀ ਚਾਦਰ ਤੇ ਤੌਲੀਏ ਤੇ ਟਾਰਚ ਤਾਂ ਘਰ-ਘਰ ਵਿਚ ਮੁਹੱਈਆ ਹੈ। ਹੋਟਲਾਂ ਵਿਚ ਧੜੱਲੇ ਨਾਲ ਨੇਪਾਲ ਦੇ ਬਣੇ ਵਨਸਪਤੀ ਦੀ ਵਰਤੋਂ ਹੋ ਰਹੀ ਹੈ।

ਪਰਿਵਾਰਿਕ ਤਿਉਹਾਰਾਂ ’ਤੇ ਵੱਡੇ ਭੋਜ ਦਾ ਆਯੋਜਨ ਹੋਵੇ ਤਾਂ ਉਸ ਵਿਚ ਬਹੁਤੇ ਲੋਕ ਇਸ ਘਿਓ ਦੀ ਵਰਤੋਂ ਕਰਦੇ ਹਨ। ਇਸ ਪਾਸੇ ਬਿਹਾਰ ਦੇ ਕਿਸਾਨ ਅਬਰਕ ਲਈ ਤਰਸਦੇ ਰਹਿ ਜਾਂਦੇ ਹਨ ਜਦ ਕਿ ਇਥੋਂ ਦਾ ਮਾਲ ਵੱਡੀ ਮਾਤਰਾ ਵਿਚ ਨੇਪਾਲ ਦੇ ਬਜ਼ਾਰ ਵਿਚ ਪਹੁੰਚ ਜਾਂਦਾ ਹੈ। ਆਲਮ ਨੇ ਦੱਸਿਆ ਕਿ ਸਰਹੱਦੀ ਖੇਤਰਾਂ ਵਿਚ ਕੁਝ ਲੋਕ ਸਿਰਫ਼ ਤਸਕਰੀ ਕਰਨ ਲਈ ਉਰਵਰਕ ਦਾ ਲਾਇਸੰਸ ਹਾਸਲ ਕਰਦੇ ਹਨ। ਕੁਝ ਦਿਨ ਪਹਿਲਾਂ ਹੀ ਅਗਰਵਾ ਸੀਮਾ ਕੋਲ ਉਰਵਰਕ ਦੇ ਅੱਠ ਗੁਦਾਮਾਂ ਨੂੰ ਸੀਲ ਕੀਤਾ ਗਿਆ। ਇਸ ਤੋਂ ਇਲਾਵਾ ਘੌੜਾ ਸਹਿਨ, ਮੈਨਾਟਾਂਡ, ਅਦਾਪੁਰ

ਆਦਿ ਥਾਵਾਂ ’ਤੇ ਟਰੈਕਟਰ ਟਰਾਲੀਆਂ ਨਾਲ ਨੇਪਾਲ ਭੇਜਣ ਦੇ ਅਮਲ ਵਿਚ ਉਰਵਰਕ ਦੀ ਖੇਪ ਜਬਤ ਕੀਤੀ ਜਾ ਰਹੀ ਹੈ। ਸਿਰਫ਼ ਉਰਵਰਕ ਹੀ ਨਹੀਂ, ਚੀਨੀ ਧਾਨ ਤੇ ਦਾਲ ਵੀ ਵੱਡੀ ਮਾਤਰਾ ਵਿਚ ਇਧਰ ਉਧਰ ਕੀਤੀ ਜਾ ਰਹੀ ਹੈ। ਧਾਨ ਦੀ ਤਸਕਰੀ ਦੇ ਕਾਰਨ ਚਨਪਟਿਆ ਦਾ ਚਾਵਲ ਉਤਪਾਦ ਉਜੜਣ ਦੇ ਕਿਨਾਰੇ ਹੈ। ਇਥ ਤੋਂ ਇਲਾਵਾ ਤਸਕਰੀ ਨੇ ਸੰਗਠਿਤ ਅਪਰਾਧ ਨੂੰ ਵੀ ਮਜ਼ਬੂਤੀ ਮੁਹੱਈਆ ਕੀਤੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਔਰਤਾਂ, ਬੱਚਿਆਂ ਤੇ ਨੌਜਵਾਨਾਂ ਦੇ ਦਲਦਲ ਵਿਚ ਪਹੁੰਚਾਉਣ ਦਾ ਕੰਮ ਤਸਕਰੀ ਦੇ ਜ਼ਰੀਏ ਹੀ ਹੁੰਦਾ ਹੈ।

# ਕੀ ਦਰਸਾਉਂਦੀ ਹੈ ਦਿੱਲੀ ਵਿਚ ਦੁਕਾਨਾਂ ਦੀ ਸੀਲਿੰਗ ?

ਇਕ ਪਾਸੇ ਜਬਰ ਤੇ ਦੂਜੇ ਪਾਸੇ ਚਾਲਬਾਜ਼ੀ ਨਾਲ ਜਿਥੇ ਸੁਪਰੀਮ ਕੋਰਟ ਤੇ ਪਾਰਤ ਸਰਕਾਰ ਤੇ ਦਿੱਲੀ ਸਰਕਾਰ ਨੇ ਦਿੱਲੀ ਦੇ ਦੁਕਾਨਦਾਰਾਂ ਦੇ ਅੰਦੋਲਨ ਨੂੰ ਕਾਬੂ ਕੀਤਾ, ਉਥੇ ਦੂਜੇ ਪਾਸੇ ਖ਼ਬਰ ਹੈ ਕਿ ਵਾਲਮਾਰਟ-ਭਾਰਤੀ 'ਚ ਸਮਝੌਤੇ ਦੇ ਜ਼ਰੀਏ ਪ੍ਰਚੂਨ ਵਪਾਰ ਦੀ ਚੇਨ ਸਟੋਰ ਚਲਾਉਣ ਵਾਲੀ ਇਸ ਅਮਰੀਕੀ ਕੰਪਨੀ ਦਾ 15 ਅਗਸਤ 2007 ਤੋਂ ਪਾਰਤ ਵਿਚ ਆਗਮਨ ਹੋਵੇਗਾ। ਨਾਲ ਹੀ ਪ੍ਰਚੂਨ ਵਪਾਰ ਦੀ ਸਭ ਤੋਂ ਵੱਡੀ ਕੰਪਨੀ ਟੇਸਕੋ ਨੂੰ ਵੀ ਭਾਰਤ ਦੀ ਅਜਿਹੀ ਕੰਪਨੀ ਦੀ ਤਲਾਸ਼ ਹੈ ਜਿਸ ਦੇ ਨਾਲ ਇਹ ਭਾਰਤ ਦੇ ਬਜ਼ਾਰਾਂ ਵਿਚ ਪ੍ਰਵੇਸ਼ ਕਰ ਸਕੇ। ਮੁਕੇਸ਼ ਅੰਬਾਨੀ ਦੀ ਰਿਲਾਇੰਸ ਕੰਪਨੀ ਵੀ ਇਸ ਵਪਾਰ ਵਿਚ ਚੇਨ ਸਟੋਰ ਖੋਲ੍ਹ ਕੇ ਦਾਖ਼ਲ ਹੋਣ ਵਾਲੀ ਹੈ। ਦਿਲੀ ਦੇ ਦੁਕਾਨਦਾਰਾਂ 'ਤੇ ਸਟੇਟ ਵੱਲੋਂ ਹਮਲਾ ਤੇ ਵੱਡੇ ਵਪਾਰਕ ਘਰਾਣਿਟਾਂ ਦਾ ਪ੍ਰਚੂਨ ਵਪਾਰ ਵਿਚ ਘੁਸਣਾ—ਇਹਨਾਂ ਦੋਹਾਂ ਘਟਨਾਵਾਂ ਦਾ ਰਿਸ਼ਤਾ ਸਮਝਣ ਲਾਲ ਹੀ ਦਿੱਲੀ ਵਿਚ ਪਿਛਲੇ 6-7 ਮਹੀਨਿਆਂ ਦੀ ਘਟਨਾਵਾਂ ਸਮਝ ਵਿਚ ਆਉਣਗੀਆਂ ਕਿ ਕਿਸ ਤਰ੍ਹਾਂ ਦੁਕਾਨਦਾਰਾਂ ਜੋ ਕਾਂਗਰਸ, ਖ਼ਾਸ ਕਰਕੇ ਭਾਜਪਾ, ਦੋਨਾਂ ਵੋਟ ਅਧਾਰ ਹਨ, 'ਤੇ ਹਮਲਾ ਬੋਲਿਆ ਗਿਆ ਤੇ ਕੇਂਦਰ ਵਿਚ ਰਾਜ ਸਰਕਾਰ ਨੇ ਕਿਉਂ ਨਹੀਂ ਇਹਨਾਂ ਦੇ ਬਚਾਅ ਲਈ ਕੋਈ ਠੋਸ ਕਦਮ ਚੁੱਕਿਆ ਤੇ ਭਾਜਪਾ ਨੇ ਦਿੱਲੀ ਵਿਚ ਮੁੱਖ ਵਿਰੋਧੀ ਧਿਰ ਹੋਣ ਪਿੱਛੋਂ ਵੀ ਸੰਘਰਸ਼ ਵਿਚ ਅੱਗੇ ਆਉਣ ਦੀ ਬਜਾਏ ਸਿਰਫ਼ ਲਿਪਾ-ਪੋਚੀ ਕੀਤੀ। ਐਨ. ਡੀ. ਏ. ਸਰਕਾਰ ਦੇ ਸਮੇਂ ਪ੍ਰਚੂਨ ਵਪਾਰ ਵਿਚ 'ਕੈਸ਼ ਐਂਡ ਕੈਰੀ' ਵਪਾਰ ਵਿਚ 100 ਫ਼ੀਸਦੀ ਵਿਦੇਸ਼ੀ ਲਾਗਤ ਦੀ ਇਜਾਜ਼ਤ ਦਿੱਤੀ ਅਤੇ ਇਸ ਦੇ ਹੱਥ ਇਕ ਬ੍ਰੈਂਡ ਵਿਚ ਵਿਦੇਸ਼ੀ ਲਾਗਤ ਦੀ ਛੋਟ ਦਿੱਤੀ। ਪਰ ਵਾਲਮਾਰਟ ਵਰਗੀਆਂ ਮਲਟੀਬ੍ਰੈਂਡ ਕੰਪਨੀਆਂ ਦੇ ਆਉਣ ਨਾਲ (ਵਾਲਮਾਰਟ-ਭਾਰਤੀ ਸਟੋਰੇਜ਼ ਤੇ ਥੋਕ ਵਪਾਰ ਵਿਚ ਤਾਂ ਹਿੱਸੇਦਾਰੀ ਕਰਨਗੀਆਂ ਪਰ ਪ੍ਰਚੂਨ ਵਪਾਰ ਵਿਚ ਭਾਰਤੀ ਕੰਪਨੀਆਂ ਦੇ ਨਾਂ ਨਾਲ ਦੁਕਾਨਾਂ ਚੱਲਣਗੀਆਂ) ਸਥਿਤੀ ਹੋਰ ਖ਼ਰਾਬ ਹੋਵੇਗੀ। ਇਸ ਤਰ੍ਹਾਂ ਦੀਆਂ ਦੁਕਾਨਾਂ ਦੇ ਜ਼ਰੀਏ ਅਮਰੀਕਾ ਵਿਚ ਲੱਖਾਂ ਛੋਟੇ ਦੁਕਾਨਦਾਰ ਤਬਾਹ ਹੋਏ ਹਨ।

ਦਿੱਲੀ ਇਕ ਸਨਅਤੀ ਸ਼ਹਿਰ ਵੀ ਹੈ ਅਤੇ ਇਕ ਵਪਾਰਕ ਕੇਂਦਰ ਵੀ। ਨਵੀਆਂ ਆਰਥਕ ਨੀਤੀਆਂ ਦੇ ਸ਼ੁਰੂਆਤੀ ਦੌਰ ਵਿਚ ਸੁਪਰੀਮ ਕੋਰਟ ਨੇ ਪ੍ਰਦੂਸ਼ਣ 'ਤੇ ਰੋਕ ਲਾਉਣ ਦੇ ਬਹਾਨੇ ਸ਼ਹਿਰ ਦੀ ਲਘੂ ਸਨਅਤ 'ਤੇ ਹਮਲਾ ਬੋਲ ਦਿੱਤਾ ਜਦ ਕਿ ਪ੍ਰਦੂਸ਼ਣ ਰੋਕਣ ਦੇ ਲਈ ਕੰਪਨੀਆਂ ਬੰਦ ਕਰਾਉਣ ਦੀ ਕੋਈ ਲੋੜ ਹੀ ਨਹੀਂ ਸੀ। ਇਸ ਹਮਲੇ ਦੇ ਉਦੇਸ਼ ਸਨ ਲਘੂ ਸਨਅਤੀ ਖੇਤਰ 'ਤੇ ਵਾਰ ਕਰ ਕੇ ਵਪਾਰਕ ਘਰਾਣਿਆਂ ਲਈ ਜਗ੍ਹਾ ਬਣਾਉਣਾ। ਦਿੱਲੀ ਵਿਚ ਅਜਿਹੀਆਂ ਸਨਅਤਾਂ ਕੋਲ ਮੌਜੂਦ ਜ਼ਮੀਨ ਨੂੰ ਕਾਰੋਬਾਰੀ ਵਿਕਾਸ ਲਈ ਮੁਕਤ ਕਰਾਉਣਾ ਅਤੇ ਦਿੱਲੀ ਨੂੰ ਵਪਾਰਕ ਕੇਂਦਰ ਵਜੋਂ ਵਿਦੇਸ਼ੀਆਂ ਨੂੰ ਆਕਰਸ਼ਿਤ ਕਰਨਾ। ਪਰੰਤੂ ਛੋਟੇ ਮਾਲਕਾਂ ਅਤੇ ਉਹਨਾਂ ਦੇ ਹਜ਼ਾਰਾਂ ਮਜ਼ਦੂਰਾਂ ਦੇ ਵਿਰੋਧ ਨੇ ਇਸ ਕਦਮ ਨੂੰ ਰੋਕ ਦਿੱਤਾ।

ਇਸ ਸਾਲ ਸੁਪਰੀਮ ਕੋਰਟ ਨੇ ਪਹਿਲਾਂ ਇਸ ਗੱਲ 'ਤੇ ਦਿੱਲੀ ਨਗਰ ਨਿਗਮ (MCD) 'ਤੇ ਹਮਲਾ ਬੋਲਿਆ ਕਿ ਉਹ ਗ਼ੈਰ-ਕਾਨੂੰਨੀ ਉਸਾਰੀ ਸ਼ਹਿਰ ਵਿਚ ਚੱਲਣ ਦਿੰਦੀ ਹੈ। ਐੱਮ. ਸੀ. ਡੀ. ਨੂੰ ਹੁਕਮ ਦਿੰਦੇ ਹੋਏ ਕਿ ਅਜਿਹੀਆਂ ਇਮਾਰਤਾਂ ਤੋੜ ਦਿੱਤੀਆਂ ਜਾਣ, ਉਹਨਾਂ ਵਿਚ ਚੱਲ ਰਹੀਆਂ ਦੁਕਾਨਾਂ ਨੂੰ ਹਟਾ ਦਿੱਤਾ ਜਾਵੇ। ਹੌਲੀ-ਹੌਲੀ ਕੋਰਟ ਨੇ ਇਹ ਗੱਲ ਰੱਖੀ ਕਿ ਮਾਸਟਰ ਪਲਾਨ ਵਿਚ ਰਿਹਾਇਸ਼ੀ ਕਾਲੋਨੀਆਂ ਵਿਚ ਦੁਕਾਨਾਂ ਚਲਾਉਣ ਦਾ ਅਧਿਕਾਰ ਨਹੀਂ ਹੈ ਤੇ ਅਜਿਹੀਆਂ ਸਾਰੀਆਂ ਦੁਕਾਨਾਂ ਨੂੰ ਬੰਦ ਕਰ ਦਿੱਤਾ ਜਾਏ।

ਇਕ ਹੀ ਝਟਕੇ ਵਿਚ 550000 ਦੁਕਾਨਾਂ ਨੂੰ ਹੁਕਮ ਮਿਲ ਗਿਆ ਕਿ ਉਹ ਆਪਣੀ ਰੋਟੀ-ਰੋਜ਼ੀ ਦੇ ਇਕੋ-ਇਕ ਸਾਧਨ 'ਤੇ ਸ਼ਟਰ ਸੁੱਟ ਦੇਣ। ਦਿੱਲੀ ਦੇ ਅੰਦਰ ਕਲੋਨੀਆਂ ਨੂੰ ਐੱਮ. ਸੀ. ਡੀ. 'ਏ' ਤੋਂ 'ਈ' ਤਬਕਿਆਂ ਵਿਚ ਵੰਡਦੀ ਹੈ। 'ਏ' ਤੋਂ 'ਸੀ' ਤਕ ਕਲੋਨੀਆਂ ਵਧੀਆਂ ਹਨ ਤੇ ਰਿਹਾਇਸ਼ੀ ਹਨ। ਇਸ ਤੋਂ ਹੇਠਾਂ ਦੀਆਂ ਕਲੋਨੀਆਂ ਨਿਮਨ ਮੱਧ-ਵਰਗੀ ਤੇ ਮੱਧਮ ਵਰਗ ਦੀਆਂ ਕਲੋਨੀਆਂ ਹਨ ਜਿਹਨਾਂ ਵਿਚ ਲੋਕ ਕੁਝ ਕਮਰੇ ਕਿਰਾਏ 'ਤੇ ਦਿੰਦੇ ਹਨ ਅਤੇ ਖ਼ੁਦ ਘਰ ਦੀ ਦੁਕਾਨ ਅਤੇ ਕਿਰਾਏ 'ਤੇ ਨਿਰਭਰ ਕਰਦੇ ਹਨ। ਕਈ ਕਲੋਨੀਆਂ ਵਿਚ ਤਾਂ ਕਮਰਾ ਕਿਰਾਏ 'ਤੇ ਦੇਣ ਦੀ ਗੁੰਜਾਇਸ਼ ਹੀ ਨਹੀਂ ਹੈ। ਇਹਨਾਂ ਦੁਕਾਨਾਂ ਤੋਂ ਲੋਕ ਇਕ ਪਾ ਤੋਂ ਲੈ ਕੇ ਸੌ ਗ੍ਰਾਮ ਵਰਗੀ ਛੋਟੀ ਮਾਤਰਾ ਵਿਚ ਵੀ ਸੌਦਾ ਲੈ ਜਾਂਦੇ ਹਨ, ਇਹਨਾਂ ਵਿਚ ਉਧਾਰ ਖਾਤੇ ਵੀ ਚੱਲਦੇ ਹਨ ਤੇ ਇਹਨਾਂ ਵਿਚ ਆਮ ਜੀਵਨ ਦੀ ਹਰ ਛੋਟੀ ਚੀਜ਼ ਮੁਹੱਈਆ ਰਹਿੰਦੀ ਹੈ। ਦਿੱਲੀ ਵਿਚ 'ਏ' ਤੋਂ 'ਸੀ' ਕਲੋਨੀਆਂ ਵਿਚ ਵੀ ਵੱਡੇ ਬਜ਼ਾਰਾਂ ਤੋਂ ਇਲਾਵਾ ਕਲੋਨੀਆਂ ਦੀ ਮਾਰਕੀਟ ਚੱਲਦੀ ਹੈ ਜਿਹਨਾਂ ਵਿਚ ਦੈਨਿਕ ਜੀਵਨ ਦੀ ਜ਼ਰੂਰਤ ਦੀਆਂ ਵਸਤਾਂ ਮੁਹੱਈਆ ਹੁੰਦੀਆਂ ਹਨ। ਇਹਨਾਂ ਸਾਰੀਆਂ ਦੁਕਾਨਾਂ 'ਤੇ ਸੁਪਰੀਮ ਕੋਰਟ ਨੇ ਸਰਕਾਰਾਂ ਦੀ ਰਾਇ ਨੂੰ ਠੁਕਰਾਉਂਦੇ ਹੋਇਆ ਹੱਲਾ ਬੋਲਿਆ।

ਇਸ ਹਮਲੇ ਦਾ ਮਕਸਦ ਹੈ ਵੱਡੀਆਂ ਕੰਪਨੀਆਂ ਵਿਸ਼ੇਸ਼ ਕਰਕੇ ਬਹੁ-ਕੌਮੀ

ਕੰਪਨੀਆਂ ਲਈ ਇਸ ਵਪਾਰ ਵਿਚ ਜਗਾਹ ਬਣਾਉਣਾ। ਜਦ ਵਾਲਮਾਰਟ ਵਰਗੀ ਕੰਪਨੀ ਜਿਸ ਦਾ ਦਾਅਵਾ ਹੈ ਕਿ ਉਹ ਪਿੰਨ ਤੋਂ ਲੈ ਕੇ ਕਾਰ ਤਕ ਇਕ ਹੀ ਛੱਤ ਹੇਠ ਵੇਚੇਗੀ, ਭਾਰਤ ਵਿਚ ਆਏਗੀ ਤਾਂ ਇਹਨਾਂ ਕਲੋਨੀਆਂ ਵਿਚ ਚੱਲ ਰਹੀਆਂ ਦੁਕਾਨਾਂ ਬੰਦ ਕਰ ਕੇ ਘੱਟੋ-ਘਟ ਜਦ ਤਕ ਮੱਧ-ਵਰਗ, ਪੈਸੇ ਵਾਲੇ ਤਬਕੇ, ਦਿੱਲੀ ਦੇ ਪੇਸ਼ਾਵਰ ਵਰਗ ਤੇ ਸਰਕਾਰੀ ਕਰਮਚਾਰੀਆਂ ਨੂੰ ਮਾਲਾਂ ਤੋਂ ਸਮਾਨ ਲੈਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ, ਤਦ ਤਕ ਇਸ ਖੇਤਰ ਵਿਚ ਉਹਨਾਂ ਦੀ ਆਰਥਕ ਪਕੜ ਕਦੋਂ ਮਜ਼ਬੂਤ ਹੋਵੇਗੀ ?

ਦੇਖਣ ਨੂੰ ਤਾਂ ਲੱਗਦਾ ਹੈ ਕਿ ਦਿੱਲੀ ਸਰਕਾਰ ਨੇ ਆਰਡੀਨੈਂਸ ਦੇ ਜ਼ਰੀਏ 2186 ਖਾਤਿਆਂ ਨੂੰ ਵਪਾਰਕ ਐਲਾਨ ਕੇ ਉਹਨਾਂ 'ਤੇ ਖੜੀਆਂ ਦੁਕਾਨਾਂ ਨੂੰ ਰਾਹਤ ਦਿਵਾਈ। ਪਰ ਸੁਪਰੀਮ ਕੋਰਟ ਲੇ ਇਸ ਨੂੰ ਰੱਦ ਕਰ ਦਿੱਤਾ। ਵਿਚ ਵਿਚ ਕੋਰਟ ਨੇ ਐੱਮ. ਸੀ. ਡੀ. ਪ੍ਰਸ਼ਾਸਨ ਨੂੰ ਵੀ ਫਟਕਾਰਿਆ ਹੈ। ਤਿੰਨ ਦਿਨਾਂ ਦੀ ਹੜਤਾਲ ਹੋਣ ਕਰ ਕੇ ਸੀਲਿੰਗ ਰੋਕਣੀ ਪੈ ਰਹੀ ਹੈ। ਇਸ 'ਤੇ ਕੋਰਟ ਨੇ ਜਿਵੇਂ ਗੁੱਸੇ ਵਿਚ ਆ ਕੇ ਕਿਹਾ ਕਿ ਫਿਰ ਅਰਧ ਸੈਨਿਕ ਬਲਾਂ ਦੀ ਮਦਦ ਲਈ ਜਾਵੇ। ਸੱਚੀ ਗੱਲ ਇਹ ਹੈ ਕਿ ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਵਿਚ ਇਸ ਵਿਸ਼ੇ ਤੇ ਕੋਈ ਅੰਤਰ ਵਿਰੋਧ ਨਹੀਂ ਹੈ। ਕੋਰਟਾਂ ਤੋਂ ਉਹ ਕੰਮ ਕਰਵਾਏ ਜਾ ਰਹੇ ਹਨ ਜਿਹਨਾਂ 'ਤੇ ਲੋਕਾਂ ਦਾ ਵਿਰੋਧ ਹੋਵੇਗਾ। ਕਿਉਂਕਿ ਸਰਕਾਰਾਂ ਲੋਕ ਰੋਹ ਦਾ ਨਿਸ਼ਾਨਾ ਨਹੀਂ ਬਣਨਾ ਚਾਹੁੰਦੀਆਂ। ਦੂਸਰੀ ਗੱਲ ਸਰਕਾਰ ਨੇ ਬਚਾਅ ਦੀ ਕੋਈ ਵਿਸ਼ੇਸ਼ ਕੋਸ਼ਿਸ਼ ਕੀਤੀ ਹੀ ਨਹੀਂ। ਦਿੱਲੀ ਮਾਸਟਰ ਪਲਾਨ ਪਾਰਲੀਮੈਂਟ ਵਲੋਂ ਹੀ ਬਦਲਿਆ ਜਾ ਸਕਦਾ ਹੈ। ਦਿੱਲੀ ਸਰਕਾਰ ਦੇ ਐਲਾਨ ਨੂੰ ਸੰਵਿਧਾਨ ਦੀ ਨੌਂਵੀਂ ਅਨੁਸੂਚੀ ਵਿਚ ਪਾਇਆ ਜਾ ਸਕਦਾ ਹੈ। ਕਈ ਤਰੀਕੇ ਹਨ ਜਿਸ ਨਾਲ ਨਿਆਂਪਾਲਿਕਾ ਦੇ 'ਹਮਲੇ' ਨੂੰ ਖੁੰਡਾ ਕੀਤਾ ਜਾ ਸਕਦਾ ਹੈ ਪਰ ਸਰਕਾਰ ਮਾਸਟਰ ਪਲਾਨ ਵਿਚ ਸੋਧ ਦੀ ਗੱਲ ਹੀ ਕਰਦੀ ਰਹੀ ਪਰ ਇਕ ਵੀ ਕਦਮ ਨਹੀਂ ਉਠਾਇਆ। ਸੁਪਰੀਮ ਕੋਰਟ ਦੀ ਇਕ ਝਾੜ ਪਿੱਛੋਂ ਦਿੱਲੀ ਸਰਕਾਰ ਤੇ ਕੇਂਦਰ ਸਰਕਾਰ ਦੇ 'ਮੰਤਰੀਆਂ ਦੇ ਸਮੂਹ' (ਕਾਂਗਰਸ ਦੇ ਉਹ ਮੰਤਰੀ ਜੋ ਦਿੱਲੀ ਦੇ ਸਾਂਸਦ ਹਨ) ਨੇ ਇਕ ਦਮ ਹਥਿਆਰ ਸੁੱਟ ਦਿੱਤੇ ਤੇ ਦੁਕਾਨਾਂ ਬੰਦ ਕਰਾਉਣ ਦੇ ਕੰਮ ਵਿਚ ਆਪਣੇ ਆਪ ਨੂੰ ਵੀ ਲਾ ਲਿਆ।

ਭਾਜਪਾ ਜੋ ਮੁੱਖ ਵਿਰੋਧੀ ਪਾਰਟੀ ਹੈ, ਨੇ ਕੁਝ ਵਿਰੋਧ ਜਤਾਇਆ ਪਰ ਇਹ ਧਿਆਨ ਵਿਚ ਰੱਖਦੇ ਹੋਇਆਂ ਕਿ ਇਹ ਮੁੱਖ ਵਿਰੋਧੀ ਪਾਰਟੀ ਵੀ ਹੈ ਤੇ ਦਿੱਲੀ ਦੇ ਦੁਕਾਨਦਾਰਾਂ ਦੀ ਪਾਰਟੀ ਵੀ ਮੰਨੀ ਜਾਂਦੀ ਹੈ, ਇਸ ਸੁਆਲ 'ਤੇ ਉਸ ਨੇ ਉਹ ਰੁਖ ਅਖ਼ਤਿਆਰ ਨਹੀਂ ਕੀਤਾ ਜੋ ਉਹ ਕਰ ਸਕਦੀ ਸੀ। ਭਾਜਪਾ ਦਾ ਪ੍ਰਚੂਨ ਵਪਾ ਦੇ ਖੇਤਰ ਵਿਚ ਬਹੁ-ਕੌਮੀ ਕੰਪਨੀਆਂ ਦੇ ਆਗਮਨ 'ਤੇ ਕੋਈ ਨੀਤੀਸੰਗਤ ਵਿਰੋਧ ਨਹੀਂ ਹੈ ਤੇ ਉਸ ਨੂੰ ਇਹ ਅਹਿਸਾਸ ਵੀ ਹੈ ਕਿ ਆਉਂਦੀਆਂ ਐੱਮ. ਸੀ. ਡੀ. ਚੋਣਾਂ ਵਿਚ

ਇਹ ਜਿੱਤ ਗਈ ਤਾਂ ਉਸ ਨੂੰ ਵੀ ਇਹੋ ਸੁਆਲ ਲਾਗੂ ਕਰਨਾ ਪਵੇਗਾ। ਭਾਜਪਾ ਸੰਸਦ ਵਿਚ ਨਵੇਂ ਮਾਸਟਰ ਪਲਾਨ ਦਾ ਸੁਆਲ ਵੀ ਨਹੀਂ ਉਠਾ ਰਹੀ ਹੈ।

ਹਮਲੇ ਤੋਂ ਔਖੇ ਹੋਏ ਦੁਕਾਨਦਾਰਾਂ ਨੇ ਉਦੋਂ ਥਾਂ-ਥਾਂ ਸੰਗਠਨ ਬਣਾ ਕੇ ਹੌਲੀ-ਹੌਲੀ ਅੰਦੋਲਨ ਸ਼ੁਰੂ ਕੀਤਾ, ਜਦ ਉਹਨਾਂ ਨੂੰ ਬਿਲਕੁਲ ਰਕੀਨ ਹੋ ਗਿਆ ਕਿ ਉਹਨਾਂ ਦੀਆਂ 'ਆਪਣੀਆਂ' ਪਾਰਟੀਆਂ ਕਾਂਗਰਸ ਤੇ ਭਾਜਪਾ ਦੋਨੋਂ ਹੀ ਬਚਾਅ ਲਈ ਕੋਈ ਠੋਸ ਕਦਮ ਨਹੀਂ ਚੁੱਕ ਰਹੀਆਂ। ਉਹਨਾਂ ਨੂੰ ਯਕੀਨ ਹੋ ਗਿਆ ਕਿ ਇਹ ਪਾਰਟੀਆਂ ਉਹਨਾਂ ਦੇ ਹਿੱਤ ਵਿਚ ਕੁਝ ਨਹੀਂ ਕਰਨਗੀਆਂ। ਜਦੋਂ ਪੁਲਿਸ ਦੇ ਨਾਲ ਸੀਲਿੰਗ ਪਾਰਟੀਆਂ ਵੀ ਪਹੁੰਚਣ ਲੱਗੀਆਂ ਤੇ ਦੁਕਾਨਾਂ ਸੀਲ ਹੋਈਆਂ, ਸਾਂਸਦ ਤੇ ਵਿਧਾਇਕ ਸਿਰਫ਼ ਹਵਾਈ ਗੋਲੇ ਹੀ ਛੱਡਦੇ ਰਹੇ ਤੇ ਕੁਝ ਗ੍ਰਿਫ਼ਤਾਰ ਵੀ ਹੋ ਗਏ ਆਦਿ। ਭਾਜਪਾ ਤੇ ਕਾਂਗਰਸ ਦੋਨਾਂ ਨੇ ਇਕ ਹੀ ਨੀਤੀ ਅਪਣਾਈ। ਲੋਕ 'ਨੁਮਾਇੰਦੇ' ਲੋਕਾਂ ਦੇ ਵਿਚ ਰਹੇ ਤੇ ਵਿਰੋਧੀ ਧਿਰ 'ਤੇ ਦੋਸ਼ ਲਾਏ। ਕਾਂਗਰਸੀ ਇਹ ਕਹਿੰਦੇ ਹੋਏ ਘੁੰਮੇ ਕਿ ਐੱਨ. ਡੀ. ਏ. ਦੀ ਸਰਕਾਰ ਜ਼ਿੰਮੇਵਾਰ ਹੈ ਜਦ ਕਿ ਉਹਨਾਂ ਦੀ ਹੀ ਸਰਕਾਰ ਚੱਲ ਰਹੀ ਹੈ। ਉਹ ਭਰੋਸਾ ਦਿੰਦੇ ਰਹੇ ਕਿ ਦਿੱਲੀ ਦੇ ਨੇਤਾ ਤੇ ਕੇਂਦਰ ਵਿਚ ਪਾਰਟੀ ਨੇਤਾ ਰਾਹਤ ਲਿਆਉਣਗੇ। ਵਪਾਰੀਆਂ ਦੇ ਸੰਗਠਨਾਂ ਦੀ ਮੁੱਖ ਜਾਨ 'ਈ' ਤੇਂ 'ਜੀ' ਕਲੋਨੀਆਂ ਵਿਚ ਸੀ, ਜਿਥੇ ਰੋਟੀ-ਰੋਜ਼ੀ ਦੇ ਸਾਧਨ ਨੂੰ ਸੀਲ ਕਰਨ ਦਾ ਸੁਆਲ ਖੜ੍ਹਾ ਹੋ ਗਿਆ। ਪੁਲਿਸ ਨਾਲ ਕਈ ਥਾਂ ਮੁੱਠ-ਭੇੜ ਹੋਈ। ਜਿਸ ਨਾਲ ਸੀਲਿੰਗ ਟਲ ਗਈ। ਹੌਲੀ-ਹੌਲੀ ਵਪਾਰੀ ਜਥੇਬੰਦੀਆਂ ਵੀ ਸਰਗਰਮ ਹੋਈਆਂ। ਅੰਦੋਲਨ ਵਧਾਉਣ ਦੇ ਨਾਲ ਇਕ ਦਿਨ ਦੇ ਦਿੱਲੀ ਬੰਦ ਦਾ ਐਲਾਨ ਹੋਇਆ।

20 ਦਸੰਬਰ 2006 ਨੂੰ ਵਿਆਪਕ ਦਿੱਲੀ ਬੰਦ ਰਿਹਾ ਜਿਸ ਦੌਰਾਨ ਸੀਲਮਪੁਰ ਵਿਚ ਪੁਲਿਸ ਨੇ ਦੁਕਾਨਦਾਰਾਂ ਦੇ ਮੁਜ਼ਾਹਰੇ 'ਤੇ ਗੋਲੀ ਚਲਾਈ ਜਿਸ ਨਾਲ ਚਾਰ ਲੋਕ ਸ਼ਹੀਦ ਹੋਏ। ਇਹਨਾਂ ਸ਼ਹਾਦਤਾਂ ਨੇ ਜਿਥੇ ਇਕ ਪਾਸੇ ਸੰਘਰਸ਼ ਵਿਚ ਜਾਨ ਭਰੀ ਉਥੇ ਦੁਕਾਨਦਾਰਾਂ ਦੇ ਨੇਤਾਵਾਂ ਵੱਲੋਂ 'ਖਾੜਕੂ' ਤੱਤਾਂ ਤੋਂ ਸਾਵਧਾਨੀ ਵਰਤਣ ਦੇ ਐਲਾਨਾਂ ਨੇ ਵਧਦੇ ਅੰਦੋਲਨ 'ਤੇ ਕੁਝ ਰੋਕ ਲਾਈ। ਪਰ ਦੁਕਾਨਦਾਰਾਂ ਦਾ ਗੁੱਸਾ ਹਾਵੀ ਰਿਹਾ ਅਤੇ ਇਹ ਵੇਖ ਕੇ ਦਿੱਲੀ ਵਿਚ 29, 30, 31 ਅਕਤੂਬਰ ਨੂੰ ਤਿੰਨ ਦਿਨ ਦਾ ਵਿਆਪਕ ਬੰਦ ਰਹਾ ਅਤੇ ਵੱਡੇ-ਵੱਡੇ ਖਾੜਕੂ ਜਲੂਸ ਵੀ ਨਿਕਲੇ। ਕਾਲੀ ਦੀਵਾਲੀ ਦਾ ਐਲਾਨ ਕਰ ਕੇ ਵਪਾਰੀਆਂ ਨੇ ਸਮੱਸਿਆ ਵਿਰੁੱਧ ਅੰਦੋਲਨ ਨੂੰ ਆਮ ਅੰਦੋਲਨ ਬਣਾਉਣ ਦੀ ਚੇਸ਼ਟਾ ਕੀਤੀ ਤੇ ਇਸ ਸਮੇਂ ਵਪਾਰੀਆਂ ਨੇ ਜਗਾਹ-ਜਗਾਹ 'ਤੇ ਸਥਾਨਕ ਅੰਦੋਲਨ ਵੀ ਵਿਕਸਤ ਕੀਤੇ। ਦਿੱਲੀ ਸਰਕਾਰ ਤੇ ਐੱਮ. ਸੀ. ਡੀ.

ਨੇ ਆਪਣੇ ਆਪ ਨੂੰ ਸ਼ਹਾਦਤਾਂ ਤੋਂ ਡਰਿਆ ਹੋਇਆ ਵਿਖਾ ਕੇ 4-5 ਦਿਨ ਤਕ ਸੀਲਿੰਗ ਰੁਕਵਾ ਦਿੱਤੀ ਇਹ ਕਹਿ ਕੇ ਕਿ ਸਹੀ ਗਿਣਤੀ ਵਿਚ ਪੁਲਿਸ ਫ਼ੋਰਸ ਮੁਹੱਈਆ ਨਹੀਂ ਹੈ।

ਹੁਣ ਅੰਦੋਲਨ ਖ਼ਤਮ ਕਰਾਉਣ ਦੀਆਂ ਤਿਆਰੀਆਂ ਸ਼ੁਰੂ ਹੋਈਆਂ। ਪਹਿਲਾਂ ਸੁਪਰੀਮ ਕੋਰਟ ਨੇ ਐਲਾਨ ਕੀਤਾ ਕਿ ਸੀਲਿੰਗ ਲਾਗੂ ਕਰਵਾਉਣ ਲਈ ਅਰਧ ਸੈਨਿਕ ਬਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਦ ਐੱਮ. ਸੀ. ਡੀ. ਨੇ ਪੁਲਿਸ ਦੀ ਬੇਵਸੀ ਦਾ ਹਵਾਲਾ ਦਿੱਤਾ। ਦੂਜੇ, ਸਾਰੇ ਵਪਾਰੀ ਨੇਤਾ ਗ੍ਰਿਫ਼ਤਾਰ ਹੋ ਗਏ ਤੇ ਕੁਝ ਦਿਲ ਬਾਅਦ ਛੁੱਟ ਕੇ ਆ ਗਏ, ਜਦ ਸ਼ਾਤੀ ਪੂਰਵਕ ਸੀਲਿੰਗ ਹੋਣ ਲੱਗੀ। ਤੀਜੇ, ਵੱਡੀਆਂ ਦੁਕਾਨਾਂ ਨੂੰ ਬੰਦ ਕਰਨ ਤੋਂ ਸ਼ੁਰੂ ਕਰ ਕੇ ਵਿਰੋਧ ਦੀ ਕਮਰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਅਜਿਹਾ ਨਹੀਂ ਹੈ ਕਿ ਵਪਾਰੀਆਂ ਦਾ ਗੁੱਸਾ ਖ਼ਤਮ ਹੋ ਗਿਆ ਹੈ ਪਰ ਆਪਣੇ ਨੀਮ ਪੂੰਜੀਪਤੀ ਜਮਾਤੀ ਖਾਸੇ ਅਨੁਸਾਰ ਉਹ ਹਾਕਮ ਜਮਾਤ ਦੇ ਦਾਇਰਿਆਂ ਤੋਂ ਬਾਹਰ ਆ ਕੇ ਆਪਣੇ ਅੰਦੋਲਨ ਨੂੰ ਉਹਨਾਂ ਨੇਤਾਵਾਂ ਤੋਂ ਹਟ ਕੇ ਚਲਾਉਣ ਦੀ ਨਹੀਂ ਸੋਚ ਰਹੇ ਹਨ। ਕਾਂਗਰਸ ਤੇ ਭਾਜਪਾ ਦੀ ਸਮਾਜਕ ਪਕੜ ਇਹਨਾਂ 'ਤੇ ਹੈ, ਲੜਨ ਲਈ ਮਜਬੂਰ ਹਨ ਤੇ ਕੋਰਟ ਤੇ ਸਰਕਾਰਾਂ ਉਹਨਾਂ ਨੂੰ ਧਮਕਾਉਣ ਦੀਆਂ ਪੂਰੀਆਂ ਕੋਸ਼ਿਸ਼ ਕਰ ਰਹੀਆਂ ਹਨ। ਜੀ. ਕੇ.-1 ਦੀ ਮਾਰਕੀਟ ਬੀ. ਐੱਸ. ਐੱਫ਼. ਨੂੰ ਲੈ ਕੇ ਸੀਲ ਕੀਤੀ ਗਈ।

ਸੁਪਰੀਮ ਕੋਰਟ ਦੇ 24 ਤਰ੍ਹਾਂ ਦੇ ਕਾਰੋਬਾਰ—ਦਵਾਈ, ਕਿਤਾਬ, ਪੈਨਸਿਲ, ਬੈਂਕ ਆਦਿ ਨੂੰ ਪਹਿਲਾਂ ਹੀ ਛੋਟ ਦਿਤੀ ਹੈ। 2186 ਅਧਿਸੂਚਿਤ ਸੜਕਾਂ 'ਤੇ ਦੁਕਾਨਦਾਰਾਂ ਤੋਂ ਹਲਫ਼ੀਆ ਬਿਆਨ ਲਏ ਗਏ ਕਿ ਕੋਰਟ ਦੇ ਕਹਿਣ 'ਤੇ ਉਹ ਦੁਕਾਨਾਂ ਬੰਦ ਕਰ ਦੇਣਗੇ (31 ਜਨਵਰੀ 2007 ਪਿੱਛੋਂ, ਯਾਨੀ ਕਿ ਐੱਮ. ਸੀ. ਡੀ. ਚੋਣਾਂ ਦਾ ਧਿਆਨ ਰੱਖਦਿਆਂ ਹੋਇਆਂ) 18500 ਦੁਕਾਨਦਾਰਾਂ ਨੇ ਅਜਿਹੇ ਪੱਤਰ ਦਿੱਤੇ ਹਨ ਤੇ ਉਹ ਫਿਲਹਾਲ ਬਚੇ ਹੋਏ ਹਨ। 20 ਗਜ਼ ਤੋਂ ਛੋਟੀਆਂ ਪ੍ਰਚੂਨ ਆਦਿ ਦੀਆਂ ਦੁਕਾਨਾਂ ਨੂੰ 'ਵਿਕਾਸ ਫੰਡ' ਦੇਣ 'ਤੇ ਰਾਹਤ ਮਿਲੇਗੀ। ਇਸ ਤਰ੍ਹਾਂ ਸਰਕਾਰੀ ਤਿਜੋਰੀ ਨੂੰ ਪੈਸਾ ਦਿੱਤਾ ਜਾ ਰਿਹਾ ਹੈ। ਕੋਰਟ ਨੇ ਛੋਟ ਦਿੱਤੀ ਹੈ ਕਿ ਰਾਸ਼ਨ ਦੀ ਦੁਕਾਨ, ਕੈਰੋਸੀਲ ਦੀ ਦੁਕਾਨ ਤੇ ਸਾਈਕਲ ਠੀਕ ਕਰਨ ਦੀ ਦੁਕਾਨ ਕਿਤੇ ਵੀ ਚੱਲ ਸਕਦੀ ਹੈ। ਇਹ ਉਸ ਦਾ ਗਰੀਬ ਪੱਖੀ ਅਮੀਰ ਵਿਰੋਧੀ ਕਿਰਦਾਰ ਹੈ। ਇਸ ਤਰ੍ਹਾਂ ਇਸ ਦਲੀਲ ਨੂੰ ਚੁੱਪ ਕਰਾਉਣ ਲਈ ਕੋਰਟ ਮਾਲਾਂ ਲਈ ਜਗਾਹ ਬਣਾ ਰਹੀ ਹੈ। ਸੀਲਿੰਗ ਹੁਣ ਮਾਲ—ਸੀ. ਟੀ. ਸੀ. ਪਲਾਜ਼ਾ—ਤੋਂ ਸ਼ੁਰੂ ਹੋਈ। ਇਹ ਵੱਖਰਾ ਸੁਆਲ ਹੈ ਕਿ ਕੁਝ ਦਿਨਾਂ ਵਿਚ ਇਸ ਮਾਲ ਦੇ ਮਾਲਕ ਨੇ ਕੋਰਟ ਨੂੰ ਸੂਚਿਤ ਕੀਤਾ ਕਿ ਇਸ ਨੇ ਮਾਲ ਦੇ ਲਈ ਐੱਮ. ਸੀ. ਡੀ. ਦੀ ਇਜਾਜ਼ਤ ਲਈ ਸੀ। ਫਿਲਹਾਲ ਕੋਰਟ ਵੱਡੀਆਂ ਦੁਕਾਨਾਂ ਨੂੰ ਹੀ ਬੰਦ ਕਰਵਾ ਰਹੀ ਹੈ। ਜਦ ਕਿ ਬਹੁਤ ਵੱਡੇ ਮਾਲਕਾਂ ਦੀਆਂ

ਦੁਕਾਨਾਂ ਛੱਡੀਆਂ ਜਾ ਰਹੀਆਂ ਹਨ। ਹੋਣਾ ਇਹੀ ਹੈ ਕਿ ਐੱਮ. ਸੀ. ਡੀ. ਚੋਣਾਂ ਆਉਂਦੇ-ਆਉਂਦੇ ਕੁਝ ਮਾਸਟਰ ਪਲਾਨ ਅਧਿਸੂਚਨਾ ਦਾ ਸਿਲਸਿਲਾ ਸ਼ੁਰੂ ਹੋਵੇਗਾ, ਜਿਸ ਨਾਲ ਕਾਂਗਰਸ ਸੀਟਾਂ ਬਚਾਈ ਰੱਖਣ ਦੀ ਕੋਸ਼ਿਸ਼ ਕਰੇਗੀ। ਬਹੁਤ ਛੋਟੀਆਂ ਦੁਕਾਨਾਂ ਨੂੰ ਰਾਹਤ ਮਿਲ ਜਾਵੇਗੀ। ਪਰ ਉਹ ਗਾਹਕ ਜੋ ਮਾਲ ਵਿਚ ਜਾ ਸਕਦਾ ਹੈ, ਉਹ ਅੱਜ ਜਿਹਨਾਂ ਬਜ਼ਾਰਾਂ ਵਿਚ ਜਾਂਦਾ ਹੈ, ਉਹ ਬੰਦ ਹੋ ਜਾਣਗੇ। ਦਿੱਲੀ ਸ਼ਹਿਰ ਵਾਸੀਆਂ ਨੂੰ ਭਿਆਨਕ ਆਰਥਕ ਘਾਟਾ ਇਸ ਮਾਮਲੇ ਦੌਰਾਨ ਹੋਇਆ ਹੈ। ਵੱਡੇ ਬਜ਼ਾਰ, ਵਿਸ਼ੇਸ਼ ਕਰਕੇ ਥੋਕ ਬਜ਼ਾਰ ਨੂੰ ਬਹੁਤ ਹਾਨੀ ਹੋਈ ਹੈ। ਵਿਅਕਤੀਗਤ ਆਰਥਕ ਨੁਕਸਾਨ ਬਹੁਤ ਹੋਇਆ ਹੈ, ਵਪਾਰੀਆਂ ਨੂੰ ਅਨਿਸ਼ਚਤਤਾ ਦੇ ਮਾਹੌਲ ਵਿਚ ਥੋਕ ਵਪਾਰੀ ਉਧਾਰ ਸਾਮਾਨ ਨਹੀਂ ਦੇ ਰਹੇ ਹਨ, ਇਹਨਾਂ ਦੀ ਕਾਲੀ ਦੀਵਾਲੀ ਪਿੱਛੇ ਮੰਦੇ ਵਪਾਰ ਵੀ ਸਨ। ਕੋਰਟ ਤੇ ਸਰਕਾਰ (ਕੇਂਦਰੀ ਤੇ ਦਿੱਲੀ) ਨੇ ਇਸ ਨੂੰ ਆਪਣੇ ਵਿਚ ਅੰਤਰ-ਵਿਰੋਧ ਵਿਖਾ ਕੇ ਕੋਰਟ ਦੇ ਪ੍ਰਕੋਪ ਸਾਹਮਣੇ ਵਪਾਰੀਆਂ ਨੂੰ ਚੁੱਪ ਕਰਵਾਇਆ ਹੈ ਤੇ ਕਿਸੇ ਵੀ ਵਪਾਰੀ ਸੰਗਠਨ ਨੇ ਕੋਰਟ ਖ਼ਿਲਾਫ਼ ਸ਼ਾਤੀਪੂਰਨ ਮੁਜ਼ਾਹਰੇ ਦਾ ਵੀ ਸੱਦਾ ਨਹੀਂ ਦਿੱਤਾ। ਇਹਨਾਂ ਦੁਕਾਨਾਂ ਦੇ ਨਾਲ ਇਹਨਾਂ ਦੁਕਾਨਾਂ ਦੇ ਨੌਕਰਾਂ ਦੀ ਵੀ ਰੋਟੀ-ਰੋਜ਼ੀ ਜੁੜੀ ਹੈ ਪਰ ਦਲਾਲ ਹਾਕਮਾਂ ਲਈ ਬਹੁ-ਕੌਮੀ ਕੰਪਨੀਆਂ ਨਾਲ ਭਰੀ ਵਪਾਰਕ ਦਿੱਲੀ ਦਾ ਹੀ ਸੁਪਨਾ ਹੈ। ਇਸ ਪਿੱਛੇ ਬਿਰਲੇ ਨੇ ਵੀ ਪ੍ਰਚੂਨ ਖੇਤਰ ਵਿਚ ਆਉਣਾ ਹੈ।

# ਗਾਂਧੀ ਬਨਾਮ ਭਗਤ ਸਿੰਘ

ਭਾਰਤ ਵਿਚ ਅਨੇਕਾਂ ਕਿਸਮ ਦੇ ਗਾਂਧੀਵਾਦੀ ਮੌਜੂਦ ਹਨ। ਨਾਸਤਿਕ ਗਾਂਧੀਵਾਦੀ, ਕਮਿਊਨਿਸਟ ਗਾਂਧੀਵਾਦੀ, ਗਾਂਧੀਵਾਦੀ ਸਮਾਜਵਾਦ ਨੂੰ ਧਾਰਮਿਕ ਸਮਾਜਵਾਦ ਦੇ ਰੂਪ ਵਿਚ ਹਾਸਲ ਕਰਨ ਦੀ ਤਮੰਨਾ ਰੱਖਣ ਵਾਲੇ, ਸਰਵੋਦਈ ਜੋ ਗਾਂਧੀਵਾਦ ਨੂੰ ਸਰਬ ਰੋਗ-ਨਿਰੋਧਕ ਹੋਣ ਦਾ ਪ੍ਰਚਾਰ ਕਰਦੇ ਹਨ, ਕਾਂਗਰਸੀ ਜੋ ਗਾਂਧੀ ਨੂੰ ਉਹਨਾਂ ਉਚਾਈਆਂ ’ਤੇ ਬਿਠਾਉਂਦੇ ਹਨ ਜਿਵੇਂ ਉਹ ਗਾਂਧੀ ਨੂੰ ਰੱਬ ਵਾਂਗੂੰ ਮੰਨਦੇ ਹੋਣ। ਇਸ ਤਰ੍ਹਾਂ ਵੱਖ-ਵੱਖ ਕਿਸਮ ਦੇ ਗਾਂਧੀਵਾਦੀਆਂ ਦੀ ਮੌਜੂਦਗੀ ਵਾਲਾ ਦੇਸ਼ ਹੈ ਸਾਡਾ। ਆਪਣੇ ਦੇਸ਼ ਵਿਚ ਉਹ ‘ਗਾਂਧੀਵਾਦੀ ਕਲਟ’ ਵੀ ਬਰਕਰਾਰ ਹੈ, ਜਿਥੇ ਗਾਂਧੀ ਦੀ ਅਲੋਚਨਾ ਕਰਨਾ ਸਮੁੱਚੀ ਕੌਮ ਦੇ ਅਪਮਾਨ ਤੋਂ ਘੱਟ ਨਹੀਂ ਸਮਝਿਆ ਜਾਂਦਾ ਅਤੇ ਨਾਲ ਹੀ ਇਸ ਨੂੰ ਦੇਸ਼ ਧ੍ਰੋਹ ਤੋਂ ਵੀ ਵੱਧ ਪਾਪ ਮੰਨਿਆ ਜਾਦਾ ਹੈ। ਹੈਰਾਨੀ ਦੀ ਗੱਲ ਹੈ ਕਿ ਉਕਤ ਵੱਖ-ਵੱਖ ਵਿਚਾਰਾਂ ਵਾਲੇ ਸਾਰੇ ਲੋਕ ਭਗਤ ਸਿੰਘ ਨੂੰ ਵੀ ਸਲਾਮ ਕਰਦੇ ਹਨ ਅਤੇ ਉਹਨਾਂ ਦੀ ਤਾਰੀਫ਼ ਵੀ ਕਰਦੇ ਹਨ। ਲੋਕਾਂ ਵਿਚ ਇਹ ਕਹਾਵਤ ਵੱਡੇ ਪੈਮਾਨੇ ’ਤੇ ਫੈਲਾ ਦਿੱਤੀ ਗਈ ਹੈ ਕਿ ਭਾਵੇਂ ਗਾਂਧੀ ਤੇ ਭਗਤ ਸਿੰਘ ਦੋਹਾਂ ਦੇ ਆਪਣੇ-ਆਪਣੇ ਰਾਹ ਵੱਖ-ਵੱਖ ਕਿਉਂ ਨਾ ਹੋਣ ਪਰ ਦੋਹਾਂ ਨੇ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਅਣਥੱਕ ਕੋਸ਼ਿਸ਼ ਕੀਤੀ ਸੀ। ਇਸ ਦੌਰਾਨ ਭਗਤ ਸਿੰਘ ਨੇ ਆਪਣੇ ਜੀਵਲ ਦੀ ਬਲੀ ਦਿੱਤੀ ਤੇ ਗਾਂਧੀ ਆਪਣੇ ਉਦੇਸ਼ ਵਿਚ ਜੇਤੂ ਰਹੇ। ਇਹ ਮੰਨਣਾ ਕਿ ਗਾਂਧੀ ਤੇ ਭਗਤ ਸਿੰਘ ਦੋਹਾਂ ਦਾ ਮਕਸਦ ਇਕ ਹੀ ਸੀ, ਅਸਲ ਵਿਚ ਭਗਤ ਸਿੰਘ ਦਾ ਅਪਮਾਨ ਕਰਨਾ ਤੇ ਜੋ ਮਹਾਨ ਮਕਸਦ ਗਾਂਧੀ ਵਿਚ ਮੌਜੂਦ ਨਹੀਂ ਸਨ, ਉਹਨਾਂ ਨੂੰ ਗਾਂਧੀ ਦੇ ਆਦਰਸ਼ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ ਹੈ। ਦੋ-ਟੁੱਕ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਇਹਨਾਂ ਦੋਹਾਂ ਦੇ ਵਿਚਾਰ ਆਪਸੀ ਜਮਾਤੀ ਦੁਸ਼ਮਣੀ ਵਾਲੇ ਸਨ, ਇਕ ਦੂਜੇ ਦੇ ਵਿਰੋਧੀ ਸਨ। ਇਹੀ ਕਾਰਨ ਹੈ ਕਿ ਦਾਰਸ਼ਨਿਕ ਚਿੰਤਨ ਵਿਚ, ਸਮਾਜਕ ਸਮਝ ਵਿਚ ਤੇ ਰਾਜਸੀ ਪੰਥਾਂ ਨੂੰ ਅਪਣਾਉਣ ਵਿਚ ਦੋਨੋਂ ਪੂਰੀ ਤਰ੍ਹਾਂ ਇਕ ਦੂਜੇ ਦੇ ਉਲਟ ਸੁਭਾਅ ਤੇ ਆਚਰਣ ਵਾਲੇ ਸਨ। ਇਸ ਸੰਬੰਧੀ ਵਿਚ ਦੇਸ਼ ਦੀ ਜਨਤਾ ਨੂੰ ਜੋ ਕੁਝ ਪਤਾ ਸੀ, ਉਸ ਤੋਂ ਕਿਤੇ ਵੱਧ ਗਹਿਰਾਈ ਨਾਲ ਇਹ ਸਪੱਸ਼ਟ ਰੂਪ ਵਿਚ ਖ਼ੁਦ ਗਾਂਧੀ ਨੂੰ ਪਤਾ ਸੀ। ਇਹੀ ਕਾਰਨ ਸੀ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫ਼ਾਂਸੀ ਤੋਂ ਬਚਾਉਣ ਲਈ ਅੱਛਾ ਮੌਕਾ ਮਿਲਣ ਦੇ ਬਾਵਜੂਦ ਗਾਂਧੀ ਨੇ ਕੁਝ ਨਹੀਂ ਕੀਤਾ।

ਇਸ ਘਟਨਾ ਦੇ 77 ਸਾਲ ਗੁਜ਼ਰ ਜਾਣ ਬਾਅਦ ਵੀ ਇਹ ਮੁੱਦਾ ਚਰਚਾ ਦਾ ਕੇਂਦਰ ਬਣਿਆ ਰਿਹਾ ਹੈ। ਆਜ਼ਾਦੀ ਸੰਗਰਾਮ ਨਾਲ ਜੁੜੇ ਰਾਜਸੀ ਨੇਤਾਵਾਂ ਦੀਆਂ ਡਾਇਰੀਆਂ, ਵਾਇਸਰਾਏ ਦੀ ਆਤਮ-ਕਥਾ, ਗ੍ਰਹਿ ਮੰਤਰਾਲੇ ਦੀਆਂ ਫ਼ਾਇਲਾਂ, 'ਕਾਂਗਰਸ ਚਰਿੱਤਰ' (ਡਾ. ਪਟਾਮੀ ਸੀਤਾਰਮਈਆ ਦੀ ਲਿਖੀ ਤੇਲਗੂ ਪੁਸਤਕ ਜਿਸ ਨੂੰ ਹਿੰਦੀ ਵਿਚ 'ਕਾਂਗਰਸ ਇਤਿਹਾਸ' ਕਿਹਾ ਜਾਂਦਾ ਹੈ) ਇਹਨਾਂ ਸਾਰਿਆਂ ਦਾ ਅਧਿਐਨ ਕਰ ਕੇ ਇਕੋ ਵੇਲੇ ਰੱਖ ਕੇ ਵਿਸ਼ਲੇਸ਼ਨ ਕੀਤਾ ਜਾਵੇ ਤਾਂ ਗੱਲ ਸਪਸ਼ਟ ਤੌਰ 'ਤੇ ਖੁੱਲ੍ਹ ਕੇ ਸਾਹਮਣੇ ਆ ਸਕਦੀ ਹੈ ਕਿ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਫ਼ਾਂਸੀ ਦੀ ਮੁਆਫ਼ੀ ਲਈ ਗਾਂਧੀ ਤੇ ਨਹਿਰੂ ਦੋਨਾਂ ਦੇ ਯਤਨ ਨਾਮਾਤਰ ਵੀ ਨਹੀਂ ਸਨ। ਬ੍ਰਿਟਿਸ਼ ਸਾਸ਼ਨ ਦਿੱਲੀ ਦੀ ਸੰਸਦ ਵਿਚ ਜਨ ਸੁਰੱਖਿਆ ਬਿਲ (Public Safety Bill) ਤੇ ਕਿਰਤ ਵਿਵਾਦ ਬਿੱਲ (Trae dispute Bill) ਨੂੰ ਪਾਸ ਕਰਾਉਣ ਲਈ ਵਚਨਬੱਧ ਸਨ। ਇਹਨਾਂ ਹਾਲਤਾਂ ਵਿਚ ਇਹਨਾਂ ਵਿਰੁੱਧ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਦੇ ਫ਼ੈਸਲੇ ਅਨੁਸਾਰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਜਾਨ ਨੂੰ ਨੁਕਸਾਨ ਨਾ ਪਹੁੰਚਾਉਣ ਵਾਲੇ ਬੰਬ ਸੰਸਦ ਵਿਚ ਸੁੱਟ ਕੇ ਸਰਕਾਰ ਕੋਲੋਂ ਪਾਸ ਕੀਤੇ ਜਾ ਰਹੇ ਕਾਲੇ ਕਾਨੂੰਨਾਂ ਪ੍ਰਤੀ ਆਪਣਾ ਵਿਰੋਧ ਜ਼ਾਹਿਰ ਕੀਤਾ ਸੀ। ਆਪਣੇ ਵਿਰੋਧ ਦੇ ਕਾਰਨਾਂ ਨੂੰ ਸਪਸ਼ਟ ਕਰਦਿਆਂ ਉਹਨਾਂ ਪਰਚੇ ਸੁੱਟੇ ਸਨ ਅਤੇ ਨਾਹਰੇ ਲਾਉਂਦਿਆਂ ਗ੍ਰਿਫ਼ਤਾਰੀ ਦਿੱਤੀ ਸੀ। ਇਸ ਮੁਕੱਦਮੇ ਵਿਚ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੂੰ 10-7-1929 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

1928 ਦੇ ਅਕਤੂਬਰ ਵਿਚ ਜਦ ਸਾਈਮਨ ਕਮਿਸ਼ਨ ਲਾਹੌਰ ਦਾਖ਼ਲ ਹੋ ਰਿਹਾ ਸੀ ਤਾਂ 'ਸਾਈਮਨ ਵਾਪਸ ਜਾਓ' ਦੇ ਨਾਹਰੇ ਨਾਲ ਉਥੇ ਆਯੋਜਿਤ ਵਿਸ਼ਾਲ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਲਾਲਾ ਲਾਜਪਤ ਰਾਏ 'ਤੇ ਬ੍ਰਿਟਿਸ਼ ਪੁਲਿਸ ਅਫ਼ਸਰਾਂ ਨੇ ਸੇਧ-ਸੇਧ ਕੇ ਡਾਂਗਾਂ ਵਰ੍ਹਾਈਆਂ ਤੇ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਸਿੱਟੇ ਵਜੋਂ ਕੁਝ ਦਿਨਾਂ ਬਾਅਦ ਉਹਨਾਂ ਦੀ ਮੌਤ ਹੋ ਗਈ। ਭਾਵੇਂ ਲਾਜਪਤ ਰਾਏ ਕਾਂਗਰਸ ਦੇ ਨਰਮ ਪੰਥੀ ਧੜੇ ਦੇ ਨੇਤਾ ਸਨ ਫਿਰ ਵੀ ਉਹਨਾਂ ਦੀ ਮੌਤ 'ਤੇ ਨੌਜਵਾਨਾਂ ਖ਼ਾਸ ਕਰਕੇ ਪੰਜਾਬ ਦੇ ਨੌਜਵਾਨਾਂ ਵਿਚ ਉਸ ਵੇਲੇ ਦੀ ਸਰਕਾਰ ਪ੍ਰਤੀ ਘ੍ਰਿਣਾ ਜਾਗ ਉਠੀ ਸੀ। ਲਾਲਾ ਜੀ ਦੇ ਕਤਲ ਦੇ ਪ੍ਰਤੀਕ੍ਰਮ ਵਜੋਂ ਮਿਤੀ 12 ਦਸੰਬਰ 1928 ਨੂੰ ਦਿਨ ਦਿਹਾੜੇ ਲਾਹੌਰ ਸ਼ਹਿਰ ਵਿਚ ਬ੍ਰਿਟਿਸ਼ ਪੁਲਿਸ ਅਫ਼ਸਰ ਸਾਂਡਰਸ ਨੂੰ ਰਾਜਗੁਰੂ, ਭਗਤ ਸਿੰਘ ਤੇ ਬਟੂਕੇਸ਼ਵਰ ਆਜ਼ਾਦ ਆਦਿ ਨੌਜਵਾਨਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਤਦ ਤਕ ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਕੇਂਦਰੀ ਪਾਰਲੀਮੈਂਟ ਵਿਚ ਬੰਬ ਸੁੱਟ ਕੇ ਗ੍ਰਿਫ਼ਤਾਰੀ ਨਹੀਂ ਦਿੱਤੀ ਸੀ। ਸਾਂਡਰਸ ਨੂੰ ਕਿਸ ਨੇ ਮਾਰਿਆ ਹੈ, ਇਸ ਦੇ ਬਾਰੇ ਦੁਨੀਆਂ ਨੂੰ ਕੁਝ ਵੀ ਪਤਾ ਨਹੀਂ ਸੀ। ਸਾਂਡਰਸ ਦੀ ਹੱਤਿਆ ਨੂੰ ਹੀ ਲਾਹੌਰ ਸਾਜ਼ਿਸ਼ ਕੇਸ ਵਿਚ ਬਦਲ ਕੇ ਬ੍ਰਿਟਿਸ਼ ਅਦਾਲਤ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 7 ਅਕਤੂਬਰ 1930 ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ ਅਤੇ 24 ਮਾਰਚ 1931

ਨੂੰ ਫ਼ਾਂਸੀ ਲਾਉਣ ਲਈ ਜੇਲ੍ਹ ਅਧਿਕਾਰੀਆਂ ਨੂੰ ਹੁਕਮ ਭੇਜ ਦਿੱਤਾ।

ਅਦਾਲਤ ਦੇ ਫ਼ੈਸਲੇ ਦੀ ਸੁਣਵਾਈ ਤੇ ਫ਼ਾਂਸੀ ਤੇ ਆਮਲ ਵਿਚਕਾਰ ਸਾਢੇ ਪੰਜ ਮਹੀਨੇ ਦਾ ਸਮਾਂ ਸੀ। ਅਦਾਲਤ ਦੀ ਸੁਣਵਾਈ 'ਤੇ ਦੇਸ਼ ਵਿਚ ਵੱਡੇ ਪੈਮਾਨੇ ਤੇ ਲੋਕ ਅੰਦੋਲਨ ਭੜਕ ਪਿਆ ਸੀ। ਵਿਦਿਆਰਥੀਆਂ ਨੇ ਹੜਤਾਲਾਂ ਕੀਤੀਆਂ, ਇਹਨਾਂ ਹੜਤਾਲਾਂ ਦਾ ਕੇਂਦਰ ਸਹਿਜ ਹੀ ਲਾਹੌਰ ਸ਼ਹਿਰ ਸੀ। ਅਜਿਹੇ ਇਕ ਮੁਜ਼ਾਰੇ ਦੌਰਲ ਪੁਲਿਸ ਫ਼ੋਰਸ ਨੇ ਅੰਧਾਧੁੰਦ ਲਾਠੀਆਂ ਵਰ੍ਹਾਈਆਂ ਜਿਸ ਵਿਚ ਡੀ. ਏ. ਵੀ. ਕਾਲਜ ਦੇ ਵਿਦਿਆਰਥੀ ਤੇ ਅਧਿਆਪਕ ਮੌਜੂਦ ਸਨ। ਕਾਂਗਰਸ ਪਾਰਟੀ ਦੇ ਆਮ ਸਧਾਰਨ ਮੈਂਬਰਾਂ ਤੋਂ ਲੈ ਕੇ ਕੁਝ ਰਾਜਸੀ ਨੇਤਾਵਾਂ ਤਕ ਨੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਫ਼ਾਂਸੀ ਮੁਆਫ਼ ਕਰਾਉਣ ਦੇ ਵਾਸਤੇ ਬ੍ਰਿਟਿਸ਼ ਹਕੂਮਤ ਨਾਲ ਗੱਲਬਾਤ ਦੌਰਾਨ ਇਸ ਨੂੰ ਇਕ ਸ਼ਰਤ ਵਜੋਂ ਰੱਖੇ ਜਾਣ ਲਈ ਦਬਾਅ ਪਾਇਆ ਅਤੇ ਸਭ ਨੇ ਇੱਛਾ ਜ਼ਾਹਿਰ ਕੀਤੀ ਸੀ ਕਿ ਗਾਂਧੀ-ਇਰਵਨ ਸਮਝੌਤੇ ਵਿਚ ਇਸ ਗੱਲ ਨੂੰ ਇਕ ਮੁੱਦੇ ਵਜੋਂ ਪੇਸ਼ ਕੀਤਾ ਜਾਵੇ। ਡਾ. ਪਟਾਭੀ ਸੀਤਾਰਮਈਆ ਵੱਲੋਂ ਲਿਖਿਆ 'ਕਾਂਗਰਸ ਚਰਿੱਤਰ' ਵਿਚ ਇਹ ਦਰਜ ਕੀਤਾ ਸੀ ਕਿ "ਭਗਤ ਸਿੰਘ ਤੇ ਉਹਨਾਂ ਦੇ ਪੈਰੋਕਾਰ ਜਿਵੇਂ ਰਾਜਗੁਰੂ ਤੇ ਸੁਖਦੇਵ ਨੂੰ ਦਿੱਤੇ ਗਏ ਫ਼ਾਂਸੀ ਦੇ ਦੰਡ ਨੂੰ ਹਟਾ ਦੇਣ ਸਬੰਧੀ ਕਾਫ਼ੀ ਬਹਿਸ ਚਲਾਈ ਜਾਵੇਗੀ। ਕੁਝ ਹੀ ਦਿਨਾਂ ਵਿਚ ਇਹਨਾਂ ਤਿੰਨਾਂ (ਨੌਜਵਾਨਾਂ) ਨੂੰ ਫ਼ਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਜਾਵੇਗਾ। ਹੁਣ ਤੋਂ ਹੀ ਦੇਸ਼ ਭਰ ਵਿਚ ਬਹੁਤ ਸ਼ੋਰ-ਸ਼ਰਾਬਾ ਮੱਚ ਰਿਹਾ ਹੈ। ਸਭ ਦੇਸ਼ ਵਾਸੀਆਂ ਦੇ ਦਿਲਾਂ ਵਿਚ ਤਸੱਲੀ ਤੇ ਸ਼ਾਂਤੀ ਲਿਆਉਣ ਦੇ ਵਿਚਾਰ ਨਾਲ ਇਸ ਫ਼ਾਂਸੀ ਦੀ ਸਜ਼ਾ ਨੂੰ ਰੱਦ ਕਰਾਉਣ ਲਈ ਕਾਂਗਰਸ ਪਾਰਟੀ ਵਿਚ ਵੀ ਤਰਥੱਲੀ ਮੱਚੀ ਹੋਈ ਸੀ।" (ਕਾਂਗਰਸ ਚਰਿੱਤਰ, ਪੰਨਾ 643)

ਗਾਂਧੀ-ਇਰਵਨ ਵਾਰਤਾ 1 ਫ਼ਰਵਰੀ 1931 ਤੋਂ 4 ਮਾਰਚ 1931 ਤਕ ਚੱਲੀ ਸੀ। ਇਸ ਬਾਤਚੀਤ ਚਿ ਕੁਝ ਸਮਾਂ ਛੱਡ ਕੇ ਲੰਮੀ ਚਰਚਾ ਹੋਈ ਸੀ ਅਤੇ ਦੋਹਾਂ ਵਿਚਕਾਰ 12 ਮੁੱਦਿਆਂ 'ਤੇ ਇਕਰਾਰ ਹੋਇਆ ਸੀ। ਦੇਸ਼ ਭਰ ਵਿਚ ਆਮ ਲੋਕਾਂ ਦੀ ਭਾਰੀ ਇੱਛਾ ਸੀ ਕਿ ਭਗਤ ਸਿੰਘ ਤੇ ਉਸ ਦੇ ਹੋਰ ਦੋ ਸਾਥੀਆਂ ਦੀ ਫ਼ਾਂਸੀ ਰੱਦ ਕਰਨ ਦੀ ਸ਼ਰਤ ਇਸ ਇਕਰਾਰਨਾਮੇ ਵਿਚ ਮੌਜੂਦ ਹੋਵੇ ਪਰ ਉਹਨਾਂ ਸ਼ਰਤਾਂ ਵਿਚ ਇਹ ਸ਼ਰਤ ਸ਼ਾਮਲ ਨਹੀਂ ਸੀ ਅਤੇ ਗਾਂਧੀ-ਇਰਵਨ ਬਹਿਸਾਂ ਵਿਚ ਵੀ ਇਹ ਗੱਲ ਨਹੀਂ ਆਈ ਸੀ। ਜੇ ਆਈ ਵੀ ਹੁੰਦੀ ਤਾਂ ਅਸਲੀ ਗੱਲਾਂ ਕਿਥੇ ਸਨ। ਇਹਨਾਂ ਸਾਰਿਆਂ ਬਾਰੇ ਆਮ ਜਨਤਾ ਨੂੰ ਸ਼ਾਇਦ ਹੀ ਕੁਝ ਪਤਾ ਲੱਗਾ ਹੋਵੇ।

ਸਮਝੌਤੇ ਤੋਂ ਤੁਰੰਤ ਬਾਅਦ ਆਯੋਜਿਤ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਤਰਕਾਰ ਸੰਮੇਲਨ ਵਿਚ ਗਾਂਧੀ ਨੂੰ ਇਕ ਪੱਤਰਕਾਰ ਨੇ ਸੁਆਲ ਕੀਤਾ ਸੀ :

ਪ੍ਰਸ਼ਨ—ਕੀ ਭਗਤ ਸਿੰਘ ਆਦਿ ਲੋਕਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਵਿਚ ਤਬਦੀਲ ਕਰ ਦਿੱਤਾ ਹੈ?

ਉੱਤਰ—ਜੇ ਇਹ ਸੁਆਲ ਮੈਨੂੰ ਨਾ ਪੁੱਛੋ ਤਾਂ ਹੀ ਅੱਛਾ ਹੈ। ਇਸ ਬਾਰੇ ਪੱਤਰ—ਪੱਤ੍ਰਿਕਾਵਾਂ ਵਿਚ ਕਾਫ਼ੀ ਸਮੱਗਰੀ ਪ੍ਰਕਾਸ਼ਿਤ ਹੋ ਰਹੀ ਹੈ। ਪੱਤ੍ਰਿਕਾਵਾਂ ਦੇ ਪ੍ਰਤੀਨਿਧ ਇਸ ਦੇ ਆਧਾਰ ’ਤੇ ਸਾਰਾਂਸ਼ ਕੱਢ ਸਕਦੇ ਹਨ। ਇਸ ਤੋਂ ਵੱਧ ਬੋਲਦਾ ਮੈਨੂੰ ਉੱਕਾ ਹੀ ਪਸੰਦ ਨਹੀਂ ਹੈ। (ਕਾਂਗਰਸ ਚਰਿਤੱਰ, ਪੰਨੇ 653-64)

ਉਹਨਾਂ ਦਿਨਾਂ ਦੀਆਂ ਪੱਤਰ-ਪੱਤ੍ਰਿਕਾਵਾਂ ਤੋਂ ਜੋ ਵੀ ਪਤਾ ਲੱਗਿਆ ਉਹ ਬਸ ਉਨਾ ਹੀ ਸੀ ਪਰ ਡਾ. ਪਟਾਮੀ ਵੱਲੋਂ ‘ਕਾਂਗਰਸ ਚਰਿੱਤਰ’ ਲਿਖ ਲੈਣ ਪਿੱਛੋਂ ਇਕ ਹੋਰ ਮੁੱਦਾ ਸਾਹਮਣੇ ਆਇਆ ਸੀ। ਉਹ ਇਹ ਕਿ ਅਸਲ ਵਿਚ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਦਿੱਤੀ ਗਈ ਸਜ਼ਾਏ-ਮੌਤ ਨੂੰ 24 ਮਾਰਚ 1931 ਵਿਚ ਅਮਲ ਵਿਚ ਲਿਆਂਦਾ ਜਾਣਾ ਸੀ ਪਰ 25 ਮਾਰਚ ਨੂੰ ਕਰਾਚੀ ਵਿਚ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਵਿਚ ਕਾਂਗਰਸ ਦਾ ਸੈਸ਼ਨ ਆਰੰਭ ਹੋਣ ਜਾ ਰਿਹਾ ਸੀ। ਇਸ ਨਾਲ ਇਕ ਦਿਨ ਪਹਿਲਾਂ (ਯਾਨੀ 24 ਮਾਰਚ ਨੂੰ) ਨਹਿਰੂ ਦੇ ਕਰਾਚੀ ਆਗਮਨ ਮੌਕੇ ਲੋਕਾਂ ਵਿਚ ਉਸ ਖ਼ਿਲਾਫ਼ ਤੇਜ਼ ਅਸੰਤੋਸ਼ ਭੜਕ ਸਕਦਾ ਸੀ। ਇਸ ਲਈ ਗਾਂਧੀ ਨੇ ਇਰਵਨ ਨੂੰ ਸੁਝਾਅ ਦਿੱਤਾ ਕਿ ਇਕ ਦਿਨ ਪਹਿਲਾਂ ਹੀ (ਯਾਨੀ 23 ਮਾਰਚ ਨੂੰ) ਉਹਨਾਂ ਨੂੰ ਫ਼ਾਂਸੀ ਦੇ ਦਿੱਤੀ ਜਾਏ। ‘ਕਾਂਗਰਸ ਚਰਿੱਤਰ’ ਵਿਚ ਲਿਖਿਆ ਗਿਆ ਹੈ ਕਿ “ਇਰਵਾਨ ਨੇ ਵਿਸ਼ਵਾਸ ਦਿੱਤਾ ਸੀ ਕਿ ਕਾਂਗਰਸ ਦੇ ਕਰਾਚੀ ਸੈਸ਼ਨ ਦੀ ਸਮਾਪਤੀ ਤਕ ਉਹ ਕਿਸੇ ਤਰ੍ਹਾਂ ਫ਼ਾਂਸੀ ਨੂੰ ਅਟਕਾ ਕੇ ਰੱਖ ਲੈਣਗੇ। ਇਸ ਸੈਸ਼ਨ ਨੇ ਮਾਰਚ ਮਹੀਨੇ ਦੇ ਆਖ਼ਰੀ ਹਫ਼ਤੇ ਤਕ ਸੰਪੰਨ ਹੋਣਾ ਸੀ। ਇਸ ਲਈ ਗਾਂਧੀ ਨੇ (ਇਰਵਨ ਨੂੰ) ਦੱਸਿਆ ਕਿ ਜੇ ਇਹਨਾਂ ਲੜਕਿਆਂ ਨੂੰ ਫ਼ਾਂਸੀ ਦਿੱਤਾ ਹੀ ਜਾਣਾ ਹੈ ਤਾਂ ਕਾਂਗਰਸ ਸੈਸ਼ਨ ਦੇ ਸ਼ੁਰੂ ਹੋਣ ਤੋਂ ਇਕ ਦਿਲ ਪਹਿਲਾਂ ਹੀ ਉਸ ’ਤੇ ਅਮਲ ਕੀਤਾ ਜਾ ਸਕਦਾ ਹੈ।” (ਉਹੀ, ਪੰਨਾ 643)

ਗਾਂਧੀ ਵੱਲੋਂ ਇਰਵਨ ਨੂੰ ਇਸ ਤਰ੍ਹਾਂ ਦਾ ਸੁਝਾਅ ਦੇਣ ਦਾ ਮਤਲਬ ਕੀ ਹੋ ਸਕਦਾ ਹੈ? ਜੀਵ ਹਿੰਸਾ ਦੇ ਵਿਰੋਧੀ ‘ਮਹਾਤਮਾ’ ਫ਼ਾਂਸੀ ਦੀ ਸਜ਼ਾ ਨੂੰ ਰੱਦ ਕੀਤੇ ਜਾਣ ਤਕ ਵਰਤ ਰੱਖਣ ਦੀ ਧਮਕੀ ਦੇ ਕੇ ਕਿਸੇ ਵੀ ਸੂਰਤ ਵਿਚ ਉਹਨਾਂ ਦੀ ਫ਼ਾਂਸੀ ਨੂੰ ਰੱਦ ਕਰਾਉਣ ਦੀ ਬਜਾਏ ਉਸ ’ਤੇ ਅਮਲ ਕਰਾਉਣ ਲਈ ਨਿਯਤ ਦਿਨ ਤੋਂ ਹਿਕ ਦਿਨ ਪਹਿਲਾਂ ਹੀ ਉਸ ਨੂੰ ਲਾਗੂ ਕਰਾਉਣ ਦੀ ਬੇਨਤੀ ਕੀਤੇ ਜਾਣਾ ਕਿਸੇ ਨੂੰ ਵੀ ਹੈਰਾਨੀ (ਜਾਂ ਸ਼ੱਕ) ਵਿਚ ਪਾ ਸਕਦਾ ਹੈ। ਕਾਂਗਰਸ ਦੇ ਕਰਾਚੀ ਸੈਸ਼ਨ ਵੱਲੋਂ ਮਨਜ਼ੂਰ ਪ੍ਰਸਤਾਵ ਅਨੁਸਾਰ ਜਾਂ ਫਿਰ ‘ਕਾਂਗਰਸ ਚਰਿੱਤਰ’ ਦੇ ਲੇਖਕ ਡਾ. ਪਟਾਮੀ ਦੇ ਲੇਖ ਵਿਚ ਇਹ ਦੱਸਿਆ ਗਿਆ ਸੀ ਕਿ ਫ਼ਾਂਸੀ ਦੀ ਸਜ਼ਾ ਨੂੰ ਰੱਦ ਕੀਤੇ ਜਾਣ ਦੇ ਪ੍ਰਤਾਵ ਦੇ ਬਾਵਜੂਦ ਕੋਈ ਫ਼ਾਇਦਾ ਨਹੀਂ ਹੋ ਸਕਿਆ। ਪਰ ਗਾਂਧੀ-ਇਰਵਨ ਸਮਝੌਤੇ ਦੌਰਾਨ ਹੋਈ ਅਣ-ਅਧਿਕਾਰਤ ਗੱਲਬਾਤ ਬਾਰੇ ਗਾਂਧੀ ਦੇ ਲੇਖ, ਫ਼ਾਂਸੀ ਦੀ ਸਜ਼ਾ ’ਤੇ ਅਮਲ ਹੋਣ ਤੋਂ ਚਾਰ ਦਿਨ ਪਹਿਲਾਂ ਸਮਝੌਤੇ ਦੇ ਅਮਲ ਵਿਚ ਮੌਜੂਦ ਕੁਝ

ਕੁ ਭੁੱਲਾਂ ਨੂੰ ਦੱਸਣ ਵਾਸਤੇ ਗਾਂਧੀ ਦੀ ਵਾਇਸਰਾਏ ਨਾਲ ਦੁਬਾਰਾ ਮੁਲਾਕਾਤ ਬਾਰੇ ਇਰਵਨ ਵੱਲੋਂ ਆਪਣੀ ਡਾਇਰੀ ਵਿਚ ਅੰਕਿਤ ਮੁੱਦਿਆਂ ਨੂੰ ਧਿਆਨ ਵਿਚ ਰੱਖ ਕੇ ਗੌਰ ਨਾਲ ਵੇਖਿਆ ਜਾਏ ਤਾਂ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ।

ਗਾਂਧੀ ਦੀਆਂ ਰਚਨਾਵਾਂ ਵਿਚ "ਵਾਇਸਰਾਏ ਨਾਲ ਰੂ-ਬ-ਰੂ" ਸਿਰਲੇਖ ਤਹਿਤ ਸਾਲ 18-02-1931 ਦੀ ਰਿਪੋਰਟ ਵਿਚ ਕੁਝ ਭਾਗ ਇਸ ਤਰ੍ਹਾਂ ਸੀ:

"ਹੁਣ ਤੀਜੇ ਮੁੱਦੇ 'ਤੇ ਆਉਂਦਾ ਹਾਂ। ਮੈਂ ਭਗਤ ਸਿੰਘ ਬਾਰੇ ਗੱਲਬਾਤ ਕੀਤੀ ਸੀ। ਉਦੋਂ ਮੈਂ ਕਿਹਾ, ਇਹ ਗੱਲ ਸਾਡੀ ਬਹਿਸ ਦੇ ਤਹਿਤ ਨਹੀਂ ਆ ਸਕਦੀ। ਇਸ ਦੇ ਬਾਵਜੂਦ ਇਸ ਮੁੱਦੇ ਦਾ ਪ੍ਰਸਤਾਵ ਇਥੇ ਲਿਆਉਣਾ ਇਕ ਤਰ੍ਹਾਂ ਨਾਲ ਪ੍ਰਸੰਗ ਰਹਿਤ ਹੋ ਸਕਦਾ ਹੈ। ਪਰ ਫਿਰ ਵੀ ਮੇਰੇ ਵਿਚਾਰ ਵਿਚ ਜੇ ਅੱਜ ਦੇ ਵਾਤਾਵਰਣ ਨੂੰ ਆਪ ਹੋਰ ਵਧ ਅਨੁਕੂਲ ਬਣਾਉਣਾ ਚਾਹੁੰਦੇ ਹੋ ਤਾਂ ਆਪ ਜੀ ਨੂੰ ਚਾਹੀਦਾ ਹੈ ਕਿ ਭਗਤ ਸਿੰਘ ਦੀ ਫ਼ਾਂਸੀ ਨੂੰ ਫਿਲਹਾਲ ਲਈ ਮੁਲਤਵੀ ਕਰ ਦੇਵੋ।" ਇਹਨਾਂ ਗੱਲਾਂ ਨੂੰ ਸੁਣ ਕੇ ਵਾਇਸਰਾਏ ਬਹੁਤ ਖ਼ੁਸ਼ ਹੋਏ ਸਨ ਅਤੇ ਉਹਨਾਂ ਨੇ ਕਿਹਾ ਕਿ ਮਾਮਲੇ ਨੂੰ ਇਸ ਰੂਪ ਵਿਚ ਪ੍ਰਸਤਾਵਿਤ ਕਰਨ ਲਈ ਮੈਂ ਆਪ ਦਾ ਸ਼ੁਕਰਗੁਜ਼ਾਰ ਹਾਂ। ਫਾਂਸੀ ਦੀ ਸਜ਼ਾ ਨੂੰ ਰੱਦ ਕਰਨਾ ਮੁਸ਼ਕਲ ਕੰਮ ਹੈ। ਪਰ ਉਸ ਨੂੰ ਹਾਲ ਦੀ ਘੜੀ ਮੁਲਤਵੀ ਕਰਨ ਦੀ ਗੱਲ 'ਤੇ ਕੁਝ ਸੋਚਿਆ ਜਾ ਸਕਦਾ ਹੈ। ਮੈਂ ਭਗਤ ਸਿੰਘ ਬਾਰੇ ਆਪਣਾ ਵਿਚਾਰ ਦੱਸਿਆ ਸੀ, ਉਹ ਸਚਮੁਚ ਹੀ ਬਹੁਤ ਦਲੇਰ ਨੌਜਵਾਨ ਸੀ ਪਰ ਮੈਂ ਜਾਣਦਾ ਹਾਂ ਕਿ ਉਹ ਸਹੀ ਰਾਹ 'ਤੇ ਨਹੀਂ ਚੱਲ ਰਿਹਾ ਸੀ। ਫਿਰ ਵੀ ਉਸ ਨੂੰ ਦਿੱਤੀ ਗਈ ਸਜ਼ਾ ਬਹੁਤ ਸਖ਼ਤ ਸੀ। ਆਦਮੀ ਨੂੰ ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਵੀ ਇਹ ਸਜ਼ਾ ਨਹੀਂ ਦਿੰਦੀ ਹੈ। ਇਸ ਨੂੰ ਇਨਸਾਨੀਅਤ ਦੇ ਪ੍ਰਸ਼ਨ ਦੇ ਰੂਪ ਵਿਚ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ। ਜੇ ਦੇਸ਼ ਵਿਚ ਬੇਲੋੜੀ ਹਲਚਲ ਜਾਂ ਸ਼ੋਰ-ਸ਼ਰਾਬਾ ਨਹੀਂ ਹੋਣ ਦੇਣਾ ਚਾਹੁੰਦੇ ਤਾਂ ਫਿਲਹਾਲ ਫ਼ਾਂਸੀ ਦੀ ਸਜ਼ਾ ਰੋਕ ਰੱਖਣ ਦੀ ਮੈਂ ਆਪ ਨੂੰ ਬੇਨਤੀ ਕਰਾਂਗਾ। ਜੇ ਆਪ ਦੀ ਥਾਂ ਮੈਂ ਹੁੰਦਾ ਤਾਂ ਉਸ (ਭਗਤ ਸਿੰਘ) ਨੂੰ ਕਦੀ ਰਿਹਾ ਨਹੀਂ ਕਰ ਸਕੂੰਗਾ। ਮੈਂ ਸੋਚਦਾ ਹਾਂ ਕਿ ਕੋਈ ਵੀ ਸਰਕਾਰ ਇਹ ਨਹੀਂ ਕਰ ਸਕਦੀ ਹੈ। ਇਸ ਮਾਮਲੇ ਵਿਚ ਜੇ ਆਪ ਕੋਈ ਜੁਆਬ ਵੀ ਨਹੀਂ ਦੇਵੋਗੇ ਤਾਂ ਵੀ ਮੈਂ ਬੁਰਾ ਨਹੀਂ ਮੰਨਾਗਾ।"

ਗਾਂਧੀ ਦੀਆਂ ਗੱਲਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹਨਾਂ ਨੇ ਭਗਤ ਸਿੰਘ ਦੀ ਫ਼ਾਂਸੀ ਦੀ ਸਜ਼ਾ ਨੂੰ ਖਾਰਜ ਕਰਨ ਲਈ ਕੋਈ ਬੇਨਤੀ ਨਹੀਂ ਕੀਤੀ ਸੀ। ਇਹੀ ਕਾਰਨ ਇਰਵਨ ਵੀ ਬਹੁਤ ਖ਼ੁਸ਼ ਹੋਏ ਸਨ। 19 ਮਾਰਚ 1931 ਨੂੰ ਯਾਨੀ ਕਿ ਫ਼ਾਂਸੀ 'ਤੇ ਅਮਲ ਦੇ ਪੰਜ ਦਿਨ ਪਹਿਲਾਂ ਗਾਂਧੀ ਵੱਲੋਂ ਇਰਵਨ ਨੂੰ ਮਿਲਣ ਜਾਣਾ, ਕੁਝ ਸੁਆਲਾਂ 'ਤੇ ਚਰਚਾ ਕਰਨ ਵਾਸਤੇ ਸੀ। ਉਸ ਦਿਨ ਦੀਆਂ ਚਰਚਾਵਾਂ ਦਾ ਵਰਣਨ ਇਰਵਨ ਨੇ ਆਪਣੀ ਡਾਇਰੀ ਵਿਚ ਸਪਸ਼ਟ ਰੂਪ ਨਾਲ ਲਿਖਿਆ ਸੀ ਅਤੇ ਉਹ ਗਾਂਧੀ ਦੀਆਂ ਸੰਕਲਿਤ ਰਚਨਾਵਾਂ ਵਿਚ ਵੀ ਸ਼ਾਮਲ ਹੈ। ਇਸ ਵਿਚ ਪ੍ਰਕਾਸ਼ਿਤ ਭਗਤ ਸਿੰਘ ਨਾਲ ਸਬੰਧਿਤ ਅੰਸ਼ ਨੂੰ ਗੌਰ ਨਾਲ ਵੇਖੀਏ ਤਾਂ ਗਾਂਧੀ ਦਾ

ਸੁਭਾਅ ਹੋਰ ਵੀ ਸਪਸ਼ਟ ਹੋ ਜਾਂਦਾ ਹੈ।

ਇਰਵਨ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ, "ਉਸ (ਗਾਂਧੀ) ਨੇ ਜਾਣ ਤੋਂ ਪਹਿਲਾਂ ਭਗਤ ਸਿੰਘ ਦੀ ਫ਼ਾਂਸੀ ਦੀ ਸਜ਼ਾ ਜੋ 24 ਮਾਰਚ ਨੂੰ ਹੋਣ ਵਾਲੀ ਸੀ, ਇਸ 'ਤੇ ਅਮਲ ਸਬੰਧੀ ਉਸ ਦਿਲ ਦੀਆਂ ਪੱਤਰ-ਪੱਤ੍ਰਿਕਾਵਾਂ ਨੂੰ ਮੈਨੂੰ ਪੜ੍ਹਨ ਦਾ ਸੁਝਾਅ ਦਿੱਤਾ ਸੀ। ਇਸ ਦਿਨ ਕਾਂਗਰਸ ਪ੍ਰਧਾਨ ਕਰਾਚੀ ਪਹੁੰਣ ਵਾਲੇ ਸਨ ਅਤੇ ਉਸ ਦਿਲ ਜਨ-ਅੰਦੋਲਨ ਜ਼ੋਰਾਂ ਤੇ ਹੋਣ ਵਾਲਾ ਹੈ। ਇਸ ਲਈ ਇਹ ਬਦਨਸੀਬ ਦਿਨ ਹੋਵੇਗਾ" ਉਹਨਾਂ ਕਿਹਾ ਸੀ। ਇਸ ਕੇਸ ਬਾਰੇ ਅਸੀਂ ਬੜੀ ਪਾਰਖੂ ਨਜ਼ਰ ਨਾਲ ਅਧਿਐਨ ਕੀਤਾ। ਪਰ ਫ਼ਾਂਸੀ ਦੀ ਸਜ਼ਾ ਰੱਦ ਕਰਨ ਲਈ ਸਾਡੀ ਅੰਤਰ-ਆਤਮਾ ਨੂੰ ਸੰਤੁਸ਼ਟ ਕਰਨ ਵਾਲਾ ਕੋਈ ਆਧਾਰ ਨਹੀਂ ਮਿਲ ਸਕਿਆ। ਇਹ ਗੱਲ ਅਸੀਂ ਗਾਂਧੀ ਦੇ ਬਾਅਦ ਤਕ (ਫ਼ਾਂਸੀ ਦੀ ਸਜ਼ਾ) ਨੂੰ ਮੁਲਤਵੀ ਕਰਨ ਦੀ ਲੋੜ ਬਾਰੇ ਸੋਚਦਾ ਰਿਹਾ ਸੀ ਪਰ ਹੋਰ ਕਾਰਨਾਂ ਕਰਕੇ ਇਸ ਤਜਵੀਜ਼ ਨੂੰ ਅਸੀਂ ਠੁਕਰਾ ਦਿੱਤਾ।

1. ਕਿਕਿ ਹੁਣ ਤਕ ਇਸ ਮਾਮਲੇ ਵਿਚ ਆਦੇਸ਼ ਦਿੱਤੇ ਜਾ ਚੁੱਕੇ ਸਨ। ਹੁਣ ਸਿਰਫ਼ ਰਾਜਸੀ ਕਾਰਨਾਂ ਕਰਕੇ ਫ਼ਾਂਸੀ ਦੀ ਸਜ਼ਾ ਨੂੰ ਮੁਲਤਵੀ ਕਰਨਾ ਸਾਨੂੰ ਵਾਜਬ ਨਹੀਂ ਲੱਗਦਾ ਸੀ।
2. ਜੇ ਸੱਚਮੁੱਚ ਹੀ ਇਸ ਨੂੰ ਮੁਲਤਵੀ ਵੀ ਕਰ ਦਿੱਤਾ ਜਾਏ ਤਾਂ ਉਸ ਦੇ ਦੋਸਤਾਂ ਤੇ ਰਿਸ਼ਤੇਕਾਰਾਂ ਨੂੰ ਇਹ ਸੋਚਣ ਦੀ ਸੰਭਾਵਨਾ ਬਣੀ ਰਹੇਗੀ ਕਿ ਹੁਣ ਫ਼ਾਂਸੀ ਦੀ ਸਜ਼ਾ ਰੱਦ ਵੀ ਕੀਤੀ ਜਾ ਸਕਦੀ ਹੈ ਅਤੇ ਇਹ ਸਰਾਸਰ ਗ਼ੈਰ-ਮਨੁੱਖੀ ਅਮਲ ਹੈ।
3. ਕਾਂਗਰਸ ਪਾਰਟੀ ਸਾਡੇ 'ਤੇ ਇਹ ਦੋਸ਼ ਲਾ ਸਕਦੀ ਹੈ ਕਿ ਉਹ ਹਕੂਮਤ ਦੁਆਰਾ ਧੋਖਾ ਖਾ ਗਏ।

'ਕਾਂਗਰਸ ਚਰਿੱਤਰ' ਗਰੰਥ ਜਾਂ ਗਾਂਧੀ ਇਰਵਨ ਸਮਝੌਤੇ ਦੌਰਾਨ ਹੋਈ ਗੱਲਬਾਤ ਜਾਂ ਫਿਰ ਫ਼ਾਂਸੀ ਦੀ ਸਜ਼ਾ 'ਤੇ ਅਮਲ ਤੋਂ ਪਹਿਲਾਂ ਗਾਂਧੀ ਦੀ ਇਰਵਨ ਨਾਲ ਮੁਲਾਕਾਤ ਦੇ ਪ੍ਰਸੰਗ ਵਿਚ ਹੋਈ ਘਟਨਾ ਇਸ ਗੱਲ ਨੂੰ ਹੋਰ ਵੀ ਸਪਸ਼ਟ ਕਰਦੀ ਹੈ ਕਿ ਗਾਂਧੀ ਵੱਲੋਂ ਇਹ ਬੇਨਤੀ ਨਹੀਂ ਕੀਤੀ ਗਈ ਕਿ ਇਰਵਨ ਭਗਤ ਸਿੰਘ ਦੀ ਫ਼ਾਂਸੀ ਦੀ ਸਜ਼ਾ ਨੂੰ ਰੱਦ ਕਰ ਦੇਵੇ। ਇਸ ਨੂੰ ਮੁਲਤਵੀ ਰਖਣ ਦੇ ਸੁਆਲ 'ਤੇ ਵੀ ਉਹਨਾਂ ਨੇ ਜ਼ਰੂਰੀ ਜ਼ੋਰ ਨਹੀਂ ਦਿੱਤਾ। ਉਪਰ ਤੋਂ ਫ਼ਾਂਸੀ ਦੀ ਸਜ਼ਾ ਜੋ 24 ਤਰੀਕ ਨੂੰ ਹੋਣ ਵਾਲੀ ਸੀ, ਉਸ ਨੂੰ ਗਾਂਧੀ ਦੇ ਸੁਝਾਅ ਮੁਤਾਬਕ ਨਿਯਮ ਵਿਰੁਧ (ਯਾਨੀ ਕਿ ਫ਼ਾਂਸੀ ਦੇ ਵਕਤ ਫ਼ਾਂਸੀ ਦੇ ਦੇਣਾ) 23 ਤਰੀਕ ਦੀ ਸ਼ਾਮ ਨੂੰ 7 ਵਜ ਕੇ 15 ਮਿੰਟ 'ਤੇ ਫ਼ਾਂਸੀ ਦੇ ਦਿੱਤਾ ਗਿਆ।

ਆਮ ਗੱਲ ਤਾਂ ਇਹ ਸੀ ਕਿ ਮੌਤ ਦੇ ਮੂੰਹ ਵਿਚ ਜਾ ਰਹੇ ਆਦਮੀ ਨੂੰ ਵੀ ਚੰਦ ਮਿੰਟਾਂ ਲਈ ਬਚਾਈ ਰੱਖਣ ਦੀ ਸੂਰਵ ਵਿਚ ਕੋਈ ਵੀ ਇਸ ਮੌਕੇ ਨੂੰ ਹੱਥੋਂ ਨਹੀਂ ਜਾਣ ਦੇਵੇਗਾ। ਪ੍ਰਾਣ ਨਿਕਲ ਜਾਣ ਪਿੱਛੋਂ ਜਦ ਲਾਸ਼ (ਭਾਵੇਂ ਸਰੀਰ ਵਿਚ ਜਾਨ

ਨਾ ਵੀ ਹੋਵੇ) 'ਤੇ ਮੱਖੀਆਂ ਭਿਣਭਿਣਾਉਣ ਲੱਗੀਆਂ ਤਾਂ ਕੋਈ ਵੀ ਆਦਮੀ ਉਸ ਨੂੰ ਭਜਾਉਣ ਦੀ ਕੋਸ਼ਿਸ਼ ਕਰਦਾ ਹੈ ਨਾ ਕਿ ਚੁੱਪ ਰਹਿ ਜਾਂਦਾ ਹੈ। ਐਸੀਆਂ ਹਾਲਤਾਂ ਵਿਚ ਜੋ ਸ਼ਖ਼ਸ ਅਹਿੰਸਾ ਦੇ ਉਲਟ ਮੰਨੇ ਜਾਣ ਵਾਲੇ ਹਨ ਉਹਨਾਂ ਨੇ ਫ਼ਾਂਸੀ ਦੀ ਸਜ਼ਾ ਕਰਨ ਦੀ ਸ਼ਰਤ ਨੂੰ ਸਮਝੌਤੇ ਵਿਚ ਨਹੀਂ ਰੱਖਿਆ, ਇਹ ਵੱਖਰੀ ਗੱਲ ਸੀ। ਉਪਰੋਂ ਉਸ ਲਈ ਤਹਿ ਸਮੇਂ ਤੋਂ ਪਹਿਲਾਂ ਹੀ ਫ਼ਾਂਸੀ ਦੇ ਦੇਣ ਦੀ ਬੇਨਤੀ ਕਰਨਾ, ਇਸ ਤੋਂ ਤਾਂ ਇਹ ਪਤਾ ਲੱਗਦਾ ਹੈ ਕਿ ਉਹ ਇਨਕਲਾਬੀਆਂ ਨੂੰ ਵਿਸ਼ੇਸ਼ ਤੌਰ 'ਤੇ ਭਗਤ ਸਿੰਘ ਨੂੰ ਆਪਣੇ ਦੁਸ਼ਮਣ ਵਜੋਂ ਮੰਨ ਕੇ ਚੱਲ ਰਹੇ ਸਨ। ਇਸ ਲਈ ਹੀ ਉਹ ਅਜਿਹਾ ਕਰ ਸਕੇ।

ਮਿਤੀ 26-3-1931 ਨੂੰ ਜਦ ਗਾਂਧੀ ਕਰਾਚੀ ਸੈਸ਼ਨ ਵਿਚ ਭਾਸ਼ਣ ਦੇ ਰਹੇ ਸਨ ਤਾਂ ਉਹਨਾਂ ਦੀ ਗੱਲ ਨੂੰ ਕੱਟ ਕੇ ਕੁਝ ਨੌਜਵਾਨਾਂ ਨੇ ਸਿੱਧਾ ਸੁਆਲ ਕੀਤਾ ਸੀ :

"ਭਗਤ ਸਿੰਘ ਨੂੰ ਬਚਾਉਣ ਲਈ ਤੁਸੀਂ ਕੀ ਕੀਤਾ ?" ਉਹਨਾਂ ਜੁਆਬ ਵਿਚ ਦੱਸਿਆ ਸੀ ਕਿ "ਖ਼ੁਦ ਉਹਨਾਂ ਨੇ ਵਾਇਸਰਾਏ ਨੂੰ ਜਿੰਨਾ ਹੋ ਸਕਿਆ ਸਮਝਾਉਣ ਦੀ ਕੋਸ਼ਿਸ਼ ਕੀਤੀ। ਇਹੀ ਨਹੀਂ ਫ਼ਾਂਸੀ ਦੇ ਅਮਲ ਦੇ ਦਿਨ (23 ਮਾਰਚ ਨੂੰ) ਵਾਇਸਰਾਏ ਦੇ ਨਾਂ ਮੈਂ ਇਕ ਚਿੱਠੀ ਵੀ ਲਿਖ ਕੇ ਭੇਜੀ ਸੀ ਪਰ ਕੋਈ ਫ਼ਾਇਦਾ ਨਹੀਂ ਹੋਇਆ।" ਕੁਝ ਪਲ ਰੁਕ ਕੇ ਉਹਨਾਂ ਕਿਹਾ, "ਆਪ ਕਹਿ ਸਕਦੇ ਹੋ ਕਿ ਮੈਨੂੰ ਇਕ ਕੰਮ ਹੋਰ ਕਰਨਾ ਚਾਹੀਦਾ ਸੀ, ਉਹ ਇਹ ਕਿ ਸਮਝੌਤੇ ਦੀ ਸ਼ਰਤ ਵਜੋਂ ਫ਼ਾਂਸੀ ਦੀ ਸਜ਼ਾ ਨੂੰ ਰੱਦ ਕਰਾਉਣ ਦੀ ਬੇਨਤੀ ਕਰਨੀ ਚਾਹੀਦੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ ਸੀ। (ਸਮਝੌਤੇ ਨੂੰ) ਵਾਪਸ ਲੈਣ ਦੀ ਧਮਕੀ ਦਿਤੇ ਜਾਣਾ ਵੀ ਵਿਸ਼ਵਾਸਘਾਤ ਦੇ ਬਰਾਬਰ ਹੋ ਸਕਦਾ ਸੀ। ਸਮਝੌਤੇ ਨੂੰ ਪੂਰਵ ਸ਼ਰਤ ਵਜੋਂ ਫ਼ਾਂਸੀ ਦੀ ਸਜ਼ਾ ਨੂੰ ਰੱਦ ਕਰਨ ਦੀ ਇੱਛਾ ਜ਼ਾਹਿਰ ਨਾ ਕਰਨ ਵਿਚ (ਕਾਂਗਰਸ) ਕਾਰਜਕਾਰਨੀ ਦੀ ਰਾਇ ਵੀ ਮੇਰੇ ਨਾਲ ਸ਼ਾਮਲ ਹੋਈ ਸੀ। ਇਸ ਲਈ ਮੈਂ ਉਸ ਨੂੰ ਇਕ ਅੰਸ਼ ਵਜੋਂ ਸਮਝੌਤੇ ਵਿਚ ਨਾ ਜੋੜ ਕੇ ਵੱਖਰਾ ਸਿਰਫ਼ ਪ੍ਰਸਤਾਵ ਵਜੋਂ ਹੀ ਰੱਖਿਆ। ਮੈਂ (ਵਾਇਸਰਾਏ ਦੀ) ਭਲਮਾਣਸੀ ਦੀ ਆਸ ਕੀਤੀ ਸੀ ਪਰ ਅਜਿਹਾ ਨਾ ਹੋਣ ਕਾਰਨ ਮੈਨੂੰ ਨਿਰਾਸ਼ਾ ਹੋਈ ਸੀ।"

ਨਵਜੀਵਨ ਨਾਂ ਦੀ ਆਪਣੀ ਗੁਜਰਾਤੀ ਪੱਤ੍ਰਿਕਾ ਵਿਚ ਗਾਂਧੀ ਨੇ 29-3-1931 ਨੂੰ ਭਗਤ ਸਿੰਘ ਸਿਰਲੇਖ ਹੇਠ ਲੇਖ ਲਿਖਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ "ਭਗਤ ਸਿੰਘ ਤੇ ਉਹਨਾਂ ਨੂੰ ਸਾਥੀਆਂ ਨੂੰ ਸਰਕਾਰ ਮੁਆਫ਼ ਕਰ ਕੇ ਫ਼ਾਂਸੀ ਦੀ ਸਜ਼ਾ ਨੂੰ ਘੱਟ ਕਰ ਦੇਵੇਗੀ, ਅਸੀਂ ਅਜਿਹੀ ਉਮੀਦ ਕੀਤੀ ਸੀ।"

ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗਾਂਧੀ ਵਿਚ ਸਚਮੁੱਚ ਹੀ ਫ਼ਾਂਸੀ ਦੀ ਸਜ਼ਾ ਨੂੰ ਰੱਦ ਕਰਾਉਣ ਦੀ ਜ਼ੋਰਦਾਰ ਇੱਛਾ ਨਹੀਂ ਸੀ ਅਤੇ ਫ਼ਾਂਸੀ ਦੇ ਦਿਨ ਉਹਨਾਂ ਵੱਲੋਂ ਵਾਇਸਰਾਏ ਦੇ ਨਾਂ ਚਿੱਠੀ ਭੇਜਣਾ ਸਿਰਫ਼ ਆਪਣੇ ਆਪ ਨੂੰ ਦੋਸ਼ ਲੱਗਣ ਤੋਂ ਬਚਾਉਣ ਲਈ ਇਕ ਬਹਾਨਾ ਹੀ ਸੀ। ਇਸ ਪ੍ਰਸੰਗ ਵਿਚ ਕਾਂਗਰਸ ਦੇ ਅੰਦਰ

ਖੱਬੇ-ਪੱਖੀ ਮੰਨੇ ਜਾਣ ਵਾਲੇ ਤੇ ਸਮਾਜਵਾਦ ਬਾਰੇ ਪੁਰਜ਼ੋਰ ਭਾਸ਼ਣ ਦੇਣ ਵਾਲੇ ਨਹਿਰੂ ਨੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਫ਼ਾਂਸੀ ਦੀ ਸਜ਼ਾ ਦੀ ਮੁਆਫ਼ੀ ਲਈ ਕੋਈ ਯਤਨ ਕੀਤਾ ਸੀ ਕਿ ਨਹੀਂ ਇਹ ਦੇਖਣਾ ਜ਼ਰੂਰੀ ਹੈ।

'ਇਨਕਲਾਬ ਜ਼ਿੰਦਾਬਾਦ' ਦੇ ਜੋਸ਼ੀਲੇ ਨਾਹਰੇ ਨੂੰ ਬੇਹੱਦ ਹਰਮਨ ਪਿਆਰਾ ਬਣਾਉਣ ਦਾ ਪੂਰਾ ਸਿਹਰਾ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਮਿਲਣਾ ਚਾਹੀਦਾ ਸੀ। ਉਹਨੀਂ ਦਿਨੀਂ ਨਹਿਰੂ ਨੈਨੀਤਾਲ ਜੇਲ੍ਹ ਵਿਚ ਬੰਦ ਸਨ। ਉਥੋਂ ਆਪਣੀ ਧੀ ਇੰਦਰਾ ਦੇ ਨਾਂ ਆਪ ਲਗਾਤਾਰ ਚਿੱਠੀਆਂ ਭੇਜਦੇ ਰਹਿੰਦੇ ਸਨ, ਜੋ ਬਾਅਦ ਵਿਚ 'ਵਿਸ਼ਵ ਇਤਿਹਾਸ ਦੀ ਇਕ ਝਲਕ' (Glimpses of World History) ਨਾਂ ਨਾਲ ਪ੍ਰਕਾਸ਼ਿਤ ਹੋਈਆਂ ਸਨ। ਉਹਨਾਂ ਵਿਚੋਂ ਮਿਤੀ 16-1-1931 ਨੂੰ ਇਨਕਲਾਬ ਜ਼ਿੰਦਾਬਾਦ ਸਿਰਲੇਖ ਨਾਲ ਇਕ ਪੱਤਰ ਲਿਖਿਆ ਸੀ। ਕਿਉਂਕਿ ਉਹ ਪੱਤਰ ਫ਼ਾਂਸੀ ਦੀ ਸਜ਼ਾ ਤੋਂ ਦੋ ਮਹੀਨੇ ਪਹਿਲਾਂ ਲਿਖਿਆ ਹੋਇਆ ਸੀ, ਸਹਿਜੇ ਹੀ ਕੋਈ ਇਹ ਉਮੀਦ ਕਰ ਸਕਦਾ ਹੈ ਕਿ ਇਸ ਬਾਰੇ (ਇਨਕਲਾਬ ਜ਼ਿੰਦਾਬਾਦ) ਨੂੰ ਖ਼ੂਬ ਪ੍ਰਚਾਰਿਤ ਕਰਨ ਵਿਚ ਪਗਤ ਸਿੰਘ ਦਾ ਨਾਂ ਅੱਵਲ ਹੋਵੇਗਾ, ਨਾਲ ਹੀ ਉਹਨਾਂ ਨੂੰ ਦਿੱਤੀ ਜਾ ਰਹੀ ਸਜ਼ਾ ਦਾ ਲਾਜ਼ਮੀ ਜ਼ਿਕਰ ਹੋਵੇਗਾ। ਪਰ ਇਸ ਨੋਟ ਵਿਚ ਘੱਟੋ-ਘੱਟ ਉਸ ਦਾ ਜ਼ਿਕਰ ਤੱਕ ਨਹੀਂ ਸੀ।

ਗਾਂਧੀ-ਇਵਰਨ ਸਮਝੌਤੇ ਤੋਂ ਪਹਿਲਾਂ ਮਿਤੀ 16-2-31 ਨੂੰ ਕਾਂਗਰਸ ਪ੍ਰਧਾਨ ਦੇ ਨਾਤੇ ਨਹਿਰੂ ਨੇ ਕਾਂਗਰਸ ਕਾਰਜਕਾਰਨੀ ਸਾਹਮਣੇ ਇਕ 'ਨੋਟ' ਪੇਸ਼ ਕੀਤਾ ਸੀ ਜਿਸ ਵਿਚ 7ਵੇਂ ਮੁੱਦੇ ਦੇ ਰੂਪ ਵਿਚ ਫ਼ਾਂਸੀ ਦੀ ਸਜ਼ਾ ਪ੍ਰਾਪਤ ਕੈਦੀਆਂ ਸਮੇਤ ਸਭ ਰਾਜਸੀ ਬੰਦੀਆਂ ਦੀ ਰਿਹਾਈ ਦੀ ਮੰਗ ਮੌਜੂਦ ਸੀ (ਨਹਿਰੂ ਸੰਕਲਿਤ ਰਚਨਾਵਾਂ ਖੰਡ 6, ਪੰਨਾ 476)। ਭਲੇ ਹੀ ਇਸ ਮੰਗ ਵਿਚ ਭਗਤ ਸਿੰਘ ਦਾ ਜ਼ਿਕਰ ਨਹੀਂ ਕੀਤਾ ਗਿਆ ਹੋਵੇ ਫਿਰ ਵੀ ਅਸੀਂ ਸਹਿਜੇ ਹੀ ਮੰਨ ਸਕਦੇ ਹਾਂ ਕਿ ਇਹ ਉਹਨਾਂ ਬਾਰੇ ਵੀ ਸੀ। ਪਰ ਮਿਤੀ 28-2-1931 ਤੋਂ 3-3-1931 ਵਿਚਕਾਰ ਕਿਸੇ ਦਿਨ ਲਿਖੇ ਇਕ ਹੋਰ ਨੋਟ ਵਿਚ (ਜੋ ਕਾਰਜਕਾਰਨੀ ਨੂੰ ਸੰਬੋਧਿਤ ਸੀ) ਨਹਿਰੂ ਨੇ ਫ਼ਾਂਸੀ ਦੀ ਸਜ਼ਾ ਭੁਗਤਣ ਵਾਲਿਆਂ ਬਾਰੇ ਘੱਟੋ-ਘੱਟ ਜ਼ਿਕਰ ਤਕ ਨਹੀਂ ਕੀਤਾ ਸੀ। 4 ਮਾਰਚ 1931 ਨੂੰ ਇਰਵਨ ਨਾਲ ਹੋਏ ਅਸਥਾਈ ਸਮਝੌਤੇ ਉਤੇ ਉਹਨਾਂ ਨੇ (ਨਹਿਰੂ ਨੇ) ਨੋਟ ਜਾਰੀ ਕੀਤਾ (ਪੰਨਾ 481-82) ਉਸ ਵਿਚ ਵੀ ਭਵਤ ਸਿੰਘ ਦਾ ਪ੍ਰਸਤਾਵ ਖ਼ਾਸ ਰੂਪ ਵਿਚ ਨਹੀਂ ਰਿਹਾ।

ਭਗਤ ਸਿੰਘ ਦੇ ਉਹਨਾਂ ਦੇ ਸਾਥੀਆਂ ਨੂੰ ਫ਼ਾਂਸੀ ਦੇਣ ਤੋਂ ਦੂਜੇ ਦਿਨ ਨਹਿਰੂ ਦੇ ਇਕ ਐਲਾਨ ਵਿਚ ਇਉਂ ਤਾਂ ਲਿਖਿਆ ਗਿਆ ਸੀ, "ਮੇਰਾ ਇਕ ਲਫ਼ਜ਼ ਉਹਨਾਂ ਦੀ ਫ਼ਾਂਸੀ ਦੀ ਸਜ਼ਾ ਦੀ ਮੁਆਫ਼ੀ ਦੇ ਮੌਕੇ ਨੂੰ ਕਿਤੇ ਭੰਗ ਨਾ ਕਰ ਦੇਵੇ, ਇਸ ਵਿਚਾਰ ਨਾਲ ਉਹਨਾਂ ਦੇ ਆਖ਼ਰੀ ਦਿਨਾਂ ਵਿਚ ਮੈਂ ਮੌਨ ਧਾਰਨ ਕੀਤਾ ਹੋਇਆ ਸੀ। ਭਾਵੇਂ ਹੀ ਮੇਰਾ ਦਿਲ ਫਟਣ ਜਿਹਾ ਲੱਗਿਆ ਤਾਂ ਵੀ ਮੈਂ ਚੁੱਪ ਹੀ ਰਿਹਾ। ਤੇ ਹੁਣ ਸਭ ਕੁਝ ਖ਼ਤਮ ਹੋ ਗਿਆ ਹੈ। (ਉਹੀ)

ਭਲੇ ਹੀ ਨਹਿਰੂ ਨੇ ਖੁੱਲ੍ਹੇਆਮ ਇਹਨਾਂ ਦੀ ਫ਼ਾਂਸੀ ਦੀ ਮੁਆਫ਼ੀ ਦੀ ਮੰਗ ਕਿਉਂ ਨਾ ਕੀਤੀ ਹੋਵੇ ਅਤੇ ਆਮ ਜਨਤਾ ਨੂੰ ਜੁਝਾਰੂ ਅੰਦੋਲਨ ਲਈ ਯਾਦ ਕਿਉਂ ਨਾ ਕਰਾਇਆ ਹੋਵੇ। ਇਸ ਨਾਲ ਕੀ ਨੁਕਸਾਨ ਹੋ ਸਕਦਾ ਸੀ, ਸਾਨੂੰ ਨਹੀਂ ਪਤਾ। ਫਿਰ ਵੀ ਇਰਵਨ ਨਾਲ ਗੱਲਬਾਤ ਲਈ ਗਾਂਧੀ ਦੇ ਉਹਨਾਂ ਕੋਲ ਜਾਣ ਦੇ ਦੂਜੇ ਦਿਨ (18-3-1931) ਹੀ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਫ਼ਾਂਸੀ ਦੀ ਸਜ਼ਾ ਮੁਆਫ਼ ਹੋਣ ਵਾਲੀ ਨਹੀਂ ਸੀ। ਇਸ ਪਿੱਛੋਂ ਵੀ ਉਹਨਾਂ (ਨਹਿਰੂ ਨੂੰ) ਆਖ਼ਰੀ ਇਕ ਮਹੀਨੇ ਤਕ ਕਿਉਂ ਚੁੱਪ ਰਹਿਣਾ ਪਿਆ ? ਖੁੱਲ੍ਹਾ ਕਹਿਣ ਲਹੀ ਭਲੇ ਹੀ ਉਹਨਾਂ ਦੇ ਲਿੱਜੀ ਕਾਰਨ ਰਹੇ ਹੋਣ ਜੋ ਸਾਨੂੰ ਪਤਾ ਨਹੀਂ ਪਰ ਕਾਰਜਕਾਰਨੀ ਦੇ ਸੈਸ਼ਨ ਵਿਚ ਜ਼ੋਰ ਲਾ ਕੇ ਬੇਨਤੀ ਤਾਂ ਕੀਤੀ ਹੀ ਜਾ ਸਕਦੀ ਸੀ। ਗਾਂਧੀ ਦੀ ਇਸ ਗੱਲ ਨੂੰ ਕਿ ਕਾਂਗਰਸ ਦੀ ਕਾਰਜਕਾਰਨੀ ਫ਼ਾਂਸੀ ਦੀ ਮੁਆਫ਼ੀ ਨੂੰ ਸਮਝੌਤੇ ਦੀ ਇਕ ਸ਼ਰਤ ਬਣਾਉਣ ਦੇ ਪੱਖ ਵਿਚ ਨਹੀਂ ਸੀ, ਦੇਖਿਆ ਜਾਏ ਤਾਂ ਨਹਿਰੂ ਦਾ ਬਿਆਨ ਇਹ ਸਾਬਤ ਕਰਦਾ ਹੈ ਕਿ ਇਹ ਸਿਰਫ਼ 'ਮਗਰਮੱਛ ਦੇ ਹੰਝੂਆਂ' ਤੋਂ ਸਿਵਾਏ ਹੋਰ ਕੁਝ ਨਹੀਂ ਸਨ।

ਫ਼ਾਂਸੀ ਮੁਆਫ਼ ਨਹੀਂ ਕਰਵਾਈ ਗਈ, ਜਿਸ ਦੇ ਖ਼ਿਲਾਫ਼ ਮਿਤੀ 25-3-1931 ਨੂੰ ਕਰਾਚੀ ਵਿਚ ਪ੍ਰਵੇਸ਼ ਕਰ ਰਹੇ ਗਾਂਧੀ ਤੇ ਹੋਰ ਅੰਗਰੇਜ਼ ਨੇਤਾਵਾਂ ਵਿਰੁੱਧ ਆਪਣੀ ਤਿੱਖੀ ਪ੍ਰਤੀਕਿਰਿਆ (ਪ੍ਰਤੀਕਰਮ) ਜ਼ਾਹਰ ਕਰਨ ਲਈ ਨੌਜਵਾਨਾਂ ਨੇ ਕਾਲੇ ਝੰਡਿਆਂ ਦੇ ਨਾਲ ਮੁਜ਼ਾਹਰਾ ਕੀਤਾ ਸੀ ਅਤੇ ਕਾਂਗਰਸ ਦੇ ਕਰਾਚੀ ਸੈਸ਼ਨ ਵਿਚ ਵੀ ਵੱਡੀ ਗਿਣਤੀ ਵਿਚ ਪ੍ਰਤੀਨਿਧੀਆਂ ਨੇ ਤੈਸ਼ ਵਿਚ ਆ ਕੇ ਲੀਡਰਸ਼ਿਪ ਦੀ ਤਿੱਲੀ ਆਲੋਚਨਾ ਕੀਤੀ ਸੀ। ਸੈਸ਼ਨ ਵਿਚ ਅਜੰਡੇ ਦੇ ਮੁੱਖ ਮੁੱਦਾ ਫ਼ਾਂਸੀ ਹੀ ਸੀ। ਇਸ ਦੇ ਕਾਰਨ 'ਤੇ ਰੌਸ਼ਨੀ ਪਾਉਂਦਿਆਂ ਡਾ. ਪਟਾਮੀ ਨੇ ਲਿਖਿਆ ਸੀ, "ਇਹਨੀਂ ਦਿਨੀਂ ਭਗਤ ਸਿੰਘ ਦਾ ਨਾਂ ਭਰਤ ਦੀਆਂ ਚਾਰ ਦਿਸ਼ਾਵਾਂ ਵਿਚ ਗਾਂਧੀ ਜੀ ਦੇ ਨਾਂ ਦੇ ਬਰਾਬਰ ਮਸ਼ਹੂਰ ਹੋ ਗਿਆ ਹੈ। ਐਸਾ ਕਿਹਾ ਜਾਏ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। (ਕਾਂਗਰਸ ਚਰਿੱਤਰ)

ਇਹ ਬਹਿਸ ਕਿ ਫ਼ਾਂਸੀ ਦੀ ਸਜ਼ਾ ਨੂੰ ਰੱਦ ਕੀਤਾ ਜਾਵੇ, ਨਾਮੁਮਕਿਨ ਹੈ ਲੀਡਰਸ਼ਿਪ ਨੂੰ ਪ੍ਰੇਸ਼ਾਨੀ ਵਿਚ ਪਾ ਦਿੰਦਾ। ਇਸ ਨਾਲ ਦੇਸ਼ ਭਰ ਵਿਚ ਤਿੱਖਾ ਲੋਕ ਸੰਘਰਸ਼ ਦਾ ਰਾਹ ਸੌਖਾ ਹੋ ਜਾਂਦਾ ਤੇ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨੂੰ ਆਮ ਜਨਤਾ ਵਿਚ ਵੱਡੀ ਤਾਕਤ ਮਿਲਦੀ। ਗਾਂਧੀ ਨਹੀਂ ਚਾਹੁੰਦੇ ਸਨ ਕਿ ਆਮ ਲੋਕਾਂ ਨੂੰ ਗਿਆਨ ਹੋਵੇ ਕਿ ਨਾ ਸਿਰਫ਼ ਉਹਨਾਂ ਦੇ (ਗਾਂਧੀ ਦੇ) ਤੇ ਭਗਤ ਸਿੰਘ ਦੇ ਰਾਹ ਅੱਡੋ-ਅੱਡ ਹਨ ਬਲਕਿ ਉਹਨਾਂ ਦੇ ਉਦੇਸ਼ ਵੀ ਭਿੰਨ ਹਨ। ਇਸੇ ਕਾਰਨ ਨਹਿਰੂ ਮੌਨ ਧਾਰਨ ਕਰੀ ਬੈਠੇ ਸਨ।

ਜਦ ਬ੍ਰਿਟਿਸ਼ ਸਾਮਰਾਜੀ ਸਾਡੇ ਦੇਸ਼ 'ਤੇ ਪਕੜ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ, ਉਸ ਸਮੇਂ ਸਾਡੇ ਦੇਸ਼ ਵਿਚ ਪੂੰਜੀਵਾਦੀ ਵਿਵਸਥਾ ਤੇ ਸਨਅਤਾਂ ਦੇ

ਵਿਕਾਸ ਲਈ ਜ਼ਰੂਰੀ ਮਾਹੌਲ ਮੌਜੂਦ ਸੀ। ਆਪਣੀ ਅਜਾਰੇਦਾਰੀ ਸਥਾਪਤ ਕਰਨ ਦੀ ਲੜੀ ਵਿਚ ਅੰਗਰੇਜ਼ ਸਾਮਰਾਜੀਆਂ ਨੇ ਸਾਡੇ ਉਦਯੋਗ ਨੂੰ ਤਹਿਸ-ਨਹਿਸ ਕਰ ਕੇ ਅਤੇ ਇਥੋਂ ਦੇ ਕਾਰੀਗਰਾਂ ਨੂੰ ਉਜਾੜ ਦੇ ਦੇਸ਼ ਨੂੰ ਪੂਰੀ ਤਰ੍ਹਾਂ ਆਪਣੀਆਂ ਵਸਤੂਆਂ 'ਤੇ ਨਿਰਭਰ ਹੋ ਜਾਣ ਦੀ ਸਥਿਤੀ ਵਿਚ ਧੱਕ ਦਿੱਤਾ ਸੀ। ਇਸ ਪਿੱਛੋਂ ਦੇ ਅਰਸੇ ਵਿਚ ਵਿਕਸਤ ਹੋਏ ਉਦਯੋਗ ਜਾਂ ਫਿਰ ਪੂੰਜੀਪਤੀ ਬ੍ਰਿਟਿਸ਼ ਸਾਮਰਾਜਵਾਦ 'ਤੇ ਨਿਰਭਰ ਹੋ ਗਏ ਅਤੇ ਉਹਨਾਂ ਦੇ ਇਸ਼ਾਰਿਆਂ 'ਤੇ ਚੱਲਣ ਲੱਗੇ। ਸਾਮਰਾਜੀਆਂ ਦੀ ਗੋਦ ਵਿਚ ਬੱਚਿਆਂ ਵਾਂਗੂੰ ਵਧੇ-ਫੁੱਲੇ ਭਾਰਤ ਦੇ ਪੂੰਜੀਪਤੀਆਂ ਨੇ ਬ੍ਰਿਟਿਸ਼ ਸਾਮਰਾਜਵਾਦ ਤੋਂ ਰਿਆਇਤਾਂ ਮੰਗਣ ਤੋਂ ਇਲਾਵਾ ਖ਼ੁਦ ਆਪਣੀ ਵੱਖਰੀ ਰਾਜਸੀ ਤੇ ਆਰਥਕ ਨੀਤੀ ਬਣਾਉਣ ਦੀ ਇੱਛਾ ਜ਼ਾਹਰ ਨਹੀਂ ਕੀਤੀ। ਇਸ ਵਰਗ ਨੇ ਵੱਡੇ ਪੈਮਾਨੇ 'ਤੇ ਹੋ ਰਹੀ ਸਾਮਰਾਜੀਆਂ ਵੱਲੋਂ ਲੁੱਟ-ਘਸੁੱਟ ਦਾ ਕਦੀ ਵੀ ਹੱਲ ਕਰਨਾ ਨਹੀਂ ਚਾਹਿਆ। ਦਰਅਸਲ ਦਲਾਲ ਪੂੰਜੀਪਤੀਆਂ ਦਾ ਸੁਭਾਅ ਹੀ ਇਹੋ ਹੈ। ਨਾਲ ਹੀ ਇਸ ਵਰਗ ਨੇ ਕਦੀ ਜਾਗੀਰੂ ਪ੍ਰਬੰਧ ਨੂੰ ਤੋੜਨਾ ਨਹੀਂ ਚਾਹਿਆ ਕਿਉਂਕਿ ਇਹ ਵਰਗ ਸਾਮਰਾਜੀਆਂ ਦਾ ਸਮਾਜਕ ਆਧਾਰ ਸੀ। ਇਹ ਸਹੀ ਹੈ ਕਿ ਇਥੇ ਸ਼ਾਇਦ ਪਹਿਲਾਂ ਕੋਈ ਕੌਮੀ ਸਰਮਾਏਦਾਰੀ ਵੀ ਹੁੰਦੀ ਹੋਵੇਗੀ। ਪਰ ਉਹ ਵੀ ਕਿਸੇ ਤਰ੍ਹਾਂ ਕੌਮੀ ਅੰਦੋਲਨ 'ਤੇ ਦਲਾਲ ਤਾਕਤ ਦੀ ਅਗਵਾਈ ਨੂੰ ਹਟਾ ਨਹੀਂ ਸਕੇ। ਸੋਵੀਅਤ ਸੰਘ ਦੇ ਇਨਕਲਾਬ ਦੇ ਪ੍ਰਭਾਵ ਮਜ਼ਦੂਰਾਂ ਤੇ ਕਿਸਾਨਾਂ ਦੇ ਸੰਘਰਸ਼ਾਂ ਪ੍ਰਤੀ ਪੂੰਜੀਪਤੀ ਜਮਾਤ ਦੇ ਖ਼ੌਫ਼ ਅਤੇ ਉਦੋਂ ਤਕ ਮਜ਼ਦੂਰ ਜਮਾਤ ਦੀ ਸ਼ਕਤੀਸ਼ਾਲੀ ਪਾਰਟੀ ਦੀ ਉਸਾਰੀ ਨਾ ਹੋ ਸਕਣਾ ਆਦਿ ਕੁਝ ਕਾਰਨ ਸਨ ਜਿਹਨਾ ਦਾ ਫ਼ਾਇਦਾ ਉਠਾ ਕੇ ਭਾਰਤ ਦੀ ਜਾਗੀਰੂ ਤੇ ਪੂੰਜੀਪਤੀ ਜਮਾਤ ਦਲਾਲ ਰਾਜਸੀ ਦਾਅ-ਪੇਚਾਂ ਵਿਚ ਲਿੱਬੜੀ ਰਹੀ ਹੈ। ਕਾਂਗਰਸ ਪਾਰਟੀ ਜਿਹਨਾਂ ਉਦੇਸ਼ਾਂ ਨੂੰ ਲੈ ਕੇ ਬਣੀ ਸੀ ਤੇ ਉਸ ਨੇ ਲੋਕਾਂ ਦੀ ਅਗਵਾਈ ਕੀਤੀ ਸੀ, ਜੇ ਉਸ ਨੂੰ ਪਾਰਖੂ ਨਜ਼ਰਾਂ ਨਾਲ ਵੇਖਿਆ ਜਾਵੇ ਤਾਂ ਇਹ ਗੱਲ ਵੱਧ ਸਪੱਸ਼ਟ ਰੂਪ ਵਿਚ ਸਮਝ ਆ ਸਕਦੀ ਹੈ। ਦਰਅਸਲ ਕਾਂਗਰਸ ਪਾਰਟੀ ਦੇ ਸੰਸਥਾਪਕ ਇਕ ਬ੍ਰਿਟਿਸ਼ ਉੱਚ ਅਧਿਕਾਰੀ ਸਨ ਜਿਹਨਾਂ ਦਾ ਨਾਂ ਹੈ ਔਕਟਾਲੀਆ ਹਿਊਮ। ਬਡੇਨ ਬਰਨ ਨੇ ਏ. ਓ. ਹਿਊਮ ਫ਼ਾਦਰ ਆਫ਼ ਇੰਡੀਅਨ ਨੈਸ਼ਨਲ ਕਾਂਗਰਸ ਨਾਂ ਨਾਲ ਇਹਨਾਂ ਦੀ ਜੀਵਨੀ ਲਿਖੀ ਸੀ। ਕਾਂਗਰਸ ਪਾਰਟੀ ਦੀ ਸਥਾਪਨਾ ਸਮੇਂ (ਸੰਨ 1885 ਵਿਚ) ਭਿਅੰਕਰ ਅਕਾਲ ਦੀ ਸਥਿਤੀ ਤੇ ਕਾਹਰ ਸੁਆਹ ਨਾਲ ਢੱਕੀ ਪਰ ਅੰਦਰੋਂ ਅੰਦਰੀਂ ਭਾਰਤਵਾਸੀਆਂ ਦੇ ਦਿਨਾਂ ਵਿਚ ਭੜਕ ਉੱਠੇ ਰੋਹ ਨੂੰ ਭਾਂਪ ਕੇ ਏ. ਓ. ਹਿਊਮ ਉਸ ਵੇਲੇ ਦੇ ਵਾਇਸਰਾਏ ਡਫਰਿਸ ਕੋਲ ਗਏ ਅਤੇ ਉਹਨਾਂ ਨੂੰ ਦੇਸ਼ ਦੀ ਸਥਿਤੀ ਤੋਂ ਜਾਣੂ ਕਰਵਾਇਆ। ਇਸ ਪਿੱਛੋਂ ਉਹਨਾਂ ਨੇ ਵਾਇਸਰਾਏ ਨੂੰ ਸੁਝਾਅ ਵੀ ਦਿੱਤਾ ਸੀ ਜਿਸ ਨੂੰ ਡਫਰਿਸ ਨੇ ਬ੍ਰਿਟਿਸ਼ ਪਾਰਲੀਮੈਂਟ ਨੂੰ ਭੇਜ ਵੀ ਦਿੱਤਾ ਸੀ। ਇਹ ਸੁਝਾਅ ਇਸ ਤਰ੍ਹਾਂ ਸੀ :

"ਭਾਰਤ ਵਿਚ ਫੁੱਟ ਸਕਣ ਵਾਲੇ ਹਥਿਆਰਬੰਦ ਇਨਕਾਲਬ ਨੂੰ ਰੋਕਣ ਲਈ ਸਿਰ ਇਕ ਹੀ ਤਰੀਕਾ ਹੈ। ਉਹ ਇਹ ਹੈ ਕਿ ਦੇਸ਼ ਵਾਸੀਆਂ ਲਈ ਅਸੀਂ ਕਾਨੂੰਨ

ਤਹਿਤ ਇਕ ਅੰਦੋਲਨ ਖੜਾ ਕਰਾਂਗੇ ਤੇ ਇਸ ਅੰਦੋਲਨ ਵਿਚ ਜੁੜ ਕੇ ਜਨਤਾ ਆਪਣਾ ਗੁੱਸਾ ਜ਼ਾਹਰ ਕਰੇਗੀ। ਇਸ ਤਰ੍ਹਾਂ ਲੋਕਾਂ ਦੀਆਂ ਜ਼ਰੂਰਤਾਂ ਕੀ ਹਨ, ਸਰਕਾਰ ਸਮਝ ਸਕਦੀ ਹੈ। ਉਸ ਵਰਗ ਦੇ ਜੋ ਭਾਰਤ ਵਾਸੀ ਬ੍ਰਿਟਿਸ਼ ਸਰਕਾਰ ਦੀ ਮਦਦ ਕਰ ਰਹੇ ਹਨ, ਇਸ ਤਰ੍ਹਾਂ ਦੇ ਅੰਦੋਲਨ ਨੂੰ ਉਹਨਾਂ ਦੀ ਅਗਵਾਈ ਵਿਚ ਰੱਖਿਆ ਜਾਵੇ ਤਾਂ ਉਹ ਲੋਕਾਂ ਨੂੰ ਇਨਕਾਲਬੀ ਰਾਹ ਤੋਂ ਹਟਾ ਕੇ ਕਾਨੂੰਨੀ ਤੌਰ ਤਰੀਕਿਆਂ ਦੇ ਅੰਦੋਲਨ ਵੱਲ ਲੈ ਜਾ ਸਕਦੇ ਹਨ। ਇਸ ਤਰ੍ਹਾਂ ਬ੍ਰਿਟਿਸ਼ ਸਰਕਾਰ ਦੇ ਹੱਥ ਵਿਚ ਇਕ ਅੰਦੋਲਨ ਦੀ ਮਜ਼ਬੂਤ ਪਕੜ ਬਣੀ ਰਹਿ ਸਕਦੀ ਹੈ।" (ਤੇਲਗੂ ਵਿਚ ਅਨੁਵਾਦਿਤ ਹਿੰਦੀ ਲੇਖਕ ਤੇ ਕ੍ਰਾਂਤੀਕਾਰੀ ਯਸ਼ਪਾਲ ਦੀ ਲਿਖਤ 'ਰਾਮ ਰਾਜਅਮ' ਵਿਚੋਂ, ਪੰਨਾ 69)

ਲੁਟੇਰੇ ਵਰਗ ਨੇ ਭਾਵੀ ਰਣਨੀਤੀ ਦਾ ਵੱਡੀ ਡੂੰਘਾਈ ਵਿਚ ਜਾ ਕੇ ਅਧਿਐਨ ਕੀਤਾ ਸੀ। ਕੌਮੀ ਆਜ਼ਾਦੀ ਅੰਦੋਲਨ ਵਿਚ ਠੀਕ ਇਸੇ ਰਣਨੀਤੀ 'ਤੇ ਚੱਲਦਿਆਂ ਕਾਂਗਰਸ ਪਾਰਟੀ ਤੇ ਉਸ ਦੇ ਨੇਤਾ ਗਾਂਧੀ ਨੇ ਅੰਗਰੇਜ਼ਾਂ ਦੇ ਉਦੇਸ਼ਾਂ ਨੂੰ ਸ਼ਤ-ਪ੍ਰਤੀਸ਼ਤ ਅਮਲ ਵਿਚ ਲਿਆਂਦਾ। ਕਾਂਗਰਸ ਨੂੰ ਚਲਾਉਣ ਦਾ ਢੰਗ ਕੀ ਹੋਵੇ, ਇਸ ਨੂੰ ਹਿਊਮ ਦੇ ਸ਼ਬਦਾਂ ਵਿਚ ਹੀ ਦਰਸਾਉਣਾ ਉਚਿਤ ਹੋਵੇਗਾ। ਉਹਨਾਂ ਕਿਹਾ ਸੀ, "ਸਾਡੀ ਸਰਕਾਰ ਨੂੰ ਚਲਾਉਣ ਦੇ ਰਾਹ ਵਿਚ ਕੁਝ ਤਾਕਤਾਂ ਅੜਿੱਕਾ ਡਾਹੁਣ ਲਈ ਸਿਰ ਉਠਾ ਖੜੀਆਂ ਹੋਈਆਂ ਸਨ। ਇਹਨਾਂ ਸ਼ਕਤੀਆਂ ਤੋਂ ਖ਼ੁਦ ਦੀ ਰਾਖੀ ਕਰਨ ਲਈ ਤੇ ਇਹਨਾਂ ਦੇ ਪ੍ਰਭਾਵ ਨੂੰ ਲੋਕਾਂ ਦੇ ਦਿਲਾਂ ਤੋਂ ਮਿਟਾ ਦੇਣ ਲਈ ਰੱਖਿਆ ਕਵਚ ਦੀ ਭੂਮਿਕਾ ਨਿਭਾਉਣ ਲਈ ਕਾਂਗਰਸ ਤੋਂ ਵੱਨ ਕੇ ਕੋਈ ਦੂਜੀ ਸੰਸਥਾ ਨਹੀਂ ਹੈ। (ਤੇਲਗੂ ਵਿਚ ਹਿਊਮ ਚਰਿੱਤਰ, ਪੰਨਾ 66)

ਇਸ ਤੋਂ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਾਂਗਰਸ ਪਾਰਟੀ ਦੀ ਸਥਾਪਨਾ ਦਾ ਉਦੇਸ਼ ਜਨਤਾ ਦੀ ਔਖ ਦਾ ਸਹੀ ਢੰਗ ਨਾਲ ਅੰਦਾਜ਼ਾ ਲਾਉਣਾ ਅਤੇ ਜਦ ਸਥਿਤੀ ਹੱਥ ਵਿਚੋਂ ਨਿਕਲਣ ਲੱਗੇ ਤਾਂ ਇਸ ਨੂੰ ਜੁਝਾਰੂ ਸੰਘਰਸ਼ਾਂ ਵਿਚ ਤਬਦੀਲ ਹੋਣ ਤੋਂ ਰੋਕਣ ਲਈ ਇਸ ਦੀ ਵਰਤੋਂ ਕਰਨਾ ਸੀ। ਇਸ ਰਾਹੀਂ ਉਹ ਸੰਘਰਸ਼ਾਂ ਤੇ ਸੰਸਥਾਵਾਂ ਨੂੰ ਕਾਨੂੰਨੀ ਤੌਰ 'ਤੇ ਸੀਮਤ ਕਰ ਕੇ ਸੰਭਵ ਲੰਮੇ ਸਮੇਂ ਤਕ ਸਾਮਰਾਜਵਾਦੀਆਂ ਦੀ ਸਿੱਧੀ ਹਕੂਮਤ ਨੂੰ ਉਹ ਕਾਇਮ ਰੱਖਣਾ ਚਾਹੁੰਦੇ ਸਨ ਅਤੇ ਸੁਚਾਰੂ ਰੂਪ ਨਾਲ ਦੇਸ਼ ਨੂੰ ਲੁੱਟ ਦਾ ਮੌਕਾ ਦੇਣਾ ਚਾਹੁੰਦੇ ਸਨ। ਇੰਨਾ ਹੁੰਦੇ ਹੋਏ ਵੀ ਇਸ ਪਿਛਲੀ ਸਦੀ ਦੇ ਸ਼ੁਰੂ ਵਿਚ ਗੱਦੀ ਦੇ ਲਾਲਚ ਵਿਚ ਸੱਤਾਧਾਰੀ (ਹਾਕਮ) ਜਮਾਤ ਦੀਆਂ ਪਾਰਟੀਆਂ ਦੇ ਨਾਲ ਚੁਣਾਵੀ ਦੌੜ ਕਰਨ ਵਿਚ ਨੱਕੋ-ਨੱਕ ਡੁੱਬੀਆਂ ਪਾਰਟੀਆਂ ਦੇ ਲੋਕ ਭਗਤ ਸਿੰਘ ਦੇ ਵਾਰਿਸ ਕਿਵੇਂ ਹੋ ਸਕਦੇ ਹਨ ? ਪਾਰਲੀਮਾਨੀ ਰਾਹ ਦੇ ਆਦੀ ਹੋ ਕੇ ਲੁਟੇਰੀ ਰਾਜ ਮਸ਼ੀਨਰੀ ਦੇ ਤਹਿਤ ਹੀ ਰਾਜ ਕਰਨ ਲਈ ਤਿਆਰ ਇਹ ਲੋਕ ਭਾਵੇਂ ਹੀ ਗ਼ੱਦਾਰਾਂ ਦੇ ਵਾਰਿਸ ਤਾਂ ਬਣ ਸਕਦੇ ਹਨ ਪਰ ਕਾਮਰੇਡ ਲੈਨਿਨ ਤੇ ਭਗਤ ਦੇ ਵਾਰਿਸ ਹਰਗਿਜ਼ ਨਹੀਂ।

ਭਗਤ ਸਿੰਘ ਸ਼ੁਰੂ ਵਿਚ ਭਾਵੇਂ ਰੁਮਾਂਟਿਕ ਇਨਕਲਾਬੀ ਸਨ, ਜਦੋਂ ਤਕ ਉਹਨਾਂ

ਦੀ ਮਾਰਕਸਵਾਦੀ ਵਿਚਾਰਧਾਰਾ ਤਕ ਪਹੁੰਚ ਨਹੀਂ ਬਣੀ ਸੀ, ਪਰ ਉਸ ਸਮੇਂ ਤਕ ਉਹ ਪਰੱਪਕ ਸਮਾਜਵਾਦੀ ਬਣ ਗਏ। ਇਸ ਤੋਂ ਇਲਾਵਾ ਇਕ ਹੋਰ ਵੀ ਕਾਰਨ ਹੋ ਸਕਦਾ ਹੈ ਕਿ ਉਹ ਇਹ ਕਿ ਉਸ ਸਮੇਂ ਤਕ ਬਹੁਮੁੱਲੀ ਭਾਰਤੀ ਇਨਕਲਾਬੀ ਅਨੁਭਵ ਲਿੱਪੀਬੱਧ ਨਹੀਂ ਹੋ ਸਕਿਆ ਸੀ। ਪਰ ਜਦੋਂ ਨਾ-ਸਿਰਫ਼ ਦੁਨੀਆਂ ਭਰ ਦੇ ਕ੍ਰਾਂਤੀਕਾਰੀ ਅਨੁਭਵ ਹੀ ਨਹੀਂ ਬਲਕਿ ਭਾਰਤ ਦਾ ਇਨਕਾਲਬੀ ਅਨੁਭਵ ਵੀ ਸਾਡੀ ਪਹੁੰਚ ਵਿਚ ਹੈ ਤਾਂ ਯੋਜਨਾਬੰਧ ਇਨਕਲਾਬੀ ਲੀਹ ਅਪਣਾਉਣਾ ਹੀ ਸਹੀ ਹੋਵੇਗਾ।

ਪਿਛਲੀ ਸਦੀ ਦੇ ਆਰੰਭ ਵਿਚ 'ਬੰਗ ਭੰਗ' (ਸੰਨ 1905) ਦੇ ਖ਼ਿਲਾਫ਼ ਦੇਸ਼ ਭਰ ਵਿਚ ਵੱਡੇ ਪੈਮਾਨੇ ਤੇ ਜਨ-ਅੰਦੋਲਨ ਉੱਠ ਖੜਾ ਹੋਇਆ ਸੀ। ਬੰਗਾਲ ਦੇ ਮੱਧ ਵਰਗ ਦੇ ਨੌਜਵਾਨਾਂ ਨੇ ਬ੍ਰਿਟਿਸ਼ ਸਰਕਾਰ 'ਤੇ ਹੱਲਾ ਬੋਲ ਦਿੱਤਾ। ਆਪਣੀ ਪੱਤ੍ਰਿਕਾ ਵਿਚ ਬ੍ਰਿਟਿਸ਼ ਕਰਤੂਤਾਂ ਦੇ ਖ਼ਿਲਾਫ਼ ਲੇਖ ਮਾਲਾ ਲਿਖਣ ਦੇ ਕਾਰਨ ਹੀ ਬ੍ਰਿਟਿਸ਼ ਸਰਕਾਰ ਨੇ ਬਾਲ ਗੰਗਾਧਰ ਤਿਲਕ ਨੂੰ ਛੇ ਮਹੀਨੇ ਦੀ ਸਖ਼ਤ ਸਜ਼ਾ ਦਿੱਤੀ ਸੀ, ਜਿਸ ਖ਼ਿਲਾਫ਼ ਬੰਬਈ ਦੇ ਮਿੱਲ ਮਜ਼ਦੂਰਾਂ ਨੇ ਹੜਤਾਲ ਤੇ ਬੰਦ ਦਾ ਸੱਦਾ ਦੇ ਕੇ ਸਰਕਾਰ ਨੂੰ ਚਿਤਾਵਨੀ ਦੇ ਦਿੱਤੀ ਸੀ ਕਿ ਰਾਜਨੀਤੀ ਵਿਚ ਮਜ਼ਦੂਰਾਂ ਦੀ ਕ੍ਰਿਆਸ਼ੀਲ ਭੂਮਿਕਾ ਨਿਭਾਉਣ ਦਾ ਸਮਾਂ ਆ ਗਿਆ ਹੈ। ਐਸੀ ਹਾਲਤ ਵਿਚ ਬ੍ਰਿਟਿਸ਼ ਸਾਮਰਾਜੀ ਹਾਕਮਾਂ ਤੇ ਦੇਸੀ ਜਾਗੀਰਦਾਰਾਂ ਤੇ ਦਲਾਲ ਸਰਮਾਏਦਾਰਾਂ ਨੂੰ ਅਜਿਹੀ ਧਾਰਾ ਦੀ ਲੋੜ ਮਹਿਸੂਸ ਹੋਣ ਲੱਗੀ ਸੀ ਜੋ ਦੇਸ਼ ਦੀ ਜਨਤਾ ਦੇ ਤਿੱਖੇ ਰੋਹ ਨੂੰ ਉਲਟ ਦਿਸ਼ਾ ਵਿਚ ਮੋੜ ਸਕੇ।

ਦੱਖਣੀ ਅਫ਼ਰੀਕਾ ਵਿਚ ਬ੍ਰਿਟਿਸ਼ ਹਾਕਮਾਂ ਵਿਰੁੱਧ 'ਜ਼ੁਲੂ ਜਾਤੀ' ਦੇ ਕਿਸਾਨ-ਮਜ਼ਦੂਰਾਂ ਦੇ ਸੰਘਰਸ਼ ਸਮੇਂ, ਬੋਅਰ ਯੁੱਧ ਸਮੇਂ ਤੇ ਪਹਿਲੀ ਜੰਗ ਸਮੇਂ ਗਾਂਧੀ ਅੰਗਰੇਜ਼ਾਂ ਨੂੰ ਸਹਾਇਤਾ ਪਹੁੰਚਾਣ ਵਿਚ ਆਪਣੀ ਜਾਨ 'ਤੇ ਖੇਡਣ ਤੋਂ ਪਿੱਛੇ ਨਹੀਂ ਹਟੇ। (ਭਾਰਤ ਦੇ ਸਭ ਅੰਗਰੇਜ਼ਾਂ ਨੂੰ ਖੁੱਲ੍ਹੇ ਪੱਤਰ ਦੇ ਆਧਾਰ 'ਤੇ) ਇਸ ਪ੍ਰਕਾਰ ਆਮ ਜਨਤਾ ਨੂੰ ਸੰਘਰਸ਼ ਦੇ ਰਾਹ ਤੋਂ ਵੱਖ ਕਰਨ ਵਿਚ ਤੇ ਸਾਮਰਾਜੀਆਂ ਨੂੰ ਆਪਣੀਆਂ ਵਿਸ਼ਵਾਸਯੋਗ ਸੇਵਾਵਾਂ ਪ੍ਰਦਾਨ ਕਰਨ ਵਿਚ ਗਾਂਧੀ ਬੇਮਿਸਾਲ ਸਾਬਤ ਹੋਏ ਸਨ।

ਬਸਤੀਵਾਦੀ ਤੇ ਅਰਧ-ਬਸਤੀਵਾਦੀ ਦੇਸ਼ਾਂ ਵਿਚ ਕੌਮੀ ਮੁਕਤੀ ਅੰਦੋਲਨ ਬਾਰੇ ਗੱਲਬਾਤ ਕਰਦਿਆਂ ਕਾਮਰੇਡ ਲੈਨਿਨ ਨੇ ਇਹ ਚਿਤਾਵਨੀ ਦਿੱਤੀ ਸੀ ਕਿ "ਲੁੱਟ ਤੇ ਜਾਬਰ ਦੀਆਂ ਸ਼ਿਕਾਰ ਕੌਮੀਅਤਾਂ ਵਿਚ ਸੁਧਾਰਵਾਦੀ ਅੰਦੋਲਨਾਂ ਦੇ ਬੀਜ ਬੀਜਣ ਲਈ ਸਾਮਰਾਜੀ ਦਲਾਲ ਸਰਮਾਏਦਾਰੀ ਜਮਾਤ ਆਪਣੀ ਪੂਰੀ ਤਾਕਤ ਨਾਲ ਚਾਲ ਚੱਲ ਸਕਦਾ ਹੈ। ਬਸਤੀਵਾਦੀ ਦੇਸ਼ਾਂ ਦੀ ਬੁਰਜੂਆ ਜਮਾਤ ਤੇ ਨਪੀੜੇ ਜਾਂਦੇ ਦੇਸ਼ਾਂ ਦੀ ਬੁਰਜੂਆ ਜਮਾਤ ਵਿਚਕਾਰ ਲਗਾਅ ਰਹੇਗਾ। ਕਈ ਪ੍ਰਸੰਗਾਂ ਵਿਚ ਸ਼ਾਇਕ ਜ਼ਿਆਦਾਤਰ ਪ੍ਰਸੰਗਾਂ ਵਿਚ ਕੌਮੀ ਸਰਮਾਏਦਾਰੀ ਜਮਾਤ ਸਾਮਰਾਜਵਾਦੀ ਸਰਮਾਏਦਾਰੀ ਜਮਾਤ ਨਾਲ ਮਿਲ ਕੇ ਜੋ ਸਮੁੱਚੇ ਕ੍ਰਾਂਤੀਕਾਰੀ ਅੰਦੋਲਨ ਵਿਰੁੱਧ ਕੰਮ ਕਰਦੇ ਹਨ (ਪ੍ਰਾਚਯ ਦੁਨੀਆਂ ਦਾ ਕੌਮੀ ਮੁਕਤੀ ਅੰਦੋਲਨ ਲੇਖ ਵਿਚੋਂ)।

ਜਿਸ ਸਮੇਂ ਕਾਮਰੇਡ ਲੈਨਿਨ ਨੇ ਇਹ ਮੁਲਾਂਕਣ ਕੀਤਾ ਸੀ ਉਸ ਸਮੇਂ ਬਿਹਾਰ

ਸੂਬੇ ਦੇ ਚੰਪਾਰਣ ਵਿਚ ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਸੰਘਰਸ਼ ਨੂੰ ਗਾਂਧੀ ਵੱਲੋਂ ਸੁਧਾਰਵਾਦੀ ਦਲਦਲ ਵਿਚ ਘਸੀਟਣਾ ਸ਼ੁਰੂ ਕਰ ਦਿੱਤਾ ਸੀ ਅਤੇ ਰੋਲਟ ਐਕਟ ਤੇ ਜੱਲਿਆਂ ਵਾਲਾ ਬਾਗ਼ ਦੇ ਅਸਿਹ ਤੇ ਅਕਹਿ ਜ਼ਾਲਮਾਨਾ ਹੱਤਿਆ-ਕਾਂਡ ਖ਼ਿਲਾਫ਼ ਛਿੜੇ ਲੋਕ ਸੰਘਰਸ਼ ਨੂੰ ਆਪਣੀਆਂ ਹੱਦਾਂ ਉਲੰਘਦਿਆਂ ਦੇਖ ਗਾਂਧੀ ਨੇ ਉਹਨਾਂ ਸਾਰਿਆਂ 'ਤੇ ਸਖ਼ਤ ਰੋਕ ਲਾ ਦਿੱਤੀ ਸੀ। ਸੋਖਵੀਅਤ ਸੰਘ ਦੇ ਇਨਕਲਾਬ ਦੇ ਅਨੁਭਵ ਦੇ ਆਧਾਰ 'ਤੇ ਸਾਮਰਾਜੀਆਂ ਨੇ ਤੇ ਉਹਨਾਂ ਦੀ ਦਲਾਲ ਭਾਰਤ ਦੀ ਵੱਡੀ ਪੂੰਜੀਪਤੀ ਜਮਾਤ ਨੇ ਇਕ ਪਾਸੇ ਤਾਂ ਆਜ਼ਾਦੀ ਦੀ ਲੜਾਈ ਨੂੰ ਕੁਚਲ ਕੇ ਰੱਖ ਦੇਣ ਦੀ ਮਨਸ਼ਾ ਲਈ ਜਾਕਰ ਦਮਨ ਚੱਕਰ ਚਲਾਇਆ ਅਤੇ ਦੂਜੇ ਪਾਸੇ ਉਸ ਰਾਹ ਤੋਂ ਭਟਕਾ ਦੇਣ ਲਈ ਸੁਧਾਰਵਾਦੀ ਵਾਅਦਿਆਂ, ਸਮਝੌਤਿਆਂ ਤੇ ਸ਼ਾਤੀ ਦਾ ਜਾਪ ਕੀਤਾ ਗਿਆ ਸੀ। ਭਾਰਤ ਦੀ ਵੱਡੀ ਸਰਮਾਏਦਾਰੀ ਜਮਾਤ ਦੇ ਨੇਤਾ ਵਜੋਂ ਗਾਂਧੀ ਨੇ ਆਪਣੀ ਇਹ ਭੂਮਿਕਾ ਬੇਰੋਕ, ਬਾਖ਼ੂਬੀ ਨਿਭਾਈ ਤੇ ਉਹ ਦੇਸ਼ ਵਾਸੀਆਂ ਦੇ ਮਹਾਤਮਾ ਬਣ ਗਏ ਸਨ।

ਭਾਰਤ ਦੀ ਜਨਤਾ ਵਿਚ ਬ੍ਰਿਟਿਸ਼ ਸਾਮਰਾਜ ਪ੍ਰਤੀ ਕਿੰਨਾ ਤਿੱਖਾ ਰੋਹ ਸੀ, ਉਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਭਾਵੇਂ ਹੀ ਸਿਰਫ਼ ਕੁਝ ਰਿਆਇਤਾਂ ਹਾਸਲ ਕਰਨ ਲਈ ਵੀ ਅੰਦੋਲਨ ਦਾ ਸੱਦਾ ਕਿਉਂ ਨਾ ਦਿੱਤਾ ਗਿਆ ਹੋਵੇ ਜਾਂ ਫਿਰ ਵਿਅਕਤੀਗਤ ਸਤਿਆਗ੍ਰਹਿ ਕਰਨ ਦਾ ਹੁਕਮ ਹੀ ਕਿਉਂ ਨਾ ਦਿੱਤਾ ਗਿਆ ਹੋਵੇ, ਆਮ ਜਨਤਾ ਹਜ਼ਾਰਾਂ ਦੀ ਗਿਣਤੀ ਵਿਚ ਹੜ੍ਹ ਵਾਂਗ ਪਹੁੰਚ ਜਾਂਦੀ ਸੀ। ਅਜਿਹੀ ਹਾਲਤ ਵਿਚ ਜੁਝਾਰੂ ਲੋਕ ਘੋਲ 'ਤੇ ਪਾਣ ਫੇਰਨ ਲਈ ਅਤੇ ਉਸ ਸੰਘਰਸ਼ ਦੇ ਜਵਾਰਭਾਟੇ ਦੇ ਰਾਹ ਵਿਚ ਅੜਿੱਕੇ ਖੜੇ ਕਰਨ ਲਈ ਗਾਂਧੀ ਸ਼ਾਂਤੀ ਮੰਤਰ ਦਾ ਜਾਪ ਕਰ ਕੇ ਲੁਟੇਰੇ ਪ੍ਰਬੰਧ ਦੀ ਜੜ੍ਹ ਦੀ ਰਾਖੀ ਬਾਖ਼ੂਬੀ ਕਰਦੇ ਆਏ ਸਨ। 8 ਮਈ 1929 ਨੂੰ ਪੂਰਵੀ ਦੇਸ਼ਾਂ ਦੇ ਕਿਰਤੀ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਹੋਇਆ ਉਸ ਵੇਲੇ ਦੇ ਭਾਰਤ ਬਾਰੇ ਕਾਮਰੇਡ ਸਟਾਲਿਨ ਨੇ ਆਪਣੇ ਭਾਸ਼ਣ ਵਿਚ ਇਉਂ ਕਿਹਾ ਸੀ, "ਭਾਰਤ ਵਰਗੇ ਬਸਤੀਵਾਦੀ ਦੇਸ਼ਾਂ ਵਿਚ ਨਵੇਂ ਰੂਪ ਵਿਚ ਵਿਖਾਈ ਦੇਣ ਵਾਲਾ ਪ੍ਰਮੁੱਖ ਲੱਛਣ ਇਹ ਹੈ ਕਿ ਇਹਨਾਂ ਦੇਸ਼ਾਂ ਵਿਚ ਕੌਮੀ ਸਰਮਾਏਦਾਰੀ ਜਮਾਤ ਕ੍ਰਾਤੀਕਾਰੀ ਜਮਾਤ ਦੀ ਭਾਂਤੀ ਸੀ ਜਾਂ ਸਮਝੌਤਾ-ਪ੍ਰਸਤ ਜਮਾਤ ਦੇ ਰੂਪ ਵਿਚ। ਇਹ ਇਸ ਤਰ੍ਹਾਂ ਦੋ ਭਾਗਾਂ ਵਿਚ ਵੰਡੇ ਗਏ ਹਨ। ਇਸ ਤੋਂ ਇਲਾਵਾ ਪੂੰਜੀਪਤੀ ਵਰਗ ਵਿਚ ਸਮਝੋਤੇ ਲਈ ਗਿੜਗਿੜਾਉਣ ਵਾਲੇ ਗੁੱਟ ਤੇ ਸਾਮਰਾਜਵਾਦ ਨੇ ਆਪਸ ਵਿਚ ਰਾਜ਼ੀਨਾਮਾ ਕਰ ਲਿਆ ਹੈ। ਇਹ ਵਰਗ ਸਾਮਰਾਜਵਾਦ ਦੇ ਮੁਕਾਬਲਤਨ ਮਜ਼ਦੂਰ ਇਨਕਲਾਬ ਤੋਂ ਵੱਧ ਭੈਅ ਖਾਂਦਾ ਰਿਹਾ ਹੈ। ਜਦ ਤਕ ਇਸ ਵਰਗ 'ਤੇ ਵਾਰ ਨਹੀਂ ਕੀਤਾ ਜਾਂਦਾ, ਇਨਕਲਾਬ ਅਸੰਭਵ ਹੋਵੇਗਾ। ਇਸ ਗੁੱਟ ਨੂੰ ਖ਼ਤਮ ਕਰਨ ਲਈ ਸਾਨੂੰ ਸਮਝੌਤੇ ਦੀ ਕੋਸ਼ਿਸ਼ ਕਰ ਰਹੀ ਕੌਮੀ ਸਰਮਾਏਦਾਰ ਜਮਾਤ 'ਤੇ ਪੂਰੀ ਤਾਕਤ ਕੇਂਦਰਿਤ ਕਰਨੀ ਚਾਹੀਦੀ ਹੈ ਅਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਵਿਸ਼ਵਾਸਘਾਤ ਦਾ ਪਰਦਾ ਫ਼ਾਸ਼ ਕਰਨਾ ਚਾਹੀਦਾ ਹੈ। ਖ਼ੂਨ

ਪਸੀਨਾ ਵਹਾਉਣ ਵਾਲੇ ਮੇਹਨਤਕਸ਼ ਲੋਕਾਂ ਨੂੰ ਇਸ ਪ੍ਰਭਾਵ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ।"

ਗਾਂਧੀ ਦੇ ਕਿਰਦਾਰ ਬਾਰੇ ਸਟਾਲਿਨ ਨੇ ਇਸ ਤੋਂ ਵੱਧ ਸਪੱਸ਼ਟ ਸ਼ਬਦਾਂ ਵਿਚ ਸੰਨ 1931 ਵਿਚ ਜੋ ਬਿਆਨ ਦਿੱਤਾ ਸੀ, ਉਹਨਾਂ ਕਿਹਾ ਸੀ, "ਭਾਰਤ, ਇੰਡੋਚੀਨ ਇੰਡੋਨੇਸ਼ੀਆ ਅਤੇ ਅਫ਼ਰੀਕੀ ਮਹਾਂਦੀਪ ਦੇ ਦੇਸ਼ਾਂ ਵਿਚ ਚੱਲ ਰਹੇ ਇਨਕਲਾਬੀ ਸੰਘਰਸ਼ਾਂ ਨੂੰ ਕਸਾਈ ਬੁਰਜੂਆ ਹਾਕਮਾਂ ਨੇ ਖ਼ੂਨ ਦੀਆਂ ਨਦੀਆਂ ਵਿਚ ਡੁਬੋ ਦਿੱਤਾ ਸੀ। ਉਥੇ ਚਲ ਰਹੇ ਲੋਕ-ਸੰਘਰਸ਼ਾਂ ਨੂੰ ਜ਼ਾਲਮਨਾ ਢੰਗ ਨਾਲ ਦਬਾ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਹ ਕੋਸ਼ਿਸ਼ ਦੋ ਰੂਪਾਂ ਵਿਚ ਕੀਤੀ ਗਈ ਸੀ, ਪਹਿਲੀ ਬੰਦੂਕ ਦੇ ਜ਼ਰੀਏ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲ ਦੇਣਾ ਅਤੇ ਦੂਜਾ ਗਾਂਧੀ ਵਰਗੀ ਹਸਤੀ ਦੇ ਜ਼ਰੀਏ ਕ੍ਰਾਂਤੀਕਾਰੀ ਅੰਦੋਲਨ ਨੂੰ ਗੁੰਮਰਾਹ ਕਰ ਦੇਣਾ।"

ਕਾਮਰੇਡ ਸਟਾਲਿਨ ਦਾ ਕਥਨ ਏਨਾ ਸਪੱਸ਼ਟ ਹੋਣ ਦੇ ਬਾਵਜੂਦ ਭਾਰਤ ਦੇ ਕਮਿਊਨਿਸਟ ਅੰਦੋਲਨ ਦੇ ਜ਼ਿਆਦਾਰ ਆਗੂ ਗਾਂਧੀ ਪ੍ਰਤੀ ਭਰਮ ਤੇ ਭਗਤੀ ਭਾਵ ਦਰਸਾਉਂਦੇ ਹੋਏ ਉਹਨਾਂ ਨੂੰ ਸਾਮਰਾਜੀਆਂ ਨਾਲ ਸਮਝੌਤਾ ਨਾ ਕਰਨ ਵਾਲਾ ਬੁਰਜੂਆ (ਕੌਮੀ ਬੁਰਜੂਆ) ਦੇ ਰੂਪ ਵਿਚ ਮੰਨਿਆ ਸੀ। ਹਾਕਮਾਂ ਵੱਲੋਂ ਸੱਤਾ ਬਦਲੀ ਨੂੰ ਭੀਖ ਵਜੋਂ ਪ੍ਰਾਪਤ ਕਰਨ ਨੂੰ ਹੀ 'ਆਜ਼ਾਦੀ' ਵਜੋਂ ਪ੍ਰਚਾਰਿਆ ਗਿਆ। ਇਸ ਦਾ ਕੁਝ ਕੁ ਨੇਤਾ ਅੱਜ ਵੀ ਗੁਣਗਾਨ ਕਰਦੇ ਰਹਿੰਦੇ ਹਨ। ਭਾਰਤ ਦੇ ਕਮਿਊਨਿਸਟ ਅੰਦੋਲਨ ਪ੍ਰਤੀ ਕਾਮਰੇਡ ਸਟਾਲਿਨ ਦੇ ਮੁਲਾਂਕਣ ਨੂੰ ਖੁੱਲ੍ਹ ਕੇ ਸਾਹਮਣੇ ਰੱਖਣ ਵਾਲੇ ਨੇਤਾਗਣ ਹੀ, ਜਿਸ ਧਰਤੀ 'ਤੇ ਕਾਮਰੇਡ ਸਟਾਲਿਨ ਨੇ ਜਨਮ ਲਿਆ, ਅੱਜ ਉਸੇ ਧਰਤੀ ਤੋਂ ਕਾਮਰੇਡ ਸਟਾਲਿਨ ਦੀ ਆਲੋਚਨਾ ਕਰਦਿਆਂ 'ਵਿਸ਼ਵ ਸ਼ਾਂਤੀ ਦੂਤ' ਵਜੋਂ ਗਾਂਧੀ ਦੀ ਤਾਰੀਫ਼ ਕਰਦੇ ਹੋਏ ਪ੍ਰਚਾਰ ਕਰ ਰਹੇ ਹਨ ਪਰ ਆਪਣੇ ਕੁਝ ਕੁ ਸਾਲਾਂ ਦੇ ਰਾਜਸੀ ਅਨੁਭਵ ਦੇ ਆਧਾਰ 'ਤੇ ਭਗਤ ਸਿੰਘ ਨੇ ਗਾਂਧੀ ਤੇ ਕਾਗਰਸ ਪਾਰਟੀ ਬਾਰੇ ਬੜੇ ਹੀ ਸਪੱਸ਼ਟ ਸ਼ਬਦਾਂ ਵਿਚ ਆਪਣਾ ਵਿਚਾ ਪ੍ਰਗਟ ਕੀਤਾ ਸੀ। ਉਹਨਾਂ ਦੀ ਇਹ ਰਚਨਾ ਫ਼ਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤੇ ਜਾਣ ਤੋਂ ਠੀਕ 51 ਦਿਨ ਪਹਿਲਾਂ ਆਈ ਸੀ। ਇਸ ਦੀ ਪੂਰੀ ਸੰਭਾਵਨਾ ਹੈ ਕਿ ਭਗਤ ਸਿੰਘ ਉਸ ਸਮੇਂ ਕਾਮਰੇਡ ਸਟਾਲਿਨ ਦੇ ਮੁਲਾਂਕਣ ਤੋਂ ਵਾਕਿਫ਼ ਹੋਵੇ। ਤਾਂ ਹੀ ਮਾਰਕਸਵਾਦ-ਲੈਨਿਨਵਾਦ ਦੇ ਡੂੰਘੇ ਅਧਿਐਨ ਤੇ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਅਨੁਭਵਾਂ ਦੀ ਰੌਸ਼ਨੀ ਵਿਚ ਉਹਨਾਂ ਅੰਦਰ ਇਹਨਾਂ ਵਿਚਾਰਾਂ ਨੇ ਜਨਮ ਲਿਆ ਹੋਵੇ।

'ਕਾਂਗਰਸ ਅੰਦੋਲਨ' (ਜਿਸ ਨੂੰ ਅੱਜ ਗਾਂਧੀਵਾਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਦੀ ਜਿੱਤ-ਹਾਰ ਤੇ ਯੋਗਤਾਵਾਂ ਬਾਰੇ ਕਿਸੇ ਵੀ ਮਾਅਨੇ ਵਿਚ ਕਿਸੇ ਪ੍ਰਕਾਰ ਦੀਆਂ ਗ਼ਲਤ-ਫ਼ਹਿਮੀਆਂ ਨੂੰ ਅੱਖੀਂ ਦੇਖ ਦੇ, ਉਹਨਾਂ ਨੂੰ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ। ਅਸੀਂ ਆਪਣੀਆਂ ਨਜ਼ਰਾਂ ਨਾਲ ਰੋਜ਼ ਹੀ ਵੇਖਦੇ ਹਾਂ ਕਿ ਇਹ ਕੰਮ ਆਜ਼ਾਦੀ ਦੀ ਹਮਾਇਤ ਦੇਣ ਵਾਲਾ ਹਰਗਿਜ਼ ਨਹੀਂ ਸੀ। ਉਹ ਉਪਰੋਂ ਹੀ ਇਸ ਵਿਚ ਹਿੱਸੇਦਾਰ ਹੋਣਾ ਚਾਹੁੰਦੇ ਸਨ। ਜਿਸ ਨੂੰ ਪੂਰਨ ਸਵਰਾਜ ਪ੍ਰਤੀਬਿੰਬਤ ਕਰ ਰਿਹਾ

ਹੋਵੇ 'ਭਾਗੀਦਾਰੀ' ਇਸ ਵਿਰੁੱਧ ਵਿਆਖਿਆ ਹੈ। ਕਾਂਗਰਸ ਦੀਆਂ ਨੀਤੀਆਂ ਹੀ ਵਿਲੱਖਣ ਹਨ। ਇਹਨਾਂ ਨੇ ਭਾਰਤੀ ਜਨਤਾ ਨੂੰ ਇਸ ਕਦਰ ਨਿਕੰਮਾ ਤੇ ਬੇਸਹਾਰਾ ਬਣਾ ਕੇ ਛੱਡ ਦਿੱਤਾ ਹੈ ਕਿ ਇਹਨਾਂ ਨੂੰ ਗਾਂਧੀਵਾਦੀ ਤੇ ਸਾਬਰਮਤੀ ਦੇ ਸੰਤ ਦਾ ਇਕ ਦੂਜਾ ਸਹਿਯੋਗੀ ਜਾਂ ਵਾਰਸ ਨਹੀਂ ਮਿਲ ਸਕਦਾ।

ਇਹ ਅਸਲੀ ਹਾਲਤਾਂ ਨੂੰ ਜਾਣ ਕੇ ਵੀ ਆਪਣੀਆਂ ਨਜ਼ਰਾਂ ਨਾਲ ਨਹੀਂ ਦੇਖਣਾ ਚਾਹੁਣ ਵਾਲੇ ਉਦਾਰਵਾਦੀ ਤੇ ਪਰਿਵਰਤਨਕਾਮੀ ਮੈਂਬਰਾਂ ਤੋਂ ਬਣੇ ਖਿਚੜੀ ਦਲ ਦੀ ਭੂਮਿਕਾ ਅਦਾ ਕਰ ਰਿਹਾ ਸੀ। ਪੂੰਜੀਪਤੀਆਂ ਦੇ ਚੰਦੇ ਨਾਲ ਆਪਣੇ ਖ਼ਜ਼ਾਨੇ ਨੂੰ ਭਰਪੂਰ ਕਰਨ ਵਾਲੇ ਖਾਂਦੇ-ਪੀਂਦੇ ਵਿਅਕਤੀਆਂ ਦੇ ਸਮੂਹ ਦਾ ਕਾਂਗਰਸ ਪਾਰਟੀ 'ਤੇ ਕੰਟਰੋਲ ਜ਼ਿਆਦਾ ਰਿਹਾ ਹੈ। ਜੇ ਇਨਕਲਾਬੀ ਆਪਣਾ ਖ਼ੂਨ ਬਣਾ ਕੇ ਇਸ ਨੂੰ ਆਪਣੇ ਰਾਹ ਵਿਚੋਂ ਨਹੀਂ ਹਟਾ ਸਕਦੇ ਤਾਂ ਇਹੀ ਇਕ ਅੜਿੱਕਾ ਬਣ ਕੇ ਰਹਿ ਜਾਵੇਗਾ। ਇਸ ਨੂੰ (ਇਸ ਪਾਰਟੀ ਨੂੰ) ਇਸ਼ ਦੇ ਮਿੱਤਰਾਂ ਤੋਂ ਬਚਾਅ ਕੇ ਰੱਖਣਾ ਚਾਹੀਦਾ ਹੈ।" (ਭਾਰਤ ਰਾਸ਼ਟਰੀ ਮੁਕਤੀ ਸੰਘਰਸ਼ ਦੀਆਂ ਦਿਸ਼ਾਵਾਂ)

ਗਾਂਧੀ ਦੇ ਸਿਧਾਂਤ ਤੇ ਉਹਨਾਂ ਦੇ ਆਚਰਨ ਕਿਸ ਵਰਗ ਤੇ ਪ੍ਰਯੋਜਨਾਂ ਵਚ ਮਦਦਗਾਰ ਬਣ ਲਾਵੇ ਹਨ, ਇਸ ਗੱਲ ਨੂੰ ਸਮੁੱਚੇ ਆਜ਼ਦੀ ਸੰਗਰਾਮ ਨੂੰ ਚਲਾਏ ਜਾਣ ਦੇ ਤਰੀਕਿਆਂ ਨਾਲ ਸਮਝਣਾ ਬੇਹੱਦ ਜ਼ਰੂਰੀ ਹੈ। ਇਹੀ ਨਹੀਂ ਸਾਨੂੰ ਜੋ ਹਾਸਲ ਹੋਇਆ ਸੀ ਕੀ ਉਹ ਕੌਮੀ ਆਜ਼ਾਦੀ ਸੀ ਜਾਂ ਫਿਰ ਸਿਰਫ਼ ਸੱਤਾ ਦੀ ਅਦਲਾ-ਬਦਲੀ ? ਭਾਰਤ ਵਿਚ ਸਾਮਰਾਜੀਆਂ ਦੇ ਅਨੁਕੂਲ ਦਲਾਲ ਬੁਰਜੂਆ ਵਰਗ ਪਹਿਲਾਂ ਤੋਂ ਹੀ ਮੌਜੂਦ ਸੀ ਜਾਂ ਫਿਰ ਸਮੁੱਚਾ ਬੁਰਜੂਆ ਵਰਗ ਹੀ ਰਾਸ਼ਟਰੀ ਸੁਭਾਅ ਤੋਂ ਲੈਸ ਰਿਹਾ ਸੀ ? ਸੱਤਾ ਵਿਚ ਆਏ ਕਾਲੇ ਸਾਹਿਬਾਂ ਦਾ ਕਿਰਦਾਰ ਕੀ ਸੀ ? ਅੱਜ ਦੀ ਸਮਾਜਕ ਵਿਵਸਥਾ ਦੇ ਅੰਤਰ ਵਿਰੋਧਾਂ ਦਾ ਹੱਲ ਜਨਤਾ ਦੀ ਜਨਵਾਦੀ ਕ੍ਰਾਂਤੀ ਨਾਲ ਹੋਵੇਗਾ ਜਾਂ ਨਹੀਂ ? ਅਜਿਹੇ ਪ੍ਰਸ਼ਨ ਇਸ ਨਾਲ ਜੁੜੇ ਹੋਹੇ ਹਨ। ਇਹਨਾਂ ਮੁਲਾਂਕਣਾਂ ਦੇ ਆਧਾਰ 'ਤੇ ਕੋਈ ਵਿਅਕਤੀ ਆਪਣੀ ਕਾਰਜ ਪ੍ਰਣਾਲੀ ਤੇ ਰਾਹ ਨੂੰ ਤਿਆਰ ਕਰ ਕੇ ਉਦੇਸ਼ ਹਾਸਲ ਕਰਨ ਲਈ ਵਚਨਬੱਧ ਹੋ ਸਕਦਾ ਹੈ। ਗ਼ਲਤ ਮੁਲਉਂਕਣ ਨਾਲ ਗ਼ਲਤ ਆਚਰਣ ਦਾ ਰਾਹ ਸੌਖਾ ਹੋ ਸਕਦਾ ਹੈ, ਇਹ ਹਿਕ ਸਾਧਾਰਨ ਜਿਹਾ ਤੱਥ ਹੈ। ਜਿਸ ਰੇਲਗੱਡੀ ਵਿਚ ਵਾਇਸਰਾਏ ਇਰਵਨ ਸਫ਼ਰ ਕਰ ਰਹੇ ਸਨ, ਉਸ ਨੂੰ ਉਡਾ ਦੇਣ ਦੇ ਵਿਚਾਰ ਨਾਲ ਇਨਕਲਾਬੀਆਂ ਨੇ ਰੇਲ ਪਟੜੀਆਂ ਹੇਠਾਂ ਬੰਬ ਰੱਖਿਆ ਸੀ। ਬੰਬ ਫਟਿਆ ਜ਼ਰੂਰ ਪਰ ਵਾਇਸਰਾਏ ਨੂੰ ਕੋਈ ਹਰਜਾ ਨਹੀਂ ਹੋਇਆ। ਉਹ ਸਹੀ ਸਲਾਮਤ ਰਿਹਾ। ਆਪਣੀ ਸਹਿਜ ਪ੍ਰਭੂ-ਭਗਤੀ ਤੇ ਅੰਗਰੇਜ਼ ਪ੍ਰਸਤੀ ਕਾਰਨ ਗਾਂਧੀ ਵਾਇਸਰਾਏ ਦੀ ਜਾਨ ਬਚ ਜਾਣ ਕਰਕੇ ਬੜੇ ਖ਼ੁਸ਼ ਹੋਏ ਸਨ। ਕਾਂਗਰਸ ਸਭਾਵਾਂ ਵਿਚ ਇਨਕਲਾਬੀਆਂ ਦੀਆਂ 'ਕਰਤੂਤਾਂ' ਦੀ ਨਿੰਦਾ ਕਰਨ ਲਈ ਪ੍ਰਸਤਾਵ ਰੱਖਿਆ ਗਿਆ ਸੀ ਜਿਸ ਨੂੰ ਬੜੀ ਮੁਸ਼ਕਲ ਨਾਲ ਥੋੜ੍ਹੀ ਗਿਣਤੀ (ਬਹੁਮੱਤ) ਨਾਲ ਪਾਸ ਕਰਵਾਇਆ ਜਾ ਸਕਿਆ ਸੀ। ਇਸ ਤੋਂ ਬਾਅਦ ਗਾਂਧੀ ਨੇ 'ਕਲਟ ਆਫ਼ ਬੰਬ' (ਬੰਬ ਦੀ ਸੰਸਕ੍ਰਿਤੀ) ਨਾਂ ਨਾਲ ਲੇਖ ਲਿਖ ਕੇ ਇਨਕਲਾਬੀਆਂ 'ਤੇ ਨਿੰਦਾ ਦੀ ਬਰਸਾਤ ਵਰ੍ਹਾ ਦਿੱਤੀ ਸੀ।

ਇਸ ਦੇ ਜੁਆਬ ਵਿਚ ਇਨਕਲਾਬੀਆਂ ਨੇ 'ਫ਼ਿਲਾਸਫ਼ੀ ਆਫ਼ ਬੰਬ' (ਬੰਬ ਦਾ ਦਰਸ਼ਨ) ਨਾਂ ਨਾਲ ਲੇਖ ਲਿਖ ਕੇ ਇਸ ਉਕਤ ਨਿੰਦਾ ਦਾ ਜੁਆਬ ਡਟ ਕੇ ਦਿੱਤਾ ਸੀ। ਇਸ ਵਿਚ ਉਹਨਾਂ ਨੇ ਕਾਂਗਰਸੀ ਅਗਵਾਈ ਦੇ ਕਿਰਦਾਰ ਬਾਰੇ ਲਿਖਿਆ। ਇਹ ਗੱਲ ਅਸੀਂ ਵੀ ਮੰਨਦੇ ਹਾਂ ਕਿ ਕਾਂਗਰਸ ਨੇ ਆਮ ਲੋਕਾਂ ਦੇ ਦਿਨਾਂ ਵਿਚ ਆਜ਼ਾਦੀ ਦੀ ਇੱਛਾ ਪ੍ਰਚਲਤ ਕੀਤੀ ਸੀ ਪਰ ਇਸ ਕੰਮ ਨਾਲ ਕਾਂਗਰਸ ਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ। ਦੇਸ਼ ਦੀ ਖ਼ਾਤਰ ਕਾਂਗਰਸ ਨੂੰ ਕਾਫ਼ੀ ਕੁਝ ਕਰਨਾ ਚਾਹੀਦਾ ਸੀ ਪਰ ਉਸ ਸੰਸਥਾ 'ਤੇ ਦਲਾਲ ਰਾਜਨੀਤੀ ਪ੍ਰੇਮੀ ਨੇਤਾਵਾਂ ਦਾ ਪ੍ਰਭਾਵ ਚੜ੍ਹ ਗਿਆ ਸੀ। ਕਾਂਗਰਸ ਅਹਿੰਸਾ ਬਾਰੇ ਜੋ ਕਹਿ ਰਹੀ ਸੀ, ਉਹ ਵਿਦੇਸ਼ੀ ਹਾਕਮਾਂ ਦੇ ਨਾਲ ਸਮਝੌਤਾ-ਪ੍ਰਸਤੀ ਲਈ ਸਿਰਫ਼ ਇਕ ਬਹਾਨਾ ਬਣ ਗਿਆ ਸੀ।"

ਇਹ ਗੱਲ ਸਪੱਸ਼ਟ ਕਹੀ ਜਾ ਸਕਦੀ ਹੈ ਕਿ ਗਾਂਧੀ-ਨਹਿਰੂ ਦੀ ਅਗਵਾਈ ਵਿਚ ਭਗਤ ਸਿੰਘ ਤੇ ਸਾਥੀਆਂ ਨੂੰ ਫ਼ਾਂਸੀ ਦੀ ਸਜ਼ਾ ਤੋਂ ਬਚਾਉਣ ਲਈ ਪੁਰਜ਼ੋਰ ਕੋਸ਼ਿਸ਼ ਨਾ ਕੀਤੇ ਜਾਣਾ ਦਲਾਲ ਬੁਰਜੂਆ ਰਾਜਨੀਤੀ ਹੀ ਸੀ। ਜਿਵੇਂ ਕੌਮਾਂਤਰੀ ਅਗਵਾਈ ਦੇ ਸੁਝਾਅ ਅਨੁਸਾਰ ਭਗਤ ਸਿੰਘ ਤੇ ਸਾਥੀਆਂ ਨੇ ਜੋ ਕਿਹਾ ਸੀ, ਉਹ ਨਹੀਂ ਹੋਇਆ। ਆਜ਼ਾਦੀ ਸੰਗਰਾਮ ਉਪਰ ਦਲਾਲ ਸਰਮਾਏਦਾਰੀ ਦੀ ਅਗਵਾਈ ਨੂੰ ਹਟਾ ਨਾ ਸਕਣ ਕਾਰਨ, ਸਾਮਰਾਜੀਆਂ ਦੀ ਖੁੱਲ੍ਹੀ ਲੁੱਟ ਲਈ ਕੋਈ ਖ਼ਤਰਾ ਨਾ ਹੋਵੇ, ਇਸ ਪ੍ਰਕਾਰ ਦੇਸ਼ ਦੀ ਹਕੂਮਤ ਦਾ ਅਧਿਕਾਰ ਕਾਲੇ ਹਾਕਮਾਂ ਦੇ ਹੱਥਾਂ ਵਿਚ ਸੌਂਪ ਕੇ ਚਲੇ ਗਏ ਸਨ। ਹਾਂ, ਬ੍ਰਿਟਿਸ਼ ਸਾਮਰਾਜ ਦੇ ਹੱਥੋਂ ਅਜਾਰੇਦਾਰੀ ਨਿਕਲ ਗਈ। ਹੁਣ ਭਾਰਤੀ ਸਾਮਰਾਜੀ ਸ਼ਕਤੀਆਂ ਵਿਚਾਲੇ ਹੋੜ ਲਈ ਮੈਦਾਨ (ਬਲੀ ਦਾ ਬੱਕਰਾ) ਬਣ ਗਿਆ ਹੈ।

ਦੁਨੀਆਂ ਜਦੋਂ ਤੋਂ ਸਮਾਜਕ ਜਮਾਤਾਂ ਵਿਚ ਵੰਡੀ ਹੈ, ਉਦੋਂ ਤੋਂ ਹੀ ਜਮਾਤੀ ਸੰਘਰਸ਼ ਮੌਜੂਦ ਹੈ। ਗਾਂਧੀ ਇਸ ਤੱਥ ਨੂੰ ਮੰਨਣ ਤੋਂ ਇਨਕਾਰ ਕਰਦੇ ਸਨ। ਪਰ ਉਹਨਾਂ ਦੇ ਇਸ ਇਨਕਾਰ ਨਾਲ ਉਹਨਾਂ ਦੀ ਹੋਂਦ ਮਿਟ ਨਹੀਂ ਜਾਵੇਗੀ। ਗਾਂਧੀ ਡਰ ਨਾਲ ਕੰਬ ਉਠਦੇ ਸਨ ਕਿ ਜਮਾਤੀ ਸੰਘਰਸ਼ ਦਾ ਅਰਥ ਹਿੰਸਾਤਮਕ ਸੰਘਰਸ਼ ਦੇ ਹਥਿਆਰਬੰਦ ਇਨਕਲਾਬ ਹੀ ਹੈ। ਦਰਅਸਲ ਜਮਾਤੀ ਲੜਾਈ ਦਾ ਉਚਤਮ ਰੂਪ ਹਥਿਆਰਬੰਦ ਇਨਕਲਾਬ ਹੈ। ਗਾਂਧੀ ਦੀ ਅਗਵਾਈ ਵਿਚ ਚੰਪਾਰਨ ਵਿਚ ਨੀਲ ਦੀ ਖੇਤੀ ਕਰਨ ਵਾਲਿਆਂ ਤੇ ਅਹਿਮਦਾਬਾਦ ਵਿਚ ਕਿਰਤੀਆਂ ਦਾ ਜੋ ਅੰਦੋਲਨ ਹੋਇਆ ਸੀ, ਉਹ ਜਮਾਤੀ ਲੜਾਈ ਹੀ ਸੀ। ਉਹ ਖ਼ੁਦ ਮਜ਼ਦੂਰਾਂ ਦੇ ਕਿਸਾਨਾਂ ਦੇ ਨੇਤਾ ਵੀ ਸਨ। ਇਸ ਭਰਮ ਨੂੰ ਆਮ ਜਨਤਾ ਵਿਚ ਫੈਲਾਉਣ ਲਈ ਅਤੇ ਆਪਣੇ ਸ਼ਾਂਤੀਪੂਰਨ ਰਸਤੇ ਰਾਹੀਂ ਪੀੜਤ ਵਰਗ ਦੇ ਲੰਮੇ ਪ੍ਰਯੋਜਕ ਸਿੱਧ ਹੋਣਗੇ, ਇਸ ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਲਈ ਉਹਨਾਂ ਨੇ ਇਹਨਾਂ ਜਮਾਤੀ ਲੜਾਈ ਦੀ ਅਗਵਾਈ ਕੀਤੀ ਸੀ। ਪਰ ਆਪਣੇ ਸਹਿਜ ਸੰਸਕਾਰਵਾਦੀ ਦਲਦਲ ਵਿਚ ਉਤਾਰ ਕੇ ਉਹਨਾਂ ਨੇ ਇਹਨਾਂ ਸੰਘਰਸ਼ਾਂ ਨੂੰ ਗੁੰਮਰਾਹ ਕੀਤਾ ਸੀ।

ਫਿਰ ਮਜ਼ਦੂਰਾਂ ਦੇ ਜੁਝਾਰੂ ਸੁਭਾਅ ਨੂੰ ਪਹਿਚਾਣ ਕੇ ਗਾਂਧੀ ਨੇ ਯੰਗ ਇੰਡੀਆ

ਦੇ 16 ਫ਼ਰਵਰੀ 1931 ਦੇ ਅੰਕ ਵਿਚ ਲਿਖਿਆ ਸੀ :

"ਕਈ ਲੋਕ ਸੋਚਦੇ ਹੋਣਗੇ ਕਿ ਰਾਜਸੀ ਸੰਘਰਸ਼ਾਂ ਵਿਚ ਕਿਰਤੀਆਂ ਤੋਂ ਹੜਤਾਲ ਕਰਵਾਉਣੀ ਬਹੁਤ ਜ਼ਰੂਰੀ ਹੈ। ਮੇਰੇ ਵਿਚਾਰ ਵਿਚ ਰਾਜਸੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਕਿਰਤੀਆਂ ਦੀ ਹੜਤਾਲ ਬਹੁਤ ਵੱਡੀ ਭੁੱਲ ਹੋਵੇਗੀ।"

ਇਸ ਪ੍ਰਸੰਗ ਵਿਚ ਭਗਤ ਸਿੰਘ ਦੇ ਵਿਚਾਰ ਯਾਦ ਰੱਖਦ ਯੋਗ ਹਨ। ਕਿਰਤੀਆਂ ਨੂੰ ਸੰਘਰਸ਼ਾਂ ਵਿਚ ਉਤਾਰਨ ਲਈ ਬੁਰਜੂਆ ਵਰਗ ਕਿਉਂ ਡਰ ਰਿਹਾ ਸੀ, ਇਸ ਨੂੰ ਭਗਤ ਸਿੰਘ ਦੇ ਸ਼ਬਦਾਂ ਵਿਚ ਸੁਣੋ, ਉਹਨਾਂ ਨੇ ਕਿਹਾ ਸੀ, "ਅਸਲੀ ਇਨਕਲਾਬੀ ਸ਼ਕਤੀਆਂ ਪਿੰਡਾਂ ਤੇ ਕਾਰਖ਼ਾਨਿਆਂ ਵਿਚ ਮੌਜੂਦ ਹਨ। ਉਹ ਕਿਸਾਨ ਅਤੇ ਮਜ਼ਦੂਰ ਹਨ। ਸਾਡੇ ਬਜ਼ੁਰਗ ਨੇਤਾ ਇਹਨਾਂ ਨੂੰ ਸੰਘਰਸ਼ਾਂ ਵਿਚ ਅੱਗੇ ਨਹੀਂ ਆਉਣ ਦੇਣਗੇ। ਇਸ ਪ੍ਰਕਾਰ ਦੀ ਹਿੰਮਤ ਹੀ ਤਾਂ ਉਹ ਨਹੀਂ ਕਰਦੇ ਹਨ। ਇਹਨਾਂ ਸੁੱਤੇ ਸ਼ੇਰਾਂ ਨੂੰ ਜੇ ਜਗਾ ਦਿੱਤਾ ਜਾਵੇ ਤਾਂ ਸਾਡੇ ਆਗੂ ਆਪਣੇ ਟੀਚੇ ਨੂੰ ਹਾਸਲ ਕਰਨ ਪਿੱਛੋਂ ਵੀ ਉਸ ਨੂੰ ਕਾਬੂ ਵਿਚ ਨਹੀਂ ਰੱਖ ਸਕਦੇ ਹਨ। ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਪੂਰਨ ਇਨਕਲਾਬ ਸਾਡੇ ਨੇਤਾਵਾਂ ਦਾ ਟੀਚਾ ਨਹੀਂ ਹੈ। ਇਸੇ ਲਈ ਲੋਕਾਂ ਵਿਚ ਰਾਜਸੀ ਚੇਤਨਾ ਲਿਆਉਣ ਦੇ ਨਾਲ-ਨਾਲ ਕੌਮੀ ਰਾਜਨੀਤੀ ਬਲਕਿ ਜਮਾਤੀ ਸਿਆਸਤ ਵੀ ਉਹਨਾਂ ਨੂੰ ਸਿਖਣੀ ਪਵੇਗੀ।"

ਗਾਂਧੀ ਨੇ ਵਰਗ ਸੰਘਰਸ਼ ਦੀ ਬਜਾਏ ਹਿਰਦੇ ਪਰਿਵਰਤਨ, ਸਮਾਜ ਦੀ ਬਜਾਏ ਧਾਰਮਿਕ ਕਰਤੱਵ ਦੇ ਸਿਧਾਂਤ ਦਾ ਪ੍ਰਚਾਰ ਕੀਤਾ ਸੀ। ਇੰਗਲੈਂਡ ਵਿਚ ਆਯੋਜਿਤ ਗੋਲਮੇਜ਼ ਸੰਮੇਲਨ ਵਿਚ (ਬ੍ਰਿਟਿਸ਼) ਸਾਮਰਾਜਵਾਦੀਆਂ ਨੂੰ ਗਾਂਧੀ ਨੇ ਜਿਸ ਪ੍ਰਕਾਰ ਦੇ ਭਰੋਸੇ ਦਿੱਤੇ ਸਨ, ਜ਼ਰਾ ਇਸ 'ਤੇ ਵੀ ਗੌਰ ਕਰੋ। "(ਇਸ ਸੰਮੇਲਨ ਦਾ) ਸਾਡਾ ਉਦੇਸ਼ ਸੀ ਕਿ ਬ੍ਰਿਟਿਸ਼ ਸਾਮਰਾਜਵਾਦੀਆਂ ਦੇ ਦਿਨਾਂ ਵਿਚ ਭਾਰਤੀਆਂ ਪ੍ਰਤੀ ਪਿਆਰ ਵਧਣ-ਫੁਲਣ ਦੇਣਾ। ਇਹਨਾਂ ਦੇ ਦਿਲਾਂ ਵਿਚ ਪਿਆਰ ਜਗਾਉਣ ਲਈ ਇਕ ਸੌ ਸਾਲ ਵੀ ਲੱਗੇ ਤਾਂ ਕਾਂਗਰਸ ਪਾਰਟੀ ਇਹਨਾਂ ਸੌ ਸਾਲਾਂ ਤਕ ਸਹਿਨਸ਼ੀਲਤਾ ਦੇ ਨਾਲ ਉਡੀਕ ਕਰੇਗੀ।" (ਕਾਂਗਰਸ ਚਰਿੱਤਰ, ਤੇਲਗੂ ਪੁਸਤਕ)

ਇਹ ਲੋਕ (ਬ੍ਰਿਟਿਸ਼ ਸਾਮਰਾਜਵਾਦੀ) ਭਲੇ ਹੀ ਦੇਸ਼ ਦੇ ਸਾਧਾਂ, ਸੰਪਤੀ ਤੇ ਕਿਰਤ ਸ਼ਕਤੀ ਨੂੰ ਲੁਟੇਰਿਆਂ ਵਾਂਗੂੰ ਲੁੱਟ ਕੇ ਲੈ ਜਾ ਰਹੇ ਸਨ, ਜਲਿਆਂ ਵਾਲਾ ਬਾਗ਼ ਵਿਚ ਅੰਧਾਧੁੰਦ ਕਤਲੇਆਮ ਕਰਦੇ ਰਹੇ ਹੋਣ, ਝੂਠੀਆਂ ਸਾਜ਼ਿਸ਼ਾਂ ਦੇ ਕੇਸ ਚਲਾ ਕੇ ਕਈ ਲੋਕਾਂ ਨੂੰ ਬਿਨਾਂ ਕਾਰਨ ਫ਼ਾਂਸੀ ਦੇ ਤਖ਼ਤੇ 'ਤੇ ਚੜ੍ਹਾਉਂਦੇ ਰਹੇ ਹੋਣ, ਇਸ ਦੇ ਬਾਵਜੂਦ (ਗਾਂਧੀ ਦੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ) "ਬ੍ਰਿਟਿਸ਼ ਲੋਕਾਂ ਦਾ ਹਿਰਦੇ ਪਰਿਵਰਤਨ ਹੋ ਕੇ ਬੜੇ ਪਿਆਰ ਨਾਲ ਸਾਨੂੰ ਸਵਰਾਜ ਦੇਣ ਤਕ ਸਾਨੂੰ ਉਡੀਕ ਕਰਨੀ ਚਾਹੀਦੀ ਹੈ।"

ਸਾਮਰਾਜੀਆਂ ਨੂੰ ਉਕਤ ਭਰੋਸਾ ਦੇ ਕੇ ਆਏ ਗਾਂਧੀ ਨੂੰ ਸੰਨ 1937 ਵਿਚ ਉਤਰ ਪ੍ਰਦੇਸ਼ ਦੇ ਜ਼ਿਮੀਂਦਾਰ ਵਰਗ ਦੇ ਪ੍ਰਤੀਨਿਧੀ ਮਿਲਣ ਆਏ ਸਨ। ਗਾਂਧੀ ਨੇ ਉਹਨਾਂ ਨੂੰ ਕਿਸ ਕਿਸਮ ਦਾ ਭਰੋਸਾ ਦਿੱਤਾ ਸੀ, ਇਸ 'ਤੇ ਗੌਰ ਕਰਨਾ ਬਣਦਾ ਹੈ :

"ਮੈਂ ਨਹੀਂ ਮੰਨੂਗਾ ਕਿ ਪੂੰਜੀਪਤੀਆਂ ਨਾਲ ਜਾਂ ਫਿਰ ਭੋਇੰ ਮਾਲਕਾਂ ਤੇ ਜਾਗੀਰਦਾਰਾਂ ਤੋਂ ਬਿਨਾਂ ਸਹੀ ਕਾਰਨਾਂ ਦੇ ਉਹਨਾਂ ਦੇ ਖੇਤਾਂ ਜਾਂ ਪੂੰਜੀ ਨੂੰ ਖੋਹ ਲਿਆ ਜਾਵੇ। ਇਸ ਕਿਸਮ ਦੇ ਪ੍ਰੋਗਰਾਮ ਵਿਚ ਮੈਂ ਕਿਸੇ ਕਿਸਮ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ ਕਰਨ ਵਾਲਾ ਹਾਂ। ਆਪ ਵਿਸ਼ਵਾਸ ਕਰੋ। ਮੈਂ ਆਪਣੀ ਪੂਰੀ ਵਾਹ ਜਾਂ ਜ਼ੋਰ ਲਾ ਕੇ ਜਮਾਤੀ ਲੜਾਈ ਨੂੰ ਰੋਕਾਂਗਾ। ਅਨਿਆਂ ਤੇ ਨਜਾਇਜ਼ ਤਰੀਕਿਆਂ ਨਾਲ ਆਪ ਦੀ ਸੰਪਤੀ ਨੂੰ ਲੋਕ ਜਬਰੀ ਲੁੱਟ ਲੈਣ ਦਾ ਯਤਨ ਕਰਨਗੇ ਤਾਂ ਮੈਂ ਆਪ ਜੀ ਨਾਲ ਆਪਣੀ ਕਮਰ ਕਸ ਕੇ ਖੜਾ ਰਹਾਂਗਾ।" (ਯਸ਼ਪਾਲ ਦੀ ਪੁਸਤਕ ਰਾਮ ਰਾਜ ਵਿਚੋਂ)

ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜਮਾਤੀ ਲੜਾਈ ਦੇ ਰਾਹ ਨੂੰ ਘੁਮਾ ਕੇ ਧਾਰਮਿਕ ਕਰਤੱਵ ਦੇ ਨਾਂ ਨਾਲ ਮਾਲਦਾਰਾਂ ਤੇ ਭੋਇੰ ਮਾਲਕਾਂ ਦੀ ਰਾਖੀ ਕਰਨੀ ਹੀ ਗਾਂਧੀ ਦਾ ਸਿਧਾਂਤ ਰਿਹਾ ਸੀ। ਬ੍ਰਿਟਿਸ਼ ਸਾਮਰਾਜਵਾਦ ਦੇ ਸਹਾਇਕ ਵਜੋਂ ਗਾਂਧੀ ਨੇ ਕਿਸਾਨਾਂ ਦੀ ਬੇਰਹਿਮ ਲੁੱਟ ਕਰਨ ਵਾਲੀ ਜਾਗੀਰਦਾਰੀ ਪ੍ਰਥਾ/ਪ੍ਰਬੰਧ ਦੇ ਨੁਮਾਇੰਦਿਆਂ ਵਜੋਂ ਜਾਗੀਰਦਾਰਾਂ ਦੀਆਂ ਰਿਆਸਤਾਂ ਵਿਚ ਕੌਮੀ ਅੰਦੋਲਨ ਲਈ ਵੱਧ ਤੋਂ ਵੱਧ ਲੋੜੀਂਦੀ ਦੇਰੀ ਦਾ ਸੱਦਾ ਦਿੱਤਾ। ਫਿਰ ਵੀ ਉਦੋਂ ਜਦੋਂ ਹਾਲਤਾਂ ਨੇ ਇਸ ਲਈ ਮਜਬੂਰ ਕਰ ਦਿੱਤਾ। ਇਸ ਦੇ ਬਾਵਜੂਦ ਉਹਨਾਂ ਨੇ ਜਾਗੀਰਦਾਰਾਂ ਦੀ ਰਾਖੀ ਲਈ ਅਨੇਕਾਂ ਕਿਸਮ ਦੇ ਵਚਨ ਦਿੱਤੇ ਸਨ।

"ਜਿਹਨਾਂ ਪਾਸ ਧਨ ਦੌਲਤ ਹੋਵੇ, ਜੇ ਉਹ ਗ਼ਰੀਬਾਂ ਪ੍ਰਤੀ ਧਰਮ-ਕਰਤਾ ਵਾਂਗੂੰ ਵਰਤਾਅ ਕਰੇ ਤਾਂ ਮੈਨੂੰ ਖ਼ੂਬ ਤਸੱਲੀ ਹੋਵੇਗੀ। ਪਰ ਜੇ ਉਹ (ਜਾਗੀਰਦਾਰ) ਇਸ ਪ੍ਰਕਾਰ ਦਾ ਵਰਤਾਅ ਨਹੀਂ ਕਰਦੇ ਤਾਂ ਉਹਨਾਂ ਦੀ ਜ਼ਮੀਨ-ਜਾਇਦਾਦ ਨੂੰ ਸਰਕਾਰੀ ਤਾਕਤ ਦੀ ਮਦਦ ਨਾਲ ਯਥਾ ਸੰਭਵ ਘੱਟ ਜ਼ੋਰ-ਜਬਰਦਸਤੀ ਨਾਲ ਜਬਤ ਕਰਨਾ ਚਾਹੀਦਾ ਹੈ ਮੈਂ ਅਜਿਹਾ ਮੰਨਦਾ ਹਾਂ।" (ਧਾਰਮਕ ਕਰਤੱਵ ਸਿਧਾਂਤ ਹਨ, ਸ਼ਤ ਜਯੰਤੀ ਪ੍ਰਕਾਸ਼ਨ, ਤੇਲਗੂ, ਪੰਨਾ 64)

ਨਿਚੋੜ ਇਹ ਹੈ ਕਿ ਗਾਂਧੀ ਦਾ ਧਾਰਮਿਕ ਕਰਤੱਵ ਦਾ ਸਿਧਾਂਤ ਬੱਕਰੀਆਂ ਦੀ ਰਾਖੀ ਲਈ ਸ਼ੇਰ ਨੂੰ ਰੱਖਣਾ ਹੈ। ਭਾਵੇਂ ਭੁੱਖ ਲੱਗਣ 'ਤੇ ਉਹ ਬੱਕਰੀਆ ਨੂੰ ਖਾ ਲਵੇ ਫਿਰ ਵੀ ਸ਼ੇਰ ਨੂੰ ਮਾਰਨਾ ਮੱਤ। ਇਹੀ ਗਾਂਧੀ ਦਾ ਮੱਤ ਹੈ। ਇਕ ਇਕ ਤਰ੍ਹਾਂ ਨਾਲ ਜਾਬਰ ਲੁਟੇਰੇ ਪ੍ਰਬੰਧ ਨੂੰ ਲੰਮੇ ਸਮੇਂ ਤਕ ਬਣਾਈ ਰੱਖਣ ਦੀ ਕੋਸ਼ਿਸ਼ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਇਸ ਪ੍ਰਬੰਧ ਦੇ ਚਲਦਿਆਂ ਕਈ ਲੋਕ ਭੁੱਖ ਨਾਲ ਤੜਪ ਕੇ ਮਰ ਗਏ, ਕਈ ਲੋਕਾਂ ਨੇ ਆਤਮ-ਹੱਤਿਆਵਾਂ ਕਰ ਲਈਆਂ ਅਤੇ ਅਨੇਕਾਂ ਸਰਕਾਰ ਦੇ ਜਬਰ ਜ਼ੁਲਮ ਦਾ ਸ਼ਿਕਾਰ ਹੋਏ। ਇਹਨਾਂ ਸਭ ਦੇ ਬਾਵਜੂਦ ਗਾਂਧੀ ਇਸ ਨੂੰ ਹਿੰਸਾ ਨਹੀਂ ਮੰਨਦੇ ਸਨ।

ਗਾਂਧੀ ਦੀ ਅਗਵਾਈ ਵਿਚ ਸਮਾਰਾਜਵਾਦੀ ਰਾਜ਼ੀ-ਖ਼ੁਸ਼ੀ ਦਲਾਲ ਭੂਮੀਪਤੀ ਭੋਇੰ ਮਾਲਕਾਂ ਨੂੰ ਸੱਤਾ ਸੌਂਪ ਦੇਣਗੇ, ਇਸ ਬਾਰੇ ਭਗਤ ਸਿੰਘ ਨੇ ਕੁਝ ਇਸ ਤਰ੍ਹਾਂ ਚੇਤਾਵਨੀ ਦਿੱਤੀ ਸੀ, "ਭਾਰਤ 'ਤੇ ਹਾਕਮ ਚਾਹੇ ਲਾਰਡ ਹਾਰਡਿੰਗ ਹੋਣ ਜਾਂ ਫਿਰ

ਪ੍ਰਸ਼ੋਤਮਦਾਸ ਠਾਕਰ ਹੋਣ, ਮਜ਼ਦੂਰਾਂ ਤੇ ਹਲਵਾਹਕਾਂ ਦੀ ਜ਼ਿੰਦਗੀ ਵਿਚ ਕੋਈ ਖ਼ਾਸ ਬਦਲਾਅ ਨਹੀਂ ਆ ਸਕਦਾ। ਲਾਰਡ ਇਰਵਨ ਦੀ ਥਾਂ 'ਤੇ ਸਰ ਤੇਜ ਬਹਾਦਰ ਸਪਰੂ ਨੂੰ ਗੱਦੀ ਕਿਉਂ ਨਾ ਮਿਲ ਜਾਵੇ, ਇਕ ਕਿਸਾਨ ਲਈ ਇਸ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ।" ਇਹਨਾਂ ਗੱਲਾਂ ਨੂੰ ਦੱਸਦਿਆਂ ਭਗਤ ਸਿੰਘ ਨੇ ਆਮ ਜਨਤਾ ਨੂੰ ਸੱਦਾ ਦਿੱਤਾ ਕਿ ਹਾਕਮਾਂ ਦੇ ਹਿਰਦੇ ਪਰਿਵਰਤਨ ਦੀ ਰਾਹ ਵਿਚ ਅੱਖਾਂ ਵਿਛਾਈ ਬੈਠੇ ਰਹਿਣ ਦੀ ਬਜਾਏ ਉਹ ਖ਼ੁਦ ਇਨਕਲਾਬ ਲਿਆ ਕੇ ਰਾਜ-ਸੱਤਾ 'ਤੇ ਅਧਿਕਾਰ ਹਾਸਲ ਕਰਨ।

ਭਗਤ ਸਿੰਘ ਨੇ ਦੱਸਿਆ ਸੀ ਕਿ "ਇਨਕਲਾਬ ਕੀ ਹੈ ? ਇਸ ਬਾਰੇ ਸਾਡੇ ਵਿਚਾਰ ਬੜੇ ਹੀ ਸਪੱਸ਼ਟ ਹਨ। ਇਸ ਦੇਸ਼ ਵਿਚ ਇਨਕਲਾਬ ਦਾ ਸਿਰਫ਼ ਇਕ ਹੀ ਅਰਥ ਹੈ, ਉਹ ਇਹ ਕਿ ਜਨਤਾ ਦੇ ਲਈ ਜਨਤਾ ਵਲੋਂ ਰਾਜਸੱਤਾ ਵਿਚ ਦਾਖ਼ਲਾ।

ਸਹੀ ਅਰਥਾਂ ਵਿਚ ਇਹੀ ਇਨਕਲਾਬ ਕਿਹਾ ਜਾਵੇਗਾ। ਹੋਰ ਅੰਦੋਲਨ ਸਿਰਫ਼ ਉਪਰਲੀ ਚਮਕ-ਦਕ ਹਨ। ਸੜ੍ਹਿਹਾਂਦ ਮਾਰਦੀ ਮਹਾਜਨੀ ਪੂੰਜੀਵਾਦੀ ਵਿਵਸਥਾ ਨੂੰ ਸਥਾਈ ਰੂਪ ਦੇਣ ਦੇ ਯਤਨ ਹੋ ਸਕਦੇ ਹਨ। ਇਸ ਲਈ ਗੋਰੇ ਬਦਮਾਸ਼ਾਂ ਦੇ ਰਾਜ ਭਾਗ ਨੂੰ ਖ਼ਤਮ ਕਰ ਕੇ ਕਾਲੇ ਬਦਮਾਸ਼ਾਂ ਦੀ ਹਕੂਮਤ ਮੰਨਣ ਲਈ ਅਸੀਂ ਕਦੀ ਵੀ ਤਿਆਰ ਨਹੀਂ ਹੋਵਾਂਗੇ।"

ਦੁਨੀਆਂ ਦੀ ਮੁੜ ਵੰਡ ਲਈ ਦੋ ਸਾਮਰਾਜੀ ਗੁੱਟਾਂ ਵਿਚਕਾਰ ਪਹਿਲੀ ਸੰਸਾਰ ਜੰਗ ਹੋਈ ਸੀ। ਉਸ ਸਮੇਂ ਗ਼ਦਰ ਦੇ ਯੋਧਿਆਂ ਨੇ ਸੈਨਾ ਵਿਚ ਬਗ਼ਾਵਤ ਖੜੀ ਕਰ ਕੇ ਬ੍ਰਿਟਿਸ਼ ਸਾਮਰਾਜਵਾਦ ਨੂੰ ਉਖਾੜਨ ਦੀ ਕੋਸ਼ਿਸ਼ ਕੀਤੀ ਸੀ। ਭਾਰਤ ਵਾਸੀਆਂ ਦੀ ਇੱਛਾ ਦੇ ਉਲਟ ਭਾਰਤ ਦੇ ਵਾਇਸਰਾਏ ਨੇ ਜਰਮਨੀ ਉੱਤੇ ਹਮਲੇ ਦਾ ਐਲਾਨ ਕਰ ਦਿੱਤਾ। ਕਾਮਰੇਡ ਲੈਨਿਨ ਨੇ ਮਜ਼ਦੂਰ ਜਮਾਤ ਨੂੰ ਸੱਦਾ ਦਿੱਤਾ ਕਿ ਉਹ ਇਸ ਸਾਮਰਾਜੀ ਯੁੱਧ ਵਿਚ ਕਿਸੇ ਤਰ੍ਹਾਂ ਦਾ ਸਹਿਯੋਗ ਨਾ ਦੇਣ ਅਤੇ ਇਸ ਨੂੰ ਘਰੇਲੂ ਜੰਗ ਵਿਚ ਬਦਲ ਕੇ ਮਜ਼ਦੂਰ ਇਨਕਲਾਬ ਰਾਹੀਂ ਪੂੰਜੀਵਾਦੀ ਪ੍ਰਬੰਧ ਨੂੰ ਤਹਿਸ-ਨਹਿਸ ਕਰ ਦੇਣ। ਉਹਨਾਂ ਨੇ ਖ਼ੁਦ ਆਪਣੇ ਦੇਸ਼ ਰੂਸ ਵਿਚ ਇਸ ਵਿਚਾਰ ਨੂੰ ਹਕੀਕਤ ਵਿਚ ਬਦਲ ਕੇ ਦਿਖਾ ਦਿੱਤਾ ਸੀ। ਭਾਰਤ ਵਿਚ ਬ੍ਰਿਟਿਸ਼ ਸਾਮਰਾਜਵਾਦ ਆਪਣੇ ਯੁੱਧ ਯਤਨਾਂ ਲਈ ਲੋਕਾਂ 'ਤੇ ਜ਼ੋਰ-ਜਬਰਦਸਤੀ ਆਥਥਕ ਬੋਝ ਲੱਦ ਰਿਹਾ ਸੀ। ਤਾਂ ਦੂਜੇ ਪਾਸੇ ਜਨਤਾ ਵਿਚ ਉਭਰਦੇ ਰੋਹ ਨੂੰ ਬੇਰਹਿਮੀ ਨਾਲ ਕੁਚਲ ਰਿਹਾ ਸੀ। ਉਸ ਸਮੇਂ ਕਾਂਗਰਸ ਦੇ ਨੇਤਾ ਦੇਸ਼ ਦੀ ਆਜ਼ਾਦੀ ਲਈ ਬ੍ਰਿਟਿਸ਼ ਹਾਕਮ ਦੀ ਨਾਜ਼ੁਕ ਸਥਿਤੀ ਦੀ ਬਾਖ਼ੂਬੀ ਵਰਤੋਂ ਕਰ ਰਹੇ ਸਨ ਪਰ ਇਸ ਦੇ ਉਲਟ ਕਾਂਗਰਸੀ ਨੇਤਾਵਾਂ ਨੇ ਬ੍ਰਿਟਿਸ਼ ਸਾਮਰਾਜਵਾਦ ਦੇ ਯੁੱਧ ਯਤਨਾਂ ਵਿਚ ਸਹਾਇਤਾ ਪਹੁੰਚਾਉਣ ਲਈ ਹਾਮੀ ਭਰੀ ਸੀ।

ਗਾਂਧੀ ਨੇ ਲੰਡਨ ਪਹੁੰਚ ਕੇ ਭਾਰਤੀ ਨੌਜਵਾਨਾਂ ਨੂੰ 'ਸਾਮਰਾਜੀਆਂ ਦੇ ਨਜ਼ਰੀਏ ਨਾਲ ਸੋਚਣ ਲਈ' ਉਤਸ਼ਾਹਿਤ ਕਰਦਿਆਂ ਕਿਹਾ ਸੀ ਕਿ "ਸਾਮਰਾਜਵਾਦ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਸਥਿਤੀ ਵਿਚ ਬ੍ਰਿਟੇਨ ਵਿਚ ਰਹਿਣ ਦੀ ਬਜਾਏ ਥੋੜ੍ਹੀ-ਬਹੁਤ ਪਹੁੰਚਾਬੁਣ ਦੀ ਯੋਗਤਾ ਰੱਖਣ ਵਾਲੇ ਸਾਡੇ ਅਜਿਹੇ ਕੁਝ ਲੋਕਾਂ ਨੇ ਆਪਣੀ ਪੂਰੀ ਤਾਕਤ ਨੂੰ ਬਿਨਾਂ ਸ਼ਰਤ ਸਰਕਾਰ ਦੇ ਅਧੀਨ ਰੱਖਣਾ ਸਹੀ ਸਮਝਿਆ। ਮੈਂ ਅਤੇ ਇਸ ਪੱਤਰ ਦੇ ਦਸਖ਼ਤ ਕਰਨ ਵਾਲੇ ਹੋਰ ਲੋਕ ਆਪਣੀਆਂ ਸੇਵਾਵਾਂ ਨੂੰ ਸਰਕਾਰ ਨੂੰ ਸਮਰਪਿਤ ਕਰਨ ਜਾ ਰਹੇ ਹਨ। ਇਹੀ ਸਾਡੀ ਬੇਨਤੀ ਹੈ" ਵਿਸ਼ਵ-ਯੁੱਧ ਦੌਰਾਨ ਜ਼ਖ਼ਮੀ ਗੋਰੇ ਫ਼ੌਜੀਆਂ ਨੂੰ ਖੋਹ ਕੇ ਲੈ ਜਾਣ ਲਈ ਉਹਨਾਂ ਨੇ ਐਂਬੂਲੈਂਸ ਦਸਤਿਆਂ ਲਈ ਸੋਇੰਵ ਸੇਵਕਾਂ ਨੂੰ ਇਕੱਠਾ ਕੀਤਾ ਸੀ। ਇਹਨਾਂ ਦੀਆਂ ਸੇਵਾਵਾਂ ਤੋਂ ਖ਼ੁਸ਼ ਹੋ ਕੇ ਵਾਇਸਰਾਏ ਨੇ ਸੰਨ 1917 ਵਿਚ ਦਿੱਲੀ ਵਿਚ ਆਯੋਜਿਤ ਇਕ ਯੁੱਧ ਸਭਾ ਵਿਚ ਗਾਂਧੀ ਨੂੰ ਬੁਲਾਇਆ ਸੀ। ਇਸ ਬੁੱਧ ਸਭਾ ਦੇ ਨਿਰਣਿਆਂ ਦੀ ਗਾਂਧੀ ਨੇ ਹਮਾਇਤ ਕੀਤੀ, ਜਿਸ ਅਨੁਸਾਰ 'ਹਰ ਪਿੰਡ ਤੋਂ ਵੀਹ-ਵੀਹ ਲੋਕਾਂ ਦੇ ਹਿਸਾਬ ਨਾਲ ਲੋਕਾਂ ਨੂੰ ਫ਼ੌਜ ਵਿਚ ਭਾਰਤੀ ਕਰਨਾ ਚਾਹੀਦਾ ਹੈ।' ਇਸ ਨਾਹਰੇ ਦੇ ਨਾਲ ਗਾਂਧੀ ਆਪਣੇ ਰਾਜ ਗੁਜਰਾਤ ਦੇ ਖੇਦਾ ਜ਼ਿਲਾ ਗਏ ਅਤੇ ਉਥੋਂ ਦੇ ਨੌਜਵਾਨਾਂ ਨੂੰ ਫ਼ੌਜ ਵਿਚ ਭਰਤੀ ਕਰਵਾ ਕੇ ਸਾਮਰਾਜੀਆਂ ਦੇ ਹਿੱਤਾਂ ਦੀ ਸੇਵਾ ਕੀਤੀ ਸੀ। ਆਪਣੀ ਇਸ ਕਰਤੂਤ ਦੀ ਹਮਾਇਤ ਕਰਦਿਆਂ ਉਹਨਾਂ ਨੇ ਕਿਹਾ ਸੀ, "ਸਾਮਰਾਜ ਦੀ ਰਾਖੀ ਦੇ ਲਈ ਹੋ ਰਹੇ ਇਸ ਯੁੱਧ ਵਿਚ ਸਾਡਾ ਸ਼ਾਮਲ ਹੋਣਾ ਹੀ ਸਵਰਾਜ ਪ੍ਰਾਪਤੀ ਲਈ ਸੌਖਾ ਰਸਤਾ ਹੈ। ਜੇ ਸਾਮਰਾਜ ਦਾ ਨਾਸ਼ ਹੋ ਜਾਵੇ ਤਾਂ ਉਸ ਦੇ ਨਾਲ-ਨਾਲ ਸਾਡੀਆ ਆਸਾਂ ਵੀ ਨਸ਼ਟ ਹੋ ਜਾਣਗੀਆਂ।" ਗਾਂਧੀ ਨੇ ਯੁੱਧ ਵਿਚ ਫ਼ੌਜੀਆਂ ਦੀ ਭਰਤੀ ਲਈ ਵਾਇਸਰਾਏ ਦੇ ਮੂਹਰੇ ਸ਼ਰਤ ਰੱਖੀ ਸੀ ਕਿ ਪ੍ਰਚਾਰ ਸਬੰਧੀ ਸਾਰੇ ਭਾਸ਼ਣ ਹਿੰਦੁਸਤਾਨੀ ਭਾਸ਼ਾ ਵਿਚ ਹੀ ਦਿੱਤੇ ਜਾਣੇ ਚਾਹੀਦੇ ਹਨ। ਜਿਸ ਨੂੰ ਵਾਇਸਰਾਏ ਨੇ ਬਿਨਾਂ ਝਿਜਕ ਦੇ ਮਨਜ਼ੂਰੀ ਦੇ ਦਿੱਤੀ ਸੀ।

ਗਾਂਧੀ ਦੀਆਂ ਸ਼ਾਂਤੀ ਤੇ ਹਿੰਦੂ-ਮੁਸਲਿਮ ਏਕਤਾ ਦੀਆਂ ਗੱਲਾਂ ਕਿੰਨੀਆਂ ਧੋਖੇ ਭਰੀਆਂ ਸਨ, ਇਹ ਪੇਸ਼ਾਵਰ ਦੀ ਘਟਨਾ ਤੋਂ ਸਪੱਸ਼ਟ ਹੋ ਜਾਂਦਾ ਹੈ। ਲੂਣ ਸਤਿਆਗ੍ਰਹਿ ਦੌਰਾਨ ਕੀਤੀ ਗਈ ਕਾਨੂੰਨਾਂ ਦੀ ਉਲੰਘਣਾ ਤੇ ਪੂਰਨ ਸਵਰਾਜ ਦੀ ਪ੍ਰਾਪਤੀ ਦੇ ਪ੍ਰਣ ਸਮੇਂ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਦੀ ਗਿਣਤੀ ਵਿਚ ਆਮ ਜਨਤਾ ਚਲੀ ਆਈ ਸੀ। ਪੇਸ਼ਾਵਰ, ਜੋ ਅੱਜ ਪਾਕਿਸਤਾਨ ਵਿਚ ਹੈ, ਗ੍ਰਿਫ਼ਤਾਰੀਆਂ ਖ਼ਿਲਾਫ਼ ਵੱਡੀਆਂ ਵੱਡੀਆਂ ਸਭਾਵਾਂ ਆਯੋਜਿਤ ਕੀਤੀਆਂ ਗਈਆਂ ਸਨ। ਜੋਸ਼ ਨਾਲ ਭਰੀ ਜਨਤਾ ਨੂੰ ਕਾਬੂ ਵਿਚ ਕਰਨ ਲਈ ਸਰਕਾਰ ਨੇ ਮੋਟਰ ਗੱਡੀਆਂ ਵਿਚ ਅਫ਼ਸਰਾਂ ਨੂੰ ਭੇਜਿਆ ਸੀ ਅਤੇ ਤੈਸ਼ ਵਿਚ ਆ ਕੇ ਲੋਕਾਂ ਨੇ ਮੋਟਰ ਗੱਡੀਆਂ ਨੂੰ ਅੱਗ ਲਾ ਦਿੱਤੀ ਸੀ। ਸਿਪਾਹੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਸੈਂਕੜੇ ਲੋਕਾਂ ਨੂੰ ਮਾਰ ਦਿੱਤਾ ਸੀ ਅਤੇ ਅਣਗਿਣਤ ਲੋਕ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਮੁਜ਼ਾਹਰਾਕਾਰੀਆਂ ਵਿਚ ਬਹੁਤੇ ਮੁਸਲਿਮ ਸਨ। ਉਸ ਵਕਤ ਪੇਸ਼ਾਵਰ ਵਿਚ ਲੋਕਾਂ ਦੀ ਜਾਨ ਲੈਣ ਲਈ ਰਾਇਲ ਗੜ੍ਹਵਾਲੀ

ਸੈਨਾ ਨੂੰ ਭੇਜਿਆ ਗਿਆ ਸੀ ਜੋ ਹਿੰਦੂ ਸਨ। ਪਰ ਠਾਕਰ ਚੰਦਰ ਸਿੰਘ ਦੀ ਅਗਵਾਈ ਵਿਚ ਗੜ੍ਹਵਾਲੀ ਫ਼ੌਜੀਆਂ ਨੇ ਨਿਹੱਥੀ ਜਨਤਾ 'ਤੇ ਗੋਲੀਆਂ ਚਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਇਹ ਸਿਪਾਹੀ ਲੋਕਾਂ ਨਾਲ ਘੁਲ ਮਿਲ ਗਏ। ਦਸ ਦਿਨ ਤਕ ਪੇਸ਼ਾਵਰ ਸ਼ਹਿਰ ਲੋਕਾਂ ਦੇ ਅਧੀਨ ਸ਼ਾਂਤ ਬਣਿਆ ਰਿਹਾ। ਬਾਅਦ ਵਿਚ ਬ੍ਰਿਟਿਸ਼ ਹਵਾਈ ਫ਼ੌਜ ਤੇ ਵੱਡੇ ਪੈਮਾਨੇ ਵਿਚ ਬ੍ਰਿਟਿਸ਼ ਥਲ ਸੈਨਾ ਨੇ ਸ਼ਹਿਰ ਵਿਚ ਦਾਖ਼ਲ ਹੋ ਕੇ ਗੜ੍ਹਵਾਲੀ ਸਿਪਾਹੀਆਂ ਨੂੰ ਗ੍ਰਿਫ਼ਤਾਰਾ ਕਰ ਲਿਆ। ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਹੀਆਂ। ਦਰਅਸਲ ਗੜ੍ਹਵਾਲੀ ਸਿਪਾਹੀ ਚਾਹੁੰਦੇ ਸਨ ਕਿ ਖ਼ੂਨ-ਖ਼ਰਾਬਾ ਨਾ ਕਰ ਕੇ ਲੋਕਾਂ ਨੂੰ ਸ਼ਾਂਤ ਰੱਖਿਆ ਜਾਵੇ। ਇਸ ਦੇ ਉਲਟ ਗੜ੍ਹਵਾਲੀ ਹਿੰਦੂ ਸਿਪਾਹੀਆਂ ਨੇ ਪੇਸ਼ਾਵਰ ਦੇ ਮੁਸਲਮਾਨਾਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਇਆ ਹੁੰਦਾ ਤਾਂ ਬ੍ਰਿਟਿਸ਼ ਸਾਮਰਾਜੀ ਦੂਸਰੀਆਂ ਥਾਵਾਂ 'ਤੇ ਮੁਸਲਿਮ ਸਿਪਾਹੀਆਂ ਨੂੰ ਹਿੰਦੂ ਜਨਤਾ ਦੇ ਖ਼ਿਲਾਫ਼ ਵਰਤਦੀ। ਅਸੀਂ ਕਹਿ ਸਕਦੇ ਹਾਂ ਕਿ ਇਹ ਇਤਿਹਾਸ ਵਿਚ ਲਿਖੀ ਜਾਣ ਵਾਲੀ ਅਤੀ-ਉੱਤਮ ਘਟਨਾ ਸੀ ਕਿ ਪੇਸ਼ਾਵਰ ਭੇਜੇ ਗਏ ਗੜ੍ਹਵਾਲੀ ਸਿਪਾਹੀ ਹਿੰਦੂ-ਮੁਸਲਿਮ ਏਕਤਾ ਪ੍ਰਤੀ ਕੱਟੜ ਸਨ ਤੇ ਉਹਨਾਂ ਨੇ ਦ੍ਰਿੜ੍ਹਤਾ ਨਾਲ ਸ਼ਾਤੀਪੂਰਨ ਰਵੱਈਆ ਅਪਣਾਇਆ ਸੀ। ਪਰ ਗਾਂਧੀ ਅਜਿਹੀ ਸ਼ਾਤੀ ਚਾਹੁੰਦੇ ਸਨ ਕਿ ਜੋ ਸਾਮਰਾਜੀਆਂ ਨੂੰ ਕੋਈ ਨੁਕਸਾਨ ਨਾ ਪਹੁੰਚਾਵੇ। ਇਸ ਲਈ ਉਹਨਾਂ ਨੇ ਗੜ੍ਹਵਾਲੀ ਸਿਪਾਹੀਆਂ ਦੇ ਵਰਤਾਅ ਦੀ ਨਿੰਦਾ ਕੀਤੀ। ਉਹਨਾਂ ਨੇ ਕਿਹਾ ਕਿ "ਜਦ ਸਰਕਾਰ ਨੇ ਲੋਕਾਂ 'ਤੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਸੀ ਅਤੇ ਸਿਪਾਹੀਆ ਨੇ ਅਜਿਹਾ ਨਹੀਂ ਕੀਤਾ ਤਾਂ ਕਹਿਣਾ ਪੈਂਦਾ ਹੈ ਕਿ ਉਹਨਾਂ ਨੇ ਆਪਣਾ ਫ਼ਰਜ਼ ਨਹੀਂ ਨਿਭਾਇਆ। ਕਿਉਂਕਿ ਇਹਨਾਂ ਲੋਕਾਂ ਨੇ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਇਸ ਲਈ ਇਹ ਅਪਰਾਧੀ ਬਣ ਗਏ ਹਨ ਤੇ ਦੰਡ ਦੇ ਭਾਗੀ ਹਨ।" ਇਹੀ ਕਾਰਨ ਸੀ ਕਿ ਗਾਂਧੀ-ਇਰਵਨ ਸਮਝੌਤੇ ਵਿਚ ਗੜ੍ਹਵਾਲੀ ਸਿਪਾਹੀਆਂ ਨੂੰ ਰਿਹਾਈ ਦਾ ਪ੍ਰਸਤਾਵ ਵੀ ਨਹੀਂ ਰੱਖਿਆ ਗਿਆ ਸੀ। ਜਦ ਗਾਂਧੀ ਗੋਲ-ਮੇਜ਼ ਕਾਨਫ਼ਰੰਸ ਲਈ ਲੰਡਨ ਗਏ ਸਨ ਤਾਂ ਇਸੇ ਮੁੱਦੇ 'ਤੇ ਫ਼ਰੈਂਚ ਪੱਤਰਕਾਰ ਨੇ ਗਾਂਧੀ ਨੂੰ ਸੁਆਲ ਕੀਤਾ ਸੀ, ਜਿਸ ਦਾ ਜੁਆਬ ਉਹਨਾਂ ਨੇ ਇਉਂ ਦਿੱਤਾ ਸੀ, "ਮੈਂ ਸਰਕਾਰੀ ਕਰਮਚਾਰੀਆਂ ਤੇ ਸਿਪਾਹੀਆਂ ਨੂੰ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਨ ਲਈ ਕਹਾਂ ਕਹਾਂਗਾ, ਕਿਉਂਕਿ ਜਦ ਸਾਡੇ ਹੱਥਾਂ ਵਿਚ ਸਰਕਾਰ ਆ ਜਾਵੇਗੀ ਤਾਂ ਸਾਨੂੰ ਵੀ ਸਰਕਾਰੀ ਕਰਮਚਾਰੀਆਂ ਤੇ ਸਿਪਾਹੀਆਂ ਤੋਂ ਕੰਮ ਕਰਵਾਉਣਾ ਪਵੇਗਾ। ਇਹਨਾਂ ਨੂੰ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਲਈ ਹੁਣ ਜੇ ਮੈਂ ਉਤਸ਼ਾਹਿਤ ਕਰਾਂਗਾ ਤਾਂ ਕੱਲ ਮੇਰੀ ਆਗਿਆ ਦੀ ਵੀ ਇਹ ਉਲੰਘਣਾ ਕਰਨਗੇ।"

ਇਸ ਘਟਨਾ ਤੋਂ ਇਹ ਗੱਲ ਖੁੱਲ੍ਹ ਕੇ ਸਾਹਮਣੇ ਆਉਂਦੀ ਹੈ ਕਿ ਆਪਣੀ ਹਕੂਮਤ ਵਿਚ ਵੀ ਸਰਕਾਰੀ ਅਧਿਕਾਰੀ ਤੇ ਸਿਪਾਹੀ ਸਿਰਫ਼ ਤਰਕ ਰਹਿਤ ਸੇਵਾਦਾਰ ਹੀ ਬਣੇ ਰਹਿਣ। ਗਾਂਧੀ ਦਾ ਅਸਲੀ ਮਕਸਦ ਇਹੋ ਸੀ। ਗਾਂਧੀ ਦੀ ਅਹਿੰਸਾ ਸਾਮਰਾਜੀਆਂ ਤੇ ਬੁਰਜੂਆ-ਜਾਗੀਰੂ ਵਰਗਾਂ ਦੀ ਰਾਖੀ ਲਈ ਸੀ।

ਗਾਂਧੀ ਨੇ ਜਾਗੀਰੂ ਪ੍ਰਬੰਧ ਦੀ ਰਾਖੀ ਲਈ ਜਿਸ ਤਰ੍ਹਾਂ ਵਿਚਾਰਕ ਪੱਧਰ 'ਤੇ ਅਹਿੰਸਾ ਦਾ ਜਾਪ ਕੀਤਾ, ਉਵੇਂ ਹੀ ਸਭਿਆਚਾਰ ਪੱਧਰ 'ਤੇ ਜਾਗੀਰੂ ਵਿਚਾਰਾਂ ਨੂੰ ਬਣਾਈ ਰੱਖਣ ਲਈ ਅਣਥੱਕ ਯਤਨ ਕੀਤਾ ਸੀ। ਉਹਨਾਂ ਦਾ ਹਿੰਦੂ ਧਰਮ 'ਤੇ ਫ਼ਖ਼ਰ ਅਤੇ ਜਾਤਪਾਤ ਪ੍ਰਣਾਲੀ 'ਤੇ ਵਿਸ਼ਵਾਸ ਇਸ ਗੱਲ ਨੂੰ ਾਬਤ ਕਰਦਾ ਹੈ। ਪਰ ਜਦ ਪੂੰਜੀਵਾਦੀ ਸਭਿਆਚਾਰ ਦੇ ਪ੍ਰਭਾਵ ਵਿਚ ਜਾਗੀਰੂ ਵਿਸ਼ਵਾਸਾਂ ਦੀ ਪਕੜ ਕਮਜ਼ੋਰ ਪੈਣ ਲੱਗੀ ਅਤੇ ਉਸ ਦੀ ਥਾਂ 'ਤੇ ਨਵੀਆਂ ਪ੍ਰਣਾਲੀਆਂ ਨੇ ਸਿਰ ਚੁੱਕਣਾ ਸ਼ੁਰੂ ਕੀਤਾ ਅਤੇ ਪੁਰਾਣੇ ਵਿਚਾਰ ਢਹਿ-ਢੇਰੀ ਹੋਣ ਦੀ ਸਥਿਤੀ ਵਿਚ ਆਉਣ ਲੱਗੇ ਤਾਂ ਗਾਂਧੀ ਨੇ ਜਾਗੀਰੂ ਵਿਚਾਰਾਂ ਨੂੰ ਸੋਧ ਕੇ ਕੌੜੀਆਂ ਗੋਲੀਆਂ 'ਤੇ ਖੰਡ ਦਾ ਲੇਪ ਚੜ੍ਹਾ ਕੇ ਜਨਤਾ ਨੂੰ ਖੁਆਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਬਿਲਕੁਲ ਵੱਖਰਾ ਭਗਤ ਸਿੰਘ ਨੇ ਗਤੀ ਦੇ ਇਤਿਹਾਸਕ ਪਦਾਰਥਵਾਦੀ ਨਜ਼ਰੀਏ ਨਾਲ ਸਮਾਜ ਤੇ ਕੁਦਰਤ ਨੂੰ ਸਮਝਣ-ਬੁਝਣ ਦੀ ਕੋਸ਼ਿਸ਼ ਕੀਤੀ ਸੀ। ਇਹਨਾਂ ਨੇ ਇਹ ਵੀ ਕਿਹਾ ਸੀ ਕਿ "ਨਾਸਤਿਕਤਾ ਆਤਮ ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਵਾਲੀ ਹੈ। ਅਹਿਮ ਭਾਵ ਨੂੰ ਵਧਾਉਣ ਵਾਲੀ ਨਹੀਂ ਹੈ।"

ਗਾਂਧੀ ਨੂੰ ਹਿੰਦੂ ਧਰਮ ਪ੍ਰੇਮੀ ਵਿਸ਼ੇਸ਼ ਫ਼ਖ਼ਰ, ਮੂਰਤੀ ਪੂਜਾ, ਜਾਤਪਾਤੀ ਵਿਵਸਥਾ, ਰਾਮਰਾਜ ਆਦਿ ਜਾਗੀਰੂ ਵਿਚਾਰਾਂ ਪ੍ਰਤੀ ਵਿਸ਼ੇਸ਼ ਲਗਾਵ ਸੀ। ਅਜਿਹੀਆਂ ਹਾਲਤਾਂ ਵਿਚ ਇਹਨਾਂ ਦੇ 'ਰਾਮਰਾਜ' ਦੀ ਸਥਾਪਨਾ ਦੇ ਵਿਚਾਰ ਨਾਲ ਹੋਰ ਧਰਮਾਂ ਦੇ ਲੋਕ ਕਿਉਂ ਇਕਜੁੱਟ ਹੋਣਗੇ? ਅਤੇ ਇਹਨਾਂ ਦੇ ਉਦੇਸ਼ਾਂ ਅਤੇ ਵਿਸ਼ਵਾਸਾਂ ਪ੍ਰਤੀ ਹੋਰ ਧਾਰਮਕ ਲੋਕਾਂ ਦੇ ਦਿਲਾਂ ਵਿਚ ਸ਼ੰਕੇ ਪੈਦਾ ਹੋਣੇ ਸੁਭਾਵਿਕ ਹੀ ਸਨ। ਖ਼ੁਦ ਗਾਂਧੀ ਜੀ ਕਹਿੰਦੇ ਤੇ ਚਾਹੁੰਦੇ ਹਨ ਕਿ ਹੋਰ ਲੋਕ ਵੀ ਆਪਣੇ-ਆਪਣੇ ਧਰਮ ਤੇ ਵਿਸ਼ਵਾਸਾਂ ਦਾ ਨਿਯਮ-ਬੱਧ ਹੋ ਕੇ ਪਾਲਣ ਕਰਨ। ਇਹ ਵਿਚਾਰ ਧਾਰਮਿਕ ਭਾਵਨਾਵਾਂ ਨੂੰ ਤੇ ਉਸ ਧਰਮ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਇਸ ਨਾਲ ਧਾਰਮਿਕ ਟਕਰਾਅ ਨੂੰ ਉਤਸ਼ਾਹ ਮਿਲਦਾ ਹੈ। ਇਸ ਦੁਆਰਾ ਆਚਰਨ ਵਿਚ ਹਿੰਦੂ-ਮੁਸਲਿਮ ਏਕਤਾ ਦਾ ਮਕਸਦ ਹਾਸਲ ਹੀ ਨਹੀਂ ਕੀਤਾ ਜਾ ਸਕਦਾ ਹੈ। ਸਿਰਫ਼ ਅਜਿਹੇ ਹੀ ਲੋਕ ਅਲੱਗ-ਅਲੱਗ ਧਰਮਾਂ ਵਿਚਕਾਰ ਏਕਤਾ ਨੂੰ ਬੜੀ ਆਸਾਨੀ ਨਾਲ ਲਿਆ ਸਕਦੇ ਹਨ, ਜਿਹਨਾਂ ਦੇ ਦਿਲਾਂ ਵਿਚ ਕਿਸੇ ਧਰਮ ਪ੍ਰਤੀ ਵਿਸ਼ੇਸ਼ ਲਗਾਅ ਨਾ ਹੋਵੇ ਅਤੇ ਰਾਜਨੀਤੀ ਨਾਲ ਧਰਮ ਨੂੰ ਰਲਗੱਡ ਨਾ ਕਰਦੇ ਹੋਣ। ਇਕ ਮਿਲਣੀ ਵਿਚ ਗਾਂਧੀ ਨੇ ਕਿਹਾ ਸੀ, "ਮੈਂ ਵਰਣ-ਆਸ਼ਰਮ ਧਰਮ ਵਿਚ ਵਿਸ਼ਵਾਸ ਰੱਖਦਾ ਹਾਂ (ਮੇਰੇ ਵਿਚਾਰ ਨਾਲ) ਵਰਣਾਸ਼ਰਮ ਧਰਮ ਜੀਵਨ ਧਰਮ ਹੈ। ਕੁਝ ਲੋਕ ਵਿਦਿਆ ਗ੍ਰਹਿਣ ਕਰਦੇ ਹਨ, ਕੁਝ ਲੋਕ ਖੇਤੀ-ਬਾੜੀ ਤੇ ਕਾਰੋਬਾਰ ਕਰਨ ਤੇ ਬਾਕੀ ਲੋਕ ਸਰੀਰਕ ਮਿਹਨਤ ਕਰਨ ਲਈ ਪੈਦਾ ਹੋਏ ਹਨ। ਇਹ ਮੇਰਾ ਵਿਸ਼ਵਾਸ ਹੈ। ਇਹਨਾਂ ਦੇ ਨਾਲ

ਇਹਨਾਂ ਦੇ ਪੇਸ਼ਿਆਂ ਦੀ ਦੀ ਜਮਾਂਦਰੂ ਤੌਰ 'ਤੇ ਅਲਾਟਮੈਂਟ ਹੁੰਦੀ ਜਾ ਰਹੀ ਹੈ। ਇਹ ਮੇਰਾ ਵਿਸ਼ਵਾਸ ਹੈ। ਜੇ ਮੈਂ ਭੰਗੀ ਦਾ ਕੰਮ ਕਰ ਰਿਹਾ ਹੁੰਦਾ ਤਾਂ ਮੇਰਾ ਲੜਕਾ ਭੰਗੀ ਦੇ ਕੰਮ ਵਿਚ ਕਿਉਂ ਸ਼ਾਮਲ ਨਹੀਂ ਹੋਵੇਗਾ ?"

ਸਾਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਗਾਂਧੀ ਦੇ ਵੱਡ-ਵਡੇਰਿਆਂ ਨੇ ਕਦੋਂ ਵਕੀਲ ਦਾ ਕੰਮ ਕੀਤਾ ਸੀ। ਕਦੋਂ ਰਾਜਨੀਤੀ ਨਾਲ ਜੁੜੇ ਸਨ ? ਜੋ ਵੀ ਹੋਵੇ ਗ਼ਰੀਬ ਮਜ਼ਦੂਰ ਤੇ ਉਹਨਾਂ ਦੀ ਸੰਤਾਨ ਪੀੜ੍ਹੀ-ਦਰ-ਪੀੜ੍ਹੀ ਇਸ ਤਰ੍ਹਾਂ ਮਰਦੇ-ਖਪਦੇ ਜਾਣ ਅਤੇ ਮੁੱਠੀ-ਭਰ ਲੋਕਾਂ ਨੂੰ ਐਸ਼ੋ-ਆਰਾਮ ਦਾ ਜੀਵਨ ਵਿਰਾਸਤ ਵਿਚ ਮਿਲਦਾ ਰਹੇ, ਇਸ ਤੋਂ ਇਲਾਵਾ ਇਹ ਧਰਮ ਸ਼ਾਸਤਰ ਅਤੇ ਕਿਸ ਕੰਮ ਵਿਚ ਆ ਸਕਦੇ ਹਨ ? ਇਹ ਗਲੀ ਬੜੀ ਬਦਬੂ ਦਿੰਦੀ ਜਾਗੀਰੂ ਸੰਸਕ੍ਰਿਤੀ ਨੂੰ ਜਿਉਂਦਾ ਰੱਖਣ ਲਈ ਨਵੇਂ ਤਰੀਕੇ ਨਾਲ ਕੀਤੇ ਜਾ ਰਹੇ ਯਤਨਾਂ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਇਸ ਨਾਲ ਗਾਂਧੀ ਕਹਿੰਦੇ ਹਨ ਕਿ 'ਬ੍ਰਾਹਮਣਾਂ ਪ੍ਰਤੀ ਆਪਣੇ ਦਿਲਾਂ ਵਿਚ ਉੱਠ ਰਹੀ ਨਾਰਾਜ਼ਗੀ ਕਾਰਨ ਪੀੜ੍ਹੀਆਂ ਤੋਂ ਆਪ ਨੂੰ ਹਾਸਲ ਹੋ ਰਹੇ ਸਭਿਆਚਾਰ ਨੂੰ ਕਿਧਰੇ ਜਲਦਬਾਜ਼ੀ ਵਿਚ ਆਪ ਪੈਰਾਂ ਹੇਠ ਅੰਨ੍ਹੇਵਾਹ ਕੁਚਲ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।'

ਗਾਂਧੀ ਦੇ ਇਸ ਤਰ੍ਹਾਂ ਦੇ ਸਿਧਾਂਤਾਂ ਪ੍ਰਤੀ ਭਗਤ ਸਿੰਘ ਨੇ 'ਮੈਂ ਨਾਸਤਿਕ ਕਿਉਂ ਹਾਂ ?' ਨਾਮੀ ਲੇਖ ਵਿਚ ਲਿਖਿਆ ਸੀ, "ਉਹਨਾਂ ਲੋਕਾਂ ਦੇ ਦੰਭ ਬਾਰੇ ਤੁਸੀਂ ਕੀ ਕਹੋਗੇ ਜਿਹਨਾਂ ਨੂੰ ਦੰਭੀ ਤੇ ਘਮੰਡੀ ਬ੍ਰਾਹਮਣਾਂ ਨੇ ਜਾਣ-ਬੁਝ ਕੇ ਅਗਿਆਨੀ ਬਣਾ ਰੱਖਿਆ ਤੇ ਜਿਹਨਾਂ ਨੇ ਤੁਹਾਡੀਆਂ ਗਿਆਨ ਦੀਆਂ ਪਵਿੱਤਰ ਪੁਸਤਕਾਂ—ਵੇਦਾਂ ਦੇ ਕੁਝ ਵਾਕ ਸੁਣ ਲੈਣ ਕਾਰਨ ਕੰਨ ਵਿਚ ਪਿਘਲੇ ਸਿੱਕੇ ਦੀ ਧਾਰਾ ਨੂੰ ਸਹਿਣ ਦੀ ਸਜ਼ਾ ਭੁਗਤਣੀ ਪੈਂਦੀ ਸੀ ? ਜੇ ਉਹ ਕੋਈ ਅਪਰਾਧ ਕਰਦੇ ਹਨ ਤਾਂ ਉਹਨਾਂ ਲਈ ਕੌਣ ਜ਼ਿੰਮੇਵਾਰ ਹੋਵੇਗਾ ਤੇ ਉਹਨਾਂ ਦਾ ਪ੍ਰਵਾਹ ਕੌਣ ਸਹੇਗਾ ? ਮੇਰੇ ਪਿਆਰੇ ਦੋਸਤੋ ! ਇਹ ਸਾਰੇ ਸਿਧਾਂਤ ਵਿਸ਼ੇਸ਼ ਅਧਿਕਾਰ ਪ੍ਰਾਪਤ ਕੁਝ ਲੋਕਾਂ ਦੀ ਖੋਜ ਹਨ। ਇਹ ਆਪਣੀ ਹਥਿਆਈ ਹੋਈ ਸ਼ਕਤੀ, ਪੂੰਜੀ ਤੇ ਉਚਤਾ ਨੂੰ ਇਹਨਾਂ ਸਿਧਾਂਤ ਦੇ ਆਧਾਰ 'ਤੇ ਸਹੀ ਠਹਿਰਾਉਂਦੇ ਹਨ ? ਜੀ ਹਾਂ, ਇਹ ਅਪਟਨ ਸਿਕਲੇਅਰ ਹੀ ਸੀ, ਜਿਸ ਨੇ ਕਿਸੇ ਤਰ੍ਹਾਂ ਲਿਖਿਆ ਸੀ ਕਿ ਮਨੁੱਖ ਨੂੰ ਬੱਸ (ਆਤਮਾ ਦੀ) ਅਮਰਦਾ ਵਿਚ ਵਿਸ਼ਵਾਸ ਬੰਨ੍ਹਾ ਦਿਓ ਤੇ ਉਸ ਪਿੱਛੋਂ ਉਸ ਦੀ ਸਾਰੀ ਜਾਇਦਾਦ ਤੇ ਧਨ ਲੁੱਟ ਲਓ।"

ਗਾਂਧੀ ਹਿੰਦੂਆਂ ਨੂੰ ਵਰਣਾਸ਼ਰਮ ਧਰਮ ਦੀ ਪਾਲਣਾ ਕਰਨ ਲਈ ਕਹਿੰਦੇ ਹਨ ਤਾਂ ਮੁਸਲਿਮ ਤੇ ਈਸਈਆਂ ਨੂੰ ਵਾਰ-ਵਾਰ ਅਪੀਲ ਕਰਦੇ ਹਨ ਕਿ ਉਹ ਧਰਮ ਪਰਿਵਰਤਨ ਨੂੰ ਉਤਸ਼ਾਹਿਤ ਨਾ ਕਰਨ। ਇਹ ਵੀ ਉਹਨਾਂ ਦੇ ਹਿੰਦੂ-ਧਰਮ ਵਿਚ ਵਿਸ਼ਵਾਸ ਨੂੰ ਦਰਸਾਉਂਦਾ ਹੈ। ਦੂਜੇ ਧਰਮਾਂ ਤੋਂ ਹਿੰਦੂ ਧਰਮ ਵਿਚ ਕੁਝ ਉੱਚ ਵਰਗ ਦੇ ਲੋਕਾਂ ਨੂੰ ਛੱਡ ਕੇ ਕੋਈ ਨਹੀਂ ਆਉਂਦਾ, ਇਸ ਦਾ ਕਾਰਨ ਕੀ ਹੈ ? ਹਿੰਦੂ ਧਰਮ ਵਿਚ ਹਰ ਬੰਦੇ ਨੂੰ ਮਾਨਤਾ ਉਸ ਦੀ ਜਾਤ ਦੇ ਆਧਾਰ 'ਤੇ ਮਿਲਦੀ ਹੈ। ਜਿਸ ਵਿਚ ਊਚ ਤੇ ਨੀਚ ਦਾ ਦਰਜਾ ਹੈ। ਹਿੰਦੂ ਧਰਮ ਵਿਚ ਆਉਣ 'ਤੇ ਸਮਾਜ ਵਿਚ ਉਹਨਾਂ ਦੀ ਜਗ੍ਹਾ ਦਾ ਸੁਆਲ ਉਠਦਾ ਹੈ। ਇਸ ਲਈ ਆਮ ਤੌਰ 'ਤੇ ਇਸ ਪ੍ਰਕਾਰ ਦਾ

ਧਰਮ ਪਰਿਵਰਤਨ ਨਹੀਂ ਹੁੰਦਾ। ਪਰ ਹਿੰਦੂ ਧਰਮ ਵਿਚੋਂ ਦੂਜੇ ਧਰਮ ਵਿਚ ਤਬਦੀਲੀ ਆਸਾਨ ਹੈ, ਸੌਖੀ ਹੈ। ਹਿੰਦੂਆਂ ਵਿਚ ਧਾਰਮਿਕ ਦ੍ਰਿਸ਼ਟੀਕੋਣ ਤੋਂ ਜਾਤੀ ਤੋਂ ਸਿਵਾਏ ਗੁਆਉਣ ਲਈ ਕੁਝ ਨਹੀਂ ਹੈ। ਵੱਖ-ਵੱਖ ਧਰਮਾਂ ਬਾਰੇ ਭਗਤ ਸਿੰਘ ਨੇ ਕਿਹਾ ਸੀ ਕਿ "ਸਭ ਧਰਮ, ਫਿਰਕੇ, ਪੰਥ ਤੇ ਅਜਿਹੀਆਂ ਹੋਰ ਸੰਸਥਾਵਾਂ ਅੰਤ ਵਿਚ ਨਿਰਦਈ ਤੇ ਲੁਟੇਰੀਆਂ ਸੰਸਥਾਵਾਂ, ਵਿਅਕਤੀਆਂ ਤੇ ਜਮਾਤਾਂ ਦੀਆਂ ਹਿਮਾਇਤੀ ਹੋ ਜਾਂਦੀਆਂ ਹਨ। ਰਾਜ ਵਿਰੁੱਧ ਬਗ਼ਾਵਤ ਹਰ ਧਰਮ ਵਿਚ ਹੀ ਆ ਰਹੀ ਹੈ।"

ਭਗਵਾਨ ਬਾਰੇ ਗਾਂਧੀ ਨੇ ਕਿਹਾ ਸੀ, "ਇਹ ਅਨੰਤ ਹੈ, ਆਦਿ ਕਾਲ ਤੋਂ ਰਿਹਾ ਹੈ। ਹਮੇਸ਼ਾ ਇਕੋ ਜਿਹਾ ਹੀ ਰਹਿਣ ਵਾਲਾ ਹੈ।..... ਇਹ ਚੇਤਨ ਸਰੂਪ ਹੈ, ਗਿਆਨ ਸਰੂਪ ਹੈ। ਸਿਰਫ਼ ਇਹ ਹੀ ਸਦੀਵੀ ਹੈ, ਬਾਕੀ ਸਭ ਨਾਸ਼ਵਾਨ ਹੈ।" ਇਸ ਪ੍ਰਕਾਰ ਦੇ ਧੰਦੇ ਧਰਮ ਵਿਸ਼ਵਾਸ 'ਤੇ ਭਗਤ ਸਿੰਘ ਨੇ ਆਪਣੇ ਲੇਖ 'ਮੈਂ ਨਾਸਤਿਕ ਕਿਉਂ ਹਾਂ ?' ਵਿਚ ਕਿੰਨੇ ਹੀ ਸੁਆਲ ਉਠਾਏ। ਉਦਾਹਰਣ ਵਜੋਂ ਉਹ ਕਹਿੰਦੇ ਹਨ ਕਿ, "ਮੈਂ ਪੁੱਛਦਾ ਹਾਂ ਕਿ ਤੁਹਾਡਾ ਸਰਬ-ਸ਼ਕਤੀਮਾਨ ਰੱਬ ਹਰ ਬੰਦੇ ਨੂੰ ਉਸ ਸਮੇਂ ਕਿਉਂ ਨਹੀਂ ਰੋਕਦਾ, ਜਦ ਉਹ ਕੋਈ ਪਾਪ ਜਾਂ ਅਪਰਾਧ ਕਰ ਰਿਹਾ ਹੁੰਦਾ ਹੈ ? ਇਹ ਤਾਂ ਉਹ ਬਹੁਤ ਆਸਾਨੀ ਨਾਲ ਕਰ ਸਕਦਾ ਹੈ। ਉਸ ਨੇ ਕਿਉਂ ਨਹੀਂ ਲੜਾਕੂ ਰਾਜਿਆਂ ਨੂੰ ਉਹਨਾਂ ਦੇ ਅੰਦਰ ਲੜਨ ਦੇ ਜਨੂੰਨ ਨੂੰ ਖ਼ਤਮ ਨਹੀਂ ਕੀਤਾ ਅਤੇ ਇਸ ਪ੍ਰਕਾਰ ਸੰਸਾਰ ਜੰਗ ਰਾਹੀਂ ਮਨੁੱਖਤਾ ਤੇ ਪੈਣ ਵਾਲੀਆਂ ਮੁਸੀਬਤਾਂ ਤੋਂ ਉਸ ਨੂੰ ਕਿਉਂ ਨਹੀਂ ਬਚਾਇਆ ? ਉਸ ਨੇ ਅੰਗਰੇਜ਼ਾਂ ਦੇ ਦਿਮਾਗ਼ ਵਿਚ ਭਾਰਤ ਨੂੰ ਆਜ਼ਾਦ ਕਰਨ ਲਈ ਭਾਵਨਾ ਕਿਉਂ ਨਹੀਂ ਪੈਦਾ ਕੀਤੀ ? ਇਹ ਕਿਉਂ ਨਹੀਂ ਸਰਮਾਏਦਾਰਾਂ ਦੇ ਦਿਲਾਂ ਵਿਚ ਇਹ ਪਰਉਪਕਾਰੀ ਉਤਸ਼ਾਹ ਭਰ ਦਿੰਦਾ ਕਿ ਉਹ ਪੈਦਾਵਾਰ ਦੇ ਸਾਧਨਾਂ ਤੇ ਵਿਅਕਤੀਗਤ ਮਲਕੀਅਤ ਦਾ ਆਪਣਾ ਅਧਿਕਾਰ ਤਿਆਗ ਦੇਣ। ਅਤੇ ਇਸ ਤਰ੍ਹਾਂ ਨਾ ਸਿਰਫ਼ ਸਾਰੇ ਮੇਹਨਤਕਸ਼ ਵਰਗ ਤੇ ਸਾਰੇ ਮਨੁੱਖੀ ਸਮਾਜ ਨੂੰ ਪੂੰਜੀਵਾਦ ਦੀਆਂ ਬੇੜੀਆਂ ਤੋਂ ਆਜ਼ਾਦ ਕਰਵਾਉਂਦਾ ?"

ਉਪਰ ਚਰਚਿਤ ਮੁੱਦਿਆਂ ਤੋਂ ਸਪੱਸ਼ਟ ਹੈ ਕਿ ਭਗਤ ਸਿੰਘ ਤੇ ਗਾਂਧੀ ਆਹਮੋ-ਸਾਹਮਣੇ ਵਿਰੋਧੀ ਸੁਭਾਅ ਦੇ ਰਾਜਸੀ, ਸਮਾਜਿਕ ਤੇ ਵਿਚਾਰਕ ਚਿੰਤਨ ਨਾਲ ਲੈਸ ਸਨ।

# ਪ੍ਰਦੂਸ਼ਣ ਫੈਲਾਉਣ ਵਾਲੇ ਇਹ ਉਦਯੋਗ ਲੋਕਾਂ ਲਈ ਖ਼ਤਰਾ ਕਿਵੇਂ ?

ਹਿਮਾਚਲ ਵਿਚ ਭਾਵੇਂ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ 'ਤੇ ਪਾਬੰਦੀ ਲਾ ਦਿੱਤੀ ਗਈ ਹੋਵੇ, ਨਦੀਆਂ ਵਿਚ ਜ਼ਹਿਰ ਘੋਲਣ ਵਾਲਿਆਂ ਵਿਰੁੱਧ ਕੇਂਦਰ ਦੀ ਤਰਫ਼ੋਂ ਠੋਸ ਕਦਮ ਨਹੀਂ ਚੁੱਕੇ ਗਏ ਜਦ ਕਿ ਇਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਵੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਹਿਮਾਚਲ ਵਿਚ 58 ਨਗਰ ਪਾਲਿਕਾਵਾਂ ਮਨੁੱਖੀ ਮਲ-ਮੂਤਰ ਨਦੀਆਂ ਵਿਚ ਵਹਾ ਰਹੀਆਂ ਹਨ। ਸੂਬੇ ਵਿਚ ਹਰ ਸਾਲ 1816.98 ਟਨ ਚਿੱਕੜ-ਨੁਮਾ ਸੁਆਹ, ਸਕ੍ਰੈਪ ਤੇ ਉੱਡਣ ਵਾਲੀ ਸੁਆਹ ਦਾ ਜ਼ਹਿਰੀਲਾ ਕਚਰਾ ਪੈਦਾ ਹੋ ਰਿਹਾ ਹੈ। ਆਉਣ ਵਾਲੇ ਸਾਲਾਂ ਵਿਚ ਇਸ ਕਚਰੇ ਦੀ ਮਾਤਰਾ 97000 ਟਨ ਤਕ ਪਹੁੰਚ ਸਕਦੀ ਹੈ। ਇਸ ਪ੍ਰਕਾਰ ਪਾਣੀ ਵਿਚ ਪ੍ਰਦੂਸ਼ਣ ਦੀ ਮਾਤਰਾ ਵਿਚ ਵੀ ਦਸ ਫ਼ੀਸਦੀ ਦਾ ਵਾਧਾ ਹੋਇਆ ਹੈ। ਸਨਅਤੀ ਖੇਤਰ ਹੀ ਨਹੀਂ, ਪ੍ਰਮੁੱਖ ਨਦੀਆਂ ਦੇ ਕਿਨਾਰੇ ਵੱਸੇ ਸ਼ਹਿਰ ਵੀ ਨਦੀਆਂ ਵਿਚ ਪ੍ਰਦੂਸ਼ਣ ਦੀ ਮਾਤਰਾ ਵਧਾ ਰਹੇ ਹਨ। ਸੂਬੇ ਦੇ ਬੱਦੀ, ਬਟੋਰੀਵਾਲਾ, ਪਰਵਾਨੂ ਤੇ ਕਾਲਾ ਅੰਬ ਸਮੇਤ ਆਸ ਪਾਸ ਦੇ ਖੇਤਰ ਵਿਚ ਲੱਗਣ ਵਾਲੇ ਉਦਯੋਗ ਪ੍ਰਦੇਸ਼ ਦੇ ਸਰਹੱਦੀ ਖੇਤਰਾਂ ਲਈ ਹੀ ਨਹੀਂ, ਗੁਆਂਢੀ ਸੂਬਿਆਂ ਦੇ ਵਾਤਾਵਰਨ ਲਈ ਵੀ ਵਿਨਾਸ਼ਕਾਰੀ ਸਾਬਤ ਹੋ ਰਹੇ ਹਨ। ਪੰਜਾਬ ਤੇ ਹਰਿਆਣਾ ਦੇ ਵਾਤਾਵਰਨ ਕੰਟਰੋਲ ਬੋਰਡ ਨੇ ਕੇਂਦਰੀ ਵਾਤਾਵਰਨ ਮੰਤਰਾਲੇ ਕੋਲ ਸ਼ਿਕਾਇਤ ਕੀਤੀ ਹੈ ਕਿ ਹਿਮਾਚਲ ਦੇ ਇਹ ਸਨਅਤੀ ਖੇਤਰ ਨਾ ਸਿਰਫ਼ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ ਬਲਕਿ ਹਵਾ ਵਿਚ ਵੀ ਪ੍ਰਦੂਸ਼ਣ ਦੀ ਮਾਤਰਾ ਵਧਾ ਰਹੇ ਹਨ। ਇਸ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਰਾਜ ਨੂੰ ਸਖ਼ਤ ਹੁਕਮ ਦਿੱਤੇ ਹਨ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਾਲ-ਨਾਲ ਪ੍ਰਦੂਸ਼ਣ ਰੋਕਣ ਲਈ ਕਦਮ ਉਠਾਉਣ। ਸਨਅਮੀ ਪੈਕੇਜ ਦੇ ਚਲਦਿਆਂ ਲਗਭਗ 25000 ਕਰੋੜ ਦੇ ਪੂੰਜੀ ਨਿਵੇਸ਼ ਕਰਾਉਣ ਦੀ ਚਾਹਤ ਨੇ ਪ੍ਰਦੇਸ਼ ਦੇ ਵਾਤਾਵਰਨ ਨੂੰ ਵੀ ਦਾਅ 'ਤੇ ਲਾ ਦਿੱਤਾ ਹੈ। ਸੂਬੇ ਤੋਂ ਵਹਿਣ ਵਾਲੀਆਂ ਨਦੀਆਂ ਵਿਚ ਪ੍ਰਦੂਸ਼ਣ ਵਧਣ ਦੇ ਕਾਰਨ ਪੰਜਾਬ ਤੇ ਹਰਿਆਣਾ ਸਰਕਾਰਾਂ ਨੇ ਵੀ ਆਪਣੀ ਨਾਰਾਜ਼ਦੀ ਦਰਜ ਕਰਵਾਈ ਹੈ।

ਸੂਬੇ ਵਿਚ ਪਿਛਲੇ ਦੋ ਸਾਲਾਂ ਵਿਚ ਜੋ 15000 ਕਰੋੜ ਦੇ ਪੂੰਜੀ ਨਿਵੇਸ਼ ਦੇ ਪ੍ਰਸਤਾਵ ਆਏ ਹਨ, ਉਹਨਾਂ ਵਿਚ ਬਹੁਤੇ ਉਦਯੋਗ ਅਜੇ ਉਸਾਰੀ ਅਧੀਨ ਹਨ। ਇਹਨਾਂ ਉਦਯੋਗਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਵਾਤਾਵਰਣ ਲਈ ਜੋਖ਼ਮ ਭਰੇ ਕਰਚੇ ਦੀ ਜੋ ਸਥਿਤੀ ਹੈ, ਉਹ ਘਾਤਕ ਹੈ। ਪੰਜਾਬ ਤੇ ਹਰਿਆਣਾ ਸਰਕਾਰਾਂ ਦੀ ਸ਼ਿਕਾਇਤ ’ਤੇ ਕੇਂਦਰ ਸਰਕਾਰ ਨੇ ਸਖ਼ਤ ਰੁਖ਼ ਅਪਣਾਇਆ ਹੈ। ਕੇਂਦਰ ਦੇ ਆਦੇਸ਼ਾਂ ਨੂੰ ਵੇਖਦਿਆਂ ਪ੍ਰਦੂਸ਼ਣ ਵਿਭਾਗ ਨੇ ਲਗਭਗ ਡੇਢ ਦਰਜਨ ਉਦਯੋਗਾਂ ਨੂੰ ਨੋਟਿਸ ਦਿੱਤੇ ਹਨ ਕਿ ਉਹ ਨਿਰਧਾਰਿਤ ਮਾਪਦੰਡ ਨਹੀਂ ਅਪਣਾ ਰਹੇ। ਜ਼ਿਲਾ ਸੋਲਨ ਦੇ ਨਾਲਾਗੜ੍ਹ ਇਲਾਕੇ ਵਿਚ ਵਿਨਾਸ਼ਕ ਕਚਰੇ ਨੂੰ ਦਬਾਉਣ ਲਈ ਜ਼ਮੀਨ ਦੀ ਨਿਸ਼ਾਨਦੇਹੀ ਤਾਂ ਕੀਤੀ ਗਈ ਹੈ ਪਰ ਇਹ ਯੋਜਨਾ ਅਜੇ ਵੀ ਠੰਡੇ ਬਸਤੇ ਵਿਚ ਹੀ ਹੈ। ਇਹ ਤਾਂ ਸੀ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੇ ਉਦਯੋਗਾਂ ਦੀ ਦਸ਼ਾ ਦਾ ਵਰਣਨ, ਪਰ ਦੇਸ਼ ਦੀਆਂ ਨਦੀਆਂ ਦੇ ਜਲ ਨੂੰ ਜ਼ਹਿਰ ਬਣਾਉਣ ਵਾਲੇ ਉਦਯੋਗਾਂ ਦੀ ਵੀ ਕਮੀ ਨਹੀਂ ਹੈ। ਜਿਹਨਾਂ ਦੇ ਖ਼ਿਲਾਫ਼ ਕਾਰਗਰ ਕਾਰਵਾਈ ਕਰਨ ਦੀ ਜ਼ਰੂਰਤ ਸ਼ਿੱਦਕ ਨਾਲ ਮਹਿਸੂਸ ਕੀਤੀ ਜਾ ਰਹੀ ਹੈ। ਜਿਥੇ ਨਦੀਆਂ ਵਿਚ ਨਿਰਮਲ ਜਲ ਦੀ ਧਾਰਾ ਵਗਦੀ ਸੀ, ਅੱਜ ਉਹ ਦੁਰਗੰਧ ਤੇ ਸੜ੍ਹਿਹਾਂਦ ਦੇ ਫੁਹਾਰੇ ਉੱਠਦੇ ਹਨ। ਇਹਨਾਂ ਨਦੀਆਂ ਦਾ ਪਾਣੀ ਪ੍ਰਦੂਸ਼ਣ ਦੇ ਖ਼ਤਰੇ ਦੀਆਂ ਹੱਦਾਂ ਵੀ ਪਾਰ ਕਰ ਚੁੱਕਿਆ ਹੈ। 1400 ਕਰੋੜ ਰੁਪਏ ਖ਼ਰਚਦ ਪਿੱਛੋਂ ਵੀ ਗੰਗਾ ਮੈਲੀ ਹੈ। ਗੰਗੋਤਰੀ ਤੋਂ ਇਲਾਹਾਬਾਦ ਪਹੁੰਚਣ ਤਕ ਗੰਗਾ ਵਿਚ 5400000 ਲਿਟਰ ਕੂੜਾ-ਕਚਰਹਾ, ਮਲ ਤੇ ਰਿਸਾਇਣ ਮਿਲ ਜਾਂਦਾ ਹੈ। ਹਰਿਦੁਆਰ ਤੋਂ ਹੁਗਲੀ ਤਕ ਉਸ ਦਾ ਪਾਣੀ ਵਰਤਣ ਯੋਗ ਨਹੀਂ ਰਿਹਾ। ਦੂਜੀਆਂ ਨਦੀਆਂ ਦਾ ਹਾਲ ਤਾਂ ਹੋਰ ਵੀ ਬੁਰਾ ਹੈ। ਯਮੁਨਾ ਦੇ ਪਾਣੀ ਨਾਲ ਜੋ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ, ਉਹ ਦੂਹਰੇ ਪ੍ਰਦੂਸ਼ਣ ਦਾ ਸ਼ਿਕਾਰ ਹੋ ਰਹੀਆਂ ਹਨ। ਉਹਨਾਂ ਵਿਚ ਜੈਵਿਕ ਤੇ ਰਸਾਇਣਕ ਪ੍ਰਦੂਸ਼ਣ ਦੀ ਮਾਤਰਾ ਬਹੁਤ ਜ਼ਿਆਦਾ ਹੈ।

ਦੇਸ਼ ਦੇ 70 ਫ਼ੀਸਦੀ ਸ਼ਹਿਰਾਂ ਵਿਚ ਵੀ ਪੀਣ ਵਾਲੇ ਪਾਣੀ ਦੀ ਸਪਲਾਈ ਨਦੀਆਂ ਤੋਂ ਹੁੰਦੀ ਹੈ ਪਰ 70 ਫ਼ੀਸਦੀ ਬੀਮਾਰੀਆਂ ਸ਼ਹਿਰਾਂ ਵਿਚ ਅੱਜ ਵੀ ਪ੍ਰਦੂਸ਼ਿਤ ਪਾਣੀ ਦੇ ਕਾਰਨ ਹੋ ਰਹੀਆਂ ਹਨ ਕਿਉਂਕਿ ਜ਼ਮੀਨ ਦੇ ਅੰਦਰ ਦੀ ਉਪਰਲੀ ਤਹਿ ਦਾ ਪਾਣੀ ਵੀ ਪ੍ਰਦੂਸ਼ਣ ਦੀ ਲਪੇਟ ਵਿਚ ਹੈ। ਇਸ ਪ੍ਰਦੂਸ਼ਣ ਨੂੰ ਰੋਕਣ ਜਾਂ ਖ਼ਤਮ ਕਰਨ ਲਈ ਭਾਰੀ ਬਜਟ ਵਾਲੀਆਂ ਯੋਜਨਾਵਾਂ ਤਾਂ ਹਨ ਤੇ ਇਹਨਾਂ ਯੋਜਨਾਵਾਂ ਦੇ ਨਾਂ ’ਤੇ ਅਰਬਾਂ ਰੁਪਏ ਵੀ ਇਧਰ-ਉਧਰ ਕੀਤੇ ਜਾ ਚੁੱਕੇ ਹਨ ਪਰ ਸਫ਼ਾਈ ਦੇ ਮਾਮਲੇ ਵਿਚ ਇਹਨਾਂ ਦੀ ਹਾਲਤ ਜਿਉਂ ਦੀ ਤਿਉਂ ਹੀ ਹੈ। ਕੈਗ ਦੀ ਰਿਪੋਰਟ ਵਿਚ ਇਸ ਤੱਥ ਦਾ ਖ਼ਾਸ ਤੌਰ ’ਤੇ ਵਰਣਨ ਕੀਤਾ ਗਿਆ ਹੈ ਕਿ ਜਲ ਪ੍ਰਦੂਸ਼ਣ ਤੇ ਬਰਬਾਦੀ ਰੋਕਣ ਲਈ 1974 ਵਿਚ ਜੋ ਕਾਨੂੰਨ ਬਣਾਇਆ ਗਿਆ ਸੀ, ਉਸ ਨੂੰ ਲਾਗੂ ਕਰਨ ਲਈ ਸ਼ਾਇਦ ਹੀ ਕੁਝ ਕੀਤਾ ਗਿਆ ਹੋਵੇ।

ਹਰਿਆਣੇ ਵਿਚ 600 ਤੋਂ ਵੱਧ ਅਜਿਹੀਆਂ ਸਨਅਤੀ ਇਕਾਈਆਂ ਕੰਮ ਕਰ ਰਹੀਆਂ ਹਨ, ਜੋ ਬਿਨਾਂ ਕਿਸੇ ਇਜਾਜ਼ਤ ਦੇ ਨਦੀਆਂ ਤੇ ਜਲ-ਸਰੋਤਾਂ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਹਿਮਾਚਲ ਪ੍ਰਦੇਸ਼ ਵਿਚ 58 ਨਗਰ ਪਾਲਿਕਾਵਾਂ ਮਨੁੱਖੀ ਮਲ-ਮੂਤਰ ਨਦੀਆਂ ਵਿਚ ਵਹਾ ਰਹੀਆਂ ਹਨ। ਕਰਨਾਟਕਾ, ਉੜੀਸਾ, ਬਿਹਾਰ, ਉਤਰ ਪ੍ਰਦੇਸ਼ ਆਦਿ ਸੂਬਿਆਂ ਵਿਚ ਵੀ ਕੁਲ ਮਿਲਾ ਕੇ ਇਹੋ ਹਾਲਤ ਹੈ। ਇਹਨਾਂ ਸੂਬਿਆਂ ਵਿਚ ਦੀ ਲੰਘਦ ਵਾਲੀਆਂ ਨਦੀਆਂ ਵੱਡੇ ਸ਼ਹਿਰਾਂ ਤੇ ਵੱਡੇ ਕਾਰਖ਼ਾਨਿਆਂ ਲਈ ਗਟਰ ਦਾ ਕੰਮ ਕਰ ਰਹੀਆਂ ਹਨ। ਇਹਨਾਂ ਨਦੀਆਂ ਤੋਂ ਇਲਾਵਾ ਭੂਮੀਗਤ ਸਰੋਤਾਂ ਤੋਂ ਵੀ ਪਾਣੀ ਪੀਣ ਲਈ ਦਿੱਤਾ ਜਾ ਰਿਹਾ ਹੈ। ਦਰਅਸਲ ਉਹ ਪੀਣ ਯੋਗ ਨਹੀਂ ਰਹਿ ਗਿਆ ਹੈ। ਯਮੁਨਾ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸੁਪਰੀਮ ਕੋਰਟ ਨੂੰ ਵਾਰ-ਵਾਰ ਦਖ਼ਲ ਦੇਣਾ ਪਿਆ। ਫਿਰ ਵੀ ਸਥਿਤੀ ਵਿਚ ਕੋਈ ਆਸ਼ਾਜਨਕ ਸੁਧਾਰ ਨਹੀਂ ਹੋਇਆ। ਗੰਗਾ, ਯਮੁਨਾ, ਗੋਦਾਵਰੀ, ਨਰਮਦਾ, ਸਿੰਧੂ ਤੇ ਕਾਵੇਰੀ ਸਮੇਤ ਕਈ ਦੂਜੀਆਂ ਨਦੀਆਂ ਦੀ ਹੋਂਦ ਖ਼ਤਰੇ ਵਿਚ ਹੈ। ਇਹਨਾਂ ਦੇ ਪਾਣੀ ਦੀ ਵੰਡ ਦੇ ਨਾਂ ’ਤੇ ਸਮੇਂ-ਸਮੇਂ ਸਿਰ ਸੂਬਿਆਂ ਵਿਚ ਝਗੜੇ ਵੀ ਹੁੰਦੇ ਰਹਿੰਦੇ ਹਨ ਕਿਉਂਕਿ ਇਹਨਾਂ ਦੇ ਪਾਣੀ ਨਾਲ ਹੀ ਸ਼ਹਿਰਾਂ ਤੇ ਉਦਯੋਗਿਕ ਖੇਤਰਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਦੇਸ਼ ਦੀਆਂ ਮੁੱਖ 13 ਨਦੀਆਂ ਦੇ ਕਿਨਾਰੇ ਵਾਲੇ ਖੇਤਰਾਂ ਦੇ ਕਸਬਿਆਂ ਵਿਚ ਚਮੜੀ ਰੋਗ ਪਣਪ ਰਹੇ ਹਨ। ਇਹਨਾਂ ਅੰਦਰਲੀਆਂ ਲੱਖਾਂ ਮੱਛਲੀਆਂ ਮਰ ਚੁੱਕੀਆਂ ਹਨ। ਵਿਸ਼ਵ ਸਿਹਤ ਸੰਗਠਨ (WHO) ਅਨੁਸਾਰ ਭਾਰਤ ਵਿਚ ਹਰ ਸਾਲ ਪੰਜ ਕਰੋੜ ਵਿਅਕਤੀ ਪ੍ਰਦੂਸ਼ਿਤ ਪਾਣੀ ਪੀਣ ਕਾਰਨ ਬੀਮਾਰ ਹੁੰਦੇ ਹਨ। ਇਹਨਾਂ ਵਿਚੋਂ 20 ਲੱਖ ਵਿਅਕਤੀ ਹਰ ਸਾਲ ਮਰ ਜਾਂਦੇ ਹਨ। ਇਹਨਾਂ ਬੀਮਾਰੀਆਂ ਦੇ ਇਲਾਜ ਲਈ 500 ਕਰੋੜ ਰੁਪਏ ਸਾਲਾਨਾ ਖ਼ਰਚ ਹੁੰਦੇ ਹਨ। ਭਾਰਤ ਦੇ ਕੁਲ 2431 ਨਗਰਾਂ ਵਿਚੋਂ ਸਿਰਫ਼ 176 ਵਿਚ ਹੀ ਮਲ-ਜਲ ਨਿਕਾਸੀ ਦੀ ਵਿਵਸਥਾ ਹੈ। ਇਹ ਸਾਰਾ ਮਲ-ਜਲ ਸਿੱਧਾ ਨਦੀਆਂ ਵਿਚ ਵਹਾ ਦਿੱਤਾ ਜਾਂਦਾ ਹੈ। ਦਿੱਲੀ ਦੇ ਆਸ ਪਾਸ ਯਮੁਨਾ ਕਾਲੀ ਹੋ ਗਈ ਹੈ। ਕਲਕੱਲਾ ਵਿਚ ਹੁਗਲੀ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੈ। ਮੁੰਬਈ ਵਿਚ ਮਾਹਿਮ ਦੀ ਖਾੜੀ ਦਾ ਪਾਣੀ ਗੰਦਾ ਹੋ ਗਿਆ ਹੈ। ਕਸ਼ਮੀਰ ਦੀ ਡੱਲ ਝੀਲ ਦਾ ਪਾਣੀ ਵੀ ਹੁਣ ਸਾਫ਼ ਨਹੀਂ ਹੈ। ਪ੍ਰਦੂਸ਼ਿਤ ਪਾਣੀ ਨਾਲ ਡਾਇਰੀਆ, ਪੇਚਸ, ਪੀਲੀਆ ਤੇ ਟਾਈਡ-ਫ਼ਾਈਡ, ਪੋਲੀਓ, ਹੈਜ਼ਾ ਆਦਿ ਬੀਮਾਰੀਆਂ ਦਾ ਪ੍ਰਕੋਪ ਵਧ ਰਿਹਾ ਹੈ।

ਭਾਰਤ ਦੇ ਕਈ ਉਦਯੋਕਿ ਨਗਰਾਂ ਵਿਚ ਨਦੀਆਂ ਦਾ ਜੋ ਪਾਣੀ ਪਹਿਲਾਂ ਸ਼ੁੱਧ ਕਰ ਕੇ ਪਾਈਪਾਂ ਰਾਹੀਂ ਘਰਾਂ ਤਕ ਪਹੁੰਚਾਇਆ ਜਾਂਦਾ ਸੀ, ਹੁਣ ਉਹ ਵੀ ਸਾਫ਼ ਨਹੀਂ ਹੈ। ਰਾਸ਼ਟਰੀ ਵਾਤਾਵਰਨ ਇੰਜੀਨੀਅਰਿੰਗ ਇੰਸਟੀਚਿਊਟ (ਨਾਗਪੁਰ) ਵਿਚ ਜਾਂਚ-ਪੜਤਾਲ ਪਿੱਛੋਂ ਪਾਇਆ ਗਿਆ ਕਿ ਇਸ ਪਾਣੀ ਵਿਚ ਵੀ ਮਲ-ਜਲ ਤੇ ਸਨਅਤੀ ਇਕਾਈਆਂ ਦੇ ਕੂੜੇ-ਕਚਰੇ ਦਾ ਅੰਸ਼ ਹੈ।

ਕੇਂਦਰੀ ਜਲ ਪ੍ਰਦੂਸ਼ਣ ਨਿਵਾਰਨ ਤੇ ਕੰਟਰੋਲ ਬੋਰਡ ਦੇ ਅਧਿਐਨ ਅਨੁਸਾਰ ਦਿੱਲੀ ਦੀ ਯਮੁਨਾ ਵਿਚ ਰੋਜ਼ਾਨਾ ਜੋ ਗੰਦਾ ਪਾਣੀ ਵਹਿ ਕੇ ਜਾਂਦਾ ਹੈ, ਉਸ ਵਿਚ 3 ਲੱਖ ਘੱਣ ਮੀਟਰ ਮੈਲਾ ਪਾਣੀ ਤੇ 20000 ਘਣ ਮੀਟਰ ਸਨਅਤੀ ਕਚਰਾ ਹੁੰਦਾ ਹੈ। ਨਜ਼ਫ਼ਗੜ੍ਹ ਨਾਲ ਪ੍ਰਦੂਸ਼ਣ ਦਾ ਮੁੱਖ ਸਰੋਤ ਹੈ। ਉਸ ਵਿਚ ਸ਼ਹਿਰ ਦੇ ਮੈਲੇ ਜਲ ਦੇ ਨਾਲ ਕਈ ਸਨਅਤੀ ਇਕਾਈਆਂ ਅਜੇ ਵੀ ਆਪਣਾ ਗੰਦਾ ਪਾਣੀ ਸੁੱਟਦੀਆਂ ਹਨ, ਜਿਸ ਥਾਂ ਇਸ ਨਾਲੇ ਦਾ ਪਾਣੀ ਯਮੁਨਾ ਵਿਚ ਮਿਲਦਾ ਹੈ, ਉਸ ਥਾਂ ਤੋਂ ਲੈ ਕੇ ਔਖਲਾ ਤਕ ਯਮੁਨਾ ਦਾ ਪਾਣੀ ਸਿੰਚਾਈ ਦੇ ਵੀ ਯੋਗ ਨਹੀਂ ਹੈ। ਯਮੁਨਾ ਹੁਣ ਇਕ ਜਾਮ-ਸੀਵਰ ਵਿਚ ਤਬਦੀਲ ਹੋ ਚੁੱਕੀ ਹੈ, ਇਹ ਸੱਚ ਹੈ। ਦਿੱਲੀ ਦੇ ਨਾਲ ਹਰਿਆਣਾ, ਉਤਰ ਪ੍ਰਦੇਸ਼ ਦੇ 20 ਸ਼ਹਿਰ ਇਸ ਦੇ ਕਿਨਾਰਿਆਂ ’ਤੇ ਵੱਸੇ ਹਨ ਤੇ ਉਹਨਾਂ ਵਿਚ ਰਹਿਣ ਵਾਲੀ ਕਰੀਬ 6 ਕਰੋੜ ਦੀ ਕੁੱਲ ਆਬਾਦੀ ਇਸੇ ਨਦੀ ਨੂੰ ਪਬਲਿਕ ਕੂੜੇਦਾਨ ਵਜੋਂ ਵਰਤ ਰਹੀ ਹੈ। ਉਤਸਰਜਿਤ ਪਦਾਰਥਾਂ ਤੋਂ ਲੈ ਕੇ ਹਰ ਕਿਸਮ ਦਾ ਜੈਵ ਤੇ ਰਸਾਇਣਕ ਕਚਰਾ ਉਸ ਵਿਚ ਵਹਾਇਆ ਜਾ ਰਿਹਾ ਹੈ। ਪਰ ਪ੍ਰਦੂਸ਼ਣ ਪ੍ਰਤੀ ਉਦਾਸੀਨਤਾ ਦਾ ਆਲਮ ਇਹ ਹੈ ਕਿ ਇਹਨਾਂ ਵਿਚੋਂ ਸਿਰਫ਼ 75 ਫ਼ੀਸਦੀ ਦੇ ਪਾਸ ਅੱਜ ਵੀ ਕਚਰੇ ਦੇ ਟ੍ਰੀਟਮੈਂਟ ਦੀ ਸਹੂਲਤ ਨਹੀਂ ਹੈ।

ਖ਼ੁਦ ਦਿੱਲੀ ਦਾ ਆਪਦਾ ਟ੍ਰੀਟਮੈਂਟ ਪਲਾਂਟ ਠੀਕ ਨਹੀਂ ਚੱਲਦਾ। ਸਾਲ 1993 ਵਿਚ ਯਮੁਨਾ ਐਕਸ਼ਨ ਪਲੈਨ ਸ਼ੁਰੂ ਕੀਤਾ ਗਿਆ ਸੀ ਪਰ ਇਸ ਦੇ ਤਹਿਤ 735 ਕਰੋੜ ਰੁਪਏ ਤੋਂ ਵੱਧ ਖ਼ਰਚ ਹੋਣ ਤੋਂ ਪਿੱਛੋਂ ਵੀ ਪ੍ਰਦੂਸ਼ਣ ਘਟਣ ਦੀ ਥਾਂ ਵਧ ਰਿਹਾ ਹੈ। ਅੱਜ ਵੀ ਹਜ਼ਾਰਾਂ ਲੋਕ ਉਸ ਵਿਚ ਇਸ਼ਨਾਨ ਕਰਦੇ ਹਨ ਅਤੇ ਪਰਵ ਤਿਉਹਾਰਾਂ ’ਤੇ ਉਸੇ ਵਿਚ ਦੇਵੀ ਮੂਰਤੀਆਂ ਜਲ ਪ੍ਰਵਾਹ ਕਰਦੇ ਹਨ। ਤਿੰਨ ਲੋਕ ਤੋਂ ਨਿਆਰੀ ਕਹੀ ਜਾਣ ਵਾਲੀ ਕਾਂਸ਼ੀ ਵਿਚ ਵੀ ਮਣਿਕਣਿਕਾ ਘਾਟ ’ਤੇ ਰਾਖ, ਸੁਲਗਦੇ ਅੰਗਿਆਰਾਂ, ਅੱਧ-ਜਲੀਆਂ ਲਾਸ਼ਾਂ, ਲੱਕੜੀਆਂ ਤੇ ਹੋਰ ਪ੍ਰਦੂਸ਼ਣਾਂ ਕਾਰਨ ਗੰਗਾ ਦਾ ਪਾਣੀ ਕਾਲਾ ਪੈ ਗਿਆ ਹੈ। 2525 ਕਿਲੋਮੀਟਰ ਤਕ ਵਹਿਣ ਵਾਲੀ ਇਸ ਨਦੀ ਦੇ ਆਸ-ਪਾਸ ਰਹਿਣ ਵਾਲੇ 33 ਕਰੋੜ ਲੋਕਾਂ ਦਾ ਜੀਵਨ ਖ਼ਤਰੇ ਵਿਚ ਹੈ। ਪੱਛਮੀ ਬੰਗਾਲ ਵਿਚ ਹੁਗਲੀ ’ਤੇ 100 ਕਿਲੋਮੀਟਰ ਖੇਤਰ ਵਿਚ ਕੀਤੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ 252 ਨਾਲੇ ਰੋਜ਼ਾਨਾ 2120 ਲਿਟਰ ਕੂੜਾ-ਕਚਰਾ ਸੁੱਟ ਰਹੇ ਹਨ। ਕਲਕੱਤਾ, ਦੁਰਗਾਪੁਰ, ਆਸਨਸੋਹਲ ਵਿਚ ਦਾਮੋਦਰ ਨਦੀ ਦੇ ਤੱਟ ’ਤੇ 8 ਵਡੇ ਇਸਪਾਤ, ਕੋਕ, ਰਸਾਇਣ ਤੇ ਉਰਵਰਕ ਦੇ ਉਦਯੋਗ ਆਪਣਾ ਸਾਰਾ ਗੰਦਾ ਪਾਣੀ ਇਸ ਨਦੀ ਵਿਚ ਹੀ ਸੁੱਟਦੇ ਹਨ। ਇਸ ਗੰਦੇ ਜਲ ਵਿਚ ਸਾਇਨਾਇਡ ਤੇ ਫਿਨੌਲ ਵਰਗੇ ਜ਼ਹਿਰੀਲੇ ਪਦਾਰਥ ਵੀ ਹੁੰਦੇ ਹਨ। ਹਜ਼ਾਰਾਂ ਨਗਰਾਂ ਵਿਚ ਪੀਣ ਵਾਲੇ ਪਾਣੀ ਦੇ ਅਨੇਕਾਂ ਸਰੋਤਾਂ ਵਿਚ ਜਿਸਤ, ਕਰੋਮੀਅਮ, ਸ਼ੀਸ਼ੇ, ਨਿਕਲ ਤੇ ਕੈਡਮੀਅਮ ਵਰਗੀਆਂ ਜ਼ਹਿਰੀਲੀਆਂ ਧਾਤਾਂ ਪਾਈਆਂ ਜਾਂਦੀਆਂ ਹਨ। ਉਸ ਵਿਚ ਨਾਈਟਰੇਟ, ਫਲੋਰਾਇਡ, ਫਾਸਦੇਟ ਅਤੇ ਹੋਰ ਲਵਣਾਂ ਤੇ ਖਣਿਜਾਂ ਦੀ ਮਾਤਰਾ ਮਨੁੱਖ ਦੀ ਸਹਿਣ-ਸ਼ਕਤੀ ਤੋਂ ਉਪਰ ਪੁੱਜ ਗਈ ਹੈ। ਇਸ ਸਮੇਂ ਸਾਡੇ ਪੀਣ ਵਾਲੇ ਪਾਣੀ ਵਿਚ

ਕਈ ਕਾਰਬਨ, ਜ਼ਹਿਰ , ਕੀਟਨਾਸ਼ਕ, ਪੋਲੀਕਲੋਰਾਈਡ, ਬਾਈਫੇਨਿਲਸ (ਪੀ. ਸੀ. ਬੀ.) ਅਤੇ ਡਿਟਰਜੈਂਟ ਆ ਗਏ ਹਨ। ਇਹਨਾਂ ਪ੍ਰਦੂਸ਼ਕਾਂ ਕਾਰਨ ਕਈ ਸਥਾਨਾਂ ’ਤੇ ਨਦੀਆਂ ਵਿਚ ਮੱਛੀਆਂ ਵੀ ਮਰ ਗਈਆਂ। ਕਈ ਲਦੀਆਂ ਦੀ ਮੱਛੀਆਂ ਹੁਣ ਖਾਣ ਯੋਗ ਨਹੀਂ ਰਹੀਆਂ ਹਨ। ਇਹਨਾਂ ਦੇ ਖਾਣ ਨਾਲ ਜਿਗਰ ਵਿਚ ਜ਼ਖ਼ਮ, ਪੀਲੀਆ, ਭਾਰ ਘਟਣਾ, ਆਂਤਾਂ ਵਿਚ ਸੋਜ਼, ਪੇਟ ਦਰਦ, ਕੈਂਸਰ, ਚਮੜੀ ਤੇ ਪ੍ਰਜਨਣ ਸਬੰਧੀ ਰੋਗ ਹੋ ਸਕਦੇ ਹਨ। ਸਰਕਾਰ ਜੇ ਨਦੀਆਂ ਦੀ ਸਫ਼ਾਈ ਵੀ ਨਹੀਂ ਕਰਵਾ ਸਕਦੀ ਤਾਂ ਉਹ ਹਕੂਮਤੀ ਕੁਰਸੀਆਂ ਕਿਉਂ ਸਾਂਭੀ ਬੈਠੀ ਹੈ। ਜਦ ਤਕ ਲੋਕ ਜਾਗਰੂਕ ਹੋ ਕੇ, ਲਾਮਬੰਦ ਹੋ ਕੇ ਸਰਕਾਰ ’ਤੇ ਦਬਾਅ ਨਹ ਪਾਉਂਦੇ, ਕੋਈ ਵੀ ਸੁਧਾਰ ਨਹੀਂ ਹੋਣਾ।

# ਕੀ ਮਨੁੱਖੀ ਜਾਨਾਂ ਨੂੰ ਨਿਗਲਦੇ ਜਾਨਵਰਾਂ ਦਾ ਖ਼ਾਤਮਾ ਜ਼ਰੂਰੀ ਨਹੀਂ ?

## ਕੁੱਤਿਆਂ, ਬਾਂਦਰਾਂ ਤੇ ਸੱਪਾਂ ਕਾਰਨ ਹਰ ਸਾਲ ਹੁੰਦੀਆਂ ਹਨ 90000 ਮੌਤਾਂ

ਦੇਸ਼ ਵਿਚ ਪਸ਼ੂ ਕਲਿਆਣ ਲਈ ਸੈਂਕੜੇ ਸੰਸਥਾਵਾਂ ਕੰਮ ਤਾਂ ਕਰ ਰਹੀਆਂ ਹਨ ਪਰ ਉਹਨਾਂ ਦਾ ਧਿਆਨ ਇਸ ਪਾਸੇ ਨਹੀਂ ਕਿ ਕੁੱਤੇ, ਬਾਂਦਰ ਤੇ ਸੱਪਾਂ ਦੇ ਕੱਟਣ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਬਹੁਤ ਗੰਭੀਰ ਤਸਵੀਰ ਪੇਸ਼ ਕਰ ਰਿਹਾ ਹੈ। ਭਾਰਤ ਵਿਚ ਆਵਰਾ ਘੁੰਮਦੇ ਕੁੱਤਿਆਂ ਦੀ ਗਿਣਤੀ ਬੇਤਹਾਸ਼ਾ ਵਧ ਗਈ ਹੈ ਤੇ ਹੋਰ ਵੀ ਵਧ ਰਹੀ ਹੈ। ਸਲਾਨਾ ਲਗਭਗ 15 ਤੋਂ 20 ਲੱਖ ਲੋਕਾਂ ਨੂੰ ਕੁੱਤੇ ਤੇ ਬਾਂਦਰ ਕੱਟਦੇ ਹਨ। ਇਹਨਾਂ ਵਿਚ ਕੁਝ ਨੂੰ ਤਾਂ ਸਬੱਬ ਨਾਲ ਵਕਤ ਸਿਰ ਇਲਾਜ ਮਿਲ ਜਾਂਦਾ ਹੈ ਪਰ ਫਿਰ ਵੀ ਲਗਭਗ 50000 ਬਦਨਸੀਬਾਂ ਦੀ ਮੌਤ ਹੋ ਜਾਂਦੀ ਹੈ। ਦੋ ਲੱਖ ਤੋਂ ਵੱਧ ਲੋਕਾਂ ਨੂੰ ਦੇਸ਼ ਵਿਚ ਸੱਪ ਕੱਟਦੇ ਹਨ ਜਿਹਨਾਂ ਵਿਚੋਂ ਲਗਭਗ 40000 ਦਮ ਤੋੜ ਜਾਂਦੇ ਹਨ। ਇਸ ਤੋਂ ਇਲਾਵਾ ਸ਼ੇਰ, ਤੇਂਦੂਏ, ਭੇੜੀਏ ਤੇ ਹਾਥੀਆਂ ਤੋਂ ਇਲਾਵਾ ਹੋਰ ਜੰਗਲੀ ਜਾਨਵਰਾਂ ਦੀ ਖ਼ੁਰਾਕ 15000 ਲੋਕ ਬਣਦੇ ਹਨ ਕਿਉਂਕਿ ਇਹ ਘਟਨਾਵਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵਾਪਰਦੀਆਂ ਹਨ ਜਿਸ ਕਾਰਨ ਨਾ ਤਾਂ ਇਹਨਾਂ 'ਤੇ ਰੌਲਾ ਹੀ ਪੈਂਦਾ ਹੈ ਤੇ ਨਾ ਹੀ ਇਹ ਅੰਕੜੇ ਸਰਕਾਰ ਨੂੰ ਡਰਾਉਣੇ ਲੱਗਦੇ ਹਨ। ਜਦ ਅਦਾਲਤਾਂ ਦਾ ਦਖ਼ਲ ਹੁੰਦਾ ਹੈ ਤਾਂ ਜਾ ਕੇ ਸਰਕਾਰ ਦੀ ਨੀਂਦ ਖੁੱਲ੍ਹਦੀ ਹੈ। ਪੰਜਾਬ ਦੇ ਇਕ ਰਿਟਾਇਰ ਜੱਜ ਨੂੰ ਪਾਰਕ ਵਿਚ ਵੜਨ ਲੱਗਿਆਂ ਕੁੱਤੇ ਨੇ ਕੱਟ ਲਿਆ ਤਾਂ ਉਹਨਾਂ ਨੇ ਜਨਹਿੱਤ ਜਾਚਿਕਾ (PIL) ਲਾ ਦਿੱਤੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫ਼ੌਰਨ ਦੋਨਾਂ ਰਾਜਾਂ ਦੇ ਕੰਨ ਖਿੱਚ ਦਿੱਤੇ ਤੇ ਕੁੱਤਿਆਂ ਦੀ ਗਿਣਤੀ ਕੰਟਰੋਲ ਕਰਨ ਦੇ ਹੁਕਮ ਜਾਰੀ ਹੋ ਗਏ। ਕੁਝ ਦਿਨਾਂ ਤਕ ਮੁਹਿੰਮ ਚੱਲਣ ਪਿੱਛੋਂ ਫਿਰ ਪਰਨਾਲਾ ਉਥੇ ਦਾ ਉਥੇ ਆ ਗਿਆ। ਦਿੱਲੀ ਵਿਚ ਬਾਂਦਰਾਂ ਦਾ ਆਤੰਕ ਹੈ, ਦਹਿਸ਼ਤ ਹੈ। ਕਈ ਮਹੱਤਵ ਪੂਰਨ ਸਰਕਾਰੀ ਇਮਾਰਤਾਂ 'ਤੇ ਇਹ ਧਮੱਚੜ ਮਚਾਉਂਦੇ ਹਨ। ਤੀਸ ਹਜ਼ਾਰੀ ਕੋਰਟ ਕੈਂਪਸ ਦਾ ਕੰਮ-ਕਾਰ ਤਾਂ ਇਹਨਾਂ ਬਾਂਦਰਾਂ ਨੇ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਕਿ ਜੱਜ ਵਿਜੇਂਦਰ ਜੈਨ ਤੇ ਰੇਖਾ ਸ਼ਰਮਾ

ਨੂੰ ਨਗਰ ਨਿਗਮ ਨੂੰ ਇਹ ਕਹਿਣਾ ਪਿਆ ਕਿ ਜੇ ਤੁਸੀਂ ਇਹਾਂ ਬਾਂਦਰਾਂ ਨੂੰ ਨਹੀਂ ਫੜ ਸਕਦੇ ਤਾਂ ਅਦਾਲਤ ਨੂੰ ਬੰਦ ਕਰ ਦੇਣਾ ਹੀ ਬੇਹਤਰ ਹੋਵੇਗਾ। ਇਨਸਾਨ ਖ਼ਿਲਾਫ਼ ਜਾਨਵਰਾਂ ਦੀ ਵਧਦੀ ਦਹਿਸ਼ਤਗਰਦੀ ਦੀ ਵਜ੍ਹਾ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ ਤੇ ਇਹ ਸਿੱਧ ਹੋ ਜਾਵੇਗਾ ਕਿ ਕਾਗ਼ਜ਼ਾਂ ਵਿਚ ਹੋ ਰਹੇ ਯਤਨ ਕਾਫ਼ੀ ਨਹੀਂ ਹਨ। ਸਭ ਤੋਂ ਪਹਿਲਾਂ ਮਸਲਾ ਹੈ ਅਵਾਰਾ ਕੁੱਤਿਆਂ ਦੀ ਦਹਿਸ਼ਤ ਦਾ। ਵਿਸ਼ਵ ਸਿਹਤ ਸੰਗਠਨ ਦੇ ਸੂਤਰਾਂ ਮੁਤਾਬਕ ਦੇਸ਼ ਵਿਚ ਕੁੱਤਿਆਂ ਦੀ ਆਬਾਦੀ ਇਕ ਕਰੋੜ ਨੂੰ ਪਾਰ ਕਰ ਰਹੀ ਹੈ। ਦੁਨੀਆਂ ਭਰ ਵਿਚ ਹਲਕਾਅ (Rabies) ਨਾਲ ਵਾਲੀਆਂ ਮੌਤਾਂ ਦੀ ਗਿਣਤੀ ਦਾ 80% ਇਕੱਲੇ ਭਾਰਤ ਵਿਚ ਹੈ। ਪਹਿਲਾਂ ਸਥਾਨਕ ਚੌਕੀਦਾਰਾਂ ਰਾਹੀਂ ਕੁੱਤਿਆਂ ਨੂੰ ਜ਼ਹਿਰ ਦੇ ਕੇ ਮਾਰਿਆ ਜਾਂਦਾ ਸੀ ਪਰ ਹੁਣ ਇਸ ’ਤੇ ਪਾਬੰਦੀ ਲੱਗੀ ਹੋਈ ਸੀ। ਕੇਂਦਰ ਦੀ ਐਨ.ਡੀ.ਏ. ਸਰਕਾਰ ਵਿਚ ਜਦ ਮੇਨਕਾ ਗਾਂਧੀ ਮੰਤਰੀ ਸੀ ਤਾਂ ਉਹਨਾਂ ਆਪਣੇ ਅਹੁਦੇ ਦੀ ਵਰਤੋਂ ਕਰਦਿਆਂ ਸਭ ਸੂਬਿਆਂ ਦੇ ਸਿਹਤ ਵਿਭਾਗਾਂ ਨੂੰ ਇਕ ਹਦਾਇਤ ਜਾਰੀ ਕੀਤੀ ਕਿ ਮੌਜੂਦਾ ਤਰੀਕਾ ਜ਼ਾਲਮਾਨਾ ਹੈ ਤੇ ਇਸ ਦੀ ਥਾਂ Animal Birth Control ਪ੍ਰੋਗਰਾਮ ਲਾਗੂ ਕਰਨਾ ਚਾਹੀਦਾ ਹੈ। ਇਸ ਨਿਰਦੇਸ਼ ਪਿੱਛੋਂ ਕੁੱਤਿਆਂ ਦੀ ਗਿਣਤੀ ਵਿਚ ਤਾਂ ਖ਼ਾਸ ਕਮੀ ਨਹੀਂ ਆਈ ਪਰ ਸਵੈ-ਸੇਵੀ ਸੰਗਠਨਾਂ ਦੀਆਂ ਪੌਂ-ਬਾਰਾਂ ਹੋ ਗਈਆਂ। ਕੁੱਤਿਆਂ ਨੂੰ ਫੜ ਕੇ ਦਵਾਈ ਪਿਲਾਉਣ ਜਾਂ ਉਹਨਾਂ ਦੀ ਨਸਬੰਦੀ ਲਈ ਪ੍ਰਤੀ ਕੁੱਤਾ 650 ਤੋਂ 700 ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਤਾਂ ਕਾਗ਼ਜ਼ਾਂ ਵਿਚ ਹੀ ਕੁੱਤਿਆਂ ਦੀ ਨਸਬੰਦੀ ਤੇਜ਼ੀ ਨਾਲ ਸ਼ੁਰੂ ਹੋ ਗਈ। ਦਿੱਲੀ ਵਿਚ 10 ਲੱਖ ਤੋਂ ਵੱਧ ਆਵਾਰ ਕੁੱਤੇ ਹਨ। ਇਹਨਾਂ ਦੀ ਗਿਣਤੀ ਕੰਟਰੋਲ ਕਰਨ ਦੇ ਮਕਸਦ ਨਾਲ ਦਿੱਲੀ ਨੂੰ 12 ਜ਼ੋਨਾਂ ਵਿਚ ਵੰਡਿਆਂ ਗਿਆ ਹੈ। ਸਾਰੇ ਜ਼ੋਨਾਂ ਵਿਚ ਕੰਮ ਸਵੈ-ਸੇਵੀ ਸੰਗਠਨਾਂ ਦੇ ਜ਼ਿੰਮੇ ਹੈ। ਇਸ ਕੰਮ ਵਿਚ ਨਗਰ ਨਿਗਮ ਦਾ ਜੋ ਪੈਸਾ ਬਰਬਾਦ ਹੁੰਦਾ ਹੈ, ਉਸ ਤਾਂ ਵੱਖਰਾ ਹੈ, ਕੇਂਦਰ ਸਰਕਾਰ ਨੇ ਵੀ ਇਸ ਲਈ 54 ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਹੈ। ਦਿੱਲੀ ਸਰਕਾਰ ਦਾ ਸੰਕਲਪ ਹੈ ਕਿ 2008 ਤਕ ਦਿੱਲੀ ਨੂੰ ਰੈਬੀਜ਼ (ਹਲਕਾਅ) ਮੁਕਤ ਕਰਵਾਉਣਾ ਹੈ। ਇਸ ਲਈ ਪਾਣੀ ਵਾਂਗੂੰ ਪੈਸਾ ਵਹਾਇਆ ਜਾ ਰਿਹਾ ਹੈ।

ਕੰਗਲੌਰ ਦੇ ਕੇਂਪਗੋੜਾ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਤੇ ਪ੍ਰੋਫ਼ੈਸਰ ਡਾ. ਜੈ ਕ੍ਰਿਸ਼ਨਾ ਮਹੇਂਦਰਾ ਦੀ ਟਿੱਪਣੀ ਸੀ ਕਿ ਪਸ਼ੂ ਕਲਿਆਣ ਸੰਸਥਾਵਾਂ ਨੂੰ ਸਮਝਣਾ ਚਾਹੀਦਾ ਹੈ ਕਿ ਜਾਨਵਰਾਂ ਦੀ ਰਾਖੀ ਤੋਂ ਵੱਧ ਜ਼ਰੂਰੀ ਹੈ ਬਿਨਾਂ ਕਾਰਨ ਹੋਣ ਵਾਲੀਆਂ ਮਨੁੱਖੀ ਮੌਤਾਂ ਨੂੰ ਰੋਕਣਾ। ਬਾਂਦਰਾਂ ਦੀ ਪੈਦਾਵਾਰ (ਆਬਾਦੀ) ਵੀ ਦਿਨੋ ਦਿਨ ਵਧ ਰਹੀ ਹੈ। ਦਿੱਲੀ ਵਿਚ ਤਾਂ ਇਹ ਬਹੁਤ ਵੱਡੀ ਸਮੱਸਿਆ ਹੈ ਤੇ ਉਹਨਾਂ ਦੇ ਕੱਟਣ ਦੀਆਂ ਘਟਨਾਵਾਂ ਵੀ ਵਧ ਰਹੀਆਂ ਹਨ। ਸਾਲ 2000 ਵਿਚ 1008 ਤੇ ਸਾਲ 2003 ਵਿਚ 1603 ਲੋਕਾਂ ਨੂੰ ਬਾਂਦਰਾਂ ਨੇ ਵੱਢਿਆ। ਜਦ ਕਿ ਸਾਲ 2003 ਵਿਚ ਕੁੱਤਿਆਂ ਨੇ ਇਕੱਲੇ ਦਿੱਲੀ ਵਿਚ 24597 ਬੰਦਿਆਂ ਨੂੰ ਵੱਢਿਆ। ਦੇਸ਼ ਭਰ ਵਿਚ ਸੱਪਾਂ ਦੇ ਕੱਟਣ ਨਾਲ 40000 ਤੇ ਬਾਂਦਰਾਂ ਦੇ ਕੱਟਣ ਨਾਲ 5000 ਬੰਦੇ ਸਾਲਾਨਾ

ਮਰ ਜਾਂਦੇ ਹਨ।

ਦਿੱਲੀ ਵਿਚ 2010 ਵਿਚ ਹੋਣ ਵਾਲੀਆਂ ਕਾਮਨ ਵੈਲਥ ਖੇਡਾਂ ਦੇ ਮੱਦੇਨਜ਼ਰ ਵੀ ਬਾਂਦਰਾਂ ਨੂੰ ਜਲਾਵਤਨ ਕੀਤਾ ਜਾ ਰਿਹਾ ਹੈ। ਦਿਗਵਿਜੈ ਸਿੰਘ ਜਦੋ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸਨ ਤਾਂ ਦਿੱਲੀ ਤੋਂ ਬਾਂਦਰਾਂ ਦੀ ਖੇਪ ਮੱਧ ਪ੍ਰਦੇਸ਼ ਭੇਜੀ ਗਈ ਤੇ ਉਸ ਨਾਲ 14 ਲੱਖ ਰੁਪਏ ਵੀ ਦਿੱਤੇ। ਜਦੋਂ ਦੁਬਾਰਾ ਉਥੇ ਬਾਂਦਰਾਂ ਨੂੰ ਭੇਜਣ ਦੇ ਨਿਰਦੇਸ਼ ਸੁਪਰੀਮ ਕੋਰਟ ਨੇ ਦਿੱਤੇ ਤਾਂ ਉਥੋਂ ਦੇ ਪ੍ਰਧਾਨ ਮੁੱਖ ਵਣ ਰੱਖਿਅਕ ਬੇਨਤੀ ਲੈ ਕੇ ਕੋਰਟ ਕੋਲ ਭੱਜੇ ਗਏ। ਦਰਅਸਲ ਦਿੱਲੀ ਦੇ ਜੋ ਬਾਂਦਰ ਗਵਾਲੀਅਰ ਕੋਲ ਪਾਲਪੁਰ ਕੁਨੋ ਵਿਚ ਰੱਖੇ ਗਏ ਸਨ, ਉਹਨਾਂ ਨੂੰ ਜੰਗਲ ਰਾਸ ਨਹੀਂ ਆਇਆ ਤੇ ਉਹਨਾਂ ਨੇ ਚੰਬਲ ਦੇ ਪੇਂਡੂ ਇਲਾਕਿਆਂ ਵਿਚ ਡਾਕੂਆਂ ਤੋਂ ਵੀ ਵੱਧ ਦਹਿਸ਼ਤ ਫੈਲਾਹੀ। ਅੱਜ ਵੀ ਉਥੋਂ ਦੇ ਲੋਕ ਬਾਂਦਰਾਂ ਨੂੰ ਡਰਦੇ ਹਨ। ਦਰਅਸਲ ਇਕ ਵਾਰੀ ਸ਼ਹਿਰੀ ਜੀਵਨ ਦੇ ਆਦੀ ਹੋ ਚੁੱਕੇ ਬਾਂਦਰਾਂ ਦਾ ਮਨ ਜੰਗਲ ਵਿਚ ਨਹੀਂ ਲੱਗਦਾ ਤੇ ਉਹਨਾਂ ਨੂੰ ਇਨਸਾਨਾਂ ਵਿਚ ਹੀ ਮੁਫ਼ਤਖ਼ੋਰੀ ਕਰਨ ਦਾ ਸੁਆਦ ਆਉਂਦਾ ਹੈ। ਸਾਲ 2004 ਵਿਚ ਤਾਂ ਹਿਮਾਚਲ ਪ੍ਰਦੇਸ਼ ਸਰਕਾਰ ਬਾਂਕਰਾਂ ਦੀ ਬਰਾਮਦ ਦਾ ਮਨ ਬਦਾ ਚੁੱਕੀ ਸੀ। ਉਸ ਸਮੇਂ ਤਜ਼ਾਕਿਸਤਾਨ ਸਰਕਾਰ ਨੇ ਭਾਰਤ ਤੋਂ ਕੁਝ ਬਾਂਦਰਾਂ ਦੀ ਜ਼ਰੂਰਤ ਦਰਸਾਈ ਤਾਂ ਸਭ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਅੱਗੇ ਆਇਆ। ਕਿਉਂਕਿ ਉਥੇ ਵੀ ਬਾਂਦਰਾਂ ਦੀ ਕਾਫ਼ੀ ਪੈਦਾਇਸ਼ ਸੀ।

ਇਹੀ ਹਾਲ ਸੱਪਾਂ ਦਾ ਵੀ ਹੈ। ਭਾਰਤ ਵਿਚ ਸੱਪ ਦੇ ਕੱਟੇ ਦਾ ਇਲਾਜ ਮਹਿੰਗਾ ਤੇ ਮੁਸ਼ਕਲ ਹੁੰਦਾ ਜਾ ਰਿਹਾ ਹੈ। ਭਾਰਤ ਦੇ ਸਾਰੇ ਹਸਪਤਾਲਾਂ ਵਿਚ ਸੱਪ ਦੇ ਕੱਟੇ ਦੇ ਟੀਕੇ ਮੁਹੱਈਆ ਨਹੀਂ ਹਨ। WHO ਅਨੁਸਾਰ ਇਲਾਜ ਖੁਣੋ ਭਾਰਤ ਵਿਚ 40000 ਲੋਕਾਂ ਦੀ ਮੌਤ ਸੱਪਾਂ ਦੇ ਕੱਟਣ ਨਾਲ ਹੋ ਜਾਂਦੀ ਹੈ। ਪਿਛਲੇ ਸਾਲ ਪੱਛਮੀ ਬੰਗਾਲ, ਮੱਧ ਪ੍ਰਦੇਸ਼, ਛਤੀਸਗੜ੍ਹ, ਝਾਰਖੰਡ ਤੇ ਮਹਾਂਰਾਸ਼ਟ ਦੇ ਕੁਝ ਖ਼ਾਸ ਜ਼ਿਲਿਆਂ ਵਿਚ 10000 ਤੋਂ ਵੱਧ ਮੌਤਾਂ ਹੋ ਗਈਆਂ। ਸੱਪਾਂ ਦੀ ਖੱਲ ਦੀ ਤਸਕਰੀ ਤੇ ਦਵਾ ਬਣਾਉਣ ਲਈ ਉਹਨਾਂ ਦੇ ਫੜੇ ਜਾਣ ਕਾਰਨ ਮੇਨਿਕਾ ਗਾਂਧੀ ਦੀ ਦੀ ਪਟੀਸ਼ਨ ’ਤੇ ਸੁਪਰੀਮ ਕੋਰਟ ਨੇ ਸੱਪਾਂ ਦੇ ਫੜਨ ’ਤੇ ਰੋਕ ਲਾ ਰੱਖੀ ਹੈ। ਸਪੇਰਿਆਂ ਨੂੰ ਹੁਣ ਸੱਪ ਫੜਨ ਵਿਚ ਵਣ ਅਫ਼ਸਰਾਂ ਦਾ ਖ਼ੌਫ਼ ਸਤਾਉਂਦਾ ਹੈ। ਵਣ-ਜੀਵਾਂ ਲਈ ਕੰਮ ਕਰਨ ਵਾਲੇ ਲੋਕ ਇਸ ਲਈ ਇਨਸਾਨਾਂ ਨੂੰ ਹੀ ਜ਼ਿੰਮੇਵਾਰ ਸਮਝਦੇ ਹਨ।

ਅਸੀਂ ਖਾਦ ਲੜੀ ਤੋੜ ਦਿੱਤੀ ਹੈ ਤਾਂ ਫਿਰ ਅਜਿਹਾ ਹੋਣਾ ਹੀ ਸੀ। ਬਾਜ਼ਾਂ ਤੇ ਗਿਰਝਾਂ ਮਰ ਰਹੀਆਂ ਹਨ ਤੇ ਸੱਪਾਂ ਦੀ ਗਿਣਤੀ ਵਧ ਰਹੀ ਹੈ। ਕੀਟ-ਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਕਾਰਨ ਚੂਹੇ, ਡੱਡੂ ਤੇ ਦੂਜੇ ਛੋਟੇ ਜੀਵ ਮਰ ਰਹੇ ਹਨ ਤਾਂ ਸੱਪ ਭੋਜਨ ਦੀ ਤਲਾਸ਼ ਵਿਚ ਘਰਾਂ ਵਿਚ ਘੁਸ ਰਹੇ ਹਨ। ਜੰਗਲ ਕੱਟੇ ਜਾ ਰਹੇ ਹਨ, ਛੋਟੇ ਜਾਨਵਰ ਘਟ ਰਹੇ ਹਨ ਤੇ ਵੱਡੇ ਜੰਗਲੀ ਜਾਨਵਰ ਸ਼ਹਿਰਾਂ ਵਿਚ ਆ ਰਹੇ ਹਨ। ਜਿਸ ਤਰ੍ਹਾਂ ਭੁੱਖਾ ਆਦਮੀ ਆਪਣੇ ਬੱਚਿਆਂ ਦਾ ਪੇਟ ਭਰਨ ਲਈ ਚੋਰੀ ਕਰਦਾ ਹੈ, ਉਸੇ ਤਰ੍ਹਾਂ ਹੀ ਜਾਨਵਰ ਕਰ ਰਹੇ ਹਨ ਤਾਂ ਫਿਰ ਹੈਰਾਨੀ ਕਿਸ ਗੱਲ ਦੀ। ਹਾਲਾਂਕਿ

ਕੁੱਤਿਆਂ ਦੀ ਵਧਦੀ ਗਿਣਤੀ ਤੇ ਉਸ ਲਈ ਕੰਮ ਕਰ ਰਹੇ ਕੁਝ ਸੰਗਠਨਾਂ ਦੀ ਭੂਮਿਕਾ ਸੰਤੋਸ਼ ਜਨਕ ਨਹੀਂ ਹੈ। ਇਹਨੀਂ ਦਿਨੀਂ ਲਖਨਊ ਵਿਚ ਗੋਮਤੀ ਨਦੀ ਦੇ ਕਿਨਾਰੇ ਵੱਸੇ ਹੋਏ ਦਸ ਪਿੰਡ ਇਕ ਅਣਜਾਣ ਜਾਨਵਰ ਦੇ ਖ਼ੌਫ਼ ਹੇਠ ਜੀਊਣ ਲਈ ਮਜਬੂਰ ਹਨ। ਸ਼ਾਮ ਹੁੰਦਿਆਂ ਹੀ ਲੋਕ ਘਰਾਂ ਵਿਚ ਬੰਦ ਹੋ ਜਾਂਦੇ ਹਨ। ਇਹ ਜਾਨਵਰ ਹੁਣ ਤਕ ਦਸ ਨੀਲ ਗਾਵਾਂ, ਅੱਠ ਬੱਕਰੀਅ ਤੇ ਛੇ ਕੁੱਤਿਆਂ ਦੀ ਜਾਨ ਲੈਣ ਦੇ ਨਾਲ ਹੀ ਦੋ ਲੋਕਾਂ ਨੂੰ ਵੀ ਜ਼ਖ਼ਮੀ ਕਰ ਚੁੱਕਿਆ ਹੈ। ਬੀਤੇ ਸਤੰਬਰ ਵਿਚ ਹਰਦੋਈ ਦੇ ਪਿਹਾਨੀ ਇਲਾਕੇ ਵਿਚ ਜੰਗਲ ਦੇ ਰਾਜੇ ਦੇ ਪਿੰਡਾਂ ਵੱਲ ਰੁਖ਼ ਕਰਨ ਕਰ ਕੇ ਦਹਿਸ਼ਤ ਛਾਈ ਰਹੀ। ਉਤਰਾਂਚਲ ਸੂਬੇ ਦੇ ਗਠਨ ਤੋਂ ਲੈ ਕੇ ਹੁਣ ਤਕ 170 ਲੋਕ ਨਰ-ਭਖਸ਼ੀਆਂ ਦਾ ਸ਼ਿਕਾਰ ਹੋ ਚੁੱਕੇ ਹਨ। ਜਦ ਕਿ 500 ਲੋਕਾਂ ਨੂੰ ਨਰ-ਭਕਸ਼ੀ ਜਾਨਵਰ ਜ਼ਖ਼ਮੀ ਕਰ ਚੁੱਕਿਆ ਹੈ। ਬਹੁਤੇ ਹਮਲੇ ਪੇਂਡੂ ਇਲਾਕਿਆਂ ਵਿਚ ਲੋਕਾਂ ਦੇ ਸਵੇਰੇ-ਸ਼ਾਮ ਟੱਟੀ ਕਰਨ ਜਾਂਦਿਆਂ ਸਮੇਂ ਹੀ ਹੁੰਦੇ ਹਨ। ਕਾਨਪੁਰ ਸ਼ਹਿਰ ਵਿਚ ਅਵਾਰਾ ਪਸ਼ੂਆਂ ਵੱਲੋਂ ਨਾਗਰਿਕਾਂ ’ਤੇ ਜਾਨ-ਲੇਵਾ ਹਮਲਿਆਂ ਦੀ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਕਾਨਪੁਰ ਹੀ ਨਹੀਂ, ਲਖਨਊ, ਆਗਰਾ, ਫ਼ੈਜ਼ਾਬਾਦ ਤੇ ਸੀਤਾਪੁਰ ਸਮੇਤ ਦੋ ਦਰਜਨ ਜ਼ਿਲਿਆਂ ਵਿਚ ਬਾਂਦਰਾਂ ਦਾ ਕਹਿਰ ਇਸ ਹੱਦ ਤਕ ਵਾਪਰਿਆ ਕਿ ਲੋਕਾਂ ਨੂੰ ਅਦਾਲਤ ਦੀ ਸ਼ਰਨ ਲੈਣੀ ਪਈ। ਉਧਰ ਮਿਜ਼ੋਰਮ ਦੇ ਲੋਕ ਚੂਹਿਆਂ ਤੋਂ ਪਰੇਸ਼ਾਨ ਹਨ। ਚੂਹੇ ਇਨਸਾਨਾਂ ’ਤੇ ਹਮਲੇ ਹੀ ਨਹੀਂ ਕਰ ਰਹੇ ਬਲਕਿ ਫ਼ਸਲਾਂ ਵੀ ਉਜਾੜ ਰਹੇ ਹਨ। ਬਾਂਸ ਦੀ ਇਕ ਖ਼ਾਸ ਕਿਸਮ ਉਥੇ ਹੁੰਦੀ ਹੈ, ਜਿਸ ਨੂੰ ਖਾ ਕੇ ਚੂਹਿਆਂ ਦੀ ਪ੍ਰਜਨਣ ਕਿਰਿਆ ਵਧ ਜਾਂਦੀ ਹੈ। ਆਲਮ ਇਹ ਹੈ ਕਿ ਕੇਂਦਰ ਸਰਕਾਰ ਨੇ 23 ਕਰੋੜ ਰੁਪਏ ਸਿਰਫ਼ ਚੂਹਿਆਂ ਨੂੰ ਨਿਪਟਾਉਣ ਲਈ ਜਾਰੀ ਕੀਤੇ ਹਨ।

# ਜਨਤਕ ਸਿਹਤ ਪ੍ਰਣਾਲੀ ਦੇ ਕੁਝ ਸੁਆਲ— ਡੇਂਗੂ ਦੇ ਬਹਾਨੇ

ਇਹ ਸਰਕਾਰ ਦੀ ਖ਼ੁਸ਼ਕਿਸਮਤੀ ਹੈ ਕਿ ਮੌਸਮ ਬਦਲ ਗਿਆ ਹੈ ਨਹੀਂ ਤਾਂ ਅਕਤੂਬਰ ਦੇ ਅੰਤ ਤਕ ਪੂਰੀ ਦਿੱਲੀ ਤੇ ਉਸ ਦੇ ਆਸ-ਪਾਸ ਦੇ ਇਲਾਕੇ ਡੇਂਗੂ ਦੀ ਲਪੇਟ ਵਿਚ ਸਨ। ਅਕਤੂਬਰ ਦੇ ਅੰਤ ਤਕ ਇਸ ਬੀਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ 51 ਤਕ ਪਹੁੰਚ ਗਈ ਸੀ ਤੇ ਰੋਗੀਆਂ ਦੀ ਗਿਣਤੀ 2500 ਦਾ ਅੰਕੜਾ ਪਾਰ ਕਰ ਚੁੱਕੀ ਸੀ। ਏਨੀ ਵੱਡੀ ਗਿਣਤੀ ਵਿਚ ਲੋਕ ਡੇਂਗੂ ਦੀ ਮਾਰ ਝੱਲ ਰਹੇ ਸਨ ਪਰ ਸਰਕਾਰ ਬਿਆਨ ਦੇ ਰਹੀ ਸੀ ਕਿ ਲੋਕ ਘਬਰਾਉਣਾ ਨਾ, ਡੇਂਗੂ ਦੀ ਮੌਜੂਦਾ ਕਿਸਮ ਖ਼ਤਰਨਾਕ ਨਹੀਂ ਹੈ। ਏਨੀਆਂ ਮੌਤਾਂ ਤੇ ਰੋਗੀਆਂ ਦੀ ਏਨੀ ਵੱਡੀ ਗਿਣਤੀ ਦੇ ਬਾਵਜੂਦ ਸਰਕਾਰ ਦਾ ਅਜਿਹਾ ਬਿਆਨ ਹਾਸੋ-ਹੀਣਾ ਹੀ ਕਿਹਾ ਜਾਵੇਗਾ। ਡੇਂਗੂ ਵਾਇਰਸ ਤੋਂ ਪੈਦਾ ਹੁੰਦਾ ਹੈ ਅਤੇ ਇਸ ਵਾਇਰਸ ਨੂੰ ਇਕ ਥਾਂ ਤੋਂ ਦੂਜੇ ਥਾਂ ਪਹੁੰਚਣ ਦਾ ਕੰਮ ਏਡੀਜ਼ ਨਾਂ ਦਾ ਇਕ ਮੱਤਰ ਕਰਦਾ ਹੈ।

1. ਕਲਾਸੀਕਲ ਡੇਂਗੂ ਫੀਵਰ ਜਾਂ ਹੱਡੀ ਤੋੜ ਬੁਖ਼ਾਰ
2. ਡੇਂਗੂ ਹੈਮਰੇਜਿਕ ਫੀਵਰ (ਖ਼ੂਨੀ ਬੁਖ਼ਾਰ)
3. ਡੇਂਗੂ ਸ਼ਾਕ ਸਿੰਡਰੋਮ

ਬਾਅਦ ਦੀਆਂ ਦੋਨੋਂ ਬੀਮਾਰੀਆਂ ਵੱਧ ਗੰਭੀਰ ਹਨ। ਡੇਂਗੂ ਦਾ ਕੋਈ ਨਿਸ਼ਚਤ ਇਲਾਜ ਨਹੀਂ ਹੈ ਤੇ ਇਹ ਸਵੈ-ਕੰਟਰੋਲਰ ਭਾਵ Self Limiting ਹੈ। ਡੇਂਗੂ ਦੀ ਬੀਮਾਰੀ ਵਿਚ ਡਾਕਟਰ ਬੀਮਾਰੀ ਦੇ ਲੱਛਣ ਦਾ ਇਲਾਜ ਕਰਦਾ ਹੈ। ਡੇਂਗੂ ਵਾਇਰਸ ਨੂੰ ਫੈਲਾਉਣ ਦਾ ਕੰਮ ਮੱਛਰ ਕਰਦਾ ਹੈ। ਅਸਲ ਵਿਚ ਡੇਂਗੂ ਵਾਇਰਸ ਦੀ ਰੋਕਥਾਮ ਮੱਛਰਾਂ ਦੇ ਕੰਟਰੋਲ ਨਾਲ ਜੁੜੀ ਹੋਈ ਹੈ। ਦਿੱਲੀ (ਜੋ ਜਲਦੀ ਹੀ ਪੈਰਿਸ ਬਣਨ ਵਾਲਾ ਹੈ) ਵਿਚ ਜਿਸ ਤਰ੍ਹਾਂ ਡੇਂਗੂ ਬੀਮਾਰੀ ਦੇ ਰੂਪ ਵਿਚ ਪ੍ਰਗਟ ਹੋਇਆ ਤੇ ਫਿਰ ਕਿਵੇਂ ਕੰਟਰੋਲ ਹੋਣ ਵਿਚ ਹੀ ਨਹੀਂ ਆਇਆ, ਉਸ ਨਾਲ ਸ਼ਹਿਰ ਦੇ ਸਫ਼ਾਈ ਪ੍ਰਬੰਧ ਦੀ ਪੋਲ ਖੁੱਲ੍ਹ ਗਈ ਹੈ। ਉਸ ਦੇ ਨਾਲ ਹੀ ਸਡੀਆਂ ਸਿਹਤ ਸੇਵਾਵਾਂ ਦੀ ਹਕੀਕਤ ਵੀ ਨੰਗੀ ਹੋ ਗਈ ਹੈ। ਵੈਸੇ ਵੀ ਹਸਪਤਾਲਾਂ ਵਿਚ ਡਾਕਟਰਾਂ ਤੇ ਸਟਾਫ਼ ਦੀ ਹਮੇਸ਼ਾ ਕਮੀ ਰਹਿੰਦੀ ਹੈ। ਇਕ ਡਾਕਟਰ ਦਿਨ ਵਿਚ 125 ਤੋਂ 150 ਦੇ ਕਰੀਬ ਮਰੀਜ਼ ਵੇਖਦਾ ਹੈ। ਸਥਿਤੀ ਇਸ ਨੌਬਤ ਤਕ ਪੁੱਜ ਗਈ ਹੈ ਕਿ ਸਰਕਾਰੀ ਤਾਂ ਕੀ ਪ੍ਰਾਈਵੇਟ

ਹਸਪਤਾਲਾਂ ਵਿਚ ਵੀ ਮਰੀਜ਼ਾਂ ਲਈ ਪੂਰੇ ਬਿਸਤਰੇ ਉਲਪੱਬਧ ਨਹੀਂ ਸਨ। ਪ੍ਰਾਈਵੇਟ ਹਸਪਤਾਲਾਂ ਨੇ ਇਸ ਵਿਚੋਂ ਖ਼ੂਬ ਪੈਸਾ ਲੁੱਟਿਆ ਤੇ ਮਰੀਜ਼ਾਂ ਨੂੰ ਬਰਾਂਡਿਆਂ ਵਿਚ ਹੀ ਲਿਟਾਇਆ।

ਪਿਛਲੇ ਕੁਝ ਸਾਲਾਂ ਵਿਚ ਦਿੱਲੀ ਵਰਗੇ ਸ਼ਹਿਰ ਵਿਚ ਥਾਂ-ਥਾਂ ਲੱਗੇ ਕੂੜੇ ਦੇ ਢੇਰ, ਗੰਦੇ ਪਾਣੀ ਦੇ ਟੋਏ ਮੱਛਰਾਂ ਦੀ ਗਿਣਤੀ ਵਿਚ ਬੇਤਹਾਸ਼ਾ ਵਾਧਾ ਹੋਣ ਲਈ ਜ਼ਿੰਮੇਵਾਰ ਹੈ। ਸ਼ਾਹਦਰਾ ਜ਼ੋਨ ਵਿਚ, ਜਿਥੋਂ ਬਹੁਤ ਜ਼ਿਆਦਾ ਕੇਸ ਆਏ, ਮੱਛਰਾਂ ਦਾ ਪ੍ਰਜਨਨ 10-12 ਫ਼ੀਸਦੀ ਵੇਖਿਆ ਗਿਆ। ਜਦ ਕਿ 2003 ਵਿਚ ਇਹ ਪ੍ਰਜਨਨ 3-6 ਫ਼ੀਸਦੀ ਸੀ, ਜਦ ਡੇਂਗੂ ਦੇ 2853 ਕੇਸ ਸਾਹਮਣੇ ਆਏ ਸਨ ਤੇ 34 ਲੋਕਾਂ ਦੀ ਮੌਤ ਹੋਈ ਸੀ। ਇਸ ਦੇ ਬਾਵਜੂਦ ਸਰਕਾਰ ਨੇ ਸ਼ਹਿਰ ਦੀ ਸਾਫ਼-ਸਫ਼ਾਈ ਤੇ ਸਿਹਤ ਪ੍ਰਬੰਧ ’ਤੇ ਸਹੀ ਧਿਆਨ ਨਹੀਂ ਦਿੱਤਾ ਤਾਂ ਇਸ ਦਾ ਕਾਰਨ ਇਹ ਹੈ ਕਿ ਜਨਤ ਸਿਹਤ ਉਸ ਦੀਆਂ ਤਰਜੀਹਾਂ ਵਿਚ ਸ਼ਾਮਲ ਨਹੀਂ ਹੈ। ਝੁੱਗੀਆਂ-ਝੌਂਪੜੀਆਂ ਦੀ ਹਾਲਤ ਏਨੀ ਤਰਸਯੋਗ ਹੈ ਕਿ ਇਹਨਾਂ ’ਤੇ ਕੀ ਗੱਲ ਕਰੀਏ? ਉਹਨਾਂ ਕਾਲੋਨੀਆਂ ਵਿਚ (ਜਿਹਨਾਂ ਨੂੰ ਸਰਕਾਰ ਗ਼ੈਰ-ਕਾਨੂੰਨੀ ਮੰਨਦੀ ਹੈ) ਨਾਲੀਆਂ ਤਕ ਦਾ ਪ੍ਰਬੰਧ ਨਹੀਂ ਹੈ। ਅਜਿਹੀ ਹਾਲਤ ਵਿਚ ਡੇਂਗੂ, ਮਲੇਰੀਆ, ਚਿਕਨਗੁਨਿਆ, ਹੈਪੇਟਾਈਟਸ, ਟਾਈਫ਼ਾਇਡ, ਹੈਜ਼ਾ ਵਰਗੀਆਂ ਬੀਮਾਰੀਆਂ ਤੇ ਮਹਾਂਮਾਰੀਆਂ ਨਹੀਂ ਫੈਲਣਗੀਆਂ ਤਾਂ ਫਿਰ ਹੋਰ ਕੀ ਹੋਵੇਗਾ? ਸੱਚ ਇਹ ਹੈ ਕਿ ਸਰਕਾਰ ਜਿਸ ਤਰ੍ਹਾਂ ਨਾਲ ਸਿਹਤ ਸੇਵਾਵਾਂ ਤੇ ਸਾਫ਼-ਸਫ਼ਾਈ ਦੇ ਪ੍ਰਬੰਧ ਨੂੰ ਅਣਦੇਖਿਆਂ ਕਰ ਰਹੀ ਹੈ, ਉਸ ਪਿੱਠ-ਭੂਮੀ ਵਿਚ ਇਸ ਸਾਲ ਦੀ ਡੇਂਗੂ ਦੀ ਮਹਾਂਮਾਰੀ ਨੂੰ ਆਉਣ ਵਾਲੇ ਸਮੇਂ ਦੀ ਝਲਕ ਮੰਨਣਾ ਚਾਹੀਦਾ ਹੈ। ਇਹਨਾਂ ਦੇ ਨਾਲ ਸੱਚ ਇਹ ਵੀ ਹੈ ਕਿ ਜੇ ਮਹਾਂਮਾਰੀ ਫੈਲੀ ਤਾਂ ਆਪਣੇ ਸਾਫ਼-ਸਫ਼ਾਈ ਵਾਲੇ ਸੁਰੱਖਿਅਤ ਖੇਤਰਾਂ ਵਿਚ ਰਹਿੰਦੇ ਨੇਤਾ, ਮੰਤਰੀ ਤੇ ਵੱਡੇ ਨੌਕਰਸ਼ਾਹ, ਬਾਬੂ ਲੋਕ ਆਦਿ ਵੀ ਬਚ ਨਹੀਂ ਸਕਣਗੇ। ਪ੍ਰਧਾਨ ਮੰਤਰੀ ਦੇ ਪਰਿਵਾਰ ਦੇ ਲੋਕਾਂ ਦਾ ਇਸ ਬੀਮਾਰੀ ਦੀ ਲਪੇਟ ਵਿਚ ਆਉਣਾ ਸਿਰਫ਼ ਇਕ ਉਦਾਹਰਣ ਹੀ ਹੈ। ਸਿਹਤ ਸੇਵਾਵਾਂ ਦੀ ਸਥਿਤੀ ਇਹ ਹੈ ਕਿ ਸੰਨ 1946 ਵਿਚ ਭੌਰ ਕਮੇਟੀ ਨੇ ਮੁੱਢਲੇ ਸਿਹਤ ਕੇਂਦਰਾਂ ਦੀ ਧਾਰਾਂ ਦਿੱਤੀ ਸੀ। ਉਸ ਦੀਆ ਸਿਫ਼ਾਰਸ਼ਾਂ ਅਨੁਸਾਰ ਇਕ ਪ੍ਰਾਇਮਰੀ ਸਿਹਤ ਕੇਂਦਰ (PHC) ਦੇ 10000 ਤੋਂ 20000 ਤਕ ਦੀ ਆਬਾਦੀ ਲਈ ਹੋਣਾ ਚਾਹੀਦਾ ਸੀ ਅਤੇ ਇਕ ਕੇਂਦਰ ’ਤੇ ਛੇ ਡਾਕਟਰ ਤੇ 6 ਪੈਰਾ-ਮੈਡੀਕਲ ਘੱਟੋ-ਘੱਟ ਹੋਣਾ ਚਾਹੀਦਾ ਸੀ ਪਰ ਸੱਤਾ ਬਦਲੀ (1947) ਦੇ 60 ਸਾਲਾਂ ਪਿੱਛੋਂ ਵੀ ਵੱਡੀ ਗਿਣਤੀ ਵਿਚ ਦੇਸ਼ ਦੇ ਅਜਿਹੇ ਸਿਹਤ ਕੇਂਦਰ ਹਨ ਜਿਥੇ 6 ਤਾਂ ਕੀ ਇਕ ਵੀ ਡਾਕਟਰ ਤਾਇਨਾਤ ਨਹੀਂ ਹੈ। ਏਨੀ ਬੁਰੀ ਹਾਲਤ ਦੇ ਬਾਵਜੂਦ ਵੀ ਸਰਕਾਰ ਨਿੱਜੀ ਖੇਤਰ ਦੇ ਦਬਾਅ ਕਾਰਨ ਸਿਹਤ ’ਤੇ ਖ਼ਰਚੇ ਦੇ ਬਜਟ ਵਿਚ ਲਗਾਤਾਰ ਕਮੀ ਕਰਦੀ ਜਾ ਰਹੀ ਹੈ। ਵਿਕਸਤ ਦੇਸ਼ ਸਿਹਤ ’ਤੇ ਕੁਲ ਘਰੇਲੂ ਉਤਪਾਦ ਦਾ 6 ਤੋਂ 12 ਫ਼ੀਸਦੀ ਤਕ ਖ਼ਰਚ ਕਰਦੇ ਹਨ। ਵਿਸ਼ਵ ਸਿਹਤ ਸੰਗਠਨ (WHO) ਨੇ ਇਸ ਦੀ ਹੱਦ ਘੱਟੋ-ਘੱਟ 5 ਫ਼ੀਸਦੀ ਤਹਿ ਕੀਤੀ

ਹੈ ਜਦ ਕਿ ਭਾਰਤ ਆਪਣੇ ਘਰੇਲੂ ਉਤਪਾਦ ਦਾ 3 ਫ਼ੀਸਦੀ ਸਿਹਤ ਤੇ ਫੈਮਲੀ ਵੈਲਫੇਅਰ ’ਤੇ ਖ਼ਰਚ ਕਰਦਾ ਹੈ ਅਤੇ ਸਿਹਤ ’ਤੇ ਖ਼ਰਚੇ ਵਿਚ ਲਗਾਤਾਰ ਕਮੀ ਕਰਦਾ ਜਾ ਰਿਹਾ ਹੈ। ਸਤਵੀਂ ਪੰਜ ਸਾਲਾ ਯੋਜਨਾ ਕੁਲ 180,000 ਕਰੋੜ ਦੀ ਸੀ, ਜਿਸ ਵਿਚ ਸਿਹਤ ’ਤੇ 3392.89 ਕਰੋੜ (1.88 ਫ਼ੀਸਦੀ) ਅਤੇ ਪਰਿਵਾਰ ਕਲਿਆਣ ’ਤੇ 3256.26 ਕਰੋੜ (ਯਾਨੀ 1.8 ਫ਼ੀਸਦੀ) ਖ਼ਰਚਿਆ ਸੀ। 8ਵੀਂ ਪੰਜ ਸਾਲਾ ਯੋਜਨਾ 798000 ਕਰੋੜ ਦੀ ਸੀ ਜਿਸ ਵਿਚ ਸਿਹਤ ਲਈ 7575.92 ਕਰੋੜ (00.949 ਫ਼ੀਸਦੀ) ਅਤੇ ਪਰਿਵਾਰ ਕਲਿਆਣ ਲਈ 6500 ਕਰੋੜ (00.814 ਫ਼ੀਸਦੀ) ਸੀ। 9ਵੀਂ ਪੰਜ ਸਾਲਾ ਯੋਜਨਾ 859200 ਕਰੋੜ ਦੀ ਸੀ, ਜਿਸ ਵਿਚ ਸਿਹਤ ਲਈ ਖ਼ਰਚ 10818 ਕਰੋੜ (1.25 ਫ਼ੀਸਦੀ) ਤੇ ਫੈਮਲੀ ਵੈਲਫੇਅਰ ਲਈ 15120.0 ਕਰੋੜ (1.75 ਫ਼ੀਸਦੀ) ਸੀ। 10ਵੀਂ ਪੰਜ ਸਾਲਾ ਯੋਜਨਾ (2002-07) 921291 ਕਰੋੜ ਦੀ ਹੈ ਜਿਸ ਵਿਚ ਸਿਹਤ ਲਈ ਖ਼ਰਚ 925.3 ਕਰੋੜ (ਸਿਰਫ਼ ਇਕ ਫ਼ੀਸਦੀ) ਦੀ ਵਿਵਸਥਾ ਹੈ। ਹੁਣ ਸੋਚੋ ਏਨੇ ਥੋੜ੍ਹੇ ਖ਼ਰਚੇ ਨਾਲ ਕਿਵੇਂ ਬੀਮਾਰੀਆਂ ’ਤੇ ਕਾਬੂ ਪਾਇਆ ਜਾ ਸਕਦੈ। ਘੱਟੋ-ਘੱਟ 10 ਫ਼ੀਸਦੀ ਖ਼ਰਚਾ ਸਿਹਤ ਸੇਵਾਵਾਂ ਲਈ ਰਾਖਵਾਂ ਹੋਣਾ ਚਾਹੀਦਾ ਹੈ।

# ਸ਼ਰਾਬਖ਼ੋਰੀ ਦੀਆਂ ਸਮਾਜਕ ਜੜ੍ਹਾਂ ਕਿਥੇ ਹਨ ?

ਸ਼ਰਾਬਖ਼ੋਰੀ ਹੁਣ ਕਿਸੇ ਵਿਅਕਤੀ ਵਿਸ਼ੇਸ਼ ਦੀ ਕਮਜ਼ੋਰੀ ਹੀ ਨਹੀਂ ਰਹਿ ਗਈ ਹੈ, ਅਵਾਮੀ ਜ਼ਿੰਦਗੀ ਲਈ ਹੁਣ ਤਕ ਇਸ ਦਾ ਰੂਪ ਇਕ ਸਰਾਪ, ਇਕ ਲਾਹਨਤ ਬਣ ਗਿਆ ਹੈ। ਵਿਅਕਤੀ ਨੂੰ ਇਸ ਕਮਜ਼ੋਰੀ, ਇਕ ਕਦਾਚਾਰ ਤੋਂ ਸਦਾਚਾਰ ਵੱਲ ਮੁੜਨ ਲਈ ਹਰੇਕ ਨੇ ਉਪਦੇਸ਼ ਦਿੱਤੇ। ਪਰ ਹੁਣ ਤਾਂ ਅਸੀਂ ਸਮੇਂ-ਸਮੇਂ ਸ਼ਰਾਬ-ਬੰਦੀ ਲਈ ਖਾੜਕੂ ਸੰਘਰਸ਼ ਖ਼ਾਸ ਕਰਕੇ ਔਰਤਾਂ ਦੇ ਅੰਦੋਲਨ ਦਾ ਸਿਲਸਿਲਾ ਉਠਦੇ-ਬੈਠਦੇ ਵੇਖ ਰਹੇ ਹਾਂ। ਪਿਛਲੇ ਪੰਜਾਹ ਸਾਲਾਂ ਵਿਚ ਸ਼ਰਾਬ ਦੇ ਵਧਦੇ-ਫੁਲਦੇ ਉਦਯੋਗ ਦਾ ਪ੍ਰਦੂਸ਼ਣ ਪਿੰਡ-ਪਿੰਡ ਦੇ ਗਲੀ-ਮੁਹੱਲੇ ਵਿਚ ਇਕ ਹੱਦ ਤਕ ਛਾ ਗਿਆ ਹੈ ਕਿ ਇਕ-ਇਕ ਸਾਹ ਲਈ ਹੁਣ ਸੰਘਰਸ਼ ਖੜਾ ਹੋ ਜਾਂਦਾ ਹੈ। ਇਹ ਸਹੀ ਹੈ ਕਿ ਨਸ਼ਾ ਕਿਸੇ ਵਿਅਕਤੀ ਵਿਸ਼ੇਸ਼ ਦੀ ਕਮਜ਼ੋਰੀ ਬਣ ਸਕਦਾ ਹੈ, ਕਿਸੇ ਨੂੰ ਬੁਰੀ ਸੰਗਤ ਕਾਰਨ ਸ਼ਰਾਬਖ਼ੋਰੀ ਜਾਂ ਹੋਰ ਕਿਸੇ ਨਸ਼ੇ ਦੀ ਲਤ ਪੈ ਸਕਦੀ ਹੈ। ਇਹ ਇਕ ਗੱਲ ਹੈ। ਅਜਿਹੇ ਦੁਰਾਚਾਰ ਤੋਂ ਛੁਟਕਾਰਾ ਪਾਉਣ ਲਈ ਸਮਾਜ ਦੇ ਅੰਦਰੋਂ ਹਲਚਲ ਅਤੇ ਸਮਾਜ ਦਾ ਪੁਰਾਣਾ ਪ੍ਰਭਾਵ ਤੇ ਨੈਤਿਕ ਤਾਕਤ ਹੀ ਇਕੋ ਇਕ ਕਾਰਗਰ ਉਪਾਅ ਹੈ।

ਪਰ ਇਥੇ ਮਾਮਲਾ ਕੁਝ ਪੇਚੀਦਾ ਹੋ ਗਿਆ ਹੈ। ਸ਼ੁਰੂਆਤ ਗ਼ੁਲਾਮੀ ਦੌਰ ਤੋਂ ਹੋਈ। ਸ਼ਰਾਬਨੋਸ਼ੀ ਤੇ ਦੂਜੇ ਨਸ਼ੇ ਪਹਿਲਾਂ ਵੀ ਸਨ ਪਰ ਉਹ ਉਦਯੋਗ ਨਹੀਂ ਬਣੇ ਸਨ। ਅਜ ਦੇਸ਼ ਵਿਚ ਜੋ ਖ਼ਰਬਾਂ ਦੀ ਮਾਲਕੀ ਦਾ ਸ਼ਰਾਬ ਉਦਯੋਗ ਬਣ ਕੇ ਖੜਾ ਹੋ ਗਿਆ ਹੈ, ਉਸ ਦੀ ਸ਼ੁਰੂਆਤ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵੱਲੋਂ ਨਸ਼ਾਖ਼ੋਰੀ ਦੇ ਵਪਾਰ ਤੋਂ ਹੋਈ ਸੀ, ਜਿਸ ਨੂੰ ਬਾਅਦ ਵਿਚ ਬ੍ਰਿਟਿਸ਼ ਹਕੂਮਤ ਨੇ ਇਕ ਨੀਤੀ ਦੇ ਰੂਪ ਵਿਚ ਹੀ ਅਪਣਾ ਲਿਆ। ਇਥੇ ਵੀ ਚੀਨ ਵਾਂਗੂੰ ਨਸ਼ਾਖ਼ੋਰੀ ਦੇ ਕਦਾਚਾਰ ਦੀ ਅੱਡ ਹੀ ਕਹਾਣੀ ਬਣ ਗਈ ਹੈ। ਪਹਿਲਾਂ ਦੇਸ਼ 'ਤੇ ਕਬਜ਼ਾ ਜਮਾਉਂਦਿਆਂ ਹੀ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਇਥੇ ਨਸ਼ਾਖ਼ੋਰੀ ਨੂੰ ਸੌਖਾ ਧਨ ਇਕੱਠਾ ਕਰਨ ਦਾ ਦੁਧਾਰੂ ਧੰਦਾ ਬਣਾਇਆ ਤੇ ਫੇਰ ਅੰਗਰੇਜ਼ ਹਕੂਮਤ ਨੇ ਆਬਕਾਰੀ ਨੂੰ ਆਪਣੀ ਆਮਦਨ ਦਾ ਸਰੋਤ ਬਣਾਉਣ ਦੀ ਬੇਸ਼ਰਮ ਨੀਤੀ ਹੀ ਅਪਣਾ ਲਈ। ਇਸ ਤਰ੍ਹਾਂ ਇਥੇ ਸ਼ਰਾਬ ਉਦਯੋਗ ਦੀ ਨੀਂਹ ਰੱਖੀ ਗਈ। ਜਿਸ ਉਦਯੋਗ ਨੇ ਭਾਰਤ ਦੇ ਲੋਕਾਂ ਨੂੰ ਆਪਣਾ ਬਜ਼ਾਰ ਬਣਾਇਆ ਤੇ ਇਸ ਤਰ੍ਹਾਂ ਨਾਲ ਸ਼ਰਾਬਖ਼ੋਰੀ ਨੂੰ ਉਸ ਦਾ ਜਬਰਦਸਤ ਪ੍ਰਯੋਜਕ ਮਿਲ ਗਿਆ। ਬਾਅਦ ਵਿਚ 'ਆਜ਼ਾਦ' ਭਾਰਤ ਦੀ ਸਰਕਾਰ

ਨੇ ਇਸ ਰਾਹ ਦੀ ਖੁੱਲ੍ਹ ਕੇ ਵਰਤੋਂ ਕੀਤੀ ਤੇ ਹੁਣ ਸ਼ਰਾਬ ਉਦਯੋਗ ਦੇ ਰਾਜਨੀਤਕ-ਸਮਾਜਕ ਦਿਸ਼ਾ ਨਿਰਧਾਰਣ ਵਿਚ ਭਾਰੀ ਸੁਆਰਥ ਆ ਗਿਆ ਹੈ, ਜੋ ਅੱਜ ਸ਼ਰਾਬਾਖ਼ੋਰੀ ਦਾ ਸਭ ਤੋਂ ਵੱਡਾ ਤੇ ਤਾਕਤਵਾਰ ਪ੍ਰਯੋਜਕ ਹੈ। ਇਸ ਦੀਆਂ ਜੜ੍ਹਾਂ ਗਹਿਰਾਈ ਵਿਚ ਬੈਠ ਚੁੱਕੀਆਂ ਹਨ। ਹੁਣ ਤਾਂ ਵਿਦੇਸ਼ੀ ਮੁੱਦਰਾ ਕਮਾਉਣ ਦੀ ਲਾਲਸਾ, ਇਸ ਦੇ ਲਈ ਸੈਰ-ਸਪਾਟਾ ਉਦਯੋਗ ਤੇ ਇਸ ਦੇ ਇਕ ਅੰਗ ਵਜੋਂ ਮਨੋਰੰਜਨ ਕਰਮੀ, ਸੈਕਸਕਰਮੀ ਦੀ ਫ਼ੌਜ ਖੜੀ ਕਰਨ ਦੀ ਵਕਾਲਤ ਸ਼ੁਰੂ ਕਰ ਦਿੱਤੀ ਹੈ।

ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨੂੰ ਵੀ ਹਰੇਕ ਸਹੂਲਤ ਨਾਲ ਭਰਪੂਰ ਕਿਧਰੇ ਜਪਾਨ ਨਗਰੀ ਤੇ ਕਿਧਰੇ ਥਾਈਲੈਂਡ ਦੇ ਅਧੁਨਿਕ ਚਕਲਾਰ, ਜੂਏ ਦੇ ਅੱਡਿਆਂ ਨੂੰ ਵਸਾਉਣ ਦਾ ਹੜ੍ਹ ਆ ਰਿਹਾ ਹੈ। ਇਸ ਦੇ ਲਈ ਸਦੀਆਂ ਤੋਂ ਵੱਸੇ-ਵਸਾਏ ਪਿੰਡ ਉਜਾੜੇ ਜਾ ਰਹੇ ਹਨ। ਦਲੀਲ ਅੱਜ ਵੀ 'ਵਿਕਾਸ' ਦੀ ਹੈ। ਉਸੇ ਵਿਕਾਸ ਦੀ ਜਿਸ ਦੀ ਕਹਾਣੀ ਸੁਣਦੇ-ਸੁਣਾਉਂਦੇ ਅੱਧੀ ਤੋਂ ਵੱਧ ਸਦੀ ਬੀਤ ਗਈ ਹੈ। ਆਰਥਕ ਤੇ ਸਮਾਜਕ ਨਿਆਂ ਅਜੇ ਵੀ ਆਮ ਆਦਮੀ ਲਈ ਦੂਰ ਦੀ ਗੱਲ ਵਾਂਗੂੰ ਬਣ ਗਿਆ ਹੈ। ਅੰਗਰੇਜ਼ੀ ਹਕੂਮਤ ਦੇ ਖ਼ਾਤਮੇ 'ਤੇ ਨਿਆਂ ਦਾ ਜੋ ਸੁਪਨਾ ਸਿਰਜਿਆ ਗਿਆ ਸੀ, ਉਹ ਤਾਂ ਨਵੇਂ ਹਾਕਮਾਂ ਦੀਆਂ ਕਰਤੂਤਾਂ ਵੇਖ ਕੇ ਪਹਿਲੇ ਦੋ ਦਹਾਕਿਆਂ ਵਿਚ ਹੀ ਟੁੱਟ ਚੁੱਕਿਆ ਸੀ। ਹੁਣ ਇਹਨਾਂ ਤਿੰਨ ਦਹਾਕਿਆਂ ਵਿਚ ਮੌਜੂਦਾ ਵਿਵਸਥਾ ਤੋਂ ਲੋਕਾਂ ਦੀ ਨਿਰਾਸ਼ਤਾ ਜੜ੍ਹਾਂ ਤਕ ਹੇਠਾਂ ਚਲੀ ਗਈ ਹੈ।

ਆਰੰਭ ਵਿਚ ਅੰਗਰੇਜ਼ ਹਕੂਮਤ ਦਾ ਜ਼ਖ਼ਮ ਲੋਕਾਂ ਦੇ ਜ਼ਹਿਨ ਵਿਚ ਤਾਜ਼ਾ ਸੀ। ਸੋ ਆਰਥਕ ਸਮਾਜਕ ਨਿਆਂ ਦੀ ਹੁਣ ਤਕ ਦੀ ਮਿਸਾਲ ਬਣੇ ਸੋਵੀਅਤ ਸੰਘ ਦੀ ਮਿਸਾਲ ਦੇ ਕੇ ਭਾਰਤ ਦੇ ਨਵੇਂ ਹਾਕਮਾਂ ਨੇ 'ਵਿਕਾਸ' ਦੇ ਸ਼ੋਰ ਵਿਚ ਇਸ ਨਿਆਂ ਨੂੰ ਪਿੱਛੇ ਧੱਕ ਦਿੱਤਾ ਤੇ ਕਿਹਾ ਕਿ ਪਹਿਲਾਂ ਵਿਕਾਸ ਹੋਵੇ, ਉਸ ਦੀ ਨੀਂਹ ਮਜ਼ਬੂਤ ਹੋਵੇ, ਨਿਆਂ ਦੀ ਗੱਲ ਪਿੱਛੋਂ ਤਹਿ ਹੋ ਜਾਵੇਗੀ। ਇਸ ਦਲੀਲ ਦੇ ਚੱਲਦਿਆਂ ਪੰਜਾਹ ਸਾਲ ਬੀਤ ਗਏ। ਜਦ ਉਸ ਪੁਰਾਣੇ ਜ਼ਾਲਮ, ਬੇਰਹਿਮ ਲੁਟੇਰੇ, ਸੋਸ਼ਨ ਤੇ ਜਬਰ ਦੀ ਚੀਸ ਢਿੱਲੀ ਪੈ ਗਈ ਤਾਂ ਇਹ ਹਾਕਮ ਆਪਣੇ ਅਸਲੀ ਰੂਪ ਵਿਚ ਆ ਖੜੇ ਹੋਏ ਤੇ ਦੇਸ਼ ਦੇ ਨਿਰਲੱਜ ਅਮਰੀਕੀਕਰਨ ਦੀ ਖ਼ਾਤਰ ਉਸੇ ਵਿਕਾਸ ਦੇ ਸ਼ੋਰ ਵਿਚ 85 ਫ਼ੀਸਦੀ ਅਬਾਦੀ ਲਈ ਆਰਥਕ-ਸਮਾਜਕ ਨਿਆਂ ਦਾ ਸੁਆਲ ਪੂਰੀ ਤਰ੍ਹਾਂ ਛੱਡ ਹੀ ਦਿੱਤਾ ਗਿਆ ਹੈ। ਹੁਣ ਖੁੱਲ੍ਹੇਆਮ ਸਰਕਾਰ ਸਿਰਫ਼ ਇਹਨਾਂ 15 ਫ਼ੀਸਦੀ ਸਰਮਾਏਦਾਰ, ਜਾਗੀਰਦਾਰ ਤੇ ਉਹਨਾਂ ਦੇ ਤਾਬੇਦਾਰ ਲੋਕਾਂ ਦੀ ਸੇਵਾ ਨੂੰ ਹੀ ਆਪਣਾ ਮੁੱਖ ਕੰਮ ਮੰਨ ਕੇ ਚੱਲ ਰਹੀ ਹੈ। ਹੈਰਾਨ ਹੋਣ ਦੀ ਗੱਲ ਹੀ ਨਹੀਂ ਹੈ ਕਿ ਅੱਜ ਦੇਸ਼ ਦਾ ਪੂਰਾ ਰਾਜਸੀ ਦ੍ਰਿਸ਼ ਇਸ ਇਕ ਸੂਤਰੀ ਏਜੰਡੇ ਦਾ ਤਾਬੇਦਾਰ ਬਣ ਬੈਠਿਆ ਹੈ ਤੇ 85 ਫ਼ੀਸਦੀ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਹੱਥ ਝਾੜ ਕੇ ਉਹਨਾਂ ਨੂੰ ਆਪਣੇ ਰਜਿਸਟਰ ਤੋਂ ਖਾਰਜ ਕਰ ਦਿੱਤਾ ਹੈ। ਇਹਨਾਂ ਦੀ ਕੀਮਤ ਸਿਰਫ਼ ਪੰਜ ਸਾਲ ਵਿਚ ਇਕ ਪਰਚੀ ਦੀ ਬਚੀ ਹੈ। ਇਕ ਜ਼ਮਾਨਾ ਸੀ ਜਦ ਦੇਸ਼ ਦੀ ਰਾਜਸੀ ਅਗਵਾਈ

ਵਿਚ ਇਕ ਪੱਖ ਵਿਕਾਸ ਲਈ, ਆਰਥਕ-ਸਮਾਜਕ ਨਿਆਂ ਦਾ ਹਿਮਾਇਤੀ ਸੀ। ਇਹ ਪੱਖ ਸਮਾਜ ਵਿਚ ਸਦਾਚਾਰ ਤੇ ਸਮਾਜਕ-ਪਰਿਵਰਤਨ ਮੁੱਲਾਂ ਦੇ ਮਹੱਤਵ ਨੂੰ ਅੰਗਦਾ ਸੀ। ਉਹ ਨਸ਼ਾਖ਼ੋਰੀ ਨੂੰ ਸਮਾਜਕ ਲਾਹਨਤ ਮੰਨਦਾ ਸੀ। ਉਹ ਗ਼ੁਲਾਮੀ ਦੌਰ ਵਿਚ ਅੰਗਰੇਜ਼ ਵਪਾਰੀਆਂ ਤੇ ਇਹਨਾਂ ਦੀ ਪਿੱਠੂ ਸਰਕਾਰ ਦੀ ਨੀਤੀ ਨੂੰ ਭਾਂਪਦਾ ਸੀ ਜੋ ਇਥੋਂ ਦੀ ਆਪਣੀ ਪਰਜਾ ਨੂੰ ਨਸ਼ਾਖ਼ੋਰੀ ਦੀ ਲਤ ਵਿਚ ਫਸਾ ਕੇ ਸੋਸ਼ਨ-ਦਮਨ ਦੀ ਚੱਕੀ ਨੂੰ ਨਿਰਵਿਘਨ ਪੀਸਣ ਵਿਚ ਹੀ ਦਿਲਚਸਪੀ ਰੱਖਦੀ ਸੀ। ਇਸ ਪੱਖ ਦੀ ਅਗਵਾਈ ਨੂੰ ਯਾਦ ਸੀ ਕਿ ਕਿਸ ਤਰ੍ਹਾਂ ਅੰਗਰੇਜ਼ ਵਪਾਰੀਆ ਨੇ ਚੀਨ ਦੇਸ਼ ਦੇ ਲੋਕਾਂ ਨੂੰ ਅਫ਼ੀਮ ਦੀ ਲਤ ਲਾਉਣ ਲਈ ਉਥੋਂ ਦੇ ਇਕ ਸਦਬੁੱਧੀ ਰਾਜੇ ਦੇ ਖ਼ਿਲਾਫ਼ ਗਿਆਰਾਂ ਸਾਲ ਤਕ ਯੁੱਧ ਲੜਿਆ ਸੀ ਜਿਸ ਨੂੰ ਇਤਿਹਾਸ ਵਿਚ ਅਫ਼ੀਮ ਜੰਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਗਵਾਈ ਦੇ ਇਸ ਪੱਖ ਦੀ ਕਮਜ਼ੋਰੀ ਇਹ ਰਹੀ ਕਿ ਉਹ ਵੀ ਨਸ਼ਾਬੰਦੀ ਜਾਂ ਸ਼ਰਾਬਬੰਦੀ ਨੂੰ ਸਰਕਾਰੀ ਹੁਕਮ ਦੀ ਤਾਕਤ ’ਤੇ ਲਾਗੂ ਕਰਨ ਉਪਰ ਹੀ ਭਰੋਸਾ ਰੱਖਦਾ ਰਿਹਾ। ਹਰ ਗੱਲ ਵਿਚ ਲੋਕਾਂ ਦੇ ਫ਼ੈਸਲੇ ਦੀ ਦੁਹਾਈ ਦੇਣ ਵਾਲੇ ਗਾਂਧੀ ਬਾਬਾ ਵੀ ਇਹ ਕਹਿ ਗਏ ਕਿ “ਜੇ ਮੈਂ ਇਕ ਦਿਨ ਲਈ ਰਾਜਾ ਜਾਂ ਤਾਨਾਸ਼ਾਹ ਬਣ ਜਾਵਾਂ ਤਾਂ ਸਭ ਤੋਂ ਪਹਿਲਾਂ ਇਕ ਹੀ ਕੰਮ ਕਰਾਂਗਾ, ਪੂਰੇ ਦੇਸ਼ ਵਿਚ ਨਸ਼ਾਬੰਦੀ ਲਾਗੂ ਕਰ ਦਿਆਂਗਾ।”

ਰਾਜਸੀ ਅਗਵਾਈ ਦਾ ਦੂਜਾ ਪੱਖ ਕਹਿੰਦਾ ਹੈ, “ਅੱਗੇ ਵਧਦੇ ਜਾਓ, ਦੇਖੋ ਅਮਰੀਕਾ, ਜਾਪਾਨ ਕਿਥੋਂ ਤਕ ਪਹੁੰਚ ਗਏ ਹਨ। ਆਦਰਸ਼ ਸਦਾਚਾਰ ਦੀ ਗੱਲ ਬਾਅਦ ਵਿਚ ਕਰ ਲਵਾਂਗੇ। ਅਜੇ ਅਜਿਹੀ ਪੌਂਗਾ-ਪੰਥੀ ਲਈ ਵਕਤ ਨਹੀਂ ਹੈ।” ਹੁਣ ਤਕ ਤਰਕ ਇਥੋਂ ਤਕ ਪਹੁੰਚ ਗਿਆ ਹੈ ਕਿ “ਪੀਣ ਪਿਲਾਉਣ ਨਾਲ ਕੰਮ ਨਿਕਲਦਾ ਹੈ ਤਾਂ ਹਰਜ਼ ਕੀ ਹੈ ?” ਅੱਛੀ ਕਿਸਮ ਦੀ ਸ਼ਰਾਬ ਨਹੀਂ ਹੋਵੇਗੀ, ਬਾਬਕੱਟ, ਅੱਧਨੰਗੀ ਤੇ ਉੱਚੀ ਹੀਲ ’ਤੇ ਤੁਰਦੀ ਸਜੀ-ਸੰਵਰੀ ਸੁੰਦਰੀ, ਜੂਆ-ਘਰ ਤੇ ਏਕੜਾਂ ਵਿਚ ਫੈਲੇ ਗੋਲਫ ਨਹੀਂ ਹੋਣਗੇ ਤਾਂ ਅਜਿਹੇ ਮਨੋਰੰਜਨ ਦੇ ਰਾਖੇ ਪੱਛਮੀ ਧਨਵਾਨ ਲੁੱਟਕ ਜਾਣਗੇ ਅਤੇ ਵਿਕਾਸ ਹਿੱਤ ਨੂੰ ਸੱਟ ਵੱਜੇਗੀ। ਜਿਸ ਵਿਕਾਸ ਦੇ ਛਿੱਟਿਆਂ ਨਾਲ ਲੋਕਾਂ ਦੀ ਜ਼ਿੰਦਗੀ ਸੁਧਰੇਗੀ। ਗੜਬੜ ਵਾਲੇ ਇਸ ਮਾਹੌਲ ਵਿਚ ਅਗਵਾਈ ਦੇ ਇਹਨਾਂ ਦੋਹਾਂ ਪੱਖਾਂ ਵਿਚਕਾਰ ਪੰਜਾਹ ਸਾਲਾਂ ਤੋਂ ਟਕਰਾਅ ਚੱਲਦਾ ਆ ਰਿਹਾ ਹੈ। ਕਦੀ ਗਾਂਧੀ ਬਾਬਾ ਵਾਲਿਆਂ ਦਾ ਸਰਕਾਰ ਵਿਚ ਬੈਠਣ ਦਾ ਦਾਅ ਲੱਗ ਗਿਆ ਤਾਂ ਸਰਕਾਰੀ ਫ਼ਰਮਾਨ ਹੋ ਗਿਆ, “ਕੋਈ ਨਹੀਂ ਪੀਏਗਾ।” ਉਹਨਾਂ ਦਾ ਜ਼ੋਰ ਕੁਝ ਘਟਿਆ ਤਾਂ ਪੀਣ ਵਾਲਿਆਂ ਦਾ ਪੱਖ ਸਰਕਾਰ ’ਤੇ ਭਾਰੀ ਹੋ ਗਿਆ ਤਾਂ ਘਰ-ਘਰ ਹੀ ਠੇਕੇ ਖੁੱਲ੍ਹ ਗਏ। ਇਹ ਸੁਆਲ ਮਹੱਤਵਪੂਰਨ ਹੈ ਕਿ ਆਖ਼ਰ ਸਰਕਾਰ ਤੇ ਜਨਤਾ ਦਾ ਰਿਸ਼ਤਾ ਕੀ ਹੈ ? ਕੀ ਸਰਕਾਰ ਦੀ ਮਰਜ਼ੀ ਹੈ, ਜਦ ਚਾਹੇ ਹੋ ਫ਼ੈਸਲਾ ਕਰੇ ? ਸੱਚ ਤਾਂ ਇਹ ਹੈ ਕਿ ਲੋਕ ਹੀ ਸਭ ਕੁਝ ਹਨ। ਸਰਕਾਰ ਦੀ ਸਾਰੀ ਸ਼ਕਤੀ ਦਾ ਸਰੋਤ ਜਨਤਾ ਹੈ। ਜਨਤਾ ਪਰਜਾ ਨਹੀਂ ਹੈ। ਰਾਜੇ ਨੇ ਜਦ ਆਪਣੇ ਆਪ ਨੂੰ ਰੱਬ ਦਾ

ਪ੍ਰਤੀਨਿਧ ਐਲਨਾ ਦਿੱਤਾ ਸੀ ਤਾਂ ਉਸ ਸਮੇਂ ਜ਼ਰੂਰ ਲੋਕਾਂ ਦੀ ਸਥਿਤੀ ਪਰਜਾ ਵਾਲੀ ਹੋ ਗਈ ਸੀ। ਪਰ ਅੱਜ ਇਸ ਵਿਸ਼ੇ ਤੇ ਸੋਚ ਬਹੁਤ ਅੱਗੇ ਵਧ ਗਈ ਹੈ। ਅਜਿਹੀ ਹਾਲਤ ਵਿਚ ਜਨਤਾ ਦਾ ਰੂਪ ਭਾਰੀ ਹੋ ਗਿਆ ਹੈ। ਪਰ ਵਿਹਾਰ ਵਿਚ ਸਰਕਾਰ ਦਾ ਨਜ਼ਰੀਆ ਹੀ ਭਾਰੂ ਚੱਲ ਰਿਹਾ ਹੈ। ਇਸ ਨੂੰ ਮੁੱਢੋਂ ਚੁਣੌਤੀ ਦੇਣ ਦੀ ਜ਼ਰੂਰਤ ਆ ਖੜ੍ਹੀ ਹੈ। ਹੁਣ ਸੱਤਾ ਸਮਾਜ ਦੇ ਆਪਣੇ ਤਾਣੇ-ਬਾਣੇ ਨੂੰ ਹੀ ਤੋੜਨ ’ਤੇ ਲੱਗੀ ਹੋਈ ਹੈ। ਹੁਣ ਉਸ ਨੇ ਜੀਵਨ ਦੇ ਬੁਨਿਆਦੀ ਸਾਧਨਾਂ ਜਲ-ਜੰਗਲ-ਜ਼ਮੀਨ ’ਤੇ ਹੀ ਇਕੋ-ਇਕ ਅਧਿਕਾਰ ਜਮਾ ਲਿਆ ਹੈ ਤੇ ਇਸ ਦੀ ਬਾਂਦਰ-ਵੰਡ ਨੂੰ ਸੱਤਾ ਅਧਿਕਾਰ ਦੱਸ ਰਹੀ ਹੈ। ਨਸ਼ਾਖ਼ੋਰੀ ਦਾ ਸੁਆਲ ਵੀ ਅਜਿਹੀ ਹੀ ਮਾਮਲਾ ਹੈ ਜੋ ਸਮਾਜ ਦੇ ਆਪਣੇ ਕਾਰਜ-ਖੇਤਰ ਦਾ ਅੰਗ ਹੈ। ਜਨਤਾ ਚਾਹੁੰਦੀ ਹੈ ਕਿ ਸਰਕਾਰ ਸ਼ਰਾਬ ਉਦਯੋਗ ਨੂੰ ਸ਼ਹਿ ਦੇਣੀ ਬੰਦ ਕਰੇ ਤੇ ਇਸ ਤੋਂ ਆਪਣਾ ਹੱਥ ਪਿੱਛੇ ਖਿੱਚੇ, ਸ਼ਰਾਕ ਦੇ ਵਪਾਰ ਨੂੰ ਅਨੈਤਿਕ ਤੇ ਗ਼ੈਰ-ਕਾਨੂੰਨੀ ਐਲਾਨੇ। ਬਾਕੀ ਮਾਮਲਾ ਸਮਾਜ ਦਾ ਆਪਣਾ।

ਇਸ ਨੂੰ ਬਦਕਿਸਮਤੀ ਹੀ ਕਿਹਾ ਜਾਵੇਗਾ ਕਿ ਹੁਣ ਤਕ ਨਸ਼ਾਬੰਦੀ ’ਤੇ ਪੂਰੀ ਬਹਿਸ ਨੈਤਿਕਤਾ, ਵਿਅਕਤੀਗਤ ਆਚਰਣ ਆਦਿ ਪਹਿਲੂਆਂ ਤਕ ਹੀ ਸੀਮਤ ਰੱਖੀ ਗਈ ਹੈ। ਉਸ ਦੇ ਠੋਸ ਆਰਥਕ ਪਹਿਲੂਆਂ ਤੇ ਇਸ ਨਾਲ ਸਮਾਜ ’ਤੇ ਪੈਣ ਵਾਲੇ ਦੂਰਗਾਮੀ ਦੁਰ-ਪ੍ਰਭਾਵ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ। ਸੱਚ ਤਾਂ ਇਹ ਹੈ ਕਿ ਇਸ ਮਾਮਲੇ ਵਿਚ ਸਾਡੇ ਕੁਲੀਨ ਵਰਗ ਨੇ ਹਰ ਮੌਕੇ ’ਤੇ ਆਪਣੇ ਨਜ਼ਰੀਏ ਨੂੰ ਹੀ ਦੇਸ਼ ’ਤੇ ਠੋਸਿਆ ਹੈ। ਆਮ ਆਦਮੀ ਦੀ ਰਾਇ, ਉਸ ਦੀ ਪਰੰਪਰਾ ਤੇ ਉਸ ’ਤੇ ਉਸ ਦੇ ਬੁਰੇ ਪ੍ਰਭਾਵ ਨੂੰ ਗੰਭੀਰ ਬਹਿਸ ਵਿਚਾਰ ਵਿਚ ਸਾਹਮਣੇ ਆਉਣ ਹੀ ਨਹੀਂ ਦਿੱਤਾ ਗਿਆ। ਆਮ ਆਦਮੀ ਕਿਸੇ ਵੀ ਮੰਚ ’ਤੇ ਆਪਣੇ ਮਨ ਦੀ ਗੱਲ ਰੱਖ ਹੀ ਨਹੀਂ ਸਕਿਆ। ਉਸ ਕੋਲ ਆਪਣਾ ਕੋਈ ਮੰਚ ਬਚਿਆ ਹੀ ਨਹੀਂ। ਅੰਗਰੇਜ਼ੀ ਰਾਜ ਦੇ ਦੌਰ ਵਿਚ ਆਮ ਆਦਮੀ ਦੀ ਆਪਦੀ ਵਿਵਸਥਾ ਨੂੰ ਨਕਾਰ ਦਿੱਤਾ ਗਿਆ, ਜਿਸ ਵਿਚ ਉਹ ਆਪਣੀ ਗੱਲ ਕਰਦਾ ਸੀ। ਪੇਂਡੂ ਸਮਾਜ ਦੀ ਰਵਾਇਤੀ ਦੇਸੀ ਵਿਵਸਥਾ ਨੂੰ ਲੋਕਾਂ ਤੋਂ ਖੋਹ ਲਿਆ ਗਿਆ। ਹਾਲਾਂ ਕਿ ਪੇਂਡੂ ਗੁਣਰਾਜ ਦੇ ਗੁਣਾਂ ਨੂੰ ਇਹ ਕੁਲੀਨ ਵਰਗ ਸਲਾਹੁੰਦਾ ਨਹੀਂ ਸੀ ਥੱਕਦਾ। ਸ਼ਰਾਬ ਬਾਰੇ ਅਜਿਹੀ ਭਰਮਾਊ ਸਥਿਤੀ ਨੂੰ ਵੇਖਦਿਆਂ ਕੀ ਅਸੀਂ ਆਪਣੇ ਇਤਿਹਾਸ ਦੇ ਇਸ ਦੌਰ ਵਿਚ ਰਾਸ਼ਟਰ ਦੇ ਰੂਪ ਵਿਚ ਸ਼ਰਾਬ ਪੀਣ ਦਾ ਜ਼ੋਖ਼ਮ ਉਠਾ ਸਕਦੇ ਹਾਂ ? ਰਾਬ ਦੇ ਅਰਥ ਸ਼ਾਸਤਰ ਨੂੰ ਵੇਖਣ ਤੇ ਸਮਝਣ ਪਿੱਛੋਂ ਕੋਈ ਵੀ ਇਮਾਨਦਾਰ ਆਦਮੀ ਇਹ ਨਹੀਂ ਕਹਿ ਸਕਦਾ ਕਿ ਪੂਰੇ ਦੇਸ਼ ਵਿਚ ਅੱਜ ਦੀ ਹਾਲਤ ਵਿਚ ਨਸ਼ਾਬੰਦੀ ਨਹੀਂ ਹੋਣੀ ਚਾਹੀਦੀ। ਸੁਆਲ ਸਿਰਫ਼ ਏਨਾ ਹੀ ਹੈ ਕਿ ਨਸ਼ਾਬੰਦੀ ਹੋਵੇ ਕਿਵੇਂ ? ਘੱਟ ਗ਼ਰੀਬ ਲੋਕ ਆਪਣੀ ਆਮਦਨ

ਦਾ ਇਕ-ਤਿਹਾਈ, ਉਸ ਤੋਂ ਘੱਟ ਗ਼ਰੀਬ ਇਕ ਚੌਥਾਈ ਤੇ ਸਭ ਤੋਂ ਗ਼ਰੀਬ ਆਪਣੀ ਆਮਦਨ ਦਾ ਪੰਜਵਾਂ ਹਿੱਸਾ ਸ਼ਰਾਬ ’ਤੇ ਖ਼ਰਚ ਕਰਦਾ ਹੈ। ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਭ ਤੋਂ ਗ਼ਰੀਬ ਸਿਰਫ਼ 250 ਰੁਪਏ ਦੀ ਸ਼ਰਾਬ ਪੀਂਦਾ ਹੈ ਤੇ ਸਨ ਤੋਂ ਅਮਰੀ 5000 ਰੁਪਏ ਸ਼ਰਾਬ ’ਤੇ ਉਡਾ ਦਿੰਦਾ ਹੈ। ਪਰ ਇਸ ਵਿਚ ਗ਼ਰੀਬ ਦੀ ਅੱਧੀ ਕਮਾਈ ਉਸ ਸ਼ਰਾਬ ’ਤੇ ਖ਼ਰਚ ਹੋ ਜਾਂਦੀ ਹੈ ਜਦ ਕਿ ਅਮੀਰ ਦਾ ਸ਼ਰਾਬ ’ਤੇ ਖ਼ਰਚ ਰੁਪਏ ਵਿਚੋਂ ਇਕ ਪੈਸੇ ਦਾ ਹੁੰਦਾ ਹੈ। ਅਜਿਹੀ ਹਾਲਤ ਵਿਚ ਸ਼ਰਾਬ ਪੀਣ ਦਾ ਪਰਿਵਾਰ ਦੀ ਆਰਥਕ ਹਾਲਤ ’ਤੇ ਮਾੜਾ ਅਸਰ ਵੇਖਿਆ ਜਾਏ ਤਾਂ ਅਮੀਰ ਨੂੰ ਉਸ ਖ਼ਰਚ ਦਾ ਅਹਿਸਾ ਤਕ ਨਹੀਂ ਹੁੰਦਾ। ਪੰਜ ਲੱਖ ਦੀ ਆਮਦਨ ਵਿਚੋਂ ਪੰਜ ਹਜ਼ਾਰ ਦੀ ਕੀ ਔਕਾਤ ਹੈ। ਏਨਾਂ ਤਾਂ ਜਦੋਂ ਚਾਹੋ ਭਿਖਾਰੀ ਨੂੰ ਵੀ ਦੇ ਦਿਉ ਤੇ ਇਕ ਦਿਨ ਦੇ ਪੂਜਾ-ਪਾਠ ’ਤੇ ਵੀ ਖ਼ਰਚ ਹੋ ਜਾਵੇ। ਇਸ ਲਈ ਅਮੀਰ ਤੇ ਹਾਕਮ ਜਮਾਤ ਲਈ ਪੀਣਾ-ਪਿਲਾਉਣਾ ਜਸ਼ਨ ਵਜੋਂ ਹੁੰਦਾ ਹੈ। ਮੇਲ-ਮਿਲਾਪ ਤੇ ਯਾਰੀ ਨਿਭਾਉਣ ਲਈ ਹੁੰਦਾ ਹੈ। ਹੁਣ ਤਾਂ ਵਪਾਰ ਵਧਾਉਣ, ਰਾਜਸੀ ਨੇਤਾਵਾਂ ਤੇ ਅਫ਼ਸਰਾਂ ਨੂੰ ਖ਼ੁਸ਼ ਕਰਨ ਲਈ ਜਾਂ ਫਸਾਉਣ ਲਈ ਵੀ ਸ਼ਰਾਬ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੁਨੀਆਂ ਹੀ ਵੱਖਰੀ ਹੈ। ਇਹਾਂ ਲਈ ਸ਼ਰਾਬ ਵਧਣ-ਫੁਲਣ ਦਾ ਪਾਇਦਾਨ ਬਣਦੀ ਹੈ। ਇਸ ਲਈ ਤਾਂ ਇਹ ਲੋਕ ਸ਼ਰਾਬਬੰਦੀ ਦੇ ਘੋਰ ਵਿਰੋਧੀ ਹਨ।

ਦੂਜੇ ਪਾਸੇ ਗ਼ਰੀਬ ਪਰਿਵਾਰਾਂ ਵਿਚ ਹਾਲਤ ਬਿਲਕੁਲ ਉਲਟੀ ਹੈ। ਇਹਨਾ ਪਰਿਵਾਰਾਂ ਵਿਚ ਤਾਂ ਪੂਰੀ ਆਮਦਨ ਨਾਲ ਰੋਟੀ-ਰੋਜ਼ੀ ਵੀ ਨਹੀਂ ਚੱਲਦੀ। ਇਸ ’ਤੇ ਸ਼ਰਾਬ ਵਿਚ ਅੱਧੀ ਜਾਂ ਇਕ-ਤਿਹਾਈ ਆਮਦਨੀ ਚਲੀ ਜਾਂਦੀ ਹੈ ਤੇ ਪਰਿਵਾਰ ਦੀ ਤਬਾਹੀ ਯਕੀਨੀ ਹੋ ਜਾਂਦੀ ਹੈ। ਆਦਮੀ ਦੀ ਕਮਾਈ ਸ਼ਰਾਬ ਦੇ ਠੇਕੇ ’ਤੇ ਚਲੀ ਜਾਂਦੀ ਹੈ ਤੇ ਔਰਤ ਪੇਟ ਪਾਲਣ ਲਈ ਮੇਹਨਤ-ਮੁਸ਼ੱਕਤ ਕਰਦੀ ਰਹਿੰਦੀ ਹੈ। ਫਿਰ ਬਾਪ ਜਾਂ ਭਾਈ ਦੀ ਲਤ ਛੋਟੇ ਬੱਚਿਆਂ ਨੂੰ ਵੀ ਠੇਕੇ ’ਤੇ ਪਹੁੰਚਾ ਦਿੰਦੀ ਹੈ। ਘਰ-ਘਰ ਦੀ ਅਜਿਹੀ ਤਬਾਹੀ ਵੇਖੀ ਜਾ ਸਕਦੀ ਹੈ। ਅਜਿਹੀ ਹਾਲਤ ਵਚ ਬੱਚਿਆਂ ਦੀ ਪੜ੍ਹਾਈ ਤੇ ਸਿਹਤ ਤਾਂ ਦੂਰ ਦੀ ਗੱਲ ਰਹੀ।

ਸ਼ਰਾਬ ਪੀਣ ਬਾਰੇ ਅਕਸਰ ਕਿਹਾ ਜਾਦਾ ਹੈ ਕਿ ਆਖ਼ਰ ਗ਼ਰੀਬ ਕੋਲ ਹੈ ਹੀ ਕੀ, ਦਿਨ ਭਰ ਕਰੜੀ ਮੇਹਨਤ ਪਿੱਛੋਂ ਮਨ ਪ੍ਰਚਾਉਣ ਲਈ ? ਅਫ਼ਸਰ, ਨੇਤਾ ਨਸ਼ਾਬੰਦੀ ਵਾਲਿਆਂ ’ਤੇ ਵਿਅੰਗ ਕਸਦੇ ਹੋਏ ਕਹਿੰਦੇ ਹਨ, “ਤੁਸੀਂ ਲੋਕ ਤਾਂ ਮੇਹਨਤਕਸ਼ਾਂ ਦਾ ਦੋ ਪਲਾਂ ਦਾ ਸੁਖ ਵੀ ਖੋਹਣਾ ਚਾਹੁੰਦੇ ਹੋ।”

ਸਿਨੇਮਾ ਜਾਂ ਚਾਹ ਵਰਗੇ ਦਿਲ ਬਹਿਲਾਉਣ ਵਰਗੇ ਪਦਾਰਥਾਂ ’ਤੇ ਸ਼ਰਾਬ ਪੀਣ ਵਾਲੇ ਪਰਿਵਾਰਾਂ ਵਿਚ ਵਧ ਖ਼ਰਚ ਹੁੰਦਾ ਹੈ। ਜਿਹਨਾਂ ਪਰਿਵਾਰਾਂ ਵਿਚ ਸ਼ਰਾਬ ਨਹੀਂ ਪੀਤੀ ਜਾਂਦੀ, ਉਹਨਾਂ ਵਿਚ ਸਿਨੇਮੇ ਆਦਿ ’ਤੇ ਵੀ ਘੱਟ ਖ਼ਰਚ ਹੁੰਦਾ ਹੈ। ਇਹ ਝੂਠ ਹੈ ਕਿ ਮਲ ਪ੍ਰਚਾਉਣ ਲਈ ਸ਼ਰਾਬ ਪੀਣਾ ਜ਼ਰੂਰੀ ਹੈ। ਸ਼ਰਾਬ ਨਾਲ ਇਨਸਾਨ ਦੀ ਸਿਹਤ ਨੂੰ ਤਾਂ ਨੁਕਸਾਨ ਹੁੰਦਾ ਹੀ ਹੈ, ਉਸ ਦੇ ਨਾਲ-ਨਾਲ ਸ਼ਰਾਬ

ਪੀਣ ਨਾਲ ਆਦਮੀ ਦੀ ਕੰਮ ਕਰਨ ਦੀ ਯੋਗਤਾ ਵੀ ਘਟ ਜਾਂਦੀ ਹੈ। ਕੰਮ ਵਿਚ ਢਿੱਲ ਕਰਨੀ ਸ਼ਰਾਬ ਪੀਣ ਵਾਲਿਆਂ ਦੀ ਆਦਤ ਜਿਹੀ ਬਣ ਜਾਂਦੀ ਹੈ। ਇਸ ਨਾਲ ਉਸ ਦੀ ਆਮਦਨ ਘੱਟ ਜਾਂਦੀ ਹੈ। ਕਿਉਂਕਿ ਉਸ ਦੀ ਘਟਦੀ ਆਮਦਨ ਦਾ ਵੱਡਾ ਹਿੱਸਾ ਸ਼ਰਾਬ 'ਤੇ ਖ਼ਰਚ ਹੋ ਜਾਂਦਾ ਹੈ। ਘਰੇਲੂ ਕਲੇਸ਼ ਵਧ ਜਾਂਦਾ ਹੈ। ਉਸ ਨਾਲ ਪੈਦਾਵਾਰ ਵਿਚ ਹੋਰ ਕਮੀ ਆ ਜਾਂਦੀ ਹੈ। ਜਦ ਆਮਦਨੀ ਹੋਰ ਘਟ ਜਾਂਦੀ ਹੈ ਤਾਂ ਫਿਰ ਕਿਸੇ ਵੀ ਤਰ੍ਹਾਂ ਦੀ ਸ਼ਰਾਬ ਪੀਤੀ ਜਾਂਦੀ ਹੈ। ਜਿਸ ਕਾਰਨ ਆਏ ਦਿਨ ਸ਼ਰਾਬ ਨਾਲ ਮਰਨ ਵਾਲਿਆਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਦੇਸ਼ ਲਈ ਸ਼ਰਾਬ ਦਾ ਘਾਤਕ ਸਿੱਟਾ ਹੁੰਦਾ ਹੈ। ਸ਼ਰਾਬ ਪੀਣ ਵਾਲੇ ਸਾਧਾਰਨ ਪਰਿਵਾਰਾਂ ਵਿਚ ਸਭ ਤੋਂ ਪਹਿਲੀ ਕਟੌਤੀ ਬੱਚਿਆਂ ਦੀ ਸਿੱਖਿਆ 'ਤੇ ਹੁੰਦੀ ਹੈ। ਸ਼ਰਾਬ ਪੀਣ ਦਾ ਅਰਥ ਕਿਸੇ ਵਿਅਕਤੀ ਦਾ ਮਹਿਜ ਸਾਂਝ ਨੂੰ ਕਿਸੇ ਨਾਲੀ ਦੇ ਕਿਨਾਰੇ ਬੇਹੋਸ਼ ਪਏ ਰਹਿਣਾ ਨਹੀਂ ਹੁੰਦਾ ਹੈ। ਇਸ ਦਾ ਅਰਥ ਹੈ ਕਿ ਉਸ ਘਰ ਵਿਚ ਪੈਦਾ ਹੋਣ ਵਾਲੇ ਬੱਚਿਆਂ ਨੂੰ ਜ਼ਿੰਦਗੀ ਭਰ ਲਈ ਅਗਿਆਨਤਾ ਦੇ ਹਨੇਰੇ ਵਿਚ ਧੱਕ ਦੇਣਾ, ਜਿਥੇ ਉਸ ਨੂੰ ਆਪਣੇ ਪਿਤਾ ਦੇ ਰਾਹ 'ਤੇ ਹੀ ਚੱਲ ਕੇ ਉਸ ਜ਼ਿੰਦਗੀ ਨਾਲ ਜੂਝਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਬਚਦਾ। ਗ਼ਰੀਬ ਦੇ ਸ਼ਰਾਬ ਪੀਣ ਦਾ ਅਰਥ ਪਰਿਵਾਰ ਤੇ ਸਿਹਤ ਤੇ ਸਿੱਖਿਆ 'ਤੇ ਕਿਸੇ ਪ੍ਰਕਾਰ ਦਾ ਧਿਆਨ ਨਾ ਦੇਣਾ। ਜਿਸ ਨਾਲ ਉਸ ਦੇ ਵਿਅਕਤਿਤਵ ਤੇ ਸੰਭਾਵਨਾਵਾਂ ਕਦੀ ਵਿਕਸਤ ਹੋ ਹੀ ਨਹੀਂ ਸਕਦੀਆਂ। ਇਹਨਾਂ ਪਰਿਵਾਰਾਂ ਵਿਚ 10 ਤੋਂ 20 ਫ਼ੀਸਦੀ ਆਮਦਨੀ ਸ਼ਰਾਬ 'ਤੇ ਗੁਆ ਦਿੱਤੀ ਜਾਂਦੀ ਹੈ। ਘਰ ਵਿਚ ਕਲੇਸ਼, ਮਾਰ-ਕੁੱਟ ਤੇ ਦੁਰਾਚਾਰ ਦੀ ਗੱਲ ਵੱਖਰੀ ਹੈ।

ਇਹ ਤਾਂ ਰਿਹਾ ਗ਼ਰੀਬੀ ਵਿਚ ਜ਼ਿੰਦਗੀ ਜਿਊਣ ਵਾਲਿਆਂ ਦਾ ਹਾਲ। ਪਰ ਜਿਹਨਾਂ ਇਲਾਕਿਆਂ ਵਿਚ ਵਿਕਾਸ ਦਾ ਲਾਭ ਮਿਲਿਆ ਹੈ, ਉਹਨਾਂ ਦੀ ਹਾਲਤ ਕੀ ਹੈ ? ਪ੍ਰਤੀ ਵਿਅਕਤੀ ਆਮਦਨ ਵਿਚ ਸਭ ਤੋਂ ਅੱਗੇ ਪੰਜਾਬ ਦਾ ਹਾਲ ਵੇਖ ਲਓ ਤਾਂ ਗੱਲ ਸਾਫ਼ ਹੋ ਜਾਂਦੀ ਹੈ। ਉਸ ਪੰਜਾਬ ਵਿਚ ਜਿਥੇ ਜੱਟ ਕਿਸਾਨ ਦੇ ਇਥੇ ਲੰਮੇ-ਲੰਮੇ ਗਿਲਾਸਾਂ ਵਿਚ ਦੁੱਧ ਤੇ ਲੱਸੀ ਭਰ ਕੇ ਸ਼ਿਕੰਜਵੀ ਪੀਣ ਦੀ ਰਵਾਇਤ ਰਹੀ ਹੈ, ਅੱਜ ਹਰ ਤੀਜੀ ਦੁਕਾਨ ਸ਼ਰਾਬ ਦਾ ਠੇਕਾ ਹੈ। ਕੀ ਅਸੀਂ ਅਜਿਹੇ ਵਿਕਾਸ (ਹਰੇ ਇਨਕਲਾਬ) ਦਾ ਸੁਪਨਾ ਵੇਖਿਆ ਸੀ ? ਪੰਜਾਬ ਅੱਜ ਸ਼ਰਾਬ ਹੀ ਨਹੀਂ, ਹੋਰ ਨਸ਼ੀਲੇ ਪਦਾਰਥਾਂ ਦੀ ਗਿਰਫ਼ਤ ਵਿਚ ਹੈ। ਪੰਜਾਬ ਵਿਚ ਯਮਲੇ ਜੱਟ ਦੀ ਸਾਰੀ ਕਮਾਈ ਸ਼ਰਾਬ ਉਦਯੋਗ ਨੂੰ ਵਧਾਉਣ-ਫੁਲਾਉਣ ਵਿਚ ਹੀ ਲੱਗ ਰਹੀ ਹੈ। ਸ਼ਰਾਬ ਆਰਥਕ ਸਾਮਰਾਜਵਾਦ ਦਾ ਸੰਦ ਹੈ।

ਇਸ ਤਰ੍ਹਾਂ ਨਸ਼ੀਲੇ ਪਦਾਰਥਾਂ ਦੀ ਫੈਲਦੀ ਖਪਤ ਨਾਲ ਦੋ ਗੱਲਾਂ ਹੋ ਰਹੀਆਂ ਹਨ। ਇਕ ਪਾਸੇ ਸਾਡੇ ਦੇਸ਼ ਦਾ ਅਤੀ ਕੁਲੀਨ ਯਾਨੀ ਕੁਲੀਨਾਂ ਵਿਚੋਂ ਵੀ ਕੁਲੀਨ ਵਰਗ ਦੇ ਮੁੱਠੀ ਭਰ ਲੋਕ ਆਪਣੇ ਆਰਥਕ ਹਿੱਤਾਂ ਦੀ ਖ਼ਾਤਰ ਇਥੇ ਵਿਸ਼ਵ ਨਵ-ਸਾਮਰਾਜਵਾਦੀ ਪੂੰਜੀਵਾਦ-ਜਾਗੀਰੂ ਗਠਜੋੜ ਵਿਚ ਸ਼ਾਮਲ ਹੋ ਰਹੇ ਹਨ। ਉਥੇ

ਦੇਸ਼ ’ਤੇ ਪੱਛਮੀ ਜਗਤ ਦੀ ਘੋਰ ਸੁਆਰਥੀ ਤੇ ਵਿਅਕਤੀਵਾਦੀ ਸੰਸਕ੍ਰਿਤੀ ਤੇ ਨਿਰਲੱਜ ਜੀਵਨ-ਸ਼ੈਲੀ ਨੂੰ ਵੀ ਇਥੇ ਲੱਦ ਰਹੇ ਹਨ ਤਾਂ ਕਿ ਉਹਨਾਂ ਵੱਲ ਕੋਈ ਉਂਗਲ ਕਰਨ ਵਾਲਾ ਹੀ ਨਾ ਰਹੇ। ਇਹ ਉਹ ਤਬਕਾ ਹੈ ਜਿਸ ਨੇ ਦੇਸ਼ ਦੀ ‘ਆਜ਼ਾਦੀ’ ਦਾ ਸਭ ਤੋਂ ਵੱਧ ਫ਼ਾਇਦਾ ਲਿਆ ਹੈ ਤੇ ਦੇਸ਼ ਦਾ ਅਸਲੀ ਵਾਰਸ ਬਣ ਬੈਠਾ ਹੈ, ਜਿਸ ਨੇ ਉਸ ਦਿਨ ਅੰਗਰੇਜ਼ੀ ਹਾਕਮਾਂ ਨਾਲ ਸਾਂਠ-ਗਾਂਠ ਕਰ ਕੇ ਸੱਤਾ ਨੂੰ ਆਪਣੇ ਹੱਕ ਵਿਚ ਢਾਲਿਆ ਸੀ। ਇਕ ਸਮੇਂ ਦੇਸ਼ ਦੇ ਸਾਰੇ ਸਾਧਨਾਂ ਨੂੰ ਅੰਗਰੇਜ਼ ਹਕੂਮਤ ਨੇ ਰਾਜ ਦੇ ਕਬਜ਼ੇ ਵਿਚ ਲੈ ਲਿਆ ਸੀ। ਆਜ਼ਾਦੀ ਪਿੱਛੋਂ ਵੀ ਇਹਨਾਂ ਅਦਾਰਿਆਂ ’ਤੇ ਰਾਜ ਸੱਤਾ ਦਾ ਕਬਜ਼ਾ ਖ਼ਤਮ ਕਰ ਕੇ ਉਸ ਦੇ ਸਹੀ ਹੱਕਦਾਰ-ਸਮਾਜ ਨੂੰ ਵਾਪਸ ਨਹੀਂ ਕੀਤਾ ਗਿਆ ਅਤੇ ਗ਼ੁਲਾਮੀ ਦੇ ਦੌਰ ਦੀ ਇਸ ਵਿਰਾਸਤ ਨੂੰ ਕਾਇਮ ਰੱਖ ਕੇ ਇਸ ਨੂੰ ਅਤੀ ਕੁਲੀਨ ਤਬਕੇ ਨੇ ਬੀਤੇ ਪੰਜਾਹ ਸਾਲਾਂ ਵਿਚ ਇਹਨਾਂ ਦੀ ਰੱਜ ਕੇ ਲੁੱਟ ਕੀਤੀ। ਅੱਜ ਕੀ ਇਸ ਦੇ ਅਮੀਰ ਸਾਧਨਾਂ ਦੀ ਖੁੱਲ੍ਹੀ ਲੁੱਟ ਚੱਲ ਰਹੀ ਹੈ। ਜਗਤੀਕਰਨ ਤੇ ਉਦਾਰੀਕਰਨ ਦੇ ਨਾਂ ’ਤੇ ਆਦਿਵਾਸੀ ਇਲਾਕਿਆਂ ਸਮੇਤ ਪੂਰੇ ਦੇਸ਼ ਦੇ ਪੇਂਡੂ ਸਮਾਜ ’ਤੇ ਸਿੱਧਾ ਹੱਲਾ ਬੋਲ ਦਿੱਤਾ ਗਿਆ ਹੈ। ਬੀਤੇ ਪੰਜਾਹ ਸਾਲਾਂ ਤੋਂ ਖੇਤੀ ਵਿਚ ਹੋਹੀ ਪੈਦਾਵਾਰ ਨੂੰ ਸਰਕਾਰ ਨੇ ਸਨਅਤੀ ਪੂੰਜੀ ਵਿਚ ਬਦਲ ਕੇ ਪਹਿਲਾਂ ਖੇਤੀ ਦੇ ਵਿਕਾਸ ਨੂੰ ਵਧਣ ਤੋਂ ਰੋਕਿਆ ਤੇ ਹੁਣ ਇਸ ਤਰ੍ਹਾਂ ਵਧੇ-ਫੂਲੇ ਉਦਯੋਗਿਕ ਘਰਾਣਿਆਂ ਨੇ ਖੇਤੀ ਵਿਚ ਘੁਸ ਕੇ ਜ਼ਮੀਨ ਖ਼ਰੀਦਣ, ਵੱਡੇ-ਵੱਡੇ ਮਸ਼ੀਨੀਕ੍ਰਿਤ ਫ਼ਾਰਮ ਬਣਾਉਣ, ਖੇਤੀ ਵਿਚ ਪੂੰਜੀ ਦੀ ਕਮੀ ਦਾ ਬਹਾਨਾ ਕਰ ਕੇ ਇਹਨਾਂ ਘਰਾਣਿਆਂ ਤੇ ਵਿਦੇਸ਼ੀ ਕੰਪਨੀਆਂ ਨੂੰ ਪੂੰਜੀ ਨਿਵੇਸ਼ ਦਾ ਸੱਦਾ ਦਿੱਤਾ ਜਾ ਰਿਹਾ ਹੈ ਜਿਸ ਦਾ ਨਤੀਜਾ ਹੋਵੇਗਾ ਕਿ ਭਾਰਤ ਦੇ ਪਿੰਡ ਵਿਆਪਕ ਪੈਮਾਨੇ ’ਤੇ ਉਜੜਣਗੇ ਅਤੇ ਕਿਸਾਨੀ ਵਿਚ ਕੰਮ ਕਰ ਕੇ ਗੁਜ਼ਾਰ ਕਰਨ ਵਾਲੇ ਲੋਕ ਸ਼ਹਿਰਾਂ ਦੀਆਂ ਸੜਕਾਂ ’ਤੇ ਕੰਮ ਦੀ ਭਾਲ ਵਿਚ ਭਟਕਦੇ ਫਿਰਨਗੇ। ਜਿਵੇਂ ਖੇਤੀ ਦੇ ਨਿਗਮੀਕਰਨ ਤੋਂ ਪਹਿਲਾਂ ਦੇ ਅਮਰੀਕਾ ਦੇ ਰੈਡ ਇੰਡੀਅਨ ਸਮਾਜ ਦੇ ਨਾਲ ਹੋਇਆ ਸੀ।

ਵਿਸ਼ਵ ਬੈਂਕ ਤੇ ਭਾਰਤ ਵਿਚ ਉਦਯੋਗਿਕ ਤੇ ਵਪਾਰਕ ਸਰਮਾਏਦਾਰਾਂ ਦੇ ਸੰਗਠਨਾਂ ਨੇ ਇਸ ਦੀ ਮੰਗ ਤੇਜ਼ ਕਰ ਦਿੱਤੀ ਹੈ ਅਤੇ ਕੇਂਦਰ ਸਰਕਾਰ ਵਿਚ ਉਹਨਾਂ ਦੇ ਪੱਖੀ ਵਿੱਤ ਮੰਤਰੀ ਚਿਦੰਬਰਮ ਨੇ ਇਸ ਦੇ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਉਜੜੇ ਹੋਏ ਕਿਸਾਨਾਂ-ਮਜ਼ਦੂਰਾਂ ਲਈ ਸ਼ਰਾਬ ਦੀ ਤਸਕਰੀ ਤੇ ਇਸ ਦੇ ਪਿਆਲੇ ਵਿਚ ਮਨੋਰੰਜਨ ਤਲਾਸ਼ ਕਰਨ ਦਾ ਕੰਮ ਬਚਿਆ ਰਹੇਗਾ। ਦੂਜੇ ਪਾਸੇ ਲੋਕਾਂ ਨੂੰ ਸਮਝਾਇਆ ਜਾ ਰਿਹਾ ਹੈ ਕਿ ਉਹਨਾਂ ਦੀ ਮਾੜੀ ਹਾਲਤ ਲਈ ਵਧਦੀ ਆਬਾਦੀ ਜ਼ਿੰਮੇਵਾਰ ਹੈ।

ਸਾਡੇ ਦੇਸ਼ ਵਿਚ ਆਮ ਆਦਮੀ ’ਤੇ ਕੁਲੀਨ ਜਮਾਤ ਦੇ ਇਸ ਹਮਲੇ ਵਿਚ ਨਸੀਲੇ ਪਦਾਰਥਾਂ ਦੀ ਇਕ ਸੰਦ ਦੇ ਰੂਪ ਵਿਚ ਵਰਤੋਂ ਹੋ ਰਹੀ ਹੈ। ਵੈਸੇ ਇਹ ਕੋਈ ਨਵੀਂ ਗੱਲ ਨਹੀਂ ਹੈ। ਅੰਗਰੇਜ਼ ਲੁਟੇਰਿਆਂ ਨੇ ਇਸ ਤੋਂ ਪਹਿਲਾਂ ਚੀਨ ਤੇ ਹੋਰਨਾਂ

ਦੇਸ਼ਾਂ ਵਿਚ ਤੇ ਸਾਡੇ ਆਪਣੇ ਦੇਸ਼ ਦੇ ਆਦਿਵਾਸੀ ਇਲਾਕਿਆਂ ਵਿਚ ਬੜੀ ਬੇਰਹਿਮੀ ਦੇ ਨਾਲ ਇਸ ਹਥਿਆਰ/ਸੰਦ ਦੀ ਵਰਤੋਂ ਕੀਤੀ ਸੀ। ਸਾਮਰਾਜੀ-ਜਾਗੀਰੂ ਵਿਵਸਥਾ ਦੇ ਗਠਜੋੜ ਦੇ ਚੱਲਦਿਆਂ ਜੇ ਸਾਡੇ ਦੇਸ਼ ਦਾ ਇਹ ਅਮੀਰ ਖਾਂਦਾ-ਪੀਂਦਾ ਵਰਗ ਉਸੇ ਰਣਨੀਤੀ ਨੂੰ ਅੱਗੇ ਵਧਾਉਂਦਿਆਂ ਆਮ ਆਦਮੀ ਨੂੰ ਖ਼ਾਰਜ ਕਰ ਕੇ ਉਸ ਦਾ ਸਭ ਕੁਝ ਖੋਹ ਲੈਣ ਦੀ ਮੁਹਿੰਮ ਵਿਚ ਜੁਟ ਗਿਆ ਹੈ। ਇਸ ਵਿਚ ਕੋਈ ਵੀ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ। ਇਸ ਤਰ੍ਹਾਂ ਨਸ਼ੀਲੇ ਪਦਾਰਥਾਂ ਦਾ ਸਾਡੇ ਦੇਸ਼ ਵਿਚ ਵਧਦਾ ਜਾਲ ਨਾ ਸਿਰਫ਼ ਪੱਛਮੀ ਸਭਿਆਚਾਰ ਦਾ ਹਮਲਾ ਹੈ, ਨਾ ਸਿਰਫ਼ ਵਪਾਰੀਆਂ, ਠੇਕੇਦਾਰਾਂ, ਤਸਕਰਾਂ ਤੇ ਰਾਜਸੀ ਨੇਤਾਵਾਂ ਦੇ ਮਿਲੇ-ਜੁਲੇ ਗਿਰੋਹ ਦੀ ਕਰਾਮਾਤ ਹੈ, ਬਲਕਿ ਇਹ ਪੂਰੀ ਤਰ੍ਹਾਂ ਨਾਲ ਅਰਧ ਜਾਗੀਰੂ-ਸਾਮਰਾਜੀ ਗਠਜੋੜ ਤੇ ਉਹਨਾਂ ਦੇ ਦਲਾਲਾਂ ਦੀ ਕਰਾਮਾਤ ਹੈ।

# ਨਸ਼ੇ ਦੀ ਮਜ਼ਬੂਤ ਹੁੰਦੀ ਗਿਰਫ਼ਤ

ਕੌਮੀ ਰਾਜਧਾਨੀ ਦੀ ਮਾਡਲਿੰਗ ਦੀ ਦੁਨੀਆਂ ਵਿਚ ਜਦ ਉਸ ਨੇ ਕਦਮ ਰੱਖਿਆ ਤਾਂ ਉਹ ਸਿਰਫ਼ 17 ਸਾਲਾਂ ਦੀ ਸੀ। ਨਵੀਆਂ ਆਸਾਂ ਤੇ ਉਮੰਗਾਂ ਦੇ ਪਰਾਂ 'ਤੇ ਸਵਾਰ, ਅਕਾਸ਼ ਨਾਪ ਲੈਣ ਦੇ ਆਤਮ ਵਿਸ਼ਵਾਸ ਨਾਲ ਭਰੀ ਹੋਈ, ਆਕਰਸ਼ਿਕ ਦੇਹ, ਖ਼ੂਬਸੂਰਤ ਦਹਿਕਦਾ ਚਿਹਰਾ, ਸਫ਼ੈਦ ਧੁਲੀ ਹੋਈ ਖਿਲਖਿਲਾਹਟ ਅਤੇ ਅਦਾਵਾਂ ਦਾ ਚੁਲਬੁਲਾਪਣ ਸਭ ਕੁਝ ਤਾਂ ਸੀ ਉਸ ਦੇ ਵਿਅਕਤਿਤਵ ਵਿਚ, ਇਕ ਸਫ਼ਲ ਮਾਡਲ ਬਣਨ ਲਈ। ਇਸ ਲਈ ਵੇਖਦੇ ਹੀ ਵੇਖਦੇ ਕੰਮ ਮਿਲਣ ਲੱਗਿਆ ਅਤੇ ਥੋੜ੍ਹੇ ਪੈਸੇ ਵੀ। ਪੈਸੇ ਨੇ ਸੰਪਰਕਾਂ ਦੇ ਨਵੇਂ ਦਰਵਾਜ਼ੇ ਖੋਲ੍ਹੇ, ਜੋ ਦਿੱਲੀ ਦੇ ਅਮੀਰਾਂ ਦੇ ਆਏ ਦਿਨ ਹੋਣ ਵਾਲੀਆਂ ਰਾਤਾਂ ਦੀਆਂ ਪਾਰਟੀਆਂ ਵਿਚ ਖੁੱਲ੍ਹਦੇ ਸਨ।

ਸੋ ਮਾਡਲਿੰਗ ਨੇ ਉਸ ਨੂੰ ਇਹਨਾਂ ਪਾਰਟੀਆਂ ਦਾ ਹਿੱਸਾ ਬਣਾ ਦਿੱਤਾ। ਦਿੱਲੀ ਵਰਗੇ ਮਹਾਂਨਗਰ ਵਿਚ ਮਾਪਿਆਂ ਤੋਂ ਦੂਰ ਸਵੈ-ਇੱਛਤ ਜੀਵਨ ਜਿਊਣਪ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਹਮਨ ਪਿਆਰਾ ਹੋਣ ਦੀ ਚਾਹਤ ਨਾਲ ਭਰੇ ਮਨ 'ਤੇ ਕਿਸੇ ਦੀ ਕੋਈ ਬੰਦਸ਼ ਨਹੀਂ। ਆਖ਼ਰ ਸਤਾਰਾਂ-ਅਠਾਰਾਂ ਸਾਲ ਦੀ ਕੱਚੀ ਉਮਰ ਦੀਆਂ ਉਸ ਵਰਗੀਆਂ ਲੜਕੀਆਂ ਨੂੰ ਹੋਰ ਕੀ ਚਾਹੀਦਾ ਸੀ ?

ਜ਼ਿੰਦਗੀ ਵਿਚ ਹਰ ਸਾਲ ਉਤੇਜਨਾ ਤੇ ਨਵੇਂ-ਪਣ ਦਾ ਸਰੂਰ ਉਸ ਨੂੰ ਵਾਰੀ-ਵਾਰੀ ਖਿੱਚ ਕੇ ਲੈ ਜਾਂਦਾ ਸੀ, ਦੇਰ ਰਾਤ ਦੀਆਂ ਮਹਿਫ਼ਲਾਂ, ਕਲੱਬਾਂ, ਸਿਨੇਮਿਆਂ ਤੇ ਪੱਬਾਂ ਵਿਚ, ਪਰ ਇਹਨਾਂ ਦੇ ਲਈ ਉਸ ਨੂੰ ਕੀਮਤ ਵੀ ਚੁਕਾਉਣੀ ਪੈਂਦੀ ਸੀ, ਪੈਸੇ ਦੀ ਹਮੇਸ਼ਾਂ ਆਮਦ ਜ਼ਰੂਰੀ ਸੀ ਤੇ ਉਸ ਦੇ ਲਈ ਜ਼ਰੂਰੀ ਸੀ 'ਸਲਿਮ ਤੇ ਫਿੱਟ' ਰਹਿਣਾ। ਸਾਥੀ ਮਾਡਲਾਂ ਨੇ ਵੀ ਉਸ ਨੂੰ 'ਸਲਿਮ ਤੇ ਫਿੱਟ' ਰਹਿਣ ਦੇ ਨਾਲ-ਨਾਲ ਲਾਈਫ਼ ਦਾਅਸਲੀ ਮਜ਼ਾ ਲੈਣ ਦੇ ਵੀ ਗੁਰ ਦੱਸੇ ਸਨ। ਬੀਅਰ, ਸ਼ਰਾਬ ਤੇ ਸਿਗਰਟ ਉਸ ਦੀਆਂ ਆਦਤਾਂ ਵਿਚ ਸ਼ਾਮਲ ਹੋ ਚੁੱਕੀ ਸੀ। ਮਾਡਲ ਸੈਸ਼ਨ ਦੇ ਦੌਰਾਨ ਦੀ ਥਾਕਊ ਬੋਰੀਅਤ ਨੂੰ ਕੱਟਣ ਲਈ ਸਿਗਰਟ ਤੋਂ ਵੱਧ ਕੋਈ ਸਹਾਰਾ ਨਹੀਂ ਹੁੰਦਾ ਸੀ। ਦਰਅਸਲ ਸਿਗਰਟ ਪੀਣ ਦਾ ਉਹਨਾਂ ਮਾਡਲਾਂ ਨੂੰ ਇਕ ਹੋਰ ਫ਼ਾਇਦਾ ਸੀ, ਜਦ ਭੁੱਖ ਸਤਾਉਂਦੀ ਸੀ ਤਾਂ ਸਿਗਰਟ ਸੁਲਗਾ ਲਈ ਜਾਂਦੀ ਸੀ। ਇਸ ਅਮਲ ਸਰੀਰ ਨੂੰ ਸਲਿਮ (ਪਤਲਾ) ਰੱਖਣ ਵਿਚ ਮਦਦ ਕਰਦਾ। ਪਰ ਇਕ ਵਾਰੀ ਜਦ ਫ਼ੋਟੋ ਸ਼ੂਟ ਲਈ ਉਹ ਆਊਟ-ਡੋਰ ਸ਼ੂਟਿੰਗ 'ਤੇ ਸੀ ਤਦ ਥਕਾਵਟ ਦੇ ਇਹਨਾਂ ਪਲਾਂ ਵਿਚ ਉਸ ਦੀ ਇਕ ਸਹੇਲੀ ਨੇ ਉਸ ਨੂੰ ਪਹਿਲੀ ਵਾਰ ਹਸ਼ਿਸ਼ ਦੀ ਸਿਗਰਟ ਦਾ ਸਵਾਦ

ਚਖਾਇਆ ਸੀ। ਉਹ ਤਾਂ ਪਲਕ ਝਪਕਦੇ ਹੀ ਥਕਾਣ-ਮੁਕਤ ਹੋ ਗਈ ਸੀ। ਖ਼ੁਦ ਨੂੰ ਤਾਜ਼ਾ ਤਰਾਰ ਰੱਖਣ ਲਈ ਮਿਲਿਆ ਇਕ ਹੋਰ ਨੁਸਖਾ। ਇਸ ਪਿੱਛੋਂ ਤਾਂ ਜਿਵੇਂ ਨਸ਼ੀਲੀ ਸਿਗਰਟ ਉਸ ਲਈ ਜ਼ਰੂਰੀ ਹੋ ਗਈ। ਜਦ ਉਹ ਦਿੱਲੀ ਆਈ ਸੀ ਤਾਂ ਸ਼ਰਾਬ ਦੇ ਇਕ-ਦੋ ਪੈੱਗ ਹੀ ਉਸ ਨੂੰ ਸਰੂਰ ਦੇਣ ਲਈ ਕਾਫ਼ੀ ਹੁੰਦੇ ਸਨ ਪਰ ਹੌਲੀ-ਹੌਲੀ ਮਾਤਰਾ ਵਧਦੀ ਜਾ ਰਹੀ ਸੀ। ਵੋਦਕਾ ਦੀ ਇਕ ਪੂਰੀ ਬੋਤਲ ਪੀ ਲੈਣ ਦੇ ਬਾਵਜੂਦ ਉਹ ਗੱਡੀ ਚਲਾ ਕੇ ਸਹੀ-ਸਲਾਮਤ ਘਰ ਪਹੁੰਚ ਜਾਂਦੀ ਸੀ। ਫ਼ੋਟੋਗ੍ਰਾਫ਼ਰ ਚਾਹੁੰਦੇ ਸਨ ਕਿ ਬਤੌਰ ਮਾਡਲ ਉਸ ਦਾ ਚਿਹਰਾ ਭਾਵਹੀਣ ਤੇ ਚੱਟਾਨ ਵਾਂਗੂੰ ਦਿਸੇ, ਅਜਿਹਾ ਚਿਹਰਾ ਪ੍ਰਦਰਸ਼ਿਤ ਕਰਨ ਵਿਚ ਨਸ਼ੀਲੀਆਂ ਦਵਾਈਆਂ ਕਾਫ਼ੀ ਸਹਾਇਕ ਸਾਬਤ ਹੁੰਦੀਆਂ ਸਨ। ਪਰ ਹਸ਼ਿਸ਼ ਨਾਲ ਉਸ ਨੂੰ ਤਸੱਲੀ ਨਹੀਂ ਹੋ ਰਹੀ ਸੀ। ਉਹਨੀਂ ਦਿਨੀਂ ਨਸ਼ਾ ਕਰਨ ਵਾਲਿਆਂ ਦੀਆਂ ਹੰਗਾਮੇਦਾਰ 'ਰੇਵ ਪਾਰਟੀਆਂ' ਖ਼ੂਬ ਹੁੰਦੀਆਂ ਸਨ, ਜਿਥ ਧਨਾਢ ਨੌਜਵਾਨਾਂ ਦੀ ਭੀੜ ਹੁੰਦੀ ਸੀ। ਉਥੇ ਉਸ ਨੂੰ ਸੱਦਿਆ ਜਾਂਦਾ। ਅਜਿਹੀ ਹੀ ਇਕ ਪਾਰਟੀ ਵਿਚ ਕੋਕੀਨ ਵੇਚਣ ਵਾਲੇ ਸੈਮ (ਨਾਂ ਬਦਲਿਆ ਹੋਇਆ) ਨਾਂ ਦੇ ਇਕ ਬਦਨਾਮ ਸ਼ਖ਼ਸ ਨਾਲ ਉਸ ਦੀ ਮੁਲਾਕਾਤ ਹੋਈ। ਬੱਸ ਉਹ ਕੋਕੀਨ ਦੀ ਦੀਵਾਨੀ ਹੋ ਗਈ। ਇਸ ਦੀਵਾਨਗੀ ਨੇ ਉਸ ਨੂੰ ਸੈਮ ਦਾ ਹੀ ਗ਼ੁਲਾਮ ਬਣਾ ਦਿੱਤਾ। ਹਾਲਾਂਕਿ ਸੈਮ ਇਸ ਬਦਲੇ ਹਮੇਸ਼ਾਂ ਅੱਛੀ ਖ਼ਾਸੀ ਕੀਮਤ ਵਸੂਲਦਾ ਸੀ। ਕੋਕੀਨ ਦੇ ਚੱਕਰ ਵਿਚ ਅਜੀਬੋ-ਗਰੀਬ ਗੰਦੀ ਸ਼ਕਲ ਵਾਲੇ ਸੈਮ ਨੇ ਉਸ ਦਾ ਜਿਸਮਾਨੀ ਸੋਸ਼ਨ ਸ਼ੁਰੂ ਕਰ ਦਿੱਤਾ, ਉਹ ਬਦਨਾਮ ਵੀ ਹੋ ਗਈ। ਪਰ ਉਸ ਨੇ ਤਾਂ ਤਾਂ ਸੈਮ ਨੂੰ ਛੱਡਿਆ ਤੇ ਨਾ ਹੀ ਕੋਕੀਨ ਨੂੰ। ਕੋਕੀਨ ਬੇਹੱਦ ਮਹਿੰਗਾ ਨਸ਼ਾ ਸੀ। ਇਸ ਲਈ ਕਮਾਈ ਵਾਸਤੇ ਉਹ ਮੁੰਬਈ ਆਈ, ਨਾਲ ਹੀ ਸੈਮ ਵੀ ਆ ਗਿਆ। ਦੋਨੋਂ ਇਕ ਕਿਰਾਏ ਦਾ ਮਕਾਨ ਲੈ ਕੇ ਰਹਿਣ ਲੱਗੇ। ਹੁਣ ਉਸ ਨੇ ਮੁੰਬਈ ਦੀ ਮਾਡਲਿੰਗ ਦੀ ਦੁਨੀਆਂ ਵਿਚ ਹੱਥ ਪੈਰ ਮਾਰੇ ਅਤੇ ਪੈਸੇ ਕਮਾਉਣ ਲਈ ਜੋ-ਤੋੜ ਮਿਹਨਤ ਕਰਨ ਲੱਗੀ। ਜਦ ਕਿ ਸੈਮ ਮੁੰਬਈ ਫ਼ਿਲਮ ਤੇ ਮਾਡਲਿੰਗ ਇੰਡਸਟਰੀ ਵਿਚ ਨਵੇਂ ਗਾਹਕ ਬਣਾਉਣ ਵਿਚ ਜੁੱਟ ਗਿਆ।

ਜਦ ਮਾਡਲਿੰਗ ਲਈ ਸ਼ਕਲ ਸੂਰਤ ਤੇ ਫਿਟਨਸ ਦਿਨ-ਬ-ਦਿਨ ਖ਼ਰਾਬ ਹੋਣ ਲੱਗੀ ਪਰ ਸੈਮ ਲੇ ਕਦੀ ਵੀ ਉਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਸਭ ਕੁਝ ਲੁੱਟਦਾ, ਬਰਬਾਦ ਹੁੰਦਾ ਦਿਸਣ ਦੇ ਬਾਵਜੂਦ ਉਹ ਸੈਮ ਦੀ ਗਿਰਫ਼ਤ ਵਿਚੋਂ ਬਾਹਰ ਨਹੀਂ ਆ ਸਕੀ। ਆਖ਼ਰਕਾਰ ਸੈਮ ਇਕ ਦਿਨ ਪੁਲਿਸ ਦੇ ਹੱਥ ਚੜ੍ਹ ਗਿਆ ਪਰ ਤਦ ਤਕ ਇਕ ਉਭਰ ਰਹੀ ਮਾਡਲ ਦੇ ਜੀਵਨ ਵਿਚ ਨਿਰਾਸ਼ਾ ਨੇ ਏਨਾ ਡੂੰਘਾ ਹਨੇਰਾ ਫੈਲਾ ਦਿੱਤਾ ਸੀ ਕਿ ਇਕ ਸਵੇਰ ਉਹ ਆਪਣੇ ਫਲੈਟ ਵਿਚ ਪੱਖੇ ਨਾਲ ਲਟਕੀ ਪਾਈ ਗਈ।

ਕੁਝ ਮਹੀਨੇ ਪਹਿਲਾਂ ਦਿੱਲੀ ਤੋਂ ਮੁੰਬਈ ਪਹੁੰਚੀ ਉਕਤ ਮਾਡਲ (ਨਾਂ ਜਾਣ ਬੁਝ ਕੇ ਨਹੀਂ ਦਿੱਤਾ) ਦੀ ਕਥਾ, ਹੱਡ-ਬੀਤੀ ਪ੍ਰਿੰਟ ਮੀਡੀਆ ਵਿਚ ਵੀ ਇੱਕਾ-ਦੁੱਕਾ ਹੀ ਆਈ ਸੀ, ਪਰ ਦਿੱਕਤ ਇਹ ਕਿ ਐਸੀਆਂ ਤਰਾਸਦ ਘਟਨਾਵਾਂ ਸਿਰਫ਼ ਸੁਰਖ਼ੀਆਂ

ਬਣ ਕੇ ਹੀ ਰਹਿ ਜਾਂਦੀਆਂ ਹਨ। ਕੋਈ ਗਹਿਰਾਈ ਵਿਚ ਜਾ ਕੇ ਇਹਨਾਂ ਘਟਨਾਵਾਂ ਦੀ ਸੱਚਾਈ ਜਾਨਣਾ-ਸਮਝਣਾ ਨਹੀਂ ਚਾਹੁੰਦਾ। ਦਰਅਸਲ ਇਹ ਕਥਾ ਦੇਸ਼ ਭਰ ਵਿਚ ਨਵੇਂ ਸਿਰੇ ਤੋਂ ਫੈਲੇ ਨਸ਼ੀਲੇ ਪਦਾਰਥਾਂ ਦੇ ਜਾਲ, ਉਹਾਂ ਦੇ ਇਰਦ-ਗਿਰਦ ਖਾਂਦੇ ਪੀਦੇ ਵਰਗ ਤੇ ਗਲੈਮਰ ਦੀ ਦੁਨੀਆਂ ਨਾਲ ਜੁੜੇ ਨੌਜਵਾਨ-ਮੁਟਿਆਰਾਂ ਦੇ ਅਫ਼ਸੋਸਨਾਕ ਸੰਸਾਰ ਦੇ ਇਕ ਟਰੇਲਰ ਵਾਂਗੂੰ ਹੈ। ਜਿੰਨੀਆਂ ਖ਼ਤਰਨਾਕ ਤੇ ਜਾਨ ਲੇਵਾ ਇਹ ਦਵਾਈਆਂ ਹਨ, ਉਨਾ ਹੀ ਖ਼ਤਰਨਾਕ ਤੇ ਜ਼ਾਲਮ ਉਹਨਾਂ ਦਾ ਵਪਾਰ ਕਰਨ ਵਾਲੇ। ਉਹਨਾਂ ਦੀ ਗਿਰਫ਼ਤ ਤੋਂ ਦੇਸ਼ ਦਾ ਕੋਈ ਹਿੱਸਾ ਬਚਿਆ ਹੋਇਆ ਨਹੀਂ ਹੈ। ਹਾਲ ਦੇ ਸਾਲਾਂ ਵਿਚ ਵੱਖ-ਵੱਖ ਸ਼ਹਿਰਾਂ ਤੋਂ ਬਰਾਮਤ ਹੋਣ ਵਾਲੀਆਂ ਨਸ਼ੀਲੀਆਂ ਦਵਾਈਆਂ ਨੂੰ ਦੇਖ ਕੇ ਮਹਿਜ਼ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹਨੀਂ ਦਿਨੀਂ ਅੰਤਰ-ਰਾਸ਼ਟਰੀ ਡਰੱਗ ਮਾਫ਼ੀਆ ਆਪਣੇ 'ਧੰਦੇ' ਨੂੰ ਫਿਰ ਦੁਬਾਰਾ ਸੰਗਠਿਤ ਕਰ ਰਿਹਾ ਹੈ। ਅਭਿਨੇਤਾ ਫ਼ਰਦੀਨ ਖ਼ਾਨ ਤੋਂ ਲੈ ਕੇ ਰਾਹੁਲ ਮਹਾਜਨ ਤਕ ਨਸ਼ੀਲੇ ਪਦਾਰਥਾਂ ਦੇ ਪਹੁੰਚਣ ਤੇ ਫੇਰ ਉਹਨਾਂ ਦੇ ਸਿੱਟਿਆਂ ਨਾਲ ਉਪਜੇ ਵਿਵਾਦ ਦੀ ਕਹਾਣੀ ਉਪਰੋਕਤ ਮਾਡਲ ਦੀ ਕਥਾ ਦੀਆਂ ਹੀ ਵੱਖ-ਵੱਖ ਕੜੀਆਂ ਹਨ, ਵਿਡੰਬਨਾ ਹਿ ਹੈ ਕਿ ਡਰੱਗ ਮਾਫ਼ੀਆ ਆਪਣੇ ਨੈੱਟਵਰਕ ਲਈ ਸਫੇਦਪੋਸ਼ ਉਦਯੋਗਪਤੀਆਂ ਤਕ ਦੀ ਵਰਤੋਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਗਰੀਬ ਡੇਢ ਸਾਲ ਪਹਿਲਾਂ ਮੁੰਬਈ ਦੀ 'ਪ੍ਰੋਵੋਗ' ਕੰਪਨੀ ਦੇ ਮਾਲਕ ਸਲਿਲ ਚਤੁਰਵੇਦੀ ਦੀ ਗ੍ਰਿਫ਼ਤਾਰੀ ਹੋਈ ਸੀ ਤਾਂ ਸਾਰਾ ਵਪਾਰੀ ਜਗਤ ਹੈਰਾਨ ਰਹਿ ਗਿਆ ਸੀ। ਪਰ ਸੱਚਾਈ ਇਹੀ ਹੈ ਕਿ ਦਿੱਲੀ, ਮੁੰਬਈ, ਕਲਕੱਤਾ, ਚੇਨਈ, ਬੰਗਲੌਰ ਵਰਗੇ ਵੱਡੇ ਨਗਰਾਂ ਵਿਚ ਮਾਫ਼ੀਆ ਦੀ ਨਿਗਾਹ ਖਾਂਦੇ-ਪੀਂਦੇ ਤੇ ਅਮੀਰ (ਨਵਧਨਾਢ) ਨੌਜਵਾਨਾਂ 'ਤੇ ਰਹਿੰਦੀ ਹੈ। ਸਤੰਬਰ 2006 ਵਿਚ ਮੁੰਬਈ ਤੇ ਨੇੜੇ ਗੋਰਾਈ ਉਤਨ ਦੀ ਖਾੜੀ ਵਾਲੇ ਖੇਤਰ ਵਿਚ ਇਕ ਵੱਡੀ 'ਰੇਵ ਪਾਰਟੀ' 'ਤੇ ਛਾਪਾ ਮਾਰ ਕੇ ਪੁਲਿਸ ਨੇ 82 ਲੋਕਾਂ ਹੈ ਫੜਿਆ ਸੀ। ਜਿਸ ਵਿਚ 13 ਨੌਜਵਾਨ-ਮੁਟਿਆਰਾਂ ਨੂੰ ਡਰੱਗਸ ਲੈਣ ਦੇ ਦੋਸ਼ ਚਿ ਗ੍ਰਿਫ਼ਤਾਰ ਕੀਤਾ ਗਿਆ ਸੀ। ਐਂਟੀ ਨਾਰਕੋ ਬਿਊਰੋ ਨੂੰ ਸੂਚਲਾ ਮਿਲੀ ਸੀ ਕਿ ਮੁੰਬਈ-ਅਹਿਮਦਾਬਾਦ ਰੇਲ ਮਾਰਗ 'ਤੇ ਸਟੀ ਖਾੜੀ ਦੇ ਹਿਲਾਕਿਆਂ, ਉਤਨ ਗੋਰਾਈ, ਡੋਂਗਰੀ ਆਦਿ ਵਿਚ 'ਰੇਵ ਪਾਰਟੀਆਂ' ਧੜੱਲੇ ਨਾਲ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਹਨਾਂ ਪਾਰਟੀਆਂ ਵਿਚ ਦਾਖ਼ਲਾ ਟੈਕਸ ਮਰਦਾਂ ਲਈ 2000 ਰੁਪਏ ਤੇ ਔਰਤਾਂ ਲਈ 1500 ਰੁਪਏ ਰੱਖਿਆ ਜਾਂਦਾ ਹੈ। ਅਕਤੂਬਰ 2005 ਵਿਚ ਬੰਗਲੌਰ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਸਟੀਵ ਨਾਂ ਦੇ ਇਕ ਨਾਇਜੀਰੀਅਨ ਨੇ ਦੱਸਿਆ ਸੀ ਕਿ ਉਦਯੋਗਪਤੀਆਂ, ਅਭਿਨੇਤਾਵਾਂ, ਮਸ਼ਹੂਰ ਜੰਨ-ਸੰਪਰਕ ਅਧਿਕਾਰੀਆਂ, ਕ੍ਰਿਕਟ ਸਿਤਾਰਿਆਂ ਨੂੰ ਡਰੱਗ ਮਾਫ਼ੀਆ ਦੀ ਬੋਲੀ ਵਿਚ 'ਕਲਾਇੰਟ' (ਗਾਹਕ) ਕਹਿ ਕੇ ਬੁਲਾਇਆ ਜਾਂਦਾ ਹੈ। ਵਿਲਵ ਸਟੀਫ਼ਨ ਨੇ ਵੀ ਮੰਨਿਆ ਸੀ ਕਿ ਉਸ ਨੇ ਏਅਰਲਾਇਨਜ਼ ਦੇ ਪਾਇਲਟ ਦੇ ਜ਼ਰੀਏ ਕਾਰਕੋ ਵੇਸੇਲਸ ਦੇ ਕਪਤਾਨਾਂ ਨੂੰ ਕੋਕੀਨ ਵੇਚੀ ਸੀ। ਨਾਰਕੋ ਏਨਾਲਿਸਿਸ ਦੀ ਜਾਓ ਵਿਚ ਸਟੀਵ ਨੇ ਬੰਗਲੌਰ ਦੇ ਇਕ ਵੱਡੇ ਉਦਯੋਗਪਤੀ, ਅਭਿਨੇਤਾਵਾਂ,

ਉਹਨਾਂ ਦੇ ਰਿਸ਼ਤੇਦਾਰਾਂ ਤੇ ਇਕ ਸਾਬਕਾ ਮੰਤਰੀ ਤੋਂ ਇਲਾਵਾ ਅਨੇਕਾਂ ਬਿਲਡਰਾਂ, ਸਾਮਜਕ ਹਸਤੀਆਂ ਤੇ ਕਈ ਕ੍ਰਿਕਟ ਸਿਤਾਰਿਆਂ ਦੇ ਨਾਂ ਗਿਣਾਏ ਸਨ, ਜਿਹਨਾਂ ਨੂੰ ਇਹ ਡਰੱਗਸ ਦੀ ਸਪਲਾਈ ਕਰਦਾ ਹੁੰਦਾ ਸੀ। ਇਹਨਾਂ ਵਿਚ ਬੱਚੇ ਵੀ ਸ਼ਾਮਲ ਸਨ। ਸੋਡੀਅਮ ਪੈਂਟਾਥਾਲ ਤੇ ਡੈਕਸਟਰੋਜ਼ ਦਾ ਇੰਜੈਕਸ਼ਨ ਦਿੱਤੇ ਜਾਣ ਪਿੱਛੋਂ ਸਟੀਵ ਨੇ ਪੁਲਿਸ ਨੂੰ ਸਾਰੀ ਸਚਾਈ ਦੱਸ ਦਿੱਤੀ ਸੀ ਕਿ ਏਅਰਲਾਈਨਜ਼ ਦੇ ਪਾਇਲਟਾਂ ਤੇ ਕਾਰਗੋ ਜਹਾਜ਼ਾਂ ਦੇ ਕੈਪਟਨਾਂ ਰਾਹੀਂ ਕੋਕੀਨ ਮੁੰਬਈ ਤਕ ਪਹੁੰਚੀ ਸੀ। ਉਥੇ ਇਹ ਪਾਪਾ ਜੋ ਐਂਡ ਫੈਡ੍ਰਿਕ ਨਾਂ ਦੇ ਦੋ ਏਜੰਟਾਂ ਨੂੰ ਦਿੱਤੀ ਗਈ ਸੀ, ਦੋਨੋਂ ਗੋਆ ਦੇ ਇਕ ਹੋਟਲ ਵਿਚ ਰਹਿੰਦੇ ਸਨ। ਦੋਨਾਂ ਦਾ ਕੰਮ ਪਲਾਸਟਿਕ ਦੀਆਂ ਛੋਟੀਆਂ-ਛੋਟੀਆਂ ਥੈਲੀਆਂ ਵਿਚ ਕੋਕੀਨ ਭਰ ਕੇ ਬੰਗਲੌਰ ਪਹੁੰਚਾਉਣਾ ਸੀ।

ਇਸ ਤਰ੍ਹਾਂ ਪੱਛਮੀ ਬੰਗਾਲ ਪੁਲਿਸ ਮੰਨਦੀ ਹੈ ਕਿ ਕੋਕੀਨ ਤੇ ਏਕਸਟੈਰਸ ਵਰਗੀਆਂ ਨਸ਼ੀਲੀਆਂ ਚੀਜ਼ਾਂ ਕਲਕੱਤਾ ਦੇ ਨਾਈਟ ਕਲੱਬ, ਡਿਸਕੋ, ਪੱਬਾਂ ਤੇ ਕੁਝ ਖ਼ਾਸ ਨਾਈਟ ਪਾਰਟੀਆਂ ਵਿਚ ਧੜੱਲੇ ਨਾਲ ਚੱਲਦੀਆਂ ਹਨ। ਖ਼ੁਫ਼ੀਆ ਵਿਭਾਗ ਦੇ ਸੂਤਰਾਂ ਅਨੁਸਾਰ ਇਹ ਡਰੱਗ ਪ੍ਰਚਾਰਕਾਂ ਦੇ ਜ਼ਰੀਏ ਇਕ ਸਰਕਲ ਤੋਂ ਦੂਜੇ ਸਰਕਲ ਵਿਚ ਪਹੁੰਚਦੀ ਰਹਿੰਦੀ ਹੈ। ਇਹਨਾਂ ਨੂੰ ਸਿਲੀਗੁੜੀ ਤੋਂ ਕਲਕੱਤਾ ਪਹੁੰਚਾਇਆ ਜਾਂਦਾ ਹੈ। ਕਲਕੱਤਾ ਤੇ ਆਸ-ਪਾਸ ਸਿਆਲਦੇਹ, ਮੱਛੀਪਾਡਾ, ਬੋਊ ਬਜ਼ਾਰ, ਨਿਊ ਮਾਰਕੀਟ, ਪਾਰਕ ਸਰਕਸ, ਦਾਪਿਸਆਬ ਟੰਗਰ ਆਦਿ ਡਰੱਗ ਦੇ ਖ਼ੁਫ਼ੀਆ ਟਿਕਾਣੇ ਹਨ। ਉਥੇ ਜ਼ਿਆਦਾਤਰ ਹੈਰੋਇਨ ਤੇ ਮਾਰੀਜੁਆਨਾ ਹੀ ਪਾਇਆ ਜਾਂਦਾ ਹੈ। ਹੈਰੋਇਨ ਉਥੇ ਵਾਰਾਣਸੀ ਤੋਂ ਲਿਆਂਦੀ ਜਾਂਦੀ ਹੈ ਜਦ ਕਿ ਕੋਕੀਨ ਮਿਆਂਮਾਰ ਤੋਂ ਸਮਗਲਿੰਗਰ ਰਾਹੀਂ। ਇਥੇ ਗਾਂਜਾ ਦੀ ਖਪਤ ਵੀ ਬਹੁਤ ਹੈ। ਇਸ ਲਈ ਮੁਰਸ਼ਿਦਾਬਾਦ ਜ਼ਿਲੇ ਦੇ ਲਾਲ ਗੋਲਾ, ਦੱਖਣੀ 24 ਪਰਗਨਾ ਦੇ ਘੁਟਿਆਰੀ ਸ਼ਰੀਫ਼ ਅਤੇ ਮਹੇਸ਼ਤਲਾ, ਉਤਰ 24 ਪਰਗਟਾ ਦੇ ਬਸ਼ੀਰ ਹਾਟ ਆਦਿ ਥਾਵਾਂ ਤੋਂ ਗਾਂਜਾ ਡਰੱਗਜ਼ ਵੇਚਣ ਵਾਲਿਆਂ ਦੀ ਮਾਰਫ਼ਤ ਕਲਕੱਤਾ ਦੀਆਂ ਗਲੀਆਂ ਵਿਚ ਪਹੁੰਚਾਇਆ ਜਾਂਦਾ ਹੈ। ਨਾਰਕੋਟਿਕਸ ਕੰਟਰੋਲ ਬਿਊਰੋ ਆਫ਼ ਇੰਡੀਆ ਦੇ ਮਹਾਂ-ਨਿਦੇਸ਼ਕ ਦੇ ਅਹੁਦੇ ’ਤੇ ਰਹਿ ਚੁੱਕੇ ਸੀ. ਬੀ. ਆਈ. ਦੇ ਸਾਬਕਾ ਲਿਰਦੇਸ਼ਕ ਜੋਗਿੰਦਰ ਸਿੰਘ ਅਨੁਸਾਰ ਨਾਰਕੋਟਸ ਡਰੱਗ ਐਂਡ ਸਾਈਕੋਟਰੋਪਿਕ ਸਬਸਟਾਂਸਿਸ ਐਕਟ ਦੇਸ਼ ਦੇ ਸਭ ਤੋਂ ਸਖ਼ਤ ਕਾਨੂੰਨਾਂ ਵਿਚੋਂ ਇਕ ਸੀ। ਇਸ਼ ਦੇ ਤਹਿਤ ਘੱਟੋ-ਘੱਟ ਦਸ ਸਾਲ ਦੀ ਸਜ਼ਾ ਦੀ ਵਿਵਸਥਾ ਸੀ। ਨਾਰਕੋਟਿਸ ਵਿਭਾਗ ਦੀ ਜ਼ਿੰਮੇਵਾਰੀ ਇਸ ਇਕ ਕਾਨੂੰਨ ’ਤੇ ਕੰਮ ਕਰਨਾ ਹੁੰਦਾ ਹੈ ਪਰ ਸਚਾਈ ਇਹ ਹੈ ਕਿ ਬਹੁਤ ਘੱਟ ਪੁਲਿਸ ਅਧਿਕਾਰੀ ਹਨ ਜਿਹਨਾਂ ਨੂੰ ਨਸ਼ੀਲੀਆਂ ਦਵਾਈਆਂ ਜਾਂ ਪਦਾਰਥਾਂ ਦੀ ਜਾਣਕਾਰੀ ਹੁੰਦੀ ਹੈ। ਪਰ ਅਮੂਮਨ ਕਿਸੇ ਅਫ਼ਸਰ ਨੂੰ ਨਸ਼ੇ ਦੇ ਤਸਕਰਾਂ ਦਾ ਭਾਂਡਾ ਭੰਨਣ ਲਈ ਸ਼ਾਬਾਸ਼ ਨਹੀਂ ਮਿਲਦੀ। ਇਸ ਲਈ ਪਹਿਲ-ਕਦਮੀ ਵਿਚ ਕਮੀ ਆ ਜਾਂਦੀ ਹੈ। ਦੇਖਿਆ ਜਾਏ ਤਾਂ ਇਹ ਵੀ ਇਕ ਵੱਡੀ ਵਜਾਹ ਹੈ, ਜਿਸ ਦੇ ਚੱਲਦਿਆਂ ਨਸ਼ੀਲੇ ਪਦਾਰਥਾਂ ਦਾ ਜਾਲ ਬਜਾਏ ਢਿੱਲਾ ਹੋਣ ਦੇ, ਕੱਸਿਆ ਹੀ ਜਾ ਰਿਹਾ ਹੈ।

ਜੂਨ 2006 ਵਿਚ ਅੱਤਵਾਦੀ ਨਿਰੋਧਕ ਪ੍ਰਕੋਸ਼ਟ ਦੇ ਮੁਖੀ ਕੇ. ਪੀ. ਰਘੂਵੰਸ਼ੀ ਦੇ ਮਾਰਗ-ਦਰਸ਼ਨ ਵਿਚ ਐਂਟੀ ਨਾਰਕੋਟਿਕ ਬਿਊਰੋ ਨੇ ਕਾਰਵਾਈ ਕਰ ਕੇ ਨਾਇਜੀਰੀਆ ਦੇ ਤਿੰਨ ਤੇ ਤਨਜ਼ਾਨੀਆਂ ਦੇ ਦੋ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇਹਨਾਂ ਦੇ ਨਾਂ—ਅਬਦੁਲ ਰਜ਼ਾਕ, ਕ੍ਰਿਸ਼ਨਈਅਲਪ, ਇਸਾਇਚ ਤੇ ਹਮੀਸਰਾਤੂ ਅਤੇ ਰਾਜੂ ਅਰੂਅਲੀ ਸਨ ਪਰ ਯਾਕੂਬ ਨਾਂ ਦਾ ਨਾਇਜੀਰੀਅਨ ਫ਼ਰਾਰ ਹੋ ਗਿਆ। ਇਹ ਸਭ ਟੂਰਿਸਟ ਵੀਜ਼ਾ ’ਤੇ ਮੁੰਬਈ ਆਏ ਸਨ ਤੇ ਕੋਕੀਨ ਵੇਚਣ ਦਾ ਧੰਦਾ ਕਰਦੇ ਸਨ। ਇਸ ਘਟਨਾ ਤੋਂ ਇਲਾਵਾ ਸੇਂਅ ਜੈਵਿਲਸਰ ਕਾਲਜ ਦੇ ਵਿਦਿਆਰਥੀ ਸਾਹਿਲ ਜਾਰੂ ਦੀ ਰਾਹੁਲ ਮਹਾਜਨ ਘਟਨਾ-ਕਰਮ ਵਿਚ ਸ਼ਮੂਲੀਅਤ ਨੇ ਮੁੰਬਈ ਦੇ ਸਾਰੇ ਕਾਲਜਾਂ ਦੇ ਕੰਨ ਖੜੇ ਕਰ ਦਿੱਤੇ ਹਨ। ਸਿੱਟੇ ਵਜੋਂ ਮੁੰਬਈ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਵੱਖ-ਵੱਖ ਕਾਲਜਾਂ ਦੇ ਕੈਂਪਸ ਵਿਚ ਰਹਿਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਜਾਂਚ ਦਾ ਹੁਕਮ ਦਿੱਤਾ ਸੀ। ਉਦੋਂ ਤੋਂ ਲੈ ਕੇ ਹੁਣ ਤਕ ਮੁੰਬਈ ਤੇ ਆਸ-ਪਾਸ ਨਿਰੰਤਰ ਡਰੱਗਸ ਵੇਚਣ ਵਾਲਿਆਂ ਦੀ ਗ੍ਰਿਫ਼ਤਾਰੀ ਅਤੇ ਬਰਾਮਦਗੀ ਮਾਫ਼ੀਆ ਦੀ ਵਧਦੀ ਪੈਂਠ ਦਾ ਹੀ ਸਿੱਟਾ ਹੈ।

ਮੁੰਬਈ ਦੇ ਮਾਦਕ ਪਦਾਰਥ ਸੇਵਨ ਸੂਚਨਾ ਪੁਰਨਰ-ਵਾਸ ਤੇ ਸ਼ੋਧ ਕੇਂਦਰ ਅਨੁਸਾਰ ਦਿੱਲੀ ਤੇ ਮੁੰਬਈ ਵਿਚ ਕਰੀਬ 50000 ਲੋਕ ਕੋਕੀਨ ਦੀ ਰੈਗੂਲਰ ਵਰਤੋਂ ਕਰਦੇ ਹਨ। ਕੋਕੀਨ ਦੀ ਕਰੇਜ਼ 16 ਤੋਂ 17 ਸਾਲ ਦੇ ਵਿਦਿਆਰਥੀਆਂ ਵਿਚ ਸਭ ਤੋਂ ਵੱਧ ਹੈ। ਕਾਲਜਾਂ ਵਿਚ ਕੋਕੀਨ ਨੂੰ ਕੋਡ ਸ਼ਬਦਾਂ ਵਿਚ ‘ਕੋਕ’, ‘ਹੀਰੋਇਨ’, ‘ਚਾਰਲੀ’ ਤੇ ‘ਸਟਫ’ ਨਾਵਾਂ ਨਾਲ ਜਾਣਿਆ ਜਾਂਦਾ ਹੈ। ਮਰਚੈਂਟ ਡਰੱਗ ਸੈਂਟਰ ਦੇ ਮੁਖੀ ਡਾ. ਯੂਥਫ਼ ਮਰਚੈਂਟ ਦਾ ਕਹਿਣਾ ਹੈ ਕਿ ਮੁੰਬਈ ਵਿਚ ਪੈਸੇ ਵਾਲਿਆਂ ਦੇ ਬਿਗੜੈਲ ਬੱਚਿਆਂ ਦੀ ਗਿਣਤੀ ਵਧੀ ਹੈ। ਮਾਫ਼ੀਆ ਇਹਨਾਂ ਨੂੰ ਇਸ ਲਈ ਟਾਰਗੈਂਟ ਬਣਾਉਂਦੇ ਹਨ ਕਿ ਉਹ ਡਰੱਗਸ ਦੀ ਕੀਮਤ ਅਦਾ ਕਰ ਸਕਦੇ ਹਨ, ਜਦਕਿ ਬੱਚੇ ਆਪਣੀ ਅਮੀਰੀ ਦੀ ਨੁਮਾਇਸ਼ ਲਈ ਵੀ ਡਰੱਗ ਦੀ ਲਪੇਟ ਵਿਚ ਆ ਜਾਂਦੇ ਹਨ। ਪਿਛਲੇ ਚਾਰ ਸਾਲਾਂ ਵਿਚ ਮਾਦਕ ਪਦਾਰਥਾਂ ਦਾ ਸੇਵਲ ਕਰਨ ਵਾਲਿਆਂ ਦੀ ਗਿਦਤੀ ਵਿਚ 350 ਤੋਂ 400 ਫ਼ੀਸਦੀ ਤਕ ਵਾਧਾ ਹੋਇਆ ਹੈ।

ਮੁੰਬਈ ਵਿਚ ਕੋਲਾਬਾ, ਅੰਧੇਰੀ (ਨਵਰੰਗ ਸਿਨੇਮਾ ਦੇ ਨੇੜੇ-ਤੇੜੇ), ਪਾਰਲੇ (ਮੀਠੀਬਾਈ ਕਾਲਜ ਦੇ ਆਸ-ਪਾਸ) ਅਤੇ ਐੱਨ. ਐੱਮ. ਕਾਲਜ ਕੈਂਪਸ ਵਿਚ ਹਮੇਸ਼ਾਂ ਡਰੱਗਸ ਵੇਚਣ ਵਾਲਿਆਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ। ਪਰ ਬਹੁਤੇ ਕੇਸਾਂ ਵਿਚ ਪੁਲਿਸ ਜਾਣ-ਬੁਝ ਕੇ ਅੱਖਾਂ ਬੰਦ ਰੱਖਦੀ ਹੈ। ਹਾਂ, ਜਦ ਵੱਡੇ ਨਾਂ ਵਲਿਆਂ ਦੀ ਗ੍ਰਿਫ਼ਤਾਰੀ ਜਾਂ ਮੌਤ ਹੁੰਦੀ ਹੈ ਤਾਂ ਸੱਚ ਥੋੜ੍ਹਾ ਬਹੁਤ ਸੁਰਖ਼ੀਆਂ ਵਿਚ ਆ ਜਾਂਦਾ ਹੈ। ਤਾਜੁਬ ਹੈ ਕਿ ਦੇਸ਼ ਭਰ ਵਿਚ ਫੈਲਦੇ ਜਾ ਰਹੇ ਇਸ ਅਪਰਾਧ ਨੂੰ ਰੋਕਣ ਲਈ ਮੁਕਾਬਲਤਨ ਨਿਹਚਾ ਤੇ ਫੁਰਤੀ ਦੀ ਅਣਹੋਂਦ ਹੈ। ਭਾਰਤ ਵਿਚ ਨਸ਼ੀਲੀਆਂ ਦਵਾਈਆਂ ਖ਼ਿਲਾਫ਼ ਨਾਰਕੋਟਿਕਸ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟਾਂਸ ਐਕਟ 1985 ਨਸ਼ੀਲੇ ਪਦਾਰਥਾਂ ਦੀ ਉਪਜ, ਉਤਪਾਦਨ, ਨਿਰਮਾਣ,

ਵਿਕਰੀ, ਖ਼ਰੀਦ, ਸਪਲਾਈ, ਵਰਤੋਂ, ਦਰਾਮਦ, ਬਰਾਮਦ ਅਤੇ ਸਟੋਰੇਜ਼ ਸਭ ਨੂੰ ਕੰਟਰੋਲ ਕਰਦਾ ਹੈ। ਇਹ ਕਾਨੂੰਨ ਸਿਰਫ਼ ਨਸ਼ੀਲੇ ਪਦਾਰਥਾਂ 'ਤੇ ਹੀ ਨਹੀਂ, ਬਲਕਿ ਉਹਨਾਂ ਰਸਾਇਣਾਂ ਤੇ ਵੀ ਲਾਗੂ ਹੈ ਜਿਹਨਾਂ ਤੋਂ ਇਹ ਪਦਾਰਥ ਬਣਾਏ ਜਾਂਦੇ ਹਨ। ਅਫ਼ੀਮ ਦੀ ਵਰਤੋਂ ਫਾਰਮਾ ਉਦਯੋਗ ਵਿਚ ਕੀਤੀ ਜਾਂਦੀ ਹੈ, ਜਿਥੇ ਇਸ ਨਾਲ ਦਰਦ ਨਿਵਾਰਕ ਤੇ ਹੋਰ ਦਵਾਈਆਂ ਬਣਦੀਆਂ ਹਨ। ਨਿਯਮ ਇਹ ਹੈ ਕਿ ਅਫ਼ੀਮ ਦੀ ਪੂਰੀ ਫ਼ਸਲ ਨਾਰਕੋਟਿਕਸ ਕਮਿਸ਼ਨਰ ਦੇ ਰਾਹੀਂ ਸਿਰਫ਼ ਸਰਕਾਰ ਨੂੰ ਵੇਚਣੀ ਹੁੰਦੀ ਹੈ ਪਰ ਖੁੱਲ੍ਹੇ ਬਜ਼ਾਰ ਵਿਚ ਮੋਟੀ ਕੀਮਤ ਮਿਲਣ ਦੇ ਲਾਲਚ ਵਿਚ ਲੋਕ ਇਸ ਨੂੰ ਚੋਰੀ-ਚੋਰੀ ਵੇਚਦੇ ਹਨ।

ਭਾਰਤ ਗ਼ੈਰ-ਕਾਨੂੰਨੀ ਅਫ਼ੀਮ ਦਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਦੁਨੀਆਂ ਦੇ ਕਈ ਮੁਲਕਾਂ ਵਿਚ ਹਲਕੇ ਅਸਲ ਵਾਲੇ ਨਸ਼ੀਲੇ ਪਦਾਰਥਾਂ ਨੂੰ ਲਗਭਗ ਮਾਨਤਾ ਹੀ ਦੇ ਦਿੱਤੀ ਗਈ ਹੈ ਜਿਵੇਂ ਹਾਸ਼ਿਸ਼ ਤੇ ਮਰਜੁਆਨਾ (ਭੰਗ) ਉਥੇ ਗ਼ੈਰ-ਕਾਨੂੰਨੀ ਨਹੀਂ ਹੈ। ਪਰ ਸਾਡੇ ਦੇਸ਼ ਵਿਚ ਹੈ। ਦਰਅਸਲ ਇਸ ਗ਼ੈਰ-ਕਾਨੂੰਨੀ ਵਪਾਰ ਦੇ ਵਧਣ-ਫੁੱਲਣ ਪਿੱਛੇ ਬੇਵਜ੍ਹਾ ਭਾਰੀ ਕਮਾਈ ਦੀ ਬਹੁਤ ਵੱਡੀ ਭੂਮਿਕਾ ਹੈ। ਅਫ਼ੀਮ ਤੋਂ ਹੈਰੋਇਨ ਬਣਾਈ ਜਾਂਦੀ ਹੈ। ਇਕ ਕਿਲੋ ਹੈਰੋਇਨ ਦੀ ਕੀਮਤ ਇਕ ਲੱਖ ਰੁਪਏ ਹੁੰਦੀ ਹੈ ਪਰ ਅਮਰੀਕਾ ਵਿਚ ਇਹ 4,50,000,00 ਰੁਪਏ ਵਿਚ ਵਿਕਦੀ ਹੈ। ਭਾਰਤ ਦੇ ਨਸ਼ੇੜੀਆਂ ਲਈ ਘਟੀਆ ਕਵਾਲਟੀ ਦੀ ਡਰੱਗ ਬਰਾਊਨ ਸ਼ੂਗਰ, ਹਸ਼ਿਸ਼, ਫਾਰਮਾਸਿਊਟੀਨਲ ਦਵਾਈਆਂ ਦੀ ਗ਼ੈਰ-ਕਾਨੂੰਨੀ ਪੈਦਾਵਾਰ ਖ਼ੂਬ ਹੁੰਦੀ ਹੈ। ਉਸ ਨੂੰ ਮੈਡਰਿਕਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸਤੰਬਰ 2000 ਵਿਚ ਹੈਦਰਾਬਾਦ ਦੇ ਨੇੜੇ ਦੋ ਮੀਟਰਿਕ ਟਨ ਤੋਂ ਵੱਧ ਮੈਡਰਿਕਸ ਫੜੀ ਗਈ ਸੀ, ਜਦ ਕਿ ਫ਼ਰਵਰੀ 2001 ਵਿਚ ਇਹ ਮੁੰਬਈ ਵਿਚ ਕਰੀਬ ਡੇਢ ਟਨ ਬਰਾਮਦ ਹੋਈ ਸੀ। ਕਿਹਾ ਜਾਂਦਾ ਹੈ ਕਿ ਇਹ ਦਵਾਈ ਵੀ ਭਾਰਤ ਤੋਂ ਸਭ ਤੋਂ ਵੱਧ ਮਾਤਰਾ ਵਿਚ ਦੱਖਣੀ ਅਫ਼ਰੀਕਾ ਪਹੁੰਚਾਈ ਜਾਂਦੀ ਹੈ। ਜ਼ਾਹਿਰ ਹੈ ਕਿ ਅੰਦਰੂਨੀ ਤੌਰ 'ਤੇ ਨਸ਼ੀਲੇ ਪਦਰਥਾਂ ਦੀ ਦੁਨੀਆਂ ਹੌਲੀ-ਹੌਲੀ ਸਾਡੇ ਸਮਾਜ ਦੇ ਸਿਸਟਮ ਦੇ ਹਰ ਹਿੱਸੇ ਨੂੰ ਖਾ ਰਹੀ ਹੈ। ਸੀ. ਆਰ. ਪੀ. ਵਰਗੇ ਅਰਧ-ਸੈਨਿਕ ਬਨਾਂ ਦੇ 426 ਜਵਾਨ ਵੀ ਸ਼ਰਾਬ ਤੇ ਡਰੱਗਸ ਦੇ ਆਦੀ ਪਾਏ ਗਏ ਹਨ ਤੇ 300 ਲੋਕਾਂ ਦਾ ਇਲਾਜ ਚੱਲ ਰਿਹਾ ਹੈ। ਖੋਖਲੇ ਮੁਨਾਫ਼ਾ-ਅਧਾਰਤ ਸਿਸਟਮ ਨੂੰ ਮੁੱਢੋਂ ਬਦਲੇ ਬਿਨਾਂ ਨਹੀਂ ਸਰਨਾ।

# ਵਿਦਿਆਥੀ ਰਾਜਨੀਤੀ ਦਾ ਅਪਰਾਧੀ-ਕਰਨ ਬਨਾਮ ਮੁੱਖ ਧਾਰਾ

ਅਗਸਤ ਤੇ ਮਹੀਨੇ ਉਜੈਨ ਵਿਚ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਸਮੇਂ ਇਕ ਵਿਦਿਆਰਥੀ ਯੂਨੀਅਨ ਦੀ ਕੁੱਟ-ਮਾਰ ਕਾਰਨ ਪ੍ਰੋ. ਐੱਸ. ਸੀ. ਸਭਰਵਾਲ ਦੀ ਮੌਤ ਦੀ ਘਟਨਾ ਪਿੱਛੋਂ ਵਿਦਿਆਰਥੀ ਰਾਜਨੀਤੀ ਦੀ ਆਪਾ-ਧਾਪੀ ਤੇ ਅਪਰਾਧੀ-ਕਰਨ ਬਹਿਸ ਦਾ ਵਿਸ਼ਾ ਬਣ ਗਏ ਹਨ। 22 ਸਤੰਬਰ ਨੂੰ ਸੁਪਰੀਮ ਕੋਰਟ ਵੱਲੋਂ ਸਾਬਕਾ ਚੋਣ ਕਮਿਸ਼ਨਰ ਜੇਮਜ਼ ਮਾਈਕਲ ਲਿੰਗਦੋਹ ਦੀ ਪ੍ਰਧਾਨਗੀ ਹੇਠ ਗਠਿਤ ਸੰਮਤੀ ਦੇ ਸੁਝਾਵਾਂ ’ਤੇ ਮੋਹਰ ਲਾ ਕੇ ਸੁਧਾਰ ਦਾ ਅਮਲ ਸ਼ੁਰੂ ਕੀਤਾ ਗਿਆ। ਦਸੰਬਰ 2005 ਵਿਚ ਗਠਿਤ ਸੰਮਤੀ ਨੇ ਸਿੱਖਿਆ ਸੰਸਥਾਵਾਂ ਦੇ ਕੈਂਪਸਾਂ ਵਿਚ ਵਿਦਿਆਰਥੀ ਯੂਨੀਅਨ ਚੋਣਾਂ ਦੇ ਅਪਰਾਧੀ-ਕਰਨ, ਦਾਗੀ ਛਵ੍ਹੀ ਵਾਲਿਆਂ ਨੂੰ ਵਿਦਿਆਰਥੀ ਰਾਜਨੀਤੀ ਤੋਂ ਦੂਰ ਰੱਖਣ ਤੇ ਵਿੱਤੀ ਪਾਰਦਰਸ਼ਤਾ ’ਤੇ ਆਪਣੀ ਰਾਇ ਦਿੱਤੀ ਸੀ। ਸੰਮਤੀ ਦੇ ਸੁਝਾਅ ਲਾਗੂ ਹੋਣ ਪਿੱਛੋਂ ਇਕ ਵਿਦਿਆਰਥੀ ਇਕ ਅਹੁਦੇ ’ਤੇ ਇਕ ਵਾਰੀ ਚੋਣ ਲੜ ਸਕੇਗਾ। ਸਜ਼ਾ ਪ੍ਰਾਪਤੀ ਦੇ ਨਾਲ ਅਪਰਾਧਿਕ ਮਾਮਲਿਆਂ ਦਾ ਦੋਸ਼ੀ ਵੀ ਚੋਣਾਂ ਨਹੀਂ ਲੜ ਸਕੇਗਾ। 75 ਫ਼ੀਸਦੀ ਸ਼੍ਰੇਣੀ ਵਿਚ ਹਾਜ਼ਰੀ ਲਾਜ਼ਮੀ ਹੋਵੇਗੀ, ਚੋਣਾਂ ਲਈ ਧਰਮ, ਜਾਤੀ, ਫ਼ਿਰਕੇ ਤੇ ਧਰਮ ਅਸਥਾਨ ਦੀ ਵਰਤੋਂ ਨਹੀਂ ਕਰਨੀ ਹੋਵੇਗੀ, ਵਿਦਿਆਰਥੀ ਉਮਰ ਵੱਧ ਹੋਣ ’ਤੇ ਉਹ ਚੋਣ ਨਹੀਂ ਲੜ ਸਕੇਗਾ। ਲਿੰਗਦੋਹ ਸੰਮਤੀ ਦੇ ਸੁਝਾਵਾਂ ਤੇ ਮੁੱਖ ਧਾਰਾ ਦੇ ਅਖ਼ਬਾਰਾਂ ਵਿਚ ਛਪੇ ਬੁੱਧੀਜੀਵੀਆਂ ਦੇ ਲੇਖਾਂ ‘ਵਿਦਿਆਰਥੀ ਰਾਜਨੀਤੀ ਨੂੰ’ ਨਿਰਪੱਖ ਤੌਰ ’ਤੇ ਵੇਖਿਆ ਜਾ ਰਿਹਾ ਹੈ। ਮੁੱਖ ਧਾਰਾ ਦੀ ਰਾਜਨੀਤੀ ਦੇ ਪੱਧਰ ਵਿਚ ਆ ਰਹੀ ਗਿਰਾਵਟ ਉਸ ਦਾ ਵਿਦਿਆਰਥੀ ਰਾਜਨੀਤੀ ਤੇ ਪ੍ਰਭਾਵ, ਕੈਂਪਸ ਵਿਚ ਅਧਿਆਪਕ ਵਰਗ ਦੀ ਭੂਮਿਕਾ, ਸਿੱਖਿਆ ਦਾ ਡਿੱਗਦਾ ਪੱਧਰ, ਵੱਧਦੀ ਬੇਰੋਜ਼ਗਾਰੀ ਦਾ ਮੁਕਾਬਲਾ ਕਰਨ ਵਿਚ ਉਸ ਦਾ ਬੇਕਾਰ ਹੋ ਜਾਣਾ, ਵਿਦਿਆਰਥੀਆਂ ਵਿਚ ਵਧਦੀ ਬੇਚੈਨੀ, ਵਿਦਿਆਰਥੀ ਯੂਨੀਅਨ ਦੇ ਰੂਪ ਦੇ ਇਤਿਹਾਸ ਤੇ ਵਰਤਮਾਨ ਚਰਚਾ ਦਾ ਵਿਸ਼ਾ ਨਹੀਂ ਬਣ ਸਕੇ ਹਨ। ਜਦ ਕਿ ਵਿਦਿਆਰਥੀ ਰਾਜਨੀਤੀ ਦੇ ਪੱਧਰ ਵਿਚ ਆ ਰਹੀ ਗਿਰਾਵਟ ਉਕਤ ਵਿਸ਼ਿਆਂ ਨਾਲ ਅੰਤਰ ਸੰਬੰਧਿਤ ਹੈ। ਉਜੈਨ ਦੀ ਘਟਨਾ ਲਈ ਅਖਿਲ ਭਾਰਤੀ ਵਿਦਿਆਰਥੀ

ਪ੍ਰੀਸ਼ਦ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਜੋ ਦੇਸ਼ ਦੀ ਮੁੱਖ ਵਿਰੋਧੀ ਪਾਰਟੀ ਦੀ ਯੂਨੀਅਨ ਹੈ ਤੇ ਆਰ. ਐੱਸ. ਐੱਸ. ਦੀ ਹਿੰਦੂਵਾਦੀ ਵਿਚਾਰਧਾਰਾ ਦਾ ਵਿਦਿਆਰਥੀਆਂ ਵਿਚ ਪ੍ਰਚਾਰ ਕਰਦੀ ਹੈ। ਵਿਦਿਆਰਥੀ ਪ੍ਰੀਸ਼ਦ ਅਜਿਹਾ ਸੰਗਠਨ ਹੈ ਜਿਸ ਦੇ ਉੱਚ ਪਦ-ਅਧਿਕਾਰੀ ਨਾ ਹੋ ਕੇ ਸਿੱਖਿਅਕ ਹੁੰਦੇ ਹਨ। ਇਸ ਪਿੱਛੇ ਪ੍ਰੀਸ਼ਦ ਦਾ ਤਰਕ ਹੈ ਕਿ 'ਗੁਰੂ-ਸਿੱਖਿਅਕ ਸੰਵਾਦ ਅਤੇ ਗੁਰੂ ਦਾ ਵਿਦਿਆਰਥੀ ਨੂੰ ਸਹੀ ਮਾਰਗ ਦਰਸ਼ਨ (ਉਜੈਨ ਵਰਗਾ ਮਾਰਗ ਦਰਸ਼ਨ ?) ਇਸ ਤਰ੍ਹਾਂ ਦੇਸ਼ ਦੀ ਦੂਜੀ ਮੁੱਖ ਵਿਦਿਆਰਥੀ ਯੂਨੀਅਨ 'ਭਾਰਤੀ ਰਾਸ਼ਟਰੀ ਵਿਦਿਆਰਥੀ ਸੰਗਠਨ (NSUI) ਹੈ, ਜੋ ਕਾਂਗਰਸ ਨਾਲ ਸਿੱਧੀ ਜੁੜੀ ਹੋਈ ਹੈ। ਦਿੱਲੀ ਯੂਨੀਵਰਸਿਟੀ ਵਿਚ ਚੋਣਾਂ ਜਿੱਤਣ ਪਿੱਛੋਂ ਚੁਣੇ ਹੋਏ ਅਹੁਦੇਦਾਰ ਸੋਨੀਆਂ ਗਾਂਧੀ ਤੋਂ ਆਸ਼ੀਰਵਾਦ ਲੈਣ ਗਏ। ਹੋਰਨਾਂ ਯੂਨੀਅਨਾਂ ਦਾ ਵੀ ਸਿੱਧੇ-ਅਸਿੱਧੇ ਰੂਪ ਵਿਚ ਪਾਰਟੀਆਂ ਨਾਲ ਸਬੰਧ ਹੈ ਜਾਂ ਕਿਹਾ ਜਾਏ ਵਿਦਿਆਰਥੀ ਸੰਗਠਨਾਂ ਨੂੰ ਉਹ ਆਪਣੀ ਵੋਟ-ਰਾਜਨੀਤੀ ਲਈ ਵਰਤਦੇ ਹਨ। ਅਜਿਹੀ ਸਥਿਤੀ ਵਿਚ ਵਿਦਿਆਰਥੀ ਰਾਜਨੀਤੀ ਨੂੰ ਨਿਰਪੱਖ ਰੂਪ ਨਾਲ ਵੇਖਣਾ ਵਿਦਿਆਰਥੀ ਵਰਗ ਨਾਲ ਬੇਇਨਸਾਫ਼ੀ ਹੋਵੇਗੀ। ਨਾ ਹੀ ਇਸ ਤਰ੍ਹਾਂ ਅਪਰਾਧੀ-ਕਰਨ ਦੀ ਸਮੱਸਿਆ ਨਾਲ ਹੀ ਨਿਪਟਿਆ ਜਾ ਸਕਦਾ ਹੈ।

ਪਿਛਲੇ ਦਿਨੀਂ ਚੌਧਰੀ ਚਰਨ ਸਿੰਘ ਯੂਨੀਵਰਸਿਟੀ ਮੇਰਠ ਵਿਚ ਅਰਾਜਕਤਾ ਹੋਈ ਸੀ। ਸਨਾਤਕ ਪੱਧਰ ਦੀਆਂ ਪ੍ਰੀਖਿਆ ਕਾਪੀਆਂ ਸ਼੍ਰੇਣੀ ਅੱਠਵੀਂ ਦੇ ਬੱਚਿਆਂ ਵੱਲੋਂ ਜਾਂਚੇ ਜਾਣ ਦੇ ਖ਼ਿਲਾਫ਼ ਗੁੱਸੇ ਵਿਚ ਆਏ ਵਿਦਿਆਰਥੀਆਂ ਨੇ ਯੂਨੀਵਰਸਿਟੀ ਤੇ ਦੋਸ਼ੀ ਦੇ ਘਰ ਦੀ ਤੋੜ-ਭੰਨ ਕਰ ਦਿੱਤੀ ਸੀ। ਇਸ ਦੇ ਬਾਵਜੂਦ ਕਿ ਉਸ ਵਿਚ ਜਾਤੀ ਰਾਜਨੀਤੀ ਦਾ ਦਖ਼ਲ ਸੀ। ਤੋੜ-ਫੋੜ ਵਿਚ ਸ਼ਾਮਲ ਵਿਦਿਆਰਥੀ ਕਾਨੂੰਨ ਅਨੁਸਾਰ ਅਪਰਾਧੀ ਹਨ। ਚੋਣਾਂ ਨਹੀਂ ਲੜ ਸਕਦੇ ਪਰ ਮੇਰਠ ਵਿਚ ਜੋ ਹੋਇਆ ਉਹ ਅਰਾਜਕਤਾ ਹੈ ਤਾਂ ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਵਿਚ ਵਿਧਾਇਕਾਂ ਵਲੋਂ ਇਕ ਦੂਜੇ 'ਤੇ ਜੁੱਤੇ ਚੱਪਲਾਂ, ਕੁਰਸੀ, ਮੇਜ਼ ਮਾਰਨਾ, ਮਣੀਪੁਰ ਵਿਧਾਨ ਸਭਾ ਵਿਚ ਵਿਧਾਇਕਾਂ ਵਲੋਂ ਪੇਸ਼ਾਬ ਕਰਨਾ, ਪਿਛਲੇ ਦਿਨੀਂ ਸੰਸਦ ਵਿਚ ਚੱਲੀ ਘਸੁੰਨ-ਮੁੱਕੀ ਨੂੰ ਕੀ ਕਹੋਗੇ ? ਉਜੈਨ ਦੀ ਘਟਨਾ, ਅਰਾਜਕਤਾ, ਅਪਰਾਧੀ-ਕਰਨ ਵਿਦਿਆਰਥੀ ਰਾਜਨੀਤੀ ਨੂੰ ਪ੍ਰਤੀਬਿੰਬਤ ਕਰਨ ਦੇ ਬਹਾਨੇ ਹੀ ਹਨ। ਹਾਕਮ ਜਮਾਤ ਜਾਣਦੀ ਹੈ ਕਿ ਵਿਦਿਆਰਥੀ ਨੌਜਵਾਨ ਤਬਕਾ ਊਰਜਾ ਭਰਪੂਰ ਹੁੰਦਾ ਹੈ। ਸਹੀ ਦਿਸ਼ਾ ਪਕੜਨ ਪਿੱਛੋਂ ਵਿਚਾਰਾਂ ਪ੍ਰਤੀ ਪ੍ਰਤੀਬੱਧਤਾ ਤੇ ਉਸ ਨੂੰ ਟੀਚੇ ਤਕ ਪਹੁੰਚਾਣ ਦੇ ਜਨੂੰਨ ਨੂੰ ਕੰਟਰੋਲ ਕਰਨਾ ਮੁਸ਼ਕਲ ਹੈ। ਆਜ਼ਾਦੀ ਸੰਗਰਾਮ ਦੇ ਦਿਨਾਂ ਵਿਚ ਭਗਤ ਸਿੰਘ ਵਰਗੇ ਨੌਜਵਾਨਾਂ ਤੇ ਬਾਅਦ ਵਿਚ ਮਾਓਵਾਦੀ ਅੰਦੋਲਨ ਦੇ ਸਬਕ ਉਹਨਾਂ ਕੋਲ ਹਨ। ਮਹਾਤਮਾ ਗਾਂਧੀ ਵਰਗਾ ਵਿਅਕਤੀ ਭਗਤ ਸਿੰਘ ਵਰਗੇ ਨੌਜਵਾਨਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ। ਦਸ ਹਜ਼ਾਰ ਵਿਚ ਵਿਕਣ ਵਾਲੇ ਨੇਤਾ ਕਿਵੇਂ ਵਿਦਿਆਰਥੀਆਂ ਨੂੰ ਗੁੰਮਰਾਹ ਕਰਨਗੇ ?

1991 ਵਿਚ ਸਾਮਰਾਜੀ ਸਰਪ੍ਰਸਤੀ ਵਾਲੇ ਉਦਾਰੀਕਰਨ, ਨਿੱਜੀਕਰਲ, ਭੂਮੰਡਲੀਕਰਨ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਵਾਲੀ ਹਾਕਮ ਜਮਾਤ ਇਕ ਪਾਸੇ ਸੱਤਾ ਦੇ ਵਿਕੇਂਦਰੀਕਰਨ ਦੇ ਨਾਹਰੇ ਨਾਲ ਪੰਚਾਇਤੀ ਰਾਜ, ਜਨਤਾ ਦੇ ਹੱਥ ਵਿਚ ਸੱਤਾ, ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਟ੍ਰੇਡ ਯੂਨੀਅਨਾਂ ਤੇ ਵਿਦਿਆਰਥੀ ਯੂਨੀਅਨਾਂ ਦੇ ਅਧਿਕਾਰ ਖ਼ਤਮ ਕਰਨ ਵੱਲ ਵਧ ਰਿਹਾ ਹੈ। ਭਾਰਤੀ ਸੰਸਦੀ ਪ੍ਰਬੰਧ (ਵਿਧਾਨ ਸਭਾਵਾਂ, ਜ਼ਿਲਾ ਪ੍ਰੀਸ਼ਦਾਂ, ਪੰਚਾਇਤਾਂ) ਤੇ ਆਮ ਆਦਮੀ ਦੇ ਸੰਘਰਸ਼ ਦੇ ਮੋਰਚੇ (ਵਿਦਿਆਰਥੀ ਸੰਗਠਨ ਤੇ ਟ੍ਰੇਡ ਯੂਨੀਅਨਾਂ) ਦੇ ਉੱਦਮ ਤੇ ਵਿਕਾਸ ਦੀ ਯਾਤਰਾ 'ਆਜ਼ਾਦੀ ਸੰਘਰਸ਼' ਦੌਰਾਨ ਉਲਟ ਚੱਲੀ ਹੈ। ਸੰਸਦੀ ਪ੍ਰਬੰਧ ਦਾ ਵਿਕਾਸ 1935 ਤੋਂ (1861 ਕਹਿਣਾ ਬੇਹਤਰ ਹੋਵੇਗਾ) ਹੋ ਕੇ ਪੰਚਾਇਤੀ ਰਾਜ ਤਕ ਪਹੁੰਚ ਗਿਆ। ਵਿਦਿਆਰਥੀ ਸੰਗਠਨ ਤੇ ਟ੍ਰੇਡ ਯੂਨੀਅਨ ਪੂਰੀ ਤਰ੍ਹਾਂ ਵਿਕਸਤ ਹੋਏ ਬਗ਼ੈਰ ਹੀ ਸਮਾਪਤੀ ਵੱਲ ਵਧ ਰਹੇ ਹਨ। ਜਦ ਕਿ ਵਿਦਿਆਰਥੀ ਤੇ ਮਜ਼ਦੂਰ ਲੋਕ ਰਾਜੀ ਅਧਿਕਾਰਾਂ ਨੂੰ ਵਧਾਉਣ ਦੀ ਗੱਲ ਕਰ ਰਹੇ ਹਨ। ਕਾਰਨ ਸਪੱਸ਼ਟ ਹੈ ਕਿ ਸੰਸਦੀ ਵਿਵਸਥਾ ਨੇ ਦੇਸ਼ ਵਿਚ ਆਮ ਲੋਕਾਂ ਦੇ ਸੰਘਰਸ਼ਾਂ ਨੂੰ ਹਮੇਸ਼ਾਂ ਕਮਜ਼ੋਰ ਤੇ ਪ੍ਰਭਾਵਿਤ ਕੀਤਾ ਹੈ। ਇਸ ਲਈ ਇਸ ਦਾ ਵਿਕਾਸ ਪ੍ਰਭਾਵਿਤ ਕਰਨ ਲਈ ਹੁੰਦਾ ਰਿਹਾ ਹੈ। ਵਿਦਿਆਰਥੀ ਰਾਜਨੀਤੀ ਤੇ ਟ੍ਰੇਡ ਯੂਨੀਅਨ ਅੰਦੋਲਨ ਹਮੇਸ਼ਾਂ ਸੱਤਾ ਦੇ ਹਿੱਤਾਂ ਨਾਲ ਟਕਰਾਏ ਹਨ। ਇਸ ਲਈ ਹਾਕਮ ਜਮਾਤ ਦੀਆਂ ਅੱਖਾਂ ਵਿਚ ਚੁਭਦੇ ਹਨ। ਸੰਸਦੀ ਪ੍ਰਬੰਧ ਦਾ ਵਿਕਾਸ ਅੰਦੋਲਨ ਦੀ ਤੀਬਰਤਾ ਦੇ ਅਨੁਰੂਪ ਨਿਮਲ ਪ੍ਰਕਾਰ ਨਾਲ ਹੁੰਦਾ ਹੈ।

ਵੀਹਵੀਂ ਸ਼ਤਾਬਦੀ ਦੇ ਦੂਜੇ ਦਹਾਕੇ ਦੇ ਅੰਤ ਤੇ ਤੀਜੇ ਦਹਾਕੇ ਦੇ ਆਰੰਭ ਵਿਚ ਭਗਤ ਸਿੰਘ ਦੀ ਵਿਚਾਰਧਾਰਾ ਤੇ ਉਹਨਾਂ ਨੂੰ ਫ਼ਾਂਸੀ ਦੇਣ ਪਿੱਛੋਂ ਬੁੱਧੀਜੀਵੀ ਵਰਗ ਦਾ ਆਕਰਸ਼ਨ ਇਨਕਲਾਬੀ ਧਾਰਾ ਵੱਲ ਵਧਣ ਲੱਗਿਆ ਸੀ।

ਬੁੱਧੀਜੀਵੀ ਵਰਗ ਨੂੰ ਭਰਮਾਉਣ ਲਈ 1935 ਦਾ ਭਾਰਤ ਹਕੂਮਤੀ ਕਨੂੰਨ ਬਣਾਇਆ ਗਿਆ। ਚੋਣਾਂ ਵਿਚ ਸਰਮਾਏਦਾਰ, ਜ਼ਿਮੀਂਦਾਰ, ਕਰ-ਦਾਤਾ ਤੇ ਸਿੱਖਿਅਤ ਵਰਗ (ਬੁੱਧੀਜੀਵੀਆਂ) ਨੂੰ ਹੀ ਵੋਟ ਪਾਉਣ ਦਾ ਹੱਕ ਸੀ। ਇਸੇ ਕਾਨੂੰਨ ਦੇ ਤਹਿਤ 1937 ਤੋਂ ਚੋਣਾਂ ਹੋ ਰਹੀਆਂ ਹਨ। 40 ਦੇ ਦਹਾਕੇ ਦੇ ਮੱਧ ਵਿਚ ਨੌ-ਸੈਨਾ, ਵਾਯੂ-ਸੈਨਾ ਵਿਦਰੋਹ, ਮਜ਼ਦੂਰ ਅੰਦੋਲਨ ਦੀ ਲੜੀ ਤੇ ਤੇਲੰਗਾਨਾ ਦੇ ਇਤਿਹਾਸਕ ਕਿਸਾਨ ਸੰਘਰਸ਼ ਤੋਂ ਘਬਰਾ ਕੇ ਅੰਗਰੇਜ਼ਾਂ ਨੂੰ 1946 ਜੂਨ ਵਿਚ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ 'ਰਾਸ਼ਟਰੀ ਸਰਕਾਰ' ਦਾ ਗਠਨ ਕੀਤਾ ਅਤੇ ਨਵੇਂ ਸੰਵਿਧਾਨ ਵਿਚ ਸਭ ਨੂੰ ਵੋਟ ਦਾ ਅਧਿਕਾਰ ਦਾ ਛੁਣਛੁਣਾ ਫੜਾਇਆ। ਕਮਿਊਨਿਸਟ ਪਾਰਟੀ ਦੀ ਅਗਵਾਈ ਨੇ ਵੀ ਸੰਸਦੀ ਸੰਘਰਸ਼ ਵਿਚ ਉਤਰਨ ਲਈ ਸੰਘਰਸ਼ ਵਾਪਸ ਲੈ ਲਿਆ। 1950 ਦੇ ਯੁਵਾ ਮਤ ਅਧਿਕਾਰ ਦਾ ਅਸਲੀ ਉਦੇਸ਼ ਇਹੀ ਸੀ। ਆਜ਼ਾਦੀ ਪਿੱਛੋਂ ਨਕਸਲਵਾਦੀ ਤੇ ਜੇ. ਪੀ. ਦੇ ਅੰਦੋਲਨ ਵਿਚ ਨੌਜਵਾਨਾਂ

ਦੀ ਮੋਹਰੀ ਭੂਮਿਕਾ ਨੇ ਸੱਤਾ ਪੱਖ ਨੂੰ ਹਿਲਾ ਦਿੱਤਾ ਤਾਂ 18 ਸਾਲ ਦੇ ਵੋਟ ਹੱਕ ਦਾ ਮਸੌਦਾ ਲਿਆ ਗਿਆ। ਧਿਆਨ ਰਹੇ ਕਿ 18 ਸਾਲ ਦਾ ਵੋਟ ਦਾ ਹੱਕ ਦਿੱਤਾ ਗਿਆ ਪਰ ਵਿਦਿਆਰਥੀਆਂ ਨੂੰ ਲਗਾਤਾਰ ਰਾਜਨੀਤੀ ਤੋਂ ਦੂਰ ਰਹਿਣ ਦਾ ਸੁਝਾਅ ਵੀ ਦਿੱਤਾ ਗਿਆ। ਵਿਦਿਆਰਥੀ ਰਾਜਨੀਤੀ ਤੇ ਟ੍ਰੇਡ ਯੂਨੀਅਨ ਕੋਲ ਇਤਿਹਾਸ ਵਿਚ ਅਜਿਹੇ ਮੀਲ ਪੱਥਰ ਹਨ ਜੋ ਅੱਜ ਵੀ ਯਾਦ ਕੀਤੇ ਜਾਂਦੇ ਹਨ। ਸੱਤਾ ਪੱਖ ਦੀਆਂ ਪਾਰਟੀਆਂ ਦੇ ਕੋਲ ਸਮਝੌਤਾ-ਪ੍ਰਸਤੀ, ਬੇਈਮਾਨੀ ਤੋਂ ਇਲਾਵਾ ਕੁਝ ਵੀ ਨਹੀਂ ਹੈ। ਕਈ ਰਾਜਸੀ ਨੇਤਾਵਾਂ ਨੂੰ ਅੱਜ ਵੀ ਟ੍ਰੇਡ ਯੂਨੀਅਨ ਅੰਦੋਲਨ ਜਾਂ ਵਿਦਿਆਰਥੀ ਰਾਜਨੀਤੀ ਦੌਰਾਨ ਜੁਝਾਰੂਪਣ ਲਈ ਯਾਦ ਕੀਤਾ ਜਾਂਦਾ ਹੈ। ਜਾਰਜ ਫਰਨਾਂਡੀਜ਼ ਤੋਂ ਲੈ ਕੇ ਤੀਜੇ ਮੋਰਚੇ ਦੀ ਰਾਜਨੀਤੀ ਕਰਨ ਵਾਲੇ ਅੱਜ ਵੀ ਅਤੀਤ ਦੇ ਜੁਝਾਰੂ ਮੰਨੇ ਜਾਂਦੇ ਹਨ। ਪਰ ਸੰਸਦੀ ਰਾਜਨੀਤੀ ਵਿਚ ਸਭ ਤੋਂ ਵੱਡੇ ਮੌਕਾ-ਪ੍ਰਸਤ ਹਨ। 1946 ਵਿਚ ਜਦ ਦੇਸ਼ ਦੇ ਉੱਚ ਨੇਤਾ ਅੰਗਰੇਜ਼ਾਂ ਨਾਲ ਸਮਝੌਤਾ ਕਰਨ ਵਿਚ ਲੱਗੇ ਹੋਏ ਸਨ, ਵਿਦਿਆਰਰਥੀ ਨੌਜਵਾਨ ਤੇਲੰਗਾਨਾ ਅੰਦੋਲਨ ਵਿਚ ਹਿੱਸਾ ਲੈ ਰਹੇ ਸਨ। ਮਜ਼ਦੂਰਾਂ ਨੇ 1946 ਦੇ ਪਹਿਲੇ ਮਹੀਨੇ ਵਿਚ 1977 ਹੜਤਾਲਾਂ ਕੀਤੀਆਂ। 14 ਲੱਖ ਮਜ਼ਦੂਰ ਇਹਨਾਂ ਹੜਤਾਲਾਂ ਵਿਚ ਸ਼ਾਮਲ ਹੋਏ। ਰਾਜਸੀ ਪਾਰਟੀਆਂ ਕੋਲ ਅਜਿਹੀ ਕੋਈ ਉਦਾਹਰਣ ਨਹੀਂ ਹੈ, ਜਿਸ ਤੋਂ ਵਿਦਿਆਰਥੀ ਰਾਜਨੀਤੀ ਕੁਝ ਸਿੱਖੇ। ਚਾਹੇ ਉਹ ਬੁਰਜੂਆ ਰਾਜਸੀ ਪਾਰਟੀਆਂ ਹੀ ਹੋਣ ਜਾਂ ਵੱਖ-ਵੱਖ ਰੰਗਾਂ ਦੇ ਸੰਸਦੀ ਰਾਜਨੀਤੀ ਕਰਨ ਵਾਲੇ ਖੱਬੇ-ਪੱਖੀ। ਹਾਕਮ ਜਮਾਤ ਜਾਣਦੀ ਹੈ ਕਿ ਨੌਜਵਾਨ ਮਜ਼ਦੂਰ ਕਿਸਾਨ ਕਿਸੇ ਨੂੰ ਵੀ ਵੋਟ ਦੇਣ, ਉਹ ਪਤਨ ਦੇ ਰਾਹ ਤੋਂ ਹੀ ਸੰਸਥਾਵਾਂ ਵਿਚ ਪਹੁੰਚੇਗਾ। ਜਾਂ ਬਾਅਦ ਵਿਚ 'ਐਡਜੈਸਟ' ਕਰ ਲਿਆ ਜਾਵੇਗਾ। ਕਿੰਨਾ ਹੀ ਈਮਾਨਦਾਰ ਜਾਂ ਜੁਝਾਰੂ ਹੋਵੇ, ਸਰਮਾਏਦਾਰ ਜਮਾਤ ਦੀ ਸੱਤਾ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਜਦ ਕਿ ਵਿਦਿਆਰਥੀ ਯੂਨੀਅਨ ਤੇ ਟ੍ਰੇਡ ਯੂਨੀਅਨ ਦੀ ਮੌਜੂਦਗੀ ਵਾਲੇ ਅਦਾਰਿਆਂ ਵਿਚ ਸਾਮਰਾਜੀ ਨੀਤੀਆਂ ਨੂੰ ਲਾਗੂ ਕਰਨ ਵਿਚ ਉਹ ਅੜਿੱਕਾ ਬਣਦੇ ਹਨ। ਇਹ ਯਾਦ ਦਿਵਾਉਣਾ ਗ਼ੈਰ-ਪ੍ਰਾਸੰਗਿਕ ਨਹੀਂ ਹੋਵੇਗਾ ਕਿ ਦਿੱਲੀ ਯੂਨੀਅਨ ਦੀ ਵਿਦਿਆਰਥੀ ਰਾਜਨੀਤੀ ਜੋ ਗ਼ੈਰ-ਸੰਵਿਧਾਨਕ ਤਰ ਤਰੀਕੇ ਅਖ਼ਤਿਆਰ ਕਰਦੀ ਰਹੀ ਹੈ (ਬਾਬਰੀ ਮਸਜਿਦ ਦਾ ਢਹਿਣਾ ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ) ਵਿਦਿਆਰਥੀ ਰਾਜਨੀਤੀ ਵਿਚ ਵੀ ਹਮਲਾਵਰ ਰੁਝਾਨ ਪੈਦਾ ਕੀਤਾ ਹੈ।

ਉਜੈਨ ਦੀ ਘਟਨਾ ਨੂੰ ਉਸੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ। ਵਿਦਿਆਰਥੀ ਰਾਜਨੀਤੀ ਨੂੰ ਅਪਰਾਧੀ-ਕਰਨ, ਅਰਾਜਕਤਾ ਤੋਂ ਮੁਕਤ ਕਰਵਾਉਣ ਲਈ ਉਸ ਦੇ ਅਧਿਕਾਰਾਂ ਨੂੰ ਵਧਾਉਣ ਤੇ ਲੋਕਤੰਤਰੀ-ਕਰਨ ਕਰਨਾ ਜ਼ਰੂਰੀ ਹੈ। ਵਿਦਿਆਰਥੀ ਯੂਨੀਅਨਾਂ ਨੂੰ ਵਿਦਿਆਰਥੀਆਂ ਦੀ ਆਜ਼ਾਦ ਸੰਸਥਾ ਬਣਾਇਆ ਜਾਵੇ, ਜਿਸ ਵਿਚ ਸਰਕਾਰੀ ਦਖ਼ਲ-ਅੰਦਾਜ਼ੀ (ਵਾਈਸ-ਚਾਂਸਲਰ, ਰਾਜਪਾਲ ਤੇ

ਸਰਕਾਰੀ) ਆਦਿ ਨਾ ਹੋਵੇ, ਸਿਖਿਆ ਨੀਤੀ, ਸਿਲੇਬਸ, ਟੈਕਸ ਪ੍ਰਣਾਲੀ ਆਦਿ ਸਿੱਖਿਆ ਸਬੰਧੀ ਨੀਤੀਆਂ 'ਤੇ ਵਿਦਿਆਰਥੀ ਸੰਗਠਨਾਂ ਦੀ ਰਾਇ ਲਾਜ਼ਮੀ ਹੋਵੇ ਤਾਂ ਸਾਫ਼ ਸੁਥਰੀ ਰਾਜਨੀਤੀ ਵਿਚ ਹਿੱਸਾ ਲੈਣ ਵਾਲਾ ਵਿਦਿਆਰਥੀ ਯੂਨੀਅਨ ਦੇ ਮਹੱਤਵ ਨੂੰ ਸਮਝ ਕੇ ਰਾਜਨੀਤੀ ਵਿਚ ਆਵੇਗਾ। ਜ਼ਰੂਰਤ ਹੈ ਰਾਜਸੀ ਪਾਰਟੀਆਂ ਨੂੰ ਨਕੇਲ ਪਾਉਣ ਦੀ ਤਾਂਕਿ ਉਹ ਵਿਦਿਆਰਥੀ ਰਾਜਨੀਤੀ ਵਿਚ ਦਖ਼ਲ-ਅੰਦਾਜ਼ੀ ਕਰਨ ਦੀ ਜ਼ੁਰਅੱਤ ਨਾ ਕਰਨ। ਜਿਥੋਂ ਤਕ ਚੋਣ ਅਮਲ ਦਾ ਸਬੰਧ ਹੈ, ਜ਼ਮਾਨਤ ਰਾਸ਼ੀ, ਚੋਣ ਖ਼ਰਚਾ ਆਦਿ ਦੀ ਜ਼ਰੂਰਤ ਨਹੀਂ। ਉਮੀਦਵਾਰ ਵਿਦਿਆਰਥੀਆਂ ਦੀ ਗੱਲ ਆਮ ਵਿਦਿਆਰਥੀਆਂ ਤਕ ਲਿਖਤੀ ਜਾਂ ਸਭਾ ਰਾਹੀਂ ਪਹੁੰਚਾਉਣ ਦੀ ਵਿਵਸਥਾ ਵੀ ਯੂਨੀਵਰਸਿਟੀ ਪ੍ਰਸ਼ਾਸਨ ਦੀ ਹੋਣੀ ਚਾਹੀਦੀ ਹੈ।

ਪਰ ਜਦ ਹਵਾ, ਪਾਣੀ ਵਰਗੇ ਬੁਨਿਆਦੀ ਅਧਿਕਾਰ ਹੀ ਖੋਹੇ ਜਾ ਰਹੇ ਹੋਣ ਤਾਂ ਜਮਹੂਰੀ ਅਧਿਕਾਰਾਂ ਦੀ ਸੁੱਧ-ਬੁੱਧ ਕੌਣ ਲਵੇਗਾ ?

# ਇਹ ਕੈਸਾ ਸਿੱਖਿਆ ਦਾ ਮਜ਼ਾਕ ?

ਸਹਿਰਸਾ ਦੇ ਸਾਹੂਗੜ੍ਹ ਸਥਿਤ ਕਾਮਰਸ ਕਾਲਜ ਵਿਚ ਇੰਟਰ-ਮੀਡੀਏਟ ਦੇ ਕਰੀਬ 500 ਅਜਿਹੇ ਵਿਦਿਆਰਥੀ ਇਮਤਿਹਾਨ ਦੇ ਰਹੇ ਹਨ ਜਿਹਨਾਂ ਕੋਲ ਦਾਖ਼ਲਾ ਪੱਤਰ ਨਹੀਂ ਹਨ। ਇਹਨਾਂ ਨੂੰ ਪ੍ਰੀਖਿਆ ਵਿਚ ਸ਼ਾਮਲ ਕਰਨ ਦਾ ਫ਼ੈਸਲਾ ਮੇਘੁਪੁਰਾ ਜ਼ਿਲਾ ਪ੍ਰਸ਼ਾਸਨ ਤੇ ਇੰਟਰ-ਮੀਡੀਏਟ ਸਿੱਖਿਆ ਪ੍ਰੀਸ਼ਦ ਨੂੰ ਦਬਾਅ ਕਾਰਨ ਲੈਣਾ ਪਿਆ ਕਿਉਂਕਿ ਇਹ ਵਿਦਿਆਰਥੀ ਸੜਕਾਂ 'ਤੇ ਉੱਤਰ ਆਏ ਸਨ ਅਤੇ ਮੇਘੁਪੁਰਾ ਵਿਚ ਕਾਨੂੰਨ ਪ੍ਰਬੰਧ ਸਾਹਮਣੇ ਚੁਣੌਤੀ ਬਣ ਗਏ ਸਨ।

ਵਿਦਿਆਰਥੀਆਂ ਦਾ ਦਾਅਵਾ ਹੈ ਕਿ ਕਾਲਜ ਪ੍ਰਬੰਧਕਾਂ ਨੇ ਉਹਨਾਂ ਦੇ ਫ਼ਾਰਮ ਭਰਵਾਏ ਸਨ। ਕਾਲਜ ਪ੍ਰਬੰਧ ਵੀ ਇਹ ਦਾਅਵਾ ਕਰ ਰਿਹਾ ਹੈ ਕਿ ਉਸ ਨੇ ਵਿਦਿਆਰਥੀਆਂ ਦੇ ਫ਼ਾਰਮ ਇੰਟਰ-ਮੀਡੀਏਟ ਸਿੱਖਿਆ ਪ੍ਰੀਸ਼ਦ ਨੂੰ ਭੇਜ ਦਿੱਤੇ ਸਨ। ਇਸੇ ਵਿਦਿਆਰਥੀ ਉਸ ਮੇਘੁਪੁਰਾ ਕਾਲਜ ਨਾਲ ਜੁੜੇ ਹਨ, ਜਿਥੇ 2003 ਵਿਚ ਗਯਾ ਦੇ ਮਹੇਸ਼ ਸਿੰਘ ਯਾਦਵ ਕਾਲਜ ਦੇ ਵਿਦਿਆਰਥੀਆਂ ਦੀਆਂ ਉੱਤਰ-ਪੁਸਤਕਾਂ ਦੀ ਜਾਂਚ ਹੋਈ ਸੀ ਅਤੇ ਉਦਾਰਤਾ ਨਾਲ ਅੰਕ ਵੰਡੇ ਜਾਣ ਕਰਕੇ ਇਸ ਕਾਰਜ ਦੇ ਵਿਦਿਆਰਥੀ ਪ੍ਰੀਸ਼ਦ ਦੀ ਮੇਘਾ ਸੂਚੀ ਇਕ ਤੋਂ 100 ਤਕ ਛਾ ਗਏ ਸਨ। ਉਤਰ-ਕਾਪੀਆਂ ਦੀ ਦੁਬਾਰਾ ਜਾਂਚ ਵਿਚ ਸਭ ਟਾਪਰ ਦੂਜੀ ਤੋਂ ਤੀਜੀ ਸ਼੍ਰੇਣੀ ਤਕ ਕਰਾਰ ਦਿੱਤੇ ਗਏ ਸਨ। ਸੂਬੇ ਦੇ ਰਾਜਪਾਲ ਆਰ. ਐੱਸ. ਗਵਾਈ ਰਾਜ ਵਿਚ ਚੌਪਟ ਹੋ ਚੁੱਕੀ ਉੱਚ-ਸਿੱਖਿਆ ਵਿਚ ਸੁਧਾਰ ਦੇ ਯਤਨਾਂ ਵਿਚ ਜੁਟੇ ਹੋਏ ਹਨ ਅਤੇ ਇਸ ਤਰ੍ਹਾਂ ਕਾਲਜਾਂ ਵਿਚ ਪੜ੍ਹਨ-ਪੜ੍ਹਾਉਣ ਦਾ ਮਾਹੌਲ ਬਣਿਆ ਵੀ ਹੈ ਅਤੇ ਅਧਿਆਪਕ ਹੁਣ ਕਾਲਜਾਂ ਵਿਚ ਨਜ਼ਰ ਆਉਣ ਲੱਗੇ ਹਨ ਪਰ ਅਜੇ ਵੀ ਕੌੜਾ ਸੱਚ ਇਹ ਹੈ ਕਿ ਸਕੂਲੀ ਤੇ ਤਕਨੀਕੀ, ਕਾਲਜੀ ਤੇ ਕਾਰੋਬਾਰੀ ਸਿੱਖਿਆ ਵਿਚਕਾਰ ਇਕ ਅਹਿਮ ਕੜੀ ਇੰਟਰ-ਮੀਡੀਏਟ ਸਿੱਖਿਆ ਦੇ ਖੇਤਰ ਵਿਚ ਸੁਧਾਰ ਦੇ ਲੱਛਣ ਨਹੀਂ ਦਿਸ ਰਹੇ ਹਨ। ਇਹ ਅਜੇ ਸਿੱਖਿਆ ਮਾਫ਼ੀਆ ਦੇ ਚੰਗੁਲ ਵਿਚੋਂ ਨਿਕਲ ਨਹੀਂ ਸਕੀ ਹੈ।

ਵੈਸੇ ਗਵਈ ਸਿੱਖਿਆ ਦੇ ਸੁਧਾਰ ਦੇ ਆਪਣੇ ਯਤਨਾਂ ਵਿਚ ਯੂਨੀਵਰਸਿਟੀਆਂ ਦੇ ਚਾਂਸਲਰਾਂ ਦਾ ਸਹਿਯੋਗ ਨਾ ਮਿਲਣ ਤੋਂ ਖ਼ਫ਼ਾ ਹਨ। ਉਹਨਾਂ ਨੇ ਸਾਫ਼ ਕਿਹਾ ਵੀ ਕਿ ਚਾਂਸਲਰ ਉਹਨਾਂ ਦੀ ਗੱਲ ਨਹੀਂ ਮੰਨਦੇ ਹਨ। ਹਾਲ ਦੀ ਘੜੀ 12 ਫ਼ਰਵਰੀ ਤੋਂ ਇੰਟਰ-ਮੀਡੀਏਟ ਦਾ ਇਮਤਿਹਾਨ ਸ਼ੁਰੂ ਹੋਇਆ ਤਾਂ ਅਚਾਨਕ ਮੇਘੁਪੁਰਾ, ਸਹਿਰਸਾ, ਗਯਾ, ਹਾਜ਼ੀਪੁਰ, ਛਪਰਾ ਤੇ ਸੀਤਾਮੜੀ ਵਿਚ ਵਿਦਿਆਰਥੀਆਂ ਦਾ ਗੁੱਸਾ

ਉਬਲ ਪਿਆ। ਪ੍ਰਸ਼ਾਸਨ ਦੀ ਮੰਨੀਏ ਤਾਂ ਵਿਦਿਆਰਥੀ ਨਕਲ ਦੀ ਛੋਟ ਚਾਹੁੰਦੇ ਹਨ ਤੇ ਇਹ ਛੋਟ ਨਾ ਮਿਲਣ ਕਰਕੇ ਉਤੇਜਿਤ ਹੋਏ। ਇਹ ਗੱਲ ਬਹੁਤ ਹੱਦ ਤਕ ਸੱਚ ਵੀ ਹੈ ਕਿ ਪਰ ਪਰਦੇ ਪਿੱਛੇ ਦੇ ਖੇਲ ਦੀ ਅਣਦੇਖੀ ਕਰ ਕੇ ਇਹ ਸਿੱਕੇ ਦੇ ਇਕ ਹੀ ਪਹਿਲੂ ਨੂੰ ਰੇਖਾਂਕਿਤ ਕਰਦਾ ਹੈ। ਆਖ਼ਰ ਜਦ ਫ਼ਾਰਮ ਭਰਵਾਉਣ ਸਮੇਂ ਇਹ ਲਾਲਚ ਮਿਲਿਆ ਹੋਵੇ ਕਿ ਨਕਲ ਦੀ ਛੋਟ ਹੋਵੇਗੀ, ਜਿਵੇਂ ਪਹਿਲਾਂ ਵੀ ਹੁੰਦਾ ਆ ਰਿਹਾ ਹੈ ਤਾਂ ਸਿਰਫ਼ ਵਿਦਿਆਰਥੀਆਂ 'ਤੇ ਨਕੇਲ ਕੱਸ ਕੇ ਪ੍ਰੀਖਿਆ ਦੀ ਪਵਿੱਤਰਤਾ ਦਾ ਦਾਅਵਾ ਕਿਵੇਂ ਕੀਤਾ ਜਾ ਸਕਦਾ ਹੈ। ਇੰਟਰ-ਮੀਡੀਏਟ ਦੀ ਪ੍ਰੀਖਿਆ 12 ਫ਼ਰਵਰੀ ਤੋਂ ਸ਼ੁਰੂ ਹੋਈ ਕਿ ਮੇਘੁਪੁਰਾ ਤੇ ਬਿਹਾਰ ਸ਼ਰੀਫ਼ ਵਿਚ ਪ੍ਰੀਖਿਆ ਸੈਂਟਰਾਂ ਵਿਚ ਵਿਦਿਆਰਥੀਆਂ ਨੇ ਘੁਸ ਕੇ ਤੋੜ-ਭੰਨ, ਅੱਗਜ਼ਨੀ ਤੇ ਇਮਤਿਹਾਨ ਦੇ ਰਹੇ ਵਿਦਿਆਰਥੀਆਂ ਤੋਂ ਉੱਤਰ-ਕਾਪੀਆਂ ਖੋਹ ਕੇ ਪਾੜ ਦੇਣ ਦੀਆਂ ਘਟਨਾਵਾਂ ਨੂੰ ਅੰਜ਼ਾਮ ਦੇਣਾ ਸ਼ੁਰੂ ਕਰ ਦਿੱਤਾ। ਝਮੇਲਾ ਪਾਉਣ ਵਾਲੇ ਵਿਦਿਆਰਥੀਆਂ ਦਾ ਦੋਸ਼ ਸੀ ਕਿ ਫ਼ਾਰਮ ਭਰਨ ਦੇ ਬਾਵਜੂਦ ਉਹਨਾਂ ਦਾ ਦਾਖ਼ਲਾ ਪੱਤਰ ਨਹੀਂ ਭੇਜਿਆ ਗਿਆ, ਜਿਸ ਕਾਰਨ ਉਹ ਇਮਤਿਹਾਨ ਤੋਂ ਵਾਂਝੇ ਹੋ ਰਹੇ ਹਨ। ਖ਼ਾਸ ਕਰ ਕੇ ਮੇਘੁਪੁਰਾ ਵਿਚ ਸਥਿਤੀ ਵੱਧ ਭਿਅੰਕਰ ਸੀ ਅਤੇ ਉਥੇ ਭੜਕੇ ਵਿਦਿਆਰਥੀਆਂ 'ਤੇ ਕੰਟਰੋਲ ਕਰਨ ਲਈ ਪੁਲਿਸ ਨੂੰ ਫ਼ਾਇਰਿੰਗ ਵੀ ਕਰਨੀ ਪਈ। ਸਥਿਤੀ ਦੀ ਗੰਭੀਰਤਾ ਨੂੰ ਵੇਖਦੇ ਹੋਇਆ ਇੰਟਰ-ਮੀਡੀਏਟ ਸਿੱਖਿਆ ਪ੍ਰੀਸ਼ਦ ਦੇ ਉਪ-ਸਕੱਤਰ ਮਨਮੋਹਨ ਚੌਧਰੀ ਜਾਇਜ਼ਾ ਲੈਣ ਲਈ ਮੇਘੁਪੁਰਾ ਪਹੁੰਚੇ। ਵਿਦਿਆਰਥੀਆਂ ਦੇ ਰੋਹ ਨੂੰ ਵੇਖਦਿਆਂ ਪ੍ਰੀਸ਼ਦ ਤੇ ਪ੍ਰਸ਼ਾਸਨ ਨੇ ਫ਼ੌਰਨ ਅਜਿਹੇ ਵਿਦਿਆਰਥੀਆਂ ਨੂੰ ਸਾਹੂਗੜ੍ਹ ਦੇ ਕਾਮਰਸ ਕਾਲਜ ਵਿਚ ਅਸਥਾਈ ਇਮਤਿਹਾਨ ਦੇਣ ਦੀ ਇਜਾਜ਼ਤ ਦੇ ਦਿੱਤੀ। ਪ੍ਰੀਸ਼ਦ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਪਰ ਸਕੱਤਰ ਨੇ ਜਦ ਮੇਘੁਪੁਰਾ ਕਾਲਜ ਵਿਚ ਵਿਦਿਆਰਥੀਆਂ ਦੇ ਫ਼ਾਰਮ ਭਰਨ ਦੇ ਦਾਅਵੇ ਦੀ ਜਾਂਚ ਲਈ ਸਬੰਧਿਤ ਕਾਗਜ਼ਾਤ ਕਾਲਜ ਪ੍ਰਬੰਧ ਤੋਂ ਮੰਗੇ ਤਾਂ ਉਹਨਾਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਲਾਈ ਗਈ ਅੱਗ ਵਿਚ ਉਹ ਸੜ ਗਏ। ਇਸ ਸਾਲ ਇੰਟਰ-ਮੀਡੀਏਟ ਸਿੱਖਿਆ ਪ੍ਰੀਸ਼ਦ ਇਸ ਗੱਲ ਨਾਲ ਗਦਗਦ ਹੈ ਕਿ ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਰੀਬ ਸਵਾ ਲੱਖ ਵਧ ਗਈ ਹੈ। ਵੈਸੇ ਅਜਿਹਾ ਸ਼ਾਇਦ ਹੀ ਕਿਧਰੇ ਹੋਇਆ ਹੋਵੇ ਕਿ ਇਮਤਿਹਾਨ ਤੋਂ ਕੁਝ ਦਿਨ ਪਹਿਲਾਂ ਤਕ ਵਿਦਿਆਰਥੀਆਂ ਦੀ ਰਿਜ਼ਰਵੇਸ਼ਨ ਕੀਤੀ ਜਾਵੇ। ਪ੍ਰੀਸ਼ਦ ਦੇ ਸਕੱਤਰ ਨਿਵਾਸ ਚੰਦਰ ਤਿਵਾੜੀ ਨੇ ਇਮਤਿਹਾਨ ਦੇਣ ਵਾਲਿਆਂ ਦੀ ਗਿਣਤੀ ਵਿਚ ਏਨੇ ਵਾਧੇ ਬਾਰੇ ਦੱਸਿਆ ਕਿ ਪ੍ਰਾਇਮਰੀ ਤੇ ਮਿਡਲ ਸਕੂਲ ਵਿਚ ਅਧਿਆਪਕਾਂ ਦੀ ਭਰਤੀ ਲਈ ਇੰਟਰ-ਮੀਡੀਏਟ ਸ਼ਰਤ ਤਹਿ ਕੀਤੇ ਜਾਣ ਕਰਕੇ ਪਹਿਲਾਂ ਹੀ ਦਸਵੀਂ ਉਪਰਲੇ ਵਿਦਿਆਰਥੀਆਂ ਨੇ ਇਸ ਵਾਰੀ ਇਮਤਿਹਾਨ ਦਾ ਫ਼ਾਰਮ ਭਰਿਆ ਹੈ। ਇਹ ਪੁੱਛਣ 'ਤੇ ਕਿ ਮੇਘੁਪੁਰਾ, ਛਪਰਾ, ਵੈਸ਼ਾਲੀ, ਨਾਲੰਦਾ, ਗਯਾ ਆਦਿ ਜ਼ਿਲਿਆਂ ਵਿਚ ਇਮਤਿਹਾਨ ਦੇਣ ਵਾਲੇ ਏਨੇ ਰੋਹ ਵਿਚ ਕਿਉਂ ਆਏ ਤਾਂ ਉਹਨਾਂ ਦਾ ਜੁਆਬ ਸੀ ਕਿ ਇਹ ਇਮਤਿਹਾਨ

ਵਿਚ ਨਕਲ ਦੀ ਛੋਟ ਚਾਹੁੰਦੇ ਹਨ। ਪਰ ਤਿਵਾੜੀ ਇਸ ਸੁਆਲ ਦਾ ਠੋਸ ਜੁਆਬ ਨਹੀਂ ਦੇ ਸਕੇ ਕਿ ਮੇਘੂਪੁਰਾ ਸਮੇਤ ਕਈ ਥਾਵਾਂ ’ਤੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਪ੍ਰੀਖਿਆ ਫ਼ਾਰਮ ਭਰਨ ਪਿੱਛੋਂ ਵੀ ਪ੍ਰਸ਼ਨ ਪੱਤਰ ਕਿਉਂ ਨਹੀਂ ਮਿਲੇ ? ਉਹ ਇਸ ਗੱਲ ਨੂੰ ਵੀ ਟਾਲ ਗਏ ਕਿ ਕਈ ਕਾਲਜਾਂ ਵੱਲੋਂ ਮਨਜ਼ੂਰ ਸ਼ੁਦਾ ਸੀਟਾਂ ਤੋਂ ਕਈ ਗੁਣਾਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਫ਼ਾਰਮ ਭਰਨ ’ਤੇ ਕੀ ਕਾਰਵਾਈ ਕੀਤੀ ਜਾਵੇਗੀ ?

ਗੌਰ ਕਰਨ ਵਾਲੀ ਗੱਲ ਇਹ ਹੈ ਕਿ ਇਸ ਵਾਰੀ ਭਾਵੇਂ ਵਿਦਿਆਰਥੀਆਂ ਦੀ ਗਿਣਤੀ ਇਕ ਲੱਖ 20 ਹਜ਼ਾਰ ਵਧ ਗਈ ਹੈ ਪਰ ਸੂਤਰਾਂ ਮੁਤਾਬਿਕ ਇਹ ਇਫੀਲੀਏਟਡ ਕਾਲਜਾਂ ਵਿਚ ਸਰਕਾਰੀ 10+2 ਸਕੂਲਾਂ ਵਿਚ ਨਹੀਂ ਵਧੀ ਬਲਕਿ ਨਿਜੀ ਕਾਲਜਾਂ ਤੇ ਉਹਨਾਂ ਵਿਚੋਂ ਵੀ ਮੇਘੂਪੁਰਾ, ਗਯਾ, ਨਾਲੰਦਾ, ਵੈਸ਼ਾਲੀ, ਛਪਰਾ ਆਦਿ ਜ਼ਿਲਿਆਂ ਵਿਚ ਜ਼ਿਆਦਾ ਵਧੀ ਹੈ। ਨਿੱਜੀ ਕਾਲਜਾਂ ਨੇ ਦਾਖ਼ਲੇ ਲਈ ਮਨਜ਼ੂਰ ਸੀਟਾਂ ਤੋਂ 20 ਗੁਣਾ ਵਧ ਤਕ ਵਿਦਿਆਰਥੀਆਂ ਦੇ ਫ਼ਾਰਮ ਭਰਵਾਏ ਹਨ। ਦੋਸ਼ ਹੈ ਕਿ ਲਾਲੂ-ਰਾਬੜੀ ਸਰਕਾਰ ਵਿਚ ਰਾ.ਜ.ਦ ਦੇ ਕਈ ਬਾਹੂਬਲੀ ਨੇਤਾ ਇੰਟਰ-ਮੀਡੀਏਟ ਇਮਤਿਹਾਨ ਵਿਚ ਨੰਬਰ ਲਾਉਣ ਤੋਂ ਲੈ ਕੇ ਵੱਧ ਤੋਂ ਵੱਧ ਨੰਬਰ ਦਿਵਾਉਣ ਦੀ ਠੇਕੇਦਾਰੀ ਕਰ ਕੇ ਹਰ ਸਾਲ ਕਰੋੜਾਂ ਦੀ ਕਮਾਈ ਕਰਦੇ ਸਨ ਅਤੇ ਹੁਣ ਨਤੀਸ਼ ਕੁਮਾਰ ਦੀ ਹਕੂਮਤ ਵਿਚ ਜ.ਦ. (ਯੂ) ਦੇ ਇਕ ਬਾਹੂਬਲੀ ਦਾ ਧੰਦਾ ਖ਼ੂਬ ਚੱਲ ਰਿਹਾ ਹੈ। ਵੈਸ਼ਾਲੀ ਦੇ ਹਾਜੀਪੁਰ ਦੇ ਆਰ. ਗ਼ਬੀ, ਕਾਲਜ ਵਿਚ ਕੀਰਤਪੁਰ ਭਗਵਾਨਪੁਰ ਸਥਿਤ ਵਿਸ਼ਨੂ ਰਾਏ ਕਾਲਜ ਦਾ ਪ੍ਰੀਖਿਆ ਕੇਂਦਰ ਹੈ। ਇੰਟਰ-ਮੀਡੀਏਟ ਸਿੱਖਿਆ ਪ੍ਰੀਸ਼ਦ ਦੇ ਆਲਾ ਅਧਿਕਾਰੀ ਕਈ ਵਾਰੀ ਹਾਜੀਪੁਰ ਗਏ। ਉਥੇ ਕਈ ਸੈਂਟਰਾਂ ਵਿਚ ਪ੍ਰੀਖਿਆ ਦਾ ਜਾਇਜ਼ਾ ਲਿਆ ਪਰ ਆਰ. ਬੀ. ਕਾਲਜ ਸੈਂਟਰ ’ਤੇ ਜਾਣ ਦੀ ਜ਼ਰੂਰਤ ਨਹੀਂ ਸਮਝੀ। ਵਿਸ਼ਨੂ ਰਾਏ ਕਾਲਜ ਦਾ ਸੈਂਟਰ ਅਕਸਰ ਇਥੇ ਹੀ ਹੁੰਦਾ ਹੈ। ਸਾਲ 2005 ਵਿਚ ਵਿਸ਼ਨੂ ਰਾਏ ਕਾਲਜ ਦੀਆਂ ਉਤਰ-ਕਾਪੀਆਂ ਦਾ ਮੁਲਾਂਕਣ ਗਯਾ ਕਾਲਜ ਵਿਚ ਹੁੰਦਾ ਸੀ। 477 ਪ੍ਰੀਖਿਆਰਥੀਆਂ ਵਿਚੋਂ 473 ਪਹਿਲੇ ਦਰਜੇ ਵਿਚ ਸਫਲ ਹੋ ਗਏ। ਸ਼ੱਕ ਹੋਣ ’ਤੇ ਉਸ ਕਾਲਜ ਦੀਆਂ ਉਤਰ-ਕਾਪੀਆਂ ਮਾਹਿਰਾਂ ਸਾਹਮਣੇ ਰੱਖੀਆਂ ਗਈਆਂ ਤੇ ਦੁਬਾਰਾ ਨੰਬਰਿੰਗ ਵਿਚ ਪਹਿਲੇ ਦਰਜੇ ਵਿਚ ਸਿਰਫ਼ ਇਕ ਵਿਦਿਆਰਥੀ ਦਾ ਹੀ ਨਾਂ ਆਇਆ ਅਤੇ 476 ਦੂਜੇ ਦਰਜੇ ਵਿਚ ਐਲਾਨੇ ਗਏ। ਇਸ ਤੋਂ ਪਿੱਛੋਂ ਗਯਾ ਕਾਲਜ ਦੇ ਪ੍ਰਿੰਸੀਪਲ ਨੂੰ ਪ੍ਰੀਖਿਆ ਕਾਲਜ ਦੇ ਸੰਚਾਲਨ ਤੋਂ ਰੋਕ ਦਿੱਤਾ। ਗਯਾ ਦੇ ਬਾਹਰ ਅਜਿਹੇ ਕਾਲਜ ਸਨ ਜਿਹਨਾਂ ’ਤੇ ਪ੍ਰੀਸ਼ਦ ਨੇ ਰੋਕ ਲਾ ਦਿੱਤੀ। ਪਰ ਇਸ ਵਾਰੀ ਫਿਰ ਉਹਨਾਂ ਨੂੰ ਫ਼ਾਰਮ ਭਰਨ ਦੀ ਮਨਜ਼ੂਰੀ ਦੇ ਦਿੱਤੀ। ਵਰਣਨਯੋਗ ਹੈ ਕਿ 2003 ਵਿਚ ਗਯਾ ਦੇ ਇਕ ਕਾਲਜ ਦੇ ਰਿਜਲਟ ’ਤੇ ਰੋਕ ਲਾ ਦਿੱਤੀ ਤੇ ਉਤਰ-ਕਾਪੀਆਂ ਦੀ ਦੁਬਾਰਾ ਜਾਂਚ ਕਰਵਾਈ, ਪਰ ਇਸ ਵਾਰੀ ਫਿਰ ਉਸ ਨੂੰ ਇਜਾਜ਼ਤ ਦੇ ਦਿੱਤੀ। ਇਸੇ ਕਾਲਜ ਦੀਆਂ ਉਤਰ-ਕਾਪੀਆਂ ਦਾ ਮੁਲਾਂਕਣ ਮੇਘੂਪੁਰਾ ਕਾਲਜ ਮੇਘੂਪੁਰਾ ਵਿਚ ਹੋਇਆ

ਸੀ। ਪ੍ਰੀਸ਼ਦ ਦੇ ਅਧਿਕਾਰੀ ਨੇ ਕਾਪੀਆਂ ਦਾ ਦੁਬਾਰਾ ਮੁਲਾਂਕਣ ਕਰਵਾਇਆ ਤਾਂ ਮੇਘਾ ਸੂਚੀ ਦੇ ਸਾਰੇ ਵਿਦਿਆਰਥੀ ਦੂਜੇ ਦਰਜੇ ਵਿਚ ਚਲੇ ਗਏ ਸਨ। ਗਯਾ ਦਾ ਇਹ ਕਾਲਜ ਰਾ.ਜ.ਦ. ਦੇ ਹੀ ਇਕ ਬਾਹੂਬਲੀ ਨੇਤਾ ਦੀ ਸਰਪ੍ਰਸਤੀ ਹੇਠ ਚੱਲਦਾ ਹੈ। ਅਜਿਹੇ ਅਨੇਕਾਂ ਕਾਲੇ ਅਧਿਆਇ ਪ੍ਰੀਸ਼ਦ ਦੇ ਇਤਿਹਾਸ ਨਾਲ ਜੁੜੇ ਹੋਏ ਹਨ। ਹਾਲ ਦੀ ਘੜੀ ਵਿਚ ਨਕਲ ਮੁਕਤ ਇੰਟਰ-ਮੀਡੀਏਟ ਪ੍ਰੀਖਿਆ ਦੇ ਦਾਅਵੇ ਦਾ ਅਸਲੀ ਚਿਹਰਾ ਕੁਝ ਹੋਰ ਹੀ ਹੈ। ਇੰਟਰ-ਮੀਡੀਏਟ ਸਿੱਖਿਆ ਪ੍ਰੀਸ਼ਦ ਦੇ ਲੋਕਾਂ ਨੂੰ ਸ਼ਾਇਦ ਇਹ ਅਪਮਾਨ ਵੀ ਹੁਣ ਯਾਦ ਨਹੀਂ ਹੈ ਜਦ ਅਰਾਜਕਤਾ ਦੇ ਕਾਰਨ ਪੰਜਾਬ, ਹਰਿਆਣਾ ਤੇ ਰਾਜਸਥਾਨ ਨੇ ਸੰਨ 2000 ਵਿਚ ਆਪਣੇ-ਆਪਣੇ ਰਾਜਾਂ ਵਿਚ ਇਸ ਦੇ ਸਰਟੀਫਿਕੇਟ ਦੀ ਮਾਨਤਾ ਸਮਾਪਤ ਕਰ ਦਿੱਤੀ ਸੀ।

ਬਿਹਾਰ ਤੋਂ ਮੈਟ੍ਰਿਕ ਅਤੇ ਇੰਟਰ-ਮੀਡੀਏਟ ਦੇ ਜਾਹਲੀ ਸਰਟੀਫਿਕੇਟਾਂ ਦੇ ਆਧਾਰ ’ਤੇ ਦੇਸ਼ ਦੀ ਉੱਚ-ਕੋਟੀ ਦੀ ਗੁਪਤਚਰ ਸੇਲਾ ਰਾਅ ਵਿਚ ਨੌਕਰੀ ਹਾਸਲ ਕਰਨ ਦਾ ਇਕ ਕੇਸ ਵੀ ਅਜੇ ਪਿੱਛੇ ਜਿਹੇ ਸਾਹਮਣੇ ਆਇਆ ਹੈ। ਜ਼ਾਹਰ ਹੈ ਕਿ ਰਾਜ ਵਿਚ ਸਿੱਖਿਆ ਦਾ ਬੇੜਾ ਹੀ ਗ਼ਰਕਿਆ ਹੋਇਆ ਹੈ ਤੇ ਇਸ ਦਾ ਮਜ਼ਾਕ ਵੀ ਉਡਾਇਆ ਜਾ ਰਿਹਾ ਹੈ।

# ਨੇਪਾਲੀ ਮਾਓਵਾਦੀਆਂ ਦੇ ਸਮਝੌਤੇ ਨੂੰ ਕੀ ਸਮਝਦੇ ਹਨ ਭਾਰਤ ਤੇ ਮਾਓਵਾਦੀ ?

ਨੇਪਾਲ ਦੇ ਮਾਓਵਾਦੀ ਭਲੇ ਹੀ ਸੱਤ ਪਾਰਟੀਆਂ ਦੇ ਗਠਜੋੜ ਦੇ ਨਾਲ ਸੰਸਦ ਵਿਚ ਜਾ ਕੇ ਨੇਪਾਲ ਵਿਚ ਸੱਤਾ ਤਬਦੀਲੀ ਦਾ ਦਾਅਵਾ ਕਰ ਰਹੇ ਹੋਣ ਪਰ ਭਾਰਤ ਦੇ ਮਾਓਵਾਦੀ, ਨੇਪਾਲੀ ਮਾਓਵਾਦੀਆਂ ਦੇ ਇਸ ਕਦਮ ਤੋਂ ਚਿੰਤਤ ਹਨ। 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦੇ 16 ਦਸੰਬਰ 2006 ਦੇ ਅੰਕ ਵਿਚ ਸੀ. ਪੀ. ਆਈ. (ਮਾਓਵਾਦੀ) ਦੇ ਕੇਂਦਰੀ ਕਮੇਟੀ ਦੇ ਬੁਲਾਰੇ ਆਜ਼ਾਦ ਨੇ ਇਕ ਪੱਤਰ ਰਾਹੀਂ ਚਿੰਤਾ ਜ਼ਾਹਰ ਕੀਤੀ ਹੈ। ਇਸ ਪੱਤਰ ਵਿਚ ਕਿਹਾ ਗਿਆ ਹੈ ਕਿ "ਭਾਰਤ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੀ ਕੇਂਦਰੀ ਕਮੇਟੀ ਵਿਚ ਨੇਪਾਲ ਵਿਚ ਆਪਣੀ ਭਰਾਤਰੀ ਮਾਓਵਾਦੀ ਪਾਰਟੀ ਤੇ ਭਾਰਤੀ ਹਾਕਮਾਂ ਵੱਲੋਂ ਸਪਾਂਸਰਡ ਕੋਇਰਾਲਾ ਦੀ ਅਗਵਾਈ ਵਾਲੇ ਪਾਰਟੀ ਗਠਜੋੜ ਦੀ ਸਰਕਾਰ ਦੇ ਵਿਚ ਹੋਏ ਸਮਝੌਤੇ ਤੋਂ ਚਿੰਤਤ ਹੈ।" ਵਰਣਨਯੋਗ ਹੈ ਕਿ ਨੇਪਾਲ ਵਿਚ ਪਿਛਲੇ 11 ਸਾਲਾਂ ਤੋਂ ਮਾਓਵਾਦੀ ਪਾਰਟੀ ਦੀ ਅਗਵਾਈ ਵਿਚ ਲੋਕ-ਯੁੱਧ ਚੱਲ ਰਿਹਾ ਸੀ ਜਿਸ ਦੇ ਸਿੱਟੇ ਵਜੋਂ ਅਪਰੈਲ 2006 ਵਿਚ ਨੇਪਾਲੀ ਲੋਕਾਂ ਨੇ ਇਕ ਬਗ਼ਾਵਤ ਰਾਹੀਂ ਰਾਜਾਸ਼ਾਹੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਅੰਦੋਲਨ ਨੇ ਆਪਣੀ ਸਿਖਰ 'ਤੇ ਪਹੁੰਚਣ ਦੌਰਾਨ ਹੀ ਭਾਰਤੀ ਦਖ਼ਲ-ਅੰਦਾਜ਼ੀ ਨਾਲ ਮਾਓਵਾਦੀਆਂ ਨੇ ਰਾਜਾਸ਼ਾਹੀ ਦੇ ਖ਼ਿਲਾਫ਼ ਇਥੋਂ ਦੀਆਂ ਸੰਸਦੀ ਪਾਰਟੀਆਂ ਨਾਲ ਗਠਜੋੜ ਵਿਚ ਜਾਣਾ ਮੰਨ ਲਿਆ। ਇਸ ਪ੍ਰਕਿਰਿਆ ਵਿਚ 5 ਨਵੰਬਰ 2006 ਨੂੰ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਦਾ ਇਹਨਾਂ ਪਾਰਟੀਆਂ ਨਾਲ ਸਮਝੌਤਾ ਹੋਇਆ, ਜਿਸ 'ਤੇ 21 ਨਵੰਬਰ ਨੂੰ ਦੋਹਾਂ ਧਿਰਾਂ ਨੇ ਦਸਖ਼ਤ ਕੀਤੇ। ਇਸ ਸਮਝੌਤੇ ਤਹਿਤ ਮਾਓਵਾਦੀ ਛਾਪਾਮਾਰ ਸੈਨਾ ਜਨ ਮੁਕਤੀ ਸੈਨਾ ਨੂੰ ਆਪਣੇ ਹਥਿਆਰ ਨਿਰਧਾਰਿਤ ਛਾਉਣੀਆਂ ਵਿਚ ਜਮ੍ਹਾਂ ਕਰਵਾਉਣੇ ਹੋਣਗੇ। ਉਹਨਾਂ ਨੂੰ ਸੰਯੁਕਤ ਰਾਸ਼ਟਰ (UNO) ਦੀ ਨਿਗਰਾਨ ਟੀਮ ਦੀ ਦੇਖ-ਰੇਖ ਵਿਚ ਰੱਖਿਆ ਜਾਵੇਗਾ ਜਦ ਕਿ ਜਨ ਮੁਕਤੀ ਸੈਨਾ ਦੇ ਹਥਿਆਰਾਂ ਵਾਲੇ ਲਾਕਰਾਂ ਦੀ ਚਾਬੀ ਮਾਓਵਾਦੀ ਪਾਰਟੀ ਪਾਸ ਰਹੇਗੀ। ਇਸ ਤੋਂ ਇਲਾਵਾ ਦੋਹਾਂ ਪੱਖਾਂ ਦੇ ਵਿਚਕਾਰ ਸੰਸਦ ਨੂੰ ਭੰਗ ਕਰਨਾ ਤੇ ਅੰਤਰਿਮ ਸੰਸਦ ਗਠਿਤ ਕਰਨਾ (ਜਿਸ ਵਿਚ ਮਾਓਵਾਦੀਆਂ ਦੀ ਵੀ ਭਾਗੀਦਾਰੀ ਹੋਵੇਗੀ) ਇਕ ਅੰਤਰਿਮ ਸਰਕਾਰ

ਬਣਾਉਣੀ (ਜਿਸ ਵਿਚ ਮਾਓਵਾਦੀਆਂ ਨੂੰ ਵੀ ਕੁਝ ਮਹਿਕਮੇ ਦਿੱਤੇ ਜਾਣਗੇ) ਅਤੇ ਜੂਨ ਤਕ ਇਕ ਸੰਵਿਧਾਨ ਸਭਾ ਦੀ ਚੋਣ ਕਰਨੀ ਜੋ ਕਿ ਰਾਜਸ਼ਾਹੀ ਦੇ ਭਾਗ ਤੇ ਨੇਪਾਲ ਦੇ ਭਵਿੱਖ ਦਾ ਫ਼ੈਸਲਾ ਕਰੇਗੀ। ਇਹ ਸਮਝੌਤੇ ਦੀਆਂ ਜ਼ਰੂਰੀ ਸ਼ਰਤਾਂ ਸਨ। ਇਸ ਸਮਝੌਤੇ ਨੂੰ ਲਗਭਗ ਤਿੰਨ ਤੋਂ ਵੱਧ ਮਹੀਨੇ ਹੋ ਗਏ ਹਨ। ਇਸ ਦੌਰਾਨ ਕਈ ਵਾਰੀ ਦੋਹਾਂ ਪੱਖਾਂ ਵੱਲੋਂ ਸਮਝੌਤਾ ਟੁੱਟਣ ਦੀ ਹਾਲਤ ਵੀ ਬਣੀ। ਲੋਕ ਯੁੱਧ ਦੀ 11ਵੀਂ ਵਰ੍ਹੇਗੰਢ ’ਤੇ ਇਕ ਰੈਲੀ ਨੂੰ ਸੰਬੋਧਿਤ ਕਰਕੇ ਹੋਇਆ ਨੇ.ਕ.ਪਾ. (ਮਾਓਵਾਦੀ) ਦੇ ਪ੍ਰਧਾਨ ਪ੍ਰਚੰਡ ਨੇ ਚਿਤਾਵਨੀ ਦਿੱਤੀ ਕਿ ਜੇ ਜੂਨ ਵਿਚ ਸੰਵਿਧਾਨ ਸਭਾ ਦੀ ਚੋਣ ਨਹੀਂ ਕਰਵਾਈ ਗਈ ਤਾਂ ਉਹ ਫਿਰ ਤੋਂ ਸੰਘਰਸ਼ ਦੇ ਰਾਹ ’ਤੇ ਚਲੇ ਜਾਣਗੇ। ਨੇ.ਕ.ਪਾ. (ਮਾਓਵਾਦੀ) ਭਲੇ ਹੀ ਇਹਨਾਂ ਸਮਝੌਤਿਆਂ ਰਾਹੀਂ ਨੇਪਾਲ ਨੂੰ ਰਾਜਾਸ਼ਾਹੀ ਤੋਂ ਮੁਕਤ ਕਰਨ ਦਾ ਦਾਅਵਾ ਕਰ ਰਹੀ ਹੋਵੇ ਪਰ ਆਪਣੇ ਪੱਤਰ ਵਿਚ ਭਾ.ਕ.ਪਾ. (ਮਾਓਵਾਦੀ) ਨੇ ਕਿਹਾ ਹੈ ਕਿ “ਨਿਰਧਾਰਿਤ ਛਾਉਣੀ ਵਿਚ ਲੋਕ ਮੁਕਤੀ ਫ਼ੌਜ (PLA) ਦੇ ਹਥਿਆਰ ਜਮ੍ਹਾ ਕਰਨ ਦਾ ਇਹ ਸਮਝੌਤਾ ਖ਼ੁਦ ਹੀ ਖ਼ਤਰਨਾਕ ਸਿੱਟਿਆਂ ਨੂੰ ਸਮੋਈ ਬੈਠਾ ਹੈ। ਇਹ ਕਾਰਵਾਈ ਨੇਪਾਲ ਦੀ ਲੁੱਟੀ-ਪੁੱਟੀ ਜਾਂਦੀ ਜਨਤਾ ਨੂੰ ਹਥਿਆਰਹੀਣ ਕਰਨ ਵੱਲ ਲੈ ਜਾਵੇਗੀ ਅਤੇ ਇਕ ਦਹਾਕੇ ਤੋਂ ਚੱਲ ਰਹੇ ਲੋਕ ਯੁੱਧ ਵਿਚ ਨੇਪਾਲ ਦੀ ਜਨਤਾ ਵੱਲੋਂ ਬੇਹੱਦ ਕੁਰਬਾਨੀਆਂ ਪਿੱਛੋਂ ਹਾਸਲ ਕੀਤੀਆਂ ਪ੍ਰਾਪਤੀਆਂ ਨੂੰ ਪਅਨ ਸਕਦੀਆਂ ਹਨ। ਭ.ਕ.ਪਾ. (ਮਾਓਵਾਦੀ) ਦਾ ਮੰਨਣਾ ਹੈ ਕਿ ਸਮਝੌਤੀ ਦੀ ਇਹ ਪ੍ਰਾਪਤੀ ਕਿ ਦੋਹਾਂ ਪੱਖਾਂ ਨੂੰ ਬਰਾਬਰ ਗਿਣਤੀ ਵਿਚ ਹਥਿਆਰ ਜਮ੍ਹਾ ਕਰਾਉਣੇ ਹੋਣਗੇ। ਸਾਫ਼ ਤੌਰ ’ਤੇ ਕੋਇਰਾਲਾ ਦੀ ਅਗਵਾਈ ਵਾਲੀ ਸਰਕਾਰ ਦੇ ਪੱਖ ਵਿਚ ਜਾਵੇਗਾ। ਕੋਇਰਾਲਾ ਦੀ ਅਗਵਾਈ ਵਾਲੀ ਸਰਕਾਰ ਪਾਸ ਇਹ ਵਿਕਲਪ ਖੁੱਲ੍ਹਾ ਹੋਵੇਗਾ ਕਿ ਉਹ ਸੈਨਾ ਪਾਸ ਵੱਡੀ ਮਾਤਰਾ ਵਿਚ ਬਚੇ ਹੋਏ ਹਥਿਆਰਾਂ ਦੀ ਕਿਸੇ ਵੀ ਸਮੇਂ ਵਰਤੋਂ ਕਰ ਲੈਣ ਅਤੇ ਸਰਕਾਰ ਦੀ ਪ੍ਰਤੀਕ੍ਰਿਆਵਾਦੀ (Reactionary) ਨੂੰ ਹੋਰ ਮਜ਼ਬੂਤ ਬਣਾ ਲਵੇ। ਹਥਿਆਰ ਪ੍ਰਬੰਧ ਦੇ ਸਮਝੌਤੇ ਨੂੰ ਵੀ ਨੇ.ਕ.ਪਾ. (ਮਾਓਵਾਦੀ) ਵੱਲੋਂ ਯੁੱਧਨੀਤਕ ਕਦਮ ਬਣਾਏ ਜਾਣ ’ਤੇ ਟਿੱਪਣੀ ਕਰਦਿਆਂ ਪੱਤਰ ਵਿਚ ਕਿਹਾ ਗਿਆ ਹੈ ਕਿ “ਹਥਿਆਰ ਪ੍ਰਬੰਧ ’ਤੇ ਨੇ.ਕ.ਪਾ. (ਮਾਓਵਾਦੀ) ਵੱਲੋਂ ਲਿਆ ਗਿਆ ਇਹ ਫ਼ੈਸਲਾ ਭਲੇ ਹੀ ਇਸ ਨੂੰ ਸੰਵਿਧਾਨ ਸਭਾ ਦੀ ਸਥਾਪਨਾ ਦੇ ਟੀਚੇ ਨੂੰ ਹਾਸਲ ਕਰਨ ਲਈ ਇਸ ਨੂੰ ਇਕ ਯੁੱਧਨੀਤਕ ਕਦਮ ਦੇ ਰੂਪ ਵਿਚ ਵੇਖਦੇ ਹੋਣ ਪਰ ਇਨਕਲਾਬ ਦੇ ਹਿੱਤ ਵਿਚ ਇਹ ਬਹੁਤ ਹੀ ਖ਼ਤਰਨਾਕ ਹੈ।” ਭਾ.ਕ.ਪਾ. (ਮਾਓਵਾਦੀ) ਦਾ ਇਸ ਪ੍ਰਸੰਗ ਵਿਚ ਕਹਿਣਾ ਹੈ ਕਿ ਪੂਰੀ ਦੁਨੀਆਂ ਦੇ ਇਨਕਲਾਬੀ ਤਜਰਬਿਆਂ ਨੇ ਵਾਰ-ਵਾਰ ਇਹ ਦਰਸਾਇਆ ਹੈ ਕਿ ਬਿਨਾਂ ਲੋਕ ਫ਼ੌਜ ਦੇ ਲੋਕਾਂ ਵੱਲੋਂ ਆਪਣੀ ਸੱਤਾ ਦੀ ਵਰਤੋਂ ਕਰ ਸਕਣੀ ਅਸੰਭਵ ਹੈ। ਸਾਮਰਾਜੀਆਂ ਤੇ ਪ੍ਰਤੀਕ੍ਰਿਆਵਾਦੀਆਂ ਲਈ ਹਥਿਆਰਬੰਦ ਜਨਤਾ ਤੋਂ ਵੱਧ ਡਰਾਉਣੀ ਚੀਜ਼ ਹੋਰ ਕੋਈ ਨਹੀਂ ਹੁੰਦੀ। ਇਸ ਲਈ ਉਹ ਖ਼ੁਸ਼ੀ ਨਾਲ ਇਸ ਸਮਝੌਤੇ ਵਿਚ ਜਾ ਸਕਦੀ ਹੈ ਜੋ ਜਨਤਾ ਨੂੰ ਬੇਹਥਿਆਰੇ ਕਰਦਾ ਹੈ।” ਇਸ ਸਮਝੌਤੇ ਨੂੰ ਬੇਹੱਦ ਖ਼ਤਰਨਾਕ ਦੱਸਦਿਆਂ

ਭਾ.ਕ.ਪਾ. (ਮਾਓਵਾਦੀ) ਨੇ ਨੇਪਾਲੀ ਜਨਤਾ ਤੇ ਮਾਓਵਾਦੀਆਂ ਨੂੰ ਚੇਤਾਵਨੀ ਦਿੰਦੇ ਹੋਇਆ ਸੱਦਾ ਦਿੱਤਾ ਹੈ ਕਿ ਕੌੜੇ ਇਤਿਹਾਸਕ ਤਜਰਬਿਆਂ ਦੀ ਰੋਸ਼ਨੀ ਵਿਚ ਆਪਣੀ ਕਾਰਜਨੀਤੀ ’ਤੇ ਮੁੜ ਵਿਚਾਰ ਕਰਨ। ਹਥਿਆਰ ਪ੍ਰਬੰਧ ਦੇ ਇਸ ਸਮਝੌਤੇ ਤੋਂ ਇਲਾਵਾ ਨੇਪਾਲੀ ਮਾਓਵਾਦੀਆਂ ਵੱਲੋਂ ਅੰਤਰਿਮ ਸਰਕਾਰ ਵਿਚ ਹਿੱਸੇਦਾਰੀ ਨੂੰ ਵੀ ਗ਼ਲਤ ਰਣਨੀਤੀ ਦੱਸਦਿਆਂ ਭਾ.ਕ.ਪਾ. (ਮਾਓਵਾਦੀ) ਨੇ ਪੱਤਰ ਵਿਚ ਲਿਖਿਆ ਹੈ ਕਿ “ਮਾਓਵਾਦੀਆਂ ਵੱਲੋਂ ਅੰਤਰਿਮ ਸਰਕਾਰ ਵਿਚ ਹਿੱਸੇਦਾਰੀ ਲਈ ਕੀਤਾ ਗਿਆ ਸਮਝੌਤਾ ਰਾਜ ਮਸ਼ੀਨਰੀ ਦੇ ਉਸ ਪ੍ਰਤੀਕ੍ਰਿਆਵਾਦੀ ਕਿਰਦਾਰ ਨੂੰ ਨਹੀਂ ਬਦਲ ਸਕਦਾ, ਜੋ ਹਾਕਮ ਜਮਾਤਾਂ ਤੇ ਸਾਮਰਾਜ ਦੀ ਸੇਵਾ ਕਰਦਾ ਹੈ।” ਰਾਜ ਜਾਂ ਤਾਂ ਹਾਕਮ ਜਮਾਤ ਜਾਂ ਮਜ਼ਦੂਰ ਜਮਾਤ (ਦੋਹਾਂ ਵਿਚੋਂ ਇਕ) ਦੇ ਹੱਥ ਵਿਚ ਇਕ ਹਥਿਆਰ ਹੋ ਸਕਦਾ ਹੈ ਪਰ ਇਹ ਇਹਨਾਂ ਇਕ ਦੂਜੇ ਦੇ ਸਿੱਧੇ ਦੁਸ਼ਮਣ ਵਰਗਾਂ ਦੇ ਹਿੱਤਾਂ ਦੀ ਇਕੱਠਿਆਂ ਇਕੋ ਵੇਲੇ ਸਮਝੌਤਾ ਨਹੀਂ ਕਰ ਸਕਦਾ। ਨੇਪਾਲੀ ਮਾਓਵਾਦੀਆਂ ਵੱਲੋਂ ਵਿਵਸਥਾ ਤਬਦੀਲੀ ਦੇ ਇਸ ਰੂਪ ’ਤੇ ਟਿੱਪਣੀ ਕਰਦਿਆਂ ਪੱਤਰ ਵਿਚ ਕਿਹਾ ਗਿਆ ਹੈ ਕਿ “ਮਾਰਕਸਵਾਦ ਦਾ ਇਹ ਬੁਨਿਆਦੀ ਸਿਧਾਂਤ ਹੈ ਕਿ ਬਿਨਾਂ ਰਾਜ ਮਸ਼ੀਨਰੀ ਨੂੰ ਚਕਨਾਚੂਰ ਕੀਤਿਆਂ ਸਮਾਜਕ ਵਿਵਸਥਾ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਉਪਰੋਂ ਸੁਧਾਰ ਕਰ ਕੇ ਲੁਟੇਰੀ ਸਮਾਜਕ ਵਿਵਸਥਾ ਵਿਚ ਕੋਈ ਗੁਣਾਂਤਮਕ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ, ਚਾਹੇ ਨਵਾਂ ਸੰਵਿਧਾਨ ਕਿੰਨਾ ਹੀ ਲੋਕਰਾਜੀ ਕਿਉਂ ਨਾ ਲੱਗਦਾ ਹੋਵੇ ਜਾਂ ਫਿਰ ਚਾਹੇ ਮਾਓਵਾਦੀ ਸਰਕਾਰ ਦਾ ਇਕ ਮਹੱਤਵਪੂਰਨ ਹਿੱਸਾ ਹੀ ਕਿਉਂ ਨਾ ਹੋਣ। ਇਹ ਸੋਚਣਾ ਵੱਡਾ ਭਰਮ ਹੈ ਕਿ ਇਕ ਨਵਾਂ ਨੇਪਾਲ ਵਰਤਮਾਨ ਰਾਜ ਨੂੰ ਚਕਨਾਚੂਰ ਕੀਤੇ ਬਗ਼ੈਰ ਬਣਾਇਆ ਜਾ ਸਕਦਾ ਹੈ।

ਨੇ.ਕ.ਪਾ. (ਮਾਓਵਾਦੀ) ’ਤੇ ਸਯੁਕਤ ਰਾਸ਼ਟਰ ਸੰਘ (UNO) ਤੇ ਭਾਰਤ ਦੀ ਭੂਮਿਕਾ ਬਾਰੇ ਭਰਮ ਫੈਲਾਉਣ ਦਾ ਦੋਸ਼ ਲਾਉਂਦਿਆਂ ਭਾ.ਕ.ਪਾ. (ਮਾਓਵਾਦੀ) ਨੇ ਉਹਨਾਂ ਦੀ ਆਲੋਚਨਾ ਵੀ ਕੀਤੀ ਹੈ। ਇਸ ਪ੍ਰਸੰਗ ਵਿਚ ਪੱਤਰ ਵਿਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ (UNO) ਅਸਲ ਵਿਚ ਸਾਮਰਾਜੀਆਂ ਖ਼ਾਸ ਕਰਕੇ ਅਮਰੀਕੀ ਸਾਮਰਾਜੀਆਂ ਦੇ ਹੱਥਾਂ ਦਾ ਖਿਡੌਣਾ ਹੈ, ਜਿਸ ਦੇ ਰਾਹੀਂ ਉਹ ਸਾਮਰਾਜ ਦੇ ਹਿਤਾਂ ਲਈ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਕਰਦਾ ਹੈ, ਡਰਾਉਂਦਾ ਧਮਕਾਉਂਦਾ ਹੈ ਤੇ ਉਹਨਾਂ ਨੂੰ ਅਪਾਹਜ ਬਣਾਉਂਦਾ ਹੈ। ਇਹ ਤੀਜੀ ਦੁਨੀਆਂ ਦੇ ਲੋਕਾਂ ਦੀ ਲੁੱਟ-ਖਸੁੱਟ ਕਰਨ ਵਿਚ ਸਾਮਰਾਜੀਆਂ ਦੇ ਨਿਰਲੰਜ ਕੰਮਾਂ ਨੂੰ ਇਕ ਵਿਧਾਨਿਕਤਾ ਮੁਹੱਈਆ ਕਰਦਾ ਹੈ। ਅਫ਼ਗਾਨਿਸਤਾਨ ਤੇ ਇਰਾਕ ਇਸ ਦੀਆਂ ਤਾਜ਼ਾ ਉਦਾਹਰਣਾਂ ਹਨ। ਪੱਤਰ ਵਿਚ ਕਿਹਾ ਗਿਆ ਹੈ ਕਿ ਨੇਪਾਲੀ ਮਾਓਵਾਦੀਆਂ ਵੱਲੋਂ ਸੰਯੁਕਤ ਰਾਸ਼ਟਰ ਨੂੰ ਹਥਿਆਰ ਪ੍ਰਬੰਧ, ਚੋਣਾਂ ਦੀ ਨਿਗਰਾਨੀ ਤੇ ਸ਼ਾਂਤੀ ਪ੍ਰਕਿਰਿਆ ਵਿਚ ਭੂਮਿਕਾ ਦੇਣ ਦਾ ਮਤਲਬ ਹੈ ਕਿ ਸਾਮਰਾਜੀ ਦਖ਼ਲ-ਅੰਦਾਜ਼ੀ, ਖ਼ਾਸ ਕਰਕੇ ਅਮਰੀਕੀ ਸਾਮਰਾਜਵਾਦ ਦੀ ਦਖ਼ਲ-ਅੰਦਾਜ਼ੀ ਨੂੰ ਸੱਦਾ ਦੇਣਾ। EPW ਵਿਚ ਛਪੀ ਇਸ ਚਿੱਠੀ ਵਿਚ ਕਿਹਾ

ਗਿਆ ਹੈ ਕਿ  ਨੇਪਾਲ ਦੇ ਮਾਓਵਾਦੀ ਭਾਰਤੀ ਪਸਾਰਵਾਦ ਦੀ ਭੂਮਿਕਾ ਬਾਰੇ ਇਕ ਭਰਮ ਵਿਕਸਿਤ ਕਰ ਰਹੇ ਹਨ—ਭਾਰਤੀ ਹਾਕਮ ਜਮਾਤ ਸਮੁੱਚੇ ਉਪ-ਮਹਾਂਦੀਪ ਦੇ ਲੋਕਾਂ ਲਈ ਸਭ ਤੋਂ ਵੱਡਾ ਖ਼ਤਰਾ ਹੈ ਅਤ ਦੱਖਣੀ ਏਸ਼ੀਆ ਦੇ ਵੱਖ-ਵੱਖ ਦੇਸ਼ਾਂ ਦੀ ਜਨਤਾ ਦਾ ਇਹ ਫ਼ਰਜ਼ ਹੈ ਕਿ ਇਹ ਇਕ-ਮੁੱਠ ਹੋ ਕੇ ਭਾਰਤੀ ਪਸਾਰਵਾਦ ਦਾ ਮੁਕਾਬਲਾ ਕਰੇ। ਅਮਰੀਕੀ ਸਾਮਰਾਜ ਦੀ ਹਿਮਾਇਤ ਨਾਲ ਭਾਰਤੀ ਹਾਕਮ ਨੇਪਾਲ ਦੇ ਅੰਦਰੂਨੀ ਮਾਮਲਿਆਂ ਵਿਚ ਲਗਾਤਾਰ ਦਖ਼ਲ-ਅੰਦਾਜ਼ੀ ਕਰਦੇ ਆ ਰਹੇ ਹਨ। ਇਸ ਨੇ 'ਟੂ-ਪਿਲਰ' ਸਿਧਾਂਤ ਦੇ ਨਾਂ 'ਤੇ ਇਕ ਤਰਫ਼ੀ ਰਾਜਸ਼ਾਹੀ ਦੀ ਹਮਾਇਤ ਕੀਤੀ ਹੈ, ਉਥੇ ਸੰਸਦੀ ਤਾਕਤਾਂ ਵਿਚ ਆਪਣੀ ਕਠਪੁਤਲੀ ਨੂੰ ਉਤਸ਼ਾਹਿਤ ਕਰਦੇ ਰਹੇ ਹਨ। ਮਾਓਵਾਦੀਆਂ ਖ਼ਿਲਾਫ਼ ਫ਼ੌਜੀ ਹਮਲੇ ਵਿਚ ਇਸ ਨੇ 'ਰਾਇਲ ਨੇਪਾਲ ਆਰਮੀ' ਦੀ ਸਭ ਤਰ੍ਹਾਂ ਨਾਲ ਮਦਦ ਕੀਤੀ ਅਤੇ ਉਸ ਨੂੰ ਸਿਖਲਾਈ ਦਿੱਤੀ। ਪੱਤਰ ਵਿਚ ਨੇ.ਕ.ਪਾ. (ਮਾਓਵਾਦੀ) ਦੇ ਆਗੂ ਪ੍ਰਚੰਡ ਦੀ ਨੁਕਤਾਚੀਨੀ ਕਰਦਿਆਂ ਕਿਹਾ ਗਿਆ ਹੈ ਕਿ "ਕਾਮਰੇਡ ਪ੍ਰਚੰਡ ਵੱਲੋਂ ਨੇਪਾਲ ਵਿਚ ਮਾਓਵਾਦੀਆਂ ਅਤੇ ਸੱਤ ਪਾਰਟੀ ਗਠਜੋੜ ਵਿਚਕਾ ਸਮਝੌਤਾ ਕਰਾਉਣ ਵਿਚ ਭਾਰਤ ਦੀ ਭੂਮਿਕਾ ਦੀ ਲਗਾਤਾਰ ਤਾਰੀਫ਼ ਕਰਨ ਨਾਲ ਲੋਕਾਂ ਅੰਦਰ ਭਾਰਤੀ ਪਸਾਰਵਾਦ (ਜੋ ਭਵਿੱਖ ਵਿਚ ਨੇਪਾਲ ਦਾ ਸਿਕਮੀਕਰਨ ਕਰਨਾ ਚਾਹੁੰਦਾ ਹੈ) ਦੇ ਖ਼ਿਲਾਫ਼ ਲੜਾਈ ਦੀ ਤਿਆਰੀ ਕਰਨ ਦੀ ਬਜਾਏ ਭਾਰਤ ਬਾਰੇ ਇਕ ਭਰਮ ਪੈਦਾ ਕਰਦਾ ਹੈ।"

ਸੱਤ ਪਾਰਟੀ ਗੱਠਜੋੜ ਦੇ ਨਾਲ ਨੇ.ਕ.ਪਾ. (ਮਾਓਵਾਦੀ) ਦੇ ਇਹਨਾਂ ਸਮਝੌਤਿਆਂ 'ਤੇ ਚਿੰਤਾ ਜ਼ਾਹਰ ਕਰਨ ਦੇ ਨਾਲ ਹੀ ਭਾ.ਕ.ਪਾ. (ਮਾਓਵਾਦੀ) ਨੇ ਇਸ ਪੱਤਰ ਵਿਚ ਨੇ.ਕ.ਪਾ. (ਮਾਓਵਾਦੀ) ਦੀ ਬਹੁ-ਪਾਰਟੀ ਡੈਮੋਕਰੇਸੀ ਦੀ ਵੀ ਆਲੋਚਨਾ ਕੀਤੀ ਹੈ। ਇਸ ਸਬੰਧ ਵਿਚ ਕਿਹਾ ਗਿਆ ਹੈ ਕਿ ਨੇ.ਕ.ਪਾ. (ਮਾਓਵਾਦੀ) ਵੱਲੋਂ ਇਸ ਗੱਲ 'ਤੇ ਜ਼ੋਰ ਦੇਣਾ ਕਿ ਨੇਪਾਲ ਵਿਚ ਉਸ ਦੀ ਵਰਤਮਾਨ 'ਕਾਰਜ ਦਿਸ਼ਾ' ਦੱਖਣੀ ਏਸ਼ੀਆਂ ਦੀਆਂ ਦੂਜੀਆਂ ਮਾਓਵਾਦੀਆਂ ਪਾਰਟੀਆਂ ਲਈ ਉਦਾਹਰਣ ਹੋਵੇਗਾ, ਕਿਤੇ ਵੱਧ ਹੈਰਾਨੀਜਨਕ ਹੈ। ਸਾਡੀ ਕੇਂਦਰੀ ਕਮੇਟੀ ਨੇ.ਕ.ਪਾ. (ਮਾਓਵਾਦੀ) ਤੇ ਜਨਤਾ ਮੂਹਰੇ ਇਕ ਦਮ ਸਾਫ਼ ਕਰਦੀ ਹੈ ਕਿ ਕਿਸੇ ਵੀ ਦੇਸ਼ ਵਿਚ ਪ੍ਰੋਲੋਤਾਰੀ ਵੱਲੋਂ ਸੱਤਾ 'ਤੇ ਕਬਜ਼ਾ ਕੀਤੇ ਬਿਨਾਂ ਸਚਾ ਲੋਕਰਾਜ ਨਹੀਂ ਆ ਸਕਦਾ। ਤੇ ਬਹੁ-ਪਾਰਟੀ ਜਮਹੂਰੀਅਤ ਲੋਕਾਂ ਦੇ ਜੀਵਨ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆ ਸਕਦੀ। ਇਹ ਦੱਖਣੀ ਏਸ਼ੀਆ ਦੀ ਜਨਤਾ ਤੇ ਮਾਓਵਾਦੀ ਪਾਰਟੀਆਂ ਨੂੰ ਸੱਦਾ ਦਿੰਦੀ ਹੈ ਕਿ ਉਹ ਕਾਮਰੇਡ ਮਾਓ ਵੱਲੋਂ ਦਸਾਏ ਰਾਹ 'ਤੇ ਲਗਾਤਾਰ ਅੱਗੇ ਵਧਦੇ ਰਹਿਣ।" ਪੱਤਰ ਦੇ ਆਰ ਵਿਚ ਭਾ.ਕ.ਪਾ. (ਮਾਓਵਾਦੀ) ਦਾ ਕੇਂਦਰੀ ਕਮੇਟੀ ਵੱਲੋਂ ਇਹ ਸੱਦਾ ਦਿੱਤਾ ਗਿਆ ਹੈ ਕਿ ਨੇ.ਕ.ਪਾ. (ਮਾਓਵਾਦੀ) ਇਕ ਵਾਰ ਫਿਰ ਆਪਣੀ ਕਾਰਜਨੀਤੀ 'ਤੇ ਮੁੜ ਵਿਚਾਰ ਕਰੇ ਜੋ ਅਸਲ ਵਿਚ ਨੇਪਾਲ ਵਿਚ ਇਨਕਲਾਬ ਦੀ ਰਾਜਸੀ ਦਿਸ਼ਾ ਵਿਚ ਹੀ ਤਬਦੀਲੀ ਕਰ ਰਹੀ ਹੈ। ਇਹ ਵੀ ਅਪੀਲ ਕੀਤੀ ਗਈ ਹੈ ਕਿ ਓਹ ਨੇਪਾਲ ਦੀ ਸਰਕਾਰ ਨਾਲ ਕੀਤੇ ਗਏ ਸਮਝੌਤੇ ਤੋਂ ਬਾਹਰ ਨਿਕਲੇ।

# ਧਰਮ ਦਾ ਵਧਦਾ ਬਾਜ਼ਾਰ

ਸ਼ਹਿਰ ਦੇ ਵਿਚਕਾਰ ਅਜੀਬ ਗਹਿਮਾ-ਗਹਿਮੀ ਦਾ ਮਾਹੌਲ ਸੀ ਅਤੇ ਹਜ਼ਾਰਾਂ ਦੀ ਭੀੜ ਧਰਮ ਗੁਰੂ ਦੇ ਦਰਸ਼ਨਾਂ ਲਈ ਆਈ ਸੀ, ਕੁਝ ਅਣਜਾਣੇ ਲੋਕਾਂ ਨੇ ਵੀ ਇਸ ਗਹਿਮਾ-ਗਹਿਮੀ ਨੂੰ ਵੇਖ ਅੰਦਰ ਜਾਣ ਦੀ ਇੱਛਾ ਪ੍ਰਗਟ ਕੀਤੀ ਤਾਂ ਪਤਾ ਲੱਗਿਆ ਕਿ ਇਥੇ ਪਹਿਲਾਂ ਹੀ ਸੀਟਾਂ ਰਿਜ਼ਰਵ ਹਨ ਅਤੇ ਅੰਦਰ ਜਾਣ ਲਈ ਘੱਟੋ-ਘੱਟ ਫ਼ੀਸ 150 ਰੁਪਏ ਹੈ। ਕੀ ਉਹ ਧਾਰਮਿਕ ਪ੍ਰਵਚਨ ਸੁਣਨ ਜਾ ਰਹੇ ਹਨ ਜਾਂ ਸਿਨੇਮਾ ਹਾਲ ਵਿਚ ਫ਼ਿਲਮ ਵੇਖਣ ? ਕਈਆਂ ਦੇ ਮਨ ਵਿਚ ਇਹ ਸੁਆਲ ਉਠਿਆ ਪਰ ਜੁਆਬ ਨਹੀਂ ਮਿਲਿਆ ਤੇ ਨਾ ਹੀ ਅੰਦਰ ਵੜਨ ਦਿੱਤਾ ਗਿਆ, ਉਹਨਾਂ ਲੋਕਾਂ ਲਈ ਬਾਹਰ ਲੱਗੇ ਸਪੀਕਰ ਤੇ ਸਕਰੀਨ 'ਤੇ ਗੁਰੂ ਦਰਸ਼ਨ ਤੇ ਪ੍ਰਵਚਨ ਸੁਣਨ ਦਾ ਮੁਫ਼ਤ ਬੰਦੋਬਸਤ ਸੀ।

ਕਈ ਲੱਖਾਂ ਕਰੋੜਾਂ ਦੇ ਗੁਰੂ ਬਣੇ ਅੱਜ ਦੇ ਬਾਪੂ ਦਾ ਧਿਆਨ ਕੈਂਪ ਵੀ ਕਿਸੇ ਵਿਸ਼ਾਲ ਆਯੋਜਨ ਤੋਂ ਘੱਟ ਲਹੀਂ ਸੀ, ਸ਼ਹਿਰ ਵਿਚ ਇਹਨਾਂ ਦੇ ਆਗਮਨ ਤੋਂ ਲੈ ਕੇ ਪ੍ਰਵਚਨ ਤਕ ਦੇ ਆਯੋਜਨ ਵਿਚ ਕਰੋੜਾਂ ਰੁਪਏ ਖ਼ਰਚ ਕੀਤੇ ਗਏ ਸਨ। ਭਗਤ ਜਨਾਂ ਲਈ ਪ੍ਰਵਚਨ ਸੁਣਨ ਦੇ ਨਾਲ-ਨਾਲ ਬਾਪੂ ਦੀ ਆਯੁਰਵੇਦ ਸ਼ਾਲਾ ਵਿਚ ਬਣਿਆ ਸਮਾਨ ਵੀ ਇਸ ਕੈਂਪ ਵਿਚ ਇਕ ਸਟਾਲ 'ਤੇ ਸਜਾ ਦਿੱਤਾ ਗਿਆ ਸੀ ਅਤੇ ਦੂਜੇ ਸਟਾਲ 'ਤੇ ਪ੍ਰਵਚਨ ਦੇ ਕੈਸਟ, ਸੀ.ਡੀ., ਵੀ.ਸੀ.ਡੀ. ਅਤੇ ਬਾਬਾ ਦੀ ਫ਼ੋਟੋ ਜੈਸੀਆਂ ਚੀਜ਼ਾਂ ਖ਼ਰੀਦਦਾਰੀ ਲਈ ਮੁਹੱਈਆ ਸਨ। ਹੁਣ ਭਗਤ ਜਨਾਂ ਲਈ ਇਹ ਸ਼ਰਧਾ ਦਾ ਸੁਆਲ ਵੀ ਸੀ ਅਤੇ ਗੁਰੂ ਪ੍ਰਤੀ ਆਪਣੇ ਭਾਵਾਂ ਨੂੰ ਜ਼ਾਹਰ ਕਰਨ ਦਾ ਇਕ ਆਸਾਨ ਤਰੀਕਾ ਵੀ। ਇਸ ਲਈ ਸਟਾਲ 'ਤੇ ਜਿੰਨੀਆਂ ਵੀ ਚੀਜ਼ਾਂ ਸਨ, ਉਹ ਦੋ ਘੰਟੇ ਵਿਚ ਹੀ ਖ਼ਤਮ ਹੋ ਗਈਆਂ। ਪਤਾ ਲੱਗਾ ਕਿ ਇਸ ਕੈਂਪ ਵਿਚ ਬਾਬਾ ਨੂੰ ਕਰੋੜਾਂ ਰੁਪਏ ਦਾ ਲਾਭ ਹੋਇਆ ਸੀ। ਇਕ ਪਲ ਨੂੰ ਸੁਣ ਕੇ ਹੈਰਾਨੀ ਹੋਈ ਕਿ ਪ੍ਰਵਚਨ ਵੀ ਲਾਭ ਦਾ ਜ਼ਰੀਆ ਕਿਵੇਂ ਬਣ ਗਿਆ ? ਫਿਰ ਪਲ ਭਰ ਵਿਚ ਇਹ ਗੱਲ ਵੀ ਬਿਜਲੀ ਵਾਂਗੂੰ ਸੁਝੀ ਕਿ ਇਹ ਤਾਂ ਸਿਰਫ਼ ਇਕ ਦਿਨ ਦੀ ਗੱਲ ਸੀ, ਬਾਬਾ ਦੇ ਐਸੇ ਧਿਆਨ ਤੇ ਪ੍ਰਵਚਨ ਕੈਂਪ ਤਾਂ ਰੋਜ਼ ਹੀ ਕਿਸੇ ਨਾ ਕਿਸੇ ਸ਼ਹਿਰ ਵਿਚ ਹੁੰਦੇ ਰਹਿੰਦੇ ਹਨ। ਯਾਨੀ ਰੋਜ਼ਾਨਾ ਕਰੋੜਾਂ ਦਾ ਫ਼ਾਇਦਾ, ਵਾਕਿਆ ਹੀ ਇਹ ਧੰਦਾ ਤਾਂ ਚੋਖਾ ਹੈ। ਬੀਤੇ ਕੁਝ ਸਾਲਾਂ ਵਿਚ ਧਰਮ ਨੇ ਆਪਣਾ ਵਿਸਥਾਰ ਕਈ ਤਰ੍ਹਾਂ ਨਾਲ ਕੀਤਾ ਹੈ, ਕਿਧਰੇ ਧਰਮ ਆਸਥਾ ਤੇ ਦਰਸ਼ਨ ਦਾ ਪ੍ਰਤੀਕ ਬਣ ਕੇ ਉਭਰਿਆ ਹੈ,

ਕਿਤੇ ਕਿਸ ਝਮੇਲੇ ਵਿਚ ਉਲਝ ਕੇ ਚਰਚਾ ਦਾ ਵਿਸ਼ਾ ਬਣਦਾ ਨਜ਼ਰ ਆਇਆ। ਕਿਤੇ ਹੀ ਧਰਮ ਸਦ-ਭਾਵਨਾ ਤੇ ਸਭਿਆਚਾਰ ਨੂੰ ਸੰਭਾਲਦਾ ਨਜ਼ਰ ਆਇਆ ਤੇ ਕਿਤੇ ਧਰਮ ਅਧਿਆਤਮ ਦੀ ਰੇਖਾ ਤੋਂ ਬਾਹਰ ਨਿਕਲ ਕੇ ਬਜ਼ਾਰ ਬਣ ਕੇ ਉਭਰਿਆ। ਇਸੇ ਅਸੀਂ ਇਸੀ ਬਜ਼ਾਰਵਾਦੀ ਸਭਿਆਚਾਰ ਵਿਚ ਧਰਮ ਦੇ ਚੋਖੇ ਧੰਦੇ ਦੀ ਗੱਲ ਕਰ ਰਹੇ ਹਾਂ।

ਅੰਕੜਿਆਂ ਮੁਤਾਬਕ ਧਰਮ ਨੂੰ ਆਧਾਰ ਬਣਾ ਕੇ ਚੱਲ ਰਹੇ ਧਾਰਮਿਕ ਗੁਰੂਆਂ ਦਾ ਬਜ਼ਾਰ ਲਗਭਗ ਦੋ ਹਜ਼ਾਰ ਕਰੋੜ ਰੁਪਏ ਦਾ ਹੈ। ਜਿਸ ਵਿਚ ਉਹਨਾਂ ਦੀਆਂ ਕਿਤਾਬਾਂ, ਸੀ.ਡੀ., ਵੀ.ਸੀ.ਡੀ., ਫੁੱਲ ਮਾਲਾਵਾਂ ਅਤੇ ਯੰਤਰ-ਤੰਤਰ-ਮੰਤਰ ਦਾ ਬਜ਼ਾਰ ਵੀ ਕਾਫ਼ੀ ਵੱਡਾ ਹੈ। ਵੇਦਾਂ ਤੇ ਪੁਰਾਣਾਂ ਦੀ ਗੱਲ ਨਾ ਕਰਦਿਆਂ ਜੇ ਅਸੀਂ ਸਿਰਫ਼ ਇਸ ਯੁਗ ਦੀ ਗੱਲ ਹੀ ਕਰੀਏ ਤਾਂ ਧਰਮ ਦੀ ਬਜ਼ਾਰਵਾਦੀ ਸੰਸਕ੍ਰਿਤੀ ਦਾ ਇਤਿਹਾਸ ਵੀ ਸਮਝ ਵਿਚ ਆਉਂਦਾ ਹੈ। ਭਗਤੀ ਕਾਲ ਵਿਚ ਅਧਿਆਤਮਿਕ ਪਹਿਲੂਆਂ ’ਤੇ ਬਰੀਕੀ ਨਾਲ ਰੌਸ਼ਨੀ ਪਾਈ ਗਈ, ਜੋ ਜ਼ਮਾਨਾ ਸੀ ਤੁਲਸੀ ਦਾਸ ਤੇ ਰਸਖਾਨ ਦਾ। ਇਹਨਾਂ ਨੂੰ ਅਸੀਂ ਧਰਮ ਗੁਰੂ ਤਾਂ ਨਹੀਂ ਕਹਿ ਸਕਦੇ ਪਰ ਧਰਮ ਪ੍ਰਚਾਰਕ ਜਾਂ ਫ਼ਕੀਰ ਤਾਂ ਮੰਨਦੇ ਹੀ ਹਾਂ। ਉਸ ਸਮੇਂ ਆਤਮਾ ਤੇ ਪਰਮਾਤਮਾ ਦੇ ਸੂਖ਼ਮ ਪਹਿਲੂਆਂ ਨੂੰ ਪਹਿਲਾਂ ਖ਼ੁਦ ਸਮਝਣ ਤੇ ਫਿਰ ਦੂਜਿਆਂ ਨੂੰ ਸਮਝਾਉਣ ਦੀ ਇਕ ਕੋਸ਼ਿਸ਼ ਕੀਤੀ ਗਈ ਸੀ। ਪਰ ਉਸ ਸਮੇਂ ਇਹ ਬਜ਼ਾਰ ਨਹੀਂ ਬਣਿਆ ਸੀ। ਬਲਕਿ ਲੋਕਾਂ ਨੂੰ ਜਾਗਰੂਕ ਕਰਨ, ਉਹਨਾਂ ਨੂੰ ਪਾਪ ਤੇ ਪੁੰਨ ਤੋਂ ਜਾਣੂੰ ਕਰਾਉਣ ਤੇ ਰੱਬ ਤੇ ਰੂ-ਬਰੂ ਕਰਨ ਦਾ ਇਕ ਮਜ਼ਬੂਤ ਜ਼ਰੀਆ ਵਿਆਖਿਆ ਗਿਆ ਸੀ। ਉਹੀ ਲੋਕ ਧਰਮ ਪ੍ਰਚਾਰਕ ਬਣਦੇ ਸਨ, ਜੋ ਮਨ ਤੋਂ ਈਰਖਾ ਨੂੰ ਮਾਰਦੇ ਸਨ। ਸੂਫ਼ੀਆਨਾ ਤਬੀਅਤ ਦੇ ਸਨ, ਮਾਇਆ, ਮੋਹ, ਲੋਭ, ਕ੍ਰੋਧ ਤੋਂ ਦੂਰ ਸਨ। ਇਕ ਧਰਮ ਪ੍ਰਚਾਰਕ ਲਈ ਕੋਈ ਧਰਮ ਨਾ ਵੱਡਾ ਸੀ ਨਾ ਛੋਟਾ, ਧਰਮ ਸਿਰਫ਼ ਧਰਮ ਸੀ। ਸਿੱਟੇ ਵਜੋਂ ਧਰਮ ਹਾਵੀ ਸੀ, ਬਜ਼ਾਰ ਨਹੀਂ। ਕਬੀਰ ਇਸ ਯੁਗ ਦੇ ਗੁਣਵਾਣ ਧਰਮ ਪ੍ਰਚਾਰਕ ਦੇ ਰੂਪ ਵਿਚ ਜਾਣੇ ਜਾਂਦੇ ਰਹੇ। ਜਿਹਨਾਂ ਨੇ ਧਰਮ ਵਿਚ ਇਨਸਾਨੀਅਤ ਨੂੰ ਖੋਜਿਆ, ਉਸ ਨੂੰ ਉਤਸ਼ਾਹਿਤ ਕਰਨ ਦੀ ਗੱਲ ਆਖੀ ਅਤੇ ਈਸ਼ਵਰ ਤੇ ਮੂਰਤੀ-ਪੂਜਾ ਤੋਂ ਵੱਧ ਮਾਨਵੀ ਭਾਵਨਾਵਾਂ ਨੂੰ ਪੂਜਣ/ਅਪਣਾਉਣ ’ਤੇ ਜ਼ੋਰ ਦਿੱਤਾ। ਵਕਤ ਬਦਲਿਆ ਤਾਂ ਧਰਮ ਪ੍ਰਚਾਰਕਾਂ ਨੇ ਕੈਂਪਾਂ ਦਾ ਵੀ ਰੂਪ ਬਦਲ ਲਿਆ; ਵੱਡੀ ਸਾਰੀ ਆਲੀਸ਼ਾਨ ਕਾਰ ਵਿਚ ਆਉਣ ਲੱਗੇ ਸਾਡੇ ਅਖੌਤੀ ਧਰਮ ਗੁਰੂ। ਉਹਨਾਂ ਦੇ ਆਪਣੇ ਅਦਾਰ ਸਥਾਪਤ ਹੋਏ ਅਤੇ ਰਹਿਣ ਤੋਂ ਲੈ ਕੇ ਖਾਣ-ਪੀਣ, ਪਹਿਨਣ ਤੇ ਠਹਿਰਣ ਦੀ ਫ਼ਾਈਵ-ਸਟਾਰ ਵਿਵਸਥਾ ਭਗਤ ਜਨਾਂ ਵੱਲੋਂ ਮੁਹੱਈਆ ਕਰਵਾਈ ਜਾਣ ਲੱਗੀ। ਦੇਖਿਆ ਜਾਏ ਤਾਂ ਧਰਮ ਨੇ ਸਹੀ ਅਰਥਾਂ ਵਿਚ ਬਜ਼ਾਰ ਦਾ ਰੂਪ ਤਾਂ ਭਗਵਾਨ ਰਜਨੀਸ਼ ਯਾਨੀ ਓਸ਼ੋ ਦੇ ਸਮੇਂ ਹੀ ਲੈ ਲਿਆ ਜੀ, ਜਦ ਓਸ਼ੋ ਦੀ ਕੈਸਟ, ਕਿਤਾਬਾਂ ਉਹਨਾਂ ਦੇ ਆਸ਼ਰਮ ਵਿਚ ਵਿਕਣ ਲੱਗੀਆਂ। ਇਕ ਸਮਾਂ ਤਾਂ ਐਸਾ ਸੀ ਜਦ ਲੋਕ ਓਸ਼ੋ ਦਾ ਸੰਨਿਆਸ ਪਾਉਣ ਲਈ ਆਪਦਾ ਘਰ-ਬਾਰ ਛੱਡ ਕੇ ਆਪਦਾ ਸਭ ਕੁਝ ਅਰਪਣ ਕਰਨ ਤੋਂ ਵੀ ਗੁਰੇਜ਼ ਨਹੀਂ

ਕਰਦੇ ਸਨ ਅਤੇ ਅੱਜ ਵੀ ਓਸ਼ੋ ਕਮਿਊਨ ਦਾ ਹਿੱਸਾ ਬਣਨ ਲਈ ਲੋਕ ਉਥੇ ਲਾਲ ਚੋਗੇ ਤੋਂ ਲੈ ਕੇ ਰਹਿਣ ਤੇ ਖਾਣ-ਪੀਣ ਦੀ ਮੋਟੀ ਰਕਮ ਦਿੰਦੇ ਹਨ। ਓਸ਼ੋ ਦੀ ਪਰਿਪਾਟੀ ਨੂੰ ਹੀ ਅੱਗੇ ਵਧਾਇਆ ਅੱਜ ਦੇ ਉਭਰੇ ਨਵੇਂ ਧਰਮ ਗੁਰੂ ਨੇ ਆਪਣੇ-ਆਪਣੇ ਲਾਭ ਤੇ ਉਦੇਸ਼ਾਂ ਦੇ ਅਨੁਕੂਲ।

ਸ਼ਹਿਰ ਦੇ ਅੰਦਰੋਂ-ਅੰਦਰੀ ਲੱਗੇ ਵੱਡੇ-ਵੱਡੇ ਪੋਸਟਰ, ਧਾਰਮਿਕ ਚੈਨਲ 'ਤੇ ਸਵੇਰੇ-ਸ਼ਾਮ ਆਪਣੇ-ਆਪਣੇ ਪ੍ਰਵਚਨਾਂ ਨਾਲ ਲੋਕਾਂ ਨੂੰ ਸਵਰਗ ਚਿ ਲੇ ਜਾਣ ਦਾ ਦਾਅਵਾ ਕਰਨ ਵਾਲੇ ਧਰਮ ਗੁਰੂਆਂ ਦੀ ਅੱਜ ਇਕ ਲੰਮੀ ਸੂਚੀ ਹੈ। ਇਹਨਾਂ ਧਰਮ ਗੁਰੂਆਂ ਨੇ ਕਿਸੇ ਇਕ ਵਿਸ਼ੇ ਨੂੰ ਚੁਣ ਲਿਆ ਹੈ ਅਤੇ ਉਸ ਨੂੰ ਅਲੱਗ-ਅਲੱਗ ਵਾਕਾਂ, ਉਦਾਹਰਣਾਂ ਨਾਲ ਪੱਕਾ ਕਰਦੇ ਰਹਿੰਦੇ ਹਨ। ਉਦਾਹਰਨ ਵਜੋਂ ਮੁਰਾਰੀ ਬਾਪੂ ਰਾਮ ਭਗੀ ਤੇ ਰਮਾਇਣ ਨੂੰ ਆਪਣੇ ਅੰਦਾਜ਼ ਵਿਚ ਸੁਣਾਉਂਦੇ ਹਨ ਤਾਂ ਆਸਾ ਰਾਮ ਬਾਪੂ ਰਾਮਾਇਣ ਤੋਂ ਲੈ ਕੇ ਗੀਤਾ ਤਕ ਦੀਆਂ ਗੱਲਾਂ ਕਰ ਕੇ ਦੁਨੀਆਂ ਨੂੰ ਸਵਰਗ ਤੇ ਨਰਕ ਦੇ ਭੇਦ ਤੋਂ ਜਾਣੂ ਕਰਾਉਣ ਦਾ ਦਾਅਵਾ ਕਰਦੇ ਹਨ। ਸੁਧਾਂਸ਼ੂ ਜੀ ਮਹਾਰਾਜ, ਮਾਂ ਅਨੰਦਮਈ, ਮਾਂ ਅਮ੍ਰਿਤਾਨੰਦਮਈ, ਸਤਜ ਸਾਈਂ, ਅਵਧੇਸ਼ਾਨੰਦ ਜੀ ਮਹਾਰਾਜ, ਸ੍ਰੀ ਸ੍ਰੀ ਰਵੀ ਸ਼ੰਕਰ, ਚੰਦਰਾਸਵਾਮੀ, ਬ੍ਰਹਮਕੁਮਾਰੀ ਮਥਰਾ ਮੰਡਲ ਅਤੇ ਨਾ ਜਾਣੇ ਅਜਿਹੇ ਕਿੰਨੇ ਹੀ ਧਰਮ ਪ੍ਰਚਾਰਕ ਹਨ ਜੋ ਸਨਾਤਮ ਤੇ ਵੇਦਾਂ ਪੁਰਾਣਾਂ ਦੀਆਂ ਗੱਲਾਂ ਦੁਹਰਾ ਕੇ ਲੱਖਾਂ ਕਰੋੜਾਂ ਭਗਤ ਜਨਾਂ ਦੀ ਭੀੜ ਇਕੱਠੀ ਕਰਦੇ ਹਨ। ਅਜ਼ੇ ਦੀ ਗੱਲ ਤਾਂ ਇਹ ਹੈ ਕਿ ਭਗਤਾਂ ਦੀ ਅਪਾਰ ਗਿਣਤੀ 'ਤੇ ਵੀ ਇਹਨਾਂ ਦੀ ਮਾਰਕਟ ਟਿਕੀ ਹੋਈ ਹੈ। ਜੋ ਨਾ ਸਿਰਫ਼ ਦਾਨ ਦੇ ਰੂਪ ਵਿਚ ਭਾਰੀ ਚੜ੍ਹਾਵਾ ਚੜ੍ਹਦਾ ਹੈ ਬਲਕਿ ਇਹਨਾਂ ਦੀਆਂ ਕੈਸਟਾਂ, ਸੀ.ਡੀਜ਼. ਕਿਤਾਬਾਂ ਤੇ ਹੋਰ ਭਗਤੀ ਪੂਰਨ ਪਦਾਰਥਾਂ ਦੀ ਵੀ ਗਾਹਕ ਹੈ। ਧਰਮ ਦੇ ਇਸ ਬਜ਼ਾਰ ਵਿਚ ਅਗਰਬੱਤੀ ਤੋਂ ਲੈ ਕੇ ਚੰਦਨ, ਰੋਲੀ ਤਕ ਸਭ ਬਾਬਾ ਜੀ ਦੇ ਆਸ਼ਰਮ ਵਿਚ ਤਿਆਰ ਹੁੰਦਾ ਹੈ ਅਤੇ ਭਗਤ ਜਨ ਇਸ ਨੂੰ ਪੂਰੀ ਸ਼ਰਧਾ ਨਾਲ ਖ਼ਰੀਦਦੇ ਹਨ।

ਦਿੱਲੀ ਦੇ ਇਕ ਪਾਸ਼ ਇਲਾਕੇ ਵਿਚ ਸਥਿਤ ਹੈ ਕ੍ਰਿਸ਼ਨ ਮੰਦਰ, ਜਿਸ ਨੂੰ ਲੋਕ ਇਸਕਾਨ ਦੇ ਨਾਂ ਨਾਲ ਜਾਣਦੇ ਹਨ। ਸਵੇਰੇ-ਸ਼ਾਮ ਆਰਤੀ ਸਮੇਂ ਇਕ ਵਖਰਾ ਹੀ ਨਜ਼ਾਰ ਦਿਸਦਾ ਹੈ। ਇਥੇ ਦੂਰ-ਦੂਰ ਤੋਂ ਪਧਾਰੇ ਭਗਤ-ਜਨ ਨੱਚਦੇ ਗਾਉਂਦੇ ਹਨ ਤੇ ਢੋਲ ਦੀ ਤਾਲ ਤੇ ਝੂਮਦੇ ਹਨ। ਪਹਿਲੀ ਵਾਰੀ ਜਦ ਇਸ ਮੰਦਰ ਨੂੰ ਦੇਖੋ ਤਾਂ ਵਿਸ਼ਵਾਸ ਹੀ ਨਹੀਂ ਹੁੰਦਾ ਕਿ ਵਾਕਿਆ ਹੀ ਇਕ ਮੰਦਰ ਵਿਚ ਦਾਖ਼ਲ ਹੋਏ ਹਾਂ। ਮੰਦਰ ਦਾ ਢਾਂਚਾ ਕਿਸ ਹੋਟਲ ਜਾਂ ਇਉਂ ਕਹੋ ਕਿ ਕਿਸੇ ਆਲੀਸ਼ਾਲ ਮਹੱਲ ਵਰਗਾ

ਦਿਸਦਾ ਹੈ। ਅੰਦਰ ਵੜਦਿਆਂ ਹੀ ਮੱਥੇ 'ਤੇ ਤਿਲਕ ਲਾਈ ਕਈ ਕ੍ਰਿਸ਼ਨ ਭਗਤ ਨਜ਼ਰ ਆਉਂਦੇ ਹਨ, ਉਥੇ ਬਣੇ ਛੋਟੇ-ਛੋਟੇ ਸਟਾਲ, ਜਿਥੇ ਚੰਦਨ ਨਾਲ ਬਣੀ ਮਾਲਾ, ਅਗਰਬੱਤੀ, ਚੰਦਨ ਟਿਕਾ, ਤੁਲਸੀ ਮਾਲਾ ਆਦਿ ਵਿਕਦੀ ਹੈ। ਨਾਲ ਹੀ ਹੈ ਖਾਣ-ਪੀਣ ਦਾ ਵਿਸ਼ਾਲ ਪ੍ਰਬੰਧ, ਸ਼ੁੱਧ ਇਸ ਲਈ ਕਿ ਇਥੇ ਪਿਆਜ਼, ਲਸਣ ਵਰਗੀਆਂ ਤਾਸਮਿਕ ਚੀਜ਼ਾਂ ਦੀ ਵਰਤੋਂ ਨਹੀਂ ਹੁੰਦੀ। ਆਮ ਦੁਕਾਨਾਂ ਤੋਂ ਕਿਤੇ ਮਹਿੰਗੇ ਭਾਵਾਂ 'ਤੇ ਵਿਕਦੀਆਂ ਹਨ ਇਥੋਂ ਦੀਆਂ ਵਸਤਾਂ, ਇੰਨਾ ਹੀ ਨਹੀਂ, ਜੇ ਅਰਾਮ ਨਾਲ ਬੈਠ ਕੇ ਰੈਸਟੋਰੈਂਟ ਦੀ ਸੁਖ ਸਹੂਲਤ ਨਾਲ ਖਾਣ ਦਾ ਅਨੰਦ ਲੈਣਾ ਹੋਵੇ ਤਾਂ ਗੋਵਿੰਦਾ ਰੈਸਟੋਰੈਂਟ ਵੀ ਮੌਜੂਦ ਹੈ, ਯਾਨੀ ਭਗਤੀ ਦੇ ਨਾਲ ਧਲ ਉਗਾਰਹੀ ਦੇ ਵੀ ਕਈ ਵਿਕਲਪ ਇਥੇ ਗਾਹਕਾਂ ਲਈ ਬਣਾਏ ਗਏ ਹਨ। ਜੇ ਕੋਈ ਇਸ ਵਿਸ਼ਾਲ ਭਗਤੀਮਈ ਜੀਵਨ ਦਾ ਮੈਂਬਰ ਬਣਾ ਚਾਹੁੰਦਾ ਹੈ ਤਾਂ ਪੰਜਾਹ ਹਜ਼ਾਰ ਰੁਪਏ ਤੋਂ ਇਕ ਲੱਖ ਰੁਪਏ ਵਿਚਕਾਰ ਮੈਂਬਰਸ਼ਿਪ ਵੀ ਹਾਸਲ ਕਰ ਸਕਦਾ ਹੈ।

ਧਰਮ ਦਾ ਇਹ ਬਜ਼ਾਰ ਸਿਰਫ਼ ਧਰਮ ਗੁਰੂਆਂ ਤਕ ਹੀ ਸੀਮਤ ਨਹੀਂ ਹੈ ਬਲਕਿ ਰਵਾਇਤੀ ਤੇ ਪ੍ਰਾਚੀਨ ਧਾਰਮਿਕ ਸੰਸਥਾਵਾਂ ਦਾ ਵੀ ਇਹੀ ਹਾਲ ਹੈ। ਸਭ ਤੋਂ ਪਹਿਲਾਂ ਤ੍ਰਿਪੁਤੀ ਦੀ ਉਦਾਹਰਣ ਲੈਂਦੇ ਹਾਂ। ਬਾਲਾ ਜੀ ਦੇ ਇਸ ਮੰਦਰ ਦੀ ਸਾਲਾਨਾ ਆਮਦਨ ਲਗਭਗ 128 ਮਿਲੀਅਨ ਰੁਪਏ ਹੈ ਤੇ ਲਗਭਗ 19 ਮਿਲੀਅਨ ਲੋਕ ਹਰ ਸਾਲ ਇਥੇ ਦਰਸ਼ਨਾਂ ਲਈ ਆਉਂਦੇ ਹਨ, ਭਲੇ ਹੀ ਸਾਰੇ ਭਗਤਾਂ ਦੇ ਮਨਾਂ ਵਿਚ ਬਾਲਾ ਜੀ ਹੀ ਬਿਰਾਜਦੇ ਹਨ ਪਰ ਮੰਦਰ ਵਿਚ ਦਾਖ਼ਲਾ ਹੈਸੀਅਤ ਅਨੁਸਾਰ ਮਿਲਦਾ ਹੈ। ਜੇ ਤੁਸੀਂ ਜਲਦੀ ਬਾਲਾ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਵੀ.ਆਈ.ਪੀ. ਟਿਕਟ ਦਜਸ ਦੀ ਕੀਮਤ 2500 ਤੋਂ 3000 ਰੁਪਏ ਹੈ, ਖ਼ਰੀਦ ਕੇ ਆਸਾਨੀ ਨਾਲ ਲਾਈਨ ਵਿਚ ਲੱਗੇ ਬਿਨਾਂ ਦਰਸ਼ਨ ਕਰ ਸਕਦੇ ਹੋ। ਟਿਕਟ ਬਲੈਕ ਮਾਰਕੀਟ ਵਿਚ ਵੀ ਮੁਹੱਈਆ ਹੈ। ਇਥੇ ਸਭ ਤੋਂ ਵੱਧ ਫ਼ਾਇਦਾ ਵਾਲਾਂ ਨਾਲ ਹੁੰਦਾ ਹੈ। ਕਿਉਂਕਿ ਮੰਨਤ ਪੂਰੀ ਹੋਣ ਦੀ ਖ਼ੁਸ਼ੀ ਵਿਚ ਲੋਕ ਇਥੇ ਆਪਣੇ ਵਾਲ ਦਾਨ ਕਰਦੇ ਹਨ ਜਿਸ 'ਤੇ ਮੰਦਰ ਦਾ ਅਧਿਕਾਰ ਹੁੰਦਾ ਹੈ। ਪ੍ਰਸ਼ਾਦ ਦੇ ਰੂਪ ਵਿਚ ਲੱਡੂਆਂ ਦੀ ਨਿਰਧਾਰਿਤ ਕੀਮਤ ਅਤੇ ਸੋਨੇ ਚਾਂਦੀ ਦਾ ਦਾਲ ਇਸ ਮੰਦਰ ਦੀ ਮੋਟੀ ਕਮਾਈ ਦਾ ਇਕ ਜ਼ਰੀਆ ਹੈ।

ਕੁਝ ਅਜਿਹਾ ਹੀ ਹੈ ਕੇਰਲ ਦਾ ਸਾਬਰੀਮਾਲਾ, ਜਿਥੇ ਹਰ ਧਰਮ ਦੇ ਲੋਕਾਂ ਦਾ ਦਾਖ਼ਲਾ ਹੁੰਦਾਹੈ। ਅਯੱਪਾ ਦੇ ਦਰਸ਼ਨ ਲਈ ਰਾਜਸੀ ਅੰਦਾਜ਼ ਵਿਚ ਰਹਿਣ ਦਾ ਇਕ ਸੁਨਹਿਰਾ ਮੌਕਾ ਖ਼ੂਬਸੂਰਤ ਰੈਸਟ ਹਾਊਸ, ਵੱਡੀ ਸਾਰੀ ਟੀ.ਵੀ. ਸਕਰੀਨ, ਲਗਜ਼ਰੀ ਬਾਥਰੂਮ ਅਤੇ ਨਾ ਜਾਣੇ ਕੀ-ਕੀ, ਪਰ ਹੈਰਾਨ ਨਾ ਹੋਵੇ ਜੇ ਆਪ ਨੂੰ ਇਹ ਦੱਸਿਆ ਜਾਵੇ ਕਿ ਇਹ ਕਿਸੇ ਸੈਲਾਨੀ ਜਗ੍ਹਾ ਜਾਂ ਵੱਡੇ ਸ਼ਹਿਰ ਦੇ ਹੋਟਲ ਦੀ ਗੱਲ ਨਹੀਂ। ਮੱਕਾ ਦੀ ਗੱਲ ਹੈ ਜਿਥੇ ਹਰ ਮੁਸਲਮਾਨ ਹੱਜ ਯਾਤਰਾ ਲਈ ਇਕ ਵਾਰ ਜ਼ਰੂਰ ਪੁੱਜਦਾ ਹੈ। ਇਸੇ ਪੈਪਸੀ ਬਾਰ ਹਨ, ਸ਼ਾਹੀ ਰੈਸਟ ਹਾਊਸ ਹਨ, ਪਰ ਇਸ ਲਈ ਪੈਸੇ ਵੀ ਖ਼ਰਚ ਕਰਨੇ ਪੈਂਦੇ ਹਨ।

ਵੈਟੀਕਨ ਸਿਟੀ ਵੀ ਇਸ ਕੰਮ ਵਿਚ ਪਿੱਛੇ ਨਹੀਂ। ਇਥੋਂ ਦੀਆਂ ਚਰਚਿਤ ਪਵਿੱਤਰ ਚਰਚਾਂ ਜਾਂ ਇਉਂ ਕਹੋ ਕਿ ਚਾਰਾਧਾਮਾ ਵਰਗੀ ਮਾਨਤਾ ਰੱਖਦੀ ਹੈ ਅਤੇ ਇਹੀ ਕਾਰਨ ਹੈ ਕਿ ਬੈਂਕ ਅਦਾਰਿਆਂ ਤੋਂ ਲੈ ਕੇ ਸ਼ਹਿਰ ਦੀ ਨਬਜ਼ ਵੀ ਇਥੋਂ ਸੰਚਾਲਿਤ ਹੁੰਦੀ ਹੈ। ਚਾਹੇ ਪੋਪ ਦਾ ਮੁੱਦਾ ਹੋਵੇ, ਕਿਸੇ ਨੂੰ ਸੰਤ ਦੀ ਮਾਨਤਾ ਦੇਣ ਦਾ ਅਮਲ ਹੋਵੇ ਜਾਂ ਫਿਰ ਅਮ੍ਰਤਵ ਨਾਲ ਰੁ-ਬਰੂ ਕਰਾਉਣ ਦੀ ਰਸਮ ਹੋਵੇ, ਸਭ ਵਿਚ ਲਾਭ ਦਾ ਅੰਕੜਾ ਤੈਅ ਹੈ। ਇਸ ਧਾਰਮਿਕ ਸੰਸਥਾਨ ਦੀ ਸਲਾਨਾ ਆਮਦਨ ਕਰੀਕ ਤਿੰਨ ਸੌ ਮਿਲੀਅਨ ਡਾਲਰ ਹੈ। ਧਰਮ ਦਾ ਬਜ਼ਾਰ, ਭਗਤੀ ਸੰਗੀਤ, ਕਿਤਾਬਾਂ, ਪੋਸਟਰਾਂ ਤੇ ਟੈਲੀ-ਨੈੱਟਵਰਕਿੰਗ ਵਿਚ ਵਾਸਤੂ ਯੰਤਰਾਂ, ਲੱਛਮੀ, ਗਣੇਸ਼, ਸ਼ੁਭ ਯੰਤਰਾਂ, ਰਤਨਾਂ ਤੇ ਰੁਦ੍ਰਾਕਸ਼ ਮਾਲਾਵਾਂ ਦੀ ਮਾਰਕਿਟਿੰਗ ਨਾਲ ਵੀ ਫੈਲਿਆ ਹੈ। ਜ਼ਰੀਆ ਚਾਹੇ ਕੋਈ ਵੀ ਹੋਵੇ, ਇਹ ਤੈਅ ਹੈ ਕਿ ਧਰਮ ਅੱਜ ਅਧਿਆਤਮ ਦੇ ਸੂਖ਼ਮ ਪਹਿਲੂ ਨੂੰ ਛੱਡ ਕੇ ਲਾਭ ਦੇ ਪਹਿਲੂ ਵੱਲ ਖਿੱਚਿਆ ਜਾ ਚੁੱਕਿਆ ਹੈ। ਲਿਹਜ਼ਾ ਲਾਭ ਭਗਤਾਂ ਦਾ ਘੱਟ ਤੇ ਧਰਮ ਗੁਰੂਆਂ, ਮੰਦਰ ਪ੍ਰਬੰਧਕਾਂ ਤੇ ਕੈਂਪ ਆਯੋਜਕਾਂ ਦਾ ਹੀ ਹੋ ਰਿਹਾ ਹੈ। ਇਸ ਬਜ਼ਾਰ ਨੂੰ ਕੀ ਇਉਂ ਹੀ ਵਧਣ ਦੇਣਾ ਅਤੇ ਸਵੀਕਾਰਨਾ ਸਹੀ ਹੈ ? ਕੀ ਇਹ ਧਰਮਾਚਿਤ ਤੇ ਮਾਨਵ ਜਾਗ੍ਰਤੀ ਦਾ ਆਧਾਰ ਹੈ ? ਕੀ ਇਸ ਬਜ਼ਾਰ ਵਿਚ ਸ਼ਾਤੀ ਤੇ ਨੈਤਿਕਤਾ ਦਾ ਮੰਤਰ ਲੋਕਾਂ ਨੂੰ ਵਾਕਿਆ ਹੀ ਮਿਲਦਾ ਹੈ ? ਅੱਜ ਇਹਨਾਂ ਸੁਆਲਾਂ ’ਤੇ ਚਿੰਤਨ ਕਰਨ ਦੀ ਲੋੜ ਹੈ।